ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 25 | 01 July 2020 to 07 July 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਜੇਕਰ ਸਥਿੱਤੀ ਨਾ ਬਦਲੀ ਤਾਂ ਟਰੰਪ ਰਾਸ਼ਟਰਪਤੀ ਚੋਣ ਤੋਂ ਹੋ ਸਕਦੇ ਹਨ ਲਾਂਭੇ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਵੇਲੇ ਡਾਵਾਂਡੋਲ ਵਾਲੀ ਸਥਿੱਤੀ ਵਿਚ ਹਨ ਤੇ ਜੇਕਰ ਚੋਣ ਸੰਭਾਵਨਾਵਾਂ ਵਿਚ ਸੁਧਾਰ ਨਾ ਹੋਇਆ ਤਾਂ ਉਹ 2020 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਲਾਂਭੇ ਹੋ ਸਕਦੇ ਹਨ। ਰਿਪਬਲੀਕਨ ਪਾਰਟੀ ਦੇ ਇਕ ਸੰਚਾਲਕ ਨੇ 'ਫੌਕਸ ਨਿਊਜ਼' ਨੂੰ ਦਸਿਆ ਕਿ ਜੇਕਰ ਟਰੰਪ ਨੂੰ ਇਹ ਵਿਸ਼ਵਾਸ਼ ਹੋ ਗਿਆ ਕਿ ਉਹ ਜਿੱਤਣ ਦੀ ਸਥਿੱਤੀ ਵਿਚ ਨਹੀਂ ਹਨ ਤਾਂ ਉਹ ਰਾਸ਼ਟਰਪਤੀ ਦੀ ਚੋਣ ਨਹੀਂ ਲੜਣਗੇ। ਇਹ ਦਾਅਵਾ ਰਾਸ਼ਟਰਪਤੀ ਦੇ ਪਸੰਦੀਦਾ ਨਿਊਜ਼ ਸੈਂਟਰ ਵੱਲੋਂ ਕੀਤਾ ਗਿਆ ਹੈ ਜਿਸ ਦਾ ਵਾਈਟ ਹਾਊਸ ਵਿਚਲੇ ਲੋਕਾਂ ਨਾਲ ਸੰਪਰਕ ਹੈ ਜੋ ਟਰੰਪ ਦੀਆਂ ਜਿੱਤ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਚਿੰਤਤ ਹਨ ਕਿਉਂਕਿ ਸਰਵੇਖਣਾਂ ਵਿਚ ਟਰੰਪ ਦੀ ਹਾਲਤ ਪਤਲੀ ਹੈ। ਇਕ ਗੁਪਤ ਜੀ ਓ ਪੀ ਆਪਰੇਟਿਵ ਅਨੁਸਾਰ ਹਾਲਾਂ ਕਿ ਅਜੇ ਚੋਣਾਂ ਵਿਚ ਸਮਾਂ ਰਹਿੰਦਾ ਹੈ ਪਰ ਜੇਕਰ ਚੋਣ ਸਰਵੇਖਣਾਂ ਵਿਚ ਸੁਧਾਰ ਨਾ ਹੋਇਆ ਤੇ ਹਾਲਾਤ ਹੋਰ ਖ਼ਰਾਬ ਹੋ ਗਏ ਤਾਂ ਇਕ ਵੱਖਰੀ ਸਥਿੱਤੀ ਵੇਖਣ ਨੂੰ ਮਿਲੇਗੀ ਜਿਸ ਵਿਚ ਟਰੰਪ ਨਜਰ ਨਹੀਂ ਆਉਣਗੇ। ਫੌਕਸ ਨਿਊਜ਼ ਰਿਪੋਰਟ ਦੇ ਲੇਖਿਕ ਚਾਰਲਸ ਗਰਪਰੀਨੋ ਨੇ ਬਹੁਤ ਸਾਰੇ ਟਵੀਟ ਕੀਤੇ ਹਨ ਜਿਨਾਂ ਵਿਚ ਉਸ ਨੇ ਕਿਹਾ ਹੈ ਕਿ ਉਸ ਨੇ ਰਿਪਬਲੀਕਨ ਪਾਰਟੀ ਵਿਚਲੇ ਪ੍ਰਮੁੱਖ ਰਾਜਸੀ ਖਿਡਾਰੀਆਂ ਨਾਲ ਗੱਲ ਕੀਤੀ ਹੈ ਜਿਨਾਂ ਵਿਚੋਂ ਇਕ ਨੇ ਕਿਹਾ ਕਿ ਰਾਸ਼ਟਰਪਤੀ ਜ਼ੱਕੋਤੱਕੀ ਵਿਚ ਹਨ ਕਿਉਂਕਿ ਉਨਾਂ ਦੇ ਦੂਸਰੀ ਵਾਰ ਚੋਣ ਜਿੱਤਣ ਦੀਆਂ



ਸੰਭਾਵਨਾਵਾਂ ਰੋਜਾਨਾ ਘਟ ਰਹੀਆਂ ਵਿਖਾਈ ਦੇ ਰਹੀਆਂ ਹਨ। ਇਕ ਹੋਰ ਜੀ ਓ ਪੀ ਸੂਤਰ ਨੇ ਦਸਿਆ ਕਿ ਟਰੰਪ ਵੱਲੋਂ ਚੋਣ ਨਾ ਲੜਨ ਦੀ ਬਹੁਤ ਸੰਭਾਵਨਾ ਹੈ। ਜੋਅ ਬਿਡੇਨ ਜੋ ਰਾਸ਼ਟਰਪਤੀ ਦੀ ਚੋਣ 'ਚ ਡੈਮੋਕਰੈਟਸ ਉਮੀਦਵਾਰ ਹਨ, ਇਸ ਵੇਲੇ 9 ਅੰਕ ਅਰਥਾਤ 9% ਵੋਟਾਂ ਦੇ ਫਰਕ ਨਾਲ ਟਰੰਪ ਤੋਂ ਅੱਗੇ ਹਨ। ਇਹ ਵੀ ਬਹੁਤ ਅਹਿਮ ਹੈ ਕਿ ਟਰੰਪ ਨੂੰ ਬਜ਼ੁਰਗ ਵਾਈਟ ਵੋਟਰਾਂ ਦੀ ਹਮਾਇਤ ਨਹੀਂ ਰਹੀ ਜੋ ਕਿ ਰਿਪਬਲੀਕਨ ਪਾਰਟੀ ਦੇ ਸਮਰਥਕ ਮੰਨੇ ਜਾਂਦੇ ਹਨ ਤੇ ਜਿਨਾਂ ਦੀ ਹਮਾਇਤ ਨਾਲ ਟਰੰਪ 2016 ਵਿਚ ਬਹੁਤ ਥੋੜੇ ਫਰਕ ਨਾਲ ਚੋਣ ਜਿੱਤੇ ਸਨ। ਟਰੰਪ ਤਕਰੀਬਨ ਸਾਰੇ ਉਨਾਂ ਰਾਜਾਂ ਵਿਚ ਸਾਬਕਾ ਉੱਪ ਰਾਸ਼ਟਰਪਤੀ ਤੋਂ ਪੱਛੜ ਰਹੇ ਹਨ ਜੋ ਰਾਜ ਕਦੀ ਵੀ ਇਕ ਪਾਰਟੀ ਦੇ ਹੱਕ ਵਿਚ ਨਹੀਂ ਭੁੱਗਤੇ। ਪਿਛਲੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਇਨਾਂਰਾਜਾਂ ਵਿਚ ਟਰੰਪ ਨੂੰ ਵੱਡਾ ਹੁੰਗਾਰਾ ਮਿਲਿਆ ਸੀ। ਇਥੇ ਵਰਣਨਯੋਗ ਹੈ ਕਿ ਟਰੰਪ ਨਿਰੰਤਰ ਉਨਾਂ ਚੋਣ ਸਰਵੇਖਣਾਂ ਦੀ ਅਲੋਚਨਾ ਕਰਦੇ ਰਹੇ ਹਨ ਜਿਨਾਂ ਵਿਚ ਉਨਾਂ ਨੂੰ ਜੋਅ ਬਿਡੇਨ ਤੋਂ ਪਿਛੇ ਵਿਖਾਇਆ ਗਿਆ ਸੀ। ਹਾਲ ਹੀ ਵਿਚ ਵਾਸ਼ਿੰਗਟਨ ਪੋਸਟ ਦੇ ਸਰਵੇਖਣ ਵਿਚ 36% ਬਾਲਗਾਂ ਨੇ ਟਰੰਪ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਨਜਿੱਠਣ ਦੇ ਢੰਗ-ਤਰੀਕੇ ਨੂੰ ਉਚਿੱਤ ਠਹਿਰਾਇਆ ਹੈ ਜਦ ਕਿ 62% ਨੇ ਕਿਹਾ ਹੈ ਟਰੰਪ ਨਾਕਾਮ ਸਾਬਤ ਹੋਏ ਹਨ। ਨਿਊਯਾਰਕ ਟਾਈਮਜ਼ ਦੇ ਸਰਵੇਖਣ ਦੇ ਨਤੀਜੇ ਵੀ ਇਸ ਕਿਸਮ ਦੇ ਹੀ ਰਹੇ ਹਨ। ਨਿਊਯਾਰਕ ਟਾਈਮਜ਼ ਦੇ ਸੀਏਨਾ ਕਾਲਜ ਸਰਵੇਖਣ ਅਨੁਸਾਰ 58% ਅਮਰੀਕੀਆਂ ਨੇ ਕੋਰੋਨਾ ਮਹਾਮਾਰੀ ਨਾਲ ਨਜਿੱਠਣ ਦੇ ਟਰੰਪ ਦੇ ਢੰਗ- ਤਰੀਕੇ ਨੂੰ ਰੱਦ ਕੀਤਾ ਹੈ ਤੇ ਕੇਵਲ 38% ਨੇ ਇਸ ਮੁੱਦੇ 'ਤੇ ਟਰੰਪ ਦੇ ਹੱਕ ਵਿਚ ਹਾਮੀ ਭਰੀ ਹੈ।

## ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਰੋਜ਼ਾਨਾ ਗਿਣਤੀ 1 ਲੱਖ ਤੱਕ ਹੋ ਸਕਦੀ ਹੈ:ਸਿਹਤ ਮਾਹਿਰ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਨਿਰੰਤਰ ਵਧ ਰਹੀ ਗਿਣਤੀ ਦੇ ਦਰਮਿਆਨ ਦੇਸ਼ ਦੇ ਲਾਗ ਦੀਆਂ ਬਿਮਾਰੀਆਂ ਬਾਰੇ ਚੋਟੀ ਦੇ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੌਜੂਦਾ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਕੋਰੋਨਾ ਪੀੜਤਾਂ ਦੀ ਰੋਜ਼ਾਨਾ ਗਿਣਤੀ 1 ਲੱਖ ਤੱਕ ਹੋ ਸਕਦੀ ਹੈ। ਨੈਸ਼ਨਲ ਇੰਸਟੀਚਿਊਟ ਆਫ ਏਲਰਜੀ ਐਂਡ ਇਨਫੈਕਸ਼ੀਅਸ ਡਸੀਜ਼ ਦੇ ਡਾਇਰੈਕਟਰ ਡਾ ਐਨਥਨੀ ਫੌਕੀ ਨੇ ਸੈਨੇਟ ਕਮੇਟੀ ਨੂੰ ਦਸਿਆ ਕਿ ' ਮੇਰਾ ਵਿਚਾਰ ਹੈ ਕਿ ਤੁਹਾਨੂੰ ਤੇ ਅਮਰੀਕੀ ਲੋਕਾਂ ਨੂੰ ਇਹ ਦੱਸਣਾ ਅਹਿਮ ਹੈ ਕਿ ਕੋਰੋਨਾ ਕਾਰਨ ਸਥਿੱਤੀ ਬਹੁਤ ਖ਼ਰਾਬ ਹੋ ਸਕਦੀ ਹੈ।" ਉਨਾਂ ਕਿਹਾ ਕਿ ਚੀਨ ਵਿਚ ਮਾਹਿਰ ਸੂਰ ਵਿਚ ਪਾਏ ਗਏ ਨਵੇਂ ਸਵਾਈਨ ਫਲੂ ਤੋਂ ਚਿੰਤਾਗ੍ਰਸਤ ਹਨ ਕਿਉਂਕਿ ਇਸ ਫਲੂ ਵਿਚ ਮਹਾਮਾਰੀ ਬਣਨ ਦੀ ਸਮਰੱਥਾ ਹੈ ਪਰ ਇਸ ਤੋਂ ਤੁਰੰਤ ਅਮਰੀਕਾ ਨੂੰ ਕੋਈ ਖਤਰਾ ਨਹੀਂ ਹੈ। ਉਨਾਂ ਕਿਹਾ ਕਿ ਅਨੇਕਾਂ ਰਾਜਾਂ ਨੇ ਕਾਰੋਬਾਰਾਂ ਨੂੰ ਸੁਰੱਖਿਅਤ ਮੁੜ ਖੋਲਣ ਦੇ ਮਾਪ ਦੰਡ ਲਾਗੂ ਕੀਤੇ ਬਿਨਾਂ ਰੋਕਾਂ ਨਰਮ ਕਰ ਦਿੱਤੀਆਂ ਹਨ ਇਸ ਕਾਰਨ ਕੋਰੋਨਾ ਵਾਇਰਸ ਨਾਲ ਪੀੜਤਾਂ ਦੀ ਗਿਣਤੀ ਦੁੱਗਣੇ ਤੋਂ ਵਧ ਹੋ ਸਕਦੀ ਹੈ। ਡਾ ਫੌਕੀ ਨੇ ਕਿਹਾ ਕਿ "12 ਰਾਜਾਂ ਵਿਚ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਐਰੀਜ਼ੋਨਾ ਵਿਚ ਰੋਜ਼ਾਨਾ ਮੌਤਾਂ ਦਾ ਅੰਕੜਾ ਵਧ ਰਿਹਾ ਹੈ ਤੇ ਤਕਰੀਬਨ 130 ਕਾਉਂਟੀਆਂ ਨੂੰ 'ਹੌਟ ਸਪਾਟ' ਵਜੋਂ ਲਿਆ ਜਾ ਰਿਹਾ ਹੈ।"

**ਐਰੀਜ਼ੋਨਾ ਵਿਚ ਬਾਰ ਤੇ ਜਿਮ ਮੁੜ ਬੰਦ-** ਐਰੀਜ਼ੋਨਾ ਦੇ ਗਵਰਨਰ ਡੌਘ ਡੂਸੀ ਨੇ ਕੋਰੋਨਾ ਪੀੜਤਾਂ ਦੇ ਮਾਮਲੇ ਵਧਣ ਦੇ ਮੱਦੇਨਜਰ ਬਾਰ, ਜਿਮ ਤੇ ਥੀਏਟਰ ਮੁੜ ਬੰਦ ਕਰਨ ਦੇ ਆਦੇਸ਼ ਦਿੱਤੇ ਹਨ। ਗਵਰਨਰ ਨੇ ਵਧ ਰਹੇ ਮਾਮਲਿਆਂ ਉਪਰ ਚਿੰਤਾ ਪ੍ਰਗਟ ਕਰਦਿਆਂ ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਹਿਫ਼ਾਜਤੀ ਕਦਮ ਚੁੱਕਣ ਉਪਰ ਜੋਰ ਦਿੱਤਾ ਹੈ। ਇਸ ਦੇ ਉਲਟ ਐਰੀਜ਼ੋਨਾ ਦੇ ਸ਼ਹਿਰ ਈਗਰ ਦੇ ਮੇਅਰ ਨੇ ਕਿਹਾ ਹੈ ਕਿ ਉਹ ਕੋਈ ਵੀ ਸਮਾਗਮ ਰੱਦ ਨਹੀਂ ਕਰਨਗੇ ਤੇ ਨਾ ਹੀ ਮਾਸਕ ਪਾਉਣ ਦੀ ਲੋੜ ਹੈ। ਮੇਅਰ ਬਰਾਈਸ ਹੈਮਬਲਿਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਕੋਰੋਨਾ ਮਹਾਮਾਰੀ ਬਾਰੇ ਮੇਰਾ ਵਿਚਾਰ ਇਹ ਹੈ ਕਿ ਪਾਬੰਦੀਆਂ ਲਾ ਕੇ ਅਸੀਂ ਆਜ਼ਾਦੀ ਦੇ ਨਜ਼ਰੀਏ ਤੋਂ ਗਲਤੀ ਕਰ ਰਹੇ ਹਾਂ।

## ਅਕਾਲ ਤਖਤ ਦਾ ਵਿਰੋਧ ਕਰਨ ਵਾਲਿਆਂ ਖਿਲਾਫ ਸਿੱਖ ਇਕਜੁੱਟ ਹੋਣ : ਜਥੇਦਾਰ

### ਅਕਾਲ ਤਖਤ ਦਾ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਵੱਲੋਂ ਅੱਜ ਇਥੇ ਅਕਾਲ ਤਖ਼ਤ ਵਿਖੇ ਸਿੱਖ ਸੰਗਤ ਦੇ ਸਹਿਯੋਗ ਨਾਲ ਅਕਾਲ ਤਖ਼ਤ ਦਾ ਸਥਾਪਨਾ ਦਿਵਸ ਮਨਾਇਆ ਗਿਆ।

ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਮੇਂ ਦੀ ਲੋੜ ਹੈ ਕਿ ਅਕਾਲ ਤਖ਼ਤ ਦਾ ਵਿਰੋਧ ਕਰਨ ਵਾਲਿਆਂ ਦਾ ਸਾਥ ਦੇਣ ਦੀ ਥਾਂ ਉਨਾਂ ਦਾ ਸਮੂਹਿਕ ਰੂਪ ਵਿੱਚ ਵਿਰੋਧ ਕੀਤਾ ਜਾਵੇ। ਉਨਾਂ ਨੇ ਸਿੱਖ ਸੰਗਤ ਨੂੰ ਸੋਸਲ ਮੀਡੀਆ 'ਤੇ ਸਿੱਖਾਂ ਵਿਰੁੱਧ ਹੁੰਦੇ ਕੂੜ ਪ੍ਰਚਾਰ ਤੋਂ ਵੀ ਬਚਣ ਲਈ ਪ੍ਰੇਰਿਆ।

ਇਸ ਸਬੰਧ ਵਿੱਚ ਅੱਜ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦੇ ਕੀਰਤਨ ਮਗਰੋਂ ਅਰਦਾਸ ਕੀਤੀ ਗਈ। ਸਮਾਗਮ ਸਮੇਂ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



ਗੋਬਿੰਦ ਸਿੰਘ ਲੌਂਗੋਵਾਲ, ਤਖਤ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿਚ ਹਾਜਰ ਸਨ।

## ਭਾਰਤ ਸਰਕਾਰ ਨੇ ਖਾਲਿਸਤਾਨ ਲਹਿਰ ਨਾਲ ਜੁੜੇ ਨੌਂ ਵਿਅਕਤੀਆਂ ਨੂੰ ਅਤਿਵਾਦੀ ਐਲਾਨਿਆ ਗੈਰ ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਲਾਈਆਂ

**ਨਵੀਂ ਦਿੱਲੀ/ ਏ.ਟੀ.ਨਿਊਜ਼:** ਭਾਰਤ ਸਰਕਾਰ ਨੇ ਅੱਜ ਖਾਲਿਸਤਾਨ ਲਹਿਰ ਨਾਲ ਜੁੜੇ ਨੌਂ ਵਿਅਕਤੀਆਂ ਨੂੰ ਰਾਸ਼ਟਰ ਵਿਰੋਧੀ ਕਾਰਵਾਈਆਂ ਰਾਹੀਂ ਪੰਜਾਬ ਵਿੱਚ ਮੁੜ ਅਤਿਵਾਦ ਲਿਆਉਣ ਦੀਆਂ ਕੋਸ਼ਿਸ਼ਾਂ ਕਰਨ ਦੇ ਦੋਸ਼ ਹੇਠ ਅਤਿਵਾਦੀ ਐਲਾਨਿਆ ਹੈ। ਗ੍ਰਹਿ ਮੰਤਰਾਲੇ ਨੇ ਵਿਦੇਸ਼ਾਂ ਵਿੱਚ ਵਸਦੇ ਇਨਾਂ ਵਿਅਕਤੀਆਂ ਖਲਿਾਫ ਸਰਹੱਦ ਪਾਰੋਂ ਹੁੰਦੇ ਦਹਿਸ਼ਤੀ ਕਾਰਿਆਂ ਵਿੱਚ ਸ਼ਮੂਲੀਅਤ ਕਾਰਨ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਦੀਆਂ ਧਾਰਾਵਾਂ ਲਾਈਆਂ ਹਨ। ਅਤਿਵਾਦੀ ਐਲਾਨੇ ਵਿਅਕਤੀਆਂ ਵਿੱਚ ਅਮਰੀਕਾ ਦੀ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਮੁੱਖ ਮੈਂਬਰ ਗੁਰਪਤਵੰਤ ਸਿੰਘ ਪੰਨੂੰ, ਯੂਕੇ ਦੀ ਜਥੇਬੰਦੀ ਬੱਬਰ ਖਾਲਸਾ ਇੰਟਰਨੈਸਨਲ ਦੇ ਮੁਖੀ ਪਰਮਜੀਤ ਸਿੰਘ ਅਤੇ ਕੈਨੇਡਾ ਦੀ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਝਰ ਸ਼ਾਮਲ ਹਨ।

ਇਨਾਂ ਤੋਂ ਇਲਾਵਾ ਜਰਮਨੀ ਦੀ ਜਥੇਬੰਦੀ ਖਾਲਿਸਤਾਨ ਜੀਂਦਾਬਾਦ ਫੋਰਸ ਦੇ ਮੁੱਖ ਮੈਂਬਰ ਭੁਪਿੰਦਰ ਸਿੰਘ ਭਿੰਦਾ ਅਤੇ ਗੁਰਮੀਤ ਸਿੰਘ ਬੱਗਾ, ਪਾਕਿਸਤਾਨ ਦੀ ਬੱਬਰ ਖਾਲਸਾ ਇੰਟਰਨੈਸਨਲ ਦੇ ਮੁਖੀ ਵਧਾਵਾ ਸਿੰਘ ਬੱਬਰ, ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਲਖਬੀਰ ਸਿੰਘ, ਖਾਲਿਸਤਾਨ ਜੀਂਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਅਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਨੂੰ ਅਤਿਵਾਦੀ ਐਲਾਨਿਆ ਗਿਆ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email: asrtimes.gmail.com













ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
CALIFORNIA
ALL
2020
CaliforniaCensus.org

# ਸਿੱਖ ਸਿਆਸਤ ਦੀ ਵੈਬਸਾਈਟ ਰੋਕਣ ਵਾਲੀਆਂ ਇੰਟਰਨੈਟ ਕੰਪਨੀਆਂ ਨੂੰ ਸ਼ਿਕਾਇਤ ਭੇਜੀ, ਕਾਨੂੰਨੀ ਕਾਰਵਾਈ ਦੀ ਚੇਤਾਨਵੀ ਦਿੱਤੀ

**ਚੰਡੀਗੜ੍ਹ/ਏ.ਟੀ.ਨਿਊਜ਼:** ਇੰਟਰਨੈੱਟ ਰਾਹੀਂ ਚੱਲਦੇ ਖਬਰ ਅਦਾਰੇ ਸਿੱਖ ਸਿਆਸਤ ਦੀ ਅੰਗਰੇਜ਼ੀ ਵਿੱਚ ਖਬਰਡ ਦੀ ਵੈਬਸਾਈਟ 'ਸਿੱਖ ਸਿਆਸਤ ਡਾਟ ਨੈੱਟ' ਲੰਘੀ 6 ਜੂਨ ਤੋਂ ਪੰਜਾਬ ਅਤੇ ਭਾਰਤ ਵਿੱਚ ਵੱਖ-ਵੱਖ ਇੰਟਰਨੈੱਟ ਕੰਪਨੀਆਂ ਵੱਲੋਂ ਰੋਕੀ ਜਾ ਰਹੀ ਹੈ। ਜਿਸ ਬਾਰੇ ਸਾਰੇ ਸਬੂਤ ਅਤੇ ਤਕਨੀਕੀ ਜਾਣਕਾਰੀ ਇਕੱਤਰ ਕਰਕੇ ਹੁਣ ਸਿੱਖ ਸਿਆਸਤ ਵੱਲੋਂ ਵੈਬਸਾਈਟ ਰੋਕਣ ਵਾਲੀਆਂ ਪ੍ਰਮੁੱਖ ਇੰਟਰਨੈਟ ਕੰਪਨੀਆਂ ਨੂੰ ਚਿੱਠੀਆਂ ਜਾਰੀ ਕੀਤੀਆਂ ਗਈਆਂ ਹਨ ਅਤੇ ਵੈਬਸਾਈਟ ਨੂੰ ਰੋਕਣ ਦੀ ਕਾਰਵਾਈ ਤੁਰੰਤ ਬੰਦ ਕਰਨ ਲਈ ਕਿਹਾ ਗਿਆ ਹੈ। ਸਿੱਖ ਸਿਆਸਤ ਦੇ ਸੰਪਾਦਕ ਪਰਮਜੀਤ ਸਿੰਘ ਨੇ ਕਿਹਾ ਕਿ ਉਨਾਂ ਦਾ ਅਦਾਰਾ ਸਾਲ 2006 ਤੋਂ ਖਬਰਾਂ ਤੇ ਮੀਡੀਆ ਦੇ ਖੇਤਰ ਵਿੱਚ ਸਰਗਰਮ ਹੈ ਅਤੇ 'ਸਿੱਖ ਸਿਆਸਤ ਡਾਟ ਨੈੱਟ' ਸਾਲ 2009 ਵਿੱਚ ਸ਼ੁਰੂ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਨਿਰੰਤਰ ਅੰਗਰੇਜ਼ੀ ਵਿੱਚ ਖਬਰਾਂ ਅਤੇ ਲੇਖਾਂ ਦੀ ਸੇਵਾ ਮੁਹੱਈਆ ਕਰਵਾ ਰਹੀ ਹੈ।

ਉਨਾਂ ਕਿਹਾ ਕਿ ਲੰਘੀ 6 ਜੂਨ ਨੂੰ ਅਚਾਨਕ ਪੰਜਾਬ ਅਤੇ ਭਾਰਤ ਵਿੱਚ ਕੁਝ ਪ੍ਰਮੁੱਖ ਇੰਟਰਨੈੱਟ ਕੰਪਨੀਆਂ ਵੱਲੋਂ ਸਿੱਖ ਸਿਆਸਤ ਦੀ ਵੈਬਸਾਈਟ ਰੋਕ ਦਿੱਤੀ ਗਈ, ਜਦਕਿ ਬਾਕੀ ਸਾਰੇ ਸੰਸਾਰ ਵਿੱਚ ਇਹ ਵੈਬਸਾਈਟ ਬਿਨਾ ਕਿਸੇ ਦਿੱਕਤ ਦੇ ਖੁੱਲ ਰਹੀ ਹੈ।

ਪਰਮਜੀਤ ਸਿੰਘ ਨੇ ਕਿਹਾ ਕਿ ਉਨਾਂ ਨੂੰ ਕਿਸੇ ਵੀ ਸਰਕਾਰੀ ਅਦਾਰੇ ਜਾਂ ਕਮੇਟੀ, ਜਾਂ ਕਿਸੇ ਵੀ ਇੰਟਰਨੈਟ ਕੰਪਨੀ ਵੱਲੋਂ ਇਸ ਰੋਕ ਬਾਰੇ ਕਿਸੇ ਵੀ ਤਰਾਂ ਦਾ ਨੋਟਿਸ ਨਹੀਂ ਮਿਲਿਆ ਇਸ ਕਰਕੇ ਉਹ ਮੰਨਦੇ ਹਨ ਕਿ ਵੈਬਸਾਈਟ ਅਣਅਧਿਕਾਰਤ ਤਰੀਕੇ ਨਾਲ ਰੋਕੀ ਜਾ ਰਹੀ ਹੈ। ਉਨਾਂ ਕਿਹਾ ਕਿ ਅਸੀਂ ਬੀ.ਐੱਸ.ਐਨ.ਐਲ., ਜੀਓ, ਕੁਨੈਕਟ ਅਤੇ ਏਅਰਟੈਲ ਸਮੇਤ ਵੱਡੀਆਂ ਕੰਪਨੀਆਂ, ਜੋ ਕਿ ਸਾਡੀ ਵੈਬਸਾਈਟ ਨੂੰ ਰੋਕ ਰਹੀਆਂ ਹਨ, ਨੂੰ ਪੱਤਰ ਲਿਖ ਕੇ ਤਿੰਨ ਦਿਨਾਂ ਦੇ ਵਿੱਚ-ਵਿੱਚ ਵੈਬਸਾਈਟ ਬਹਾਲ ਕਰਨ ਲਈ ਕਿਹਾ ਹੈ। ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਜੇਕਰ




ਉਹ ਮੰਨਦੇ ਹਨ ਕਿ ਰੋਕ ਕਾਨੂੰਨੀ ਤੌਰ ਉੱਤੇ ਲਾਈ ਜਾ ਰਹੀ ਹੈ ਤਾਂ ਉਹ ਇਸ ਰੋਕ ਦਾ ਕਾਨੂੰਨੀ ਅਧਾਰ ਦੱਸਣ ਤੇ ਉਸ ਦੇ ਦਸਤਾਵੇਜ਼ ਮੁਹੱਈਆ ਕਰਵਾਉਣ। ਪਰਮਜੀਤ ਸਿੰਘ ਨੇ ਕਿਹਾ ਕਿ ਜੇਕਰ ਕੰਪਨੀਆਂ ਅਜਿਹਾ ਕਰਨ ਵਿੱਚ ਨਾਕਾਮ ਰਹਿੰਦੀਆਂ ਹਨ ਤਾਂ ਉਨਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਸਾਲ 20 15 ਵਿੱਚ 'ਸਿੱਖ ਸਿਆਸਤ ਡਾਟ ਨੈੱਟ' ਨੂੰ ਪੰਜਾਬ ਅਤੇ ਭਾਰਤ ਵਿੱਚ ਬੰਦ ਕਰਵਾਉਣ ਲਈ ਕੇਂਦਰ ਦੇ ਅਦਾਰੇ 'ਈ-ਸਕਿਓਰਟੀ ਅਤੇ ਸਾਈਬਰ ਲਾਅ ਗਰੁੱਪ' ਕੋਲ ਪਹੁੰਚ ਕੀਤੀ ਗਈ ਸੀ। ਪਰ ਗਰੁੱਪ ਵੱਲੋਂ ਸਿੱਖ ਸਿਆਸਤ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਅਤੇ ਉਨਾਂ ਵੱਲੋਂ ਪੱਖ ਰੱਖੇ ਜਾਣ ਉੱਤੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦਾ ਸਿੱਖ ਸਿਆਸਤ ਡਾਟ ਨੈੱਟ ਉੱਤੇ ਰੋਕ ਲਵਾਉਣ ਦਾ ਮਨਸੂਬਾ ਨਾਕਾਮ ਹੋ ਗਿਆ ਸੀ ਪਰ ਇਸ ਵਾਰ ਉਨਾਂ ਨੂੰ ਨਾ ਰੋਕ ਲਾਉਣ ਤੋਂ ਪਹਿਲਾਂ ਅਤੇ ਨਾ ਬਾਅਦ ਵਿੱਚ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ।

ਪਰਮਜੀਤ ਸਿੰਘ ਨੇ ਦੋਸ਼ ਲਾਇਆ ਕਿ ਕਿਸੇ ਸਾਜਿਸ਼ ਤਹਿਤ ਮਿੱਥ ਕੇ ਸਿੱਖ ਖਬਰ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿ ਕਿਉਂਕਿ 6 ਜੂਨ ਨੂੰ ਸਿੱਖ ਸਿਆਸਤ ਦੀ ਵੈਬਸਾਈਟ ਤੋਂ ਇਲਾਵਾ ਇੰਗਲੈਂਡ ਤੋਂ ਚੱਲਦੇ ਅਕਾਲ ਚੈਨਲ ਅਤੇ ਕੇ.ਟੀ.ਵੀ. ਗਲੋਬਲ ਅਤੇ ਉੱਤਰੀ-ਅਮਰੀਕਾ ਤੋਂ ਚੱਲਦੇ ਟੀ.ਵੀ. 84 ਦੇ ਯੂ-ਟਿਊਬ ਅਤੇ ਫੇਸਬੁੱਕ ਸਫੇ ਵੀ ਪੰਜਾਬ ਅਤੇ ਭਾਰਤ ਵਿੱਚ ਰੋਕੇ ਜਾ ਰਹੇ ਹਨ।

ਪਰਮਜੀਤ ਸਿੰਘ ਨੇ ਕਿਹਾ ਕਿ ਸਿੱਖ ਸਿਆਸਤ ਉੱਤੇ ਲਾਈ ਜਾ ਰਹੀ ਅਣਅਧਿਕਾਰਤ ਰੋਕ ਵਿਰੁਧ ਉਹ ਤਕਨੀਕੀ, ਪ੍ਰਚਾਰ ਅਤੇ ਕਾਨੂੰਨੀ ਹਰ ਮੁਹਾਜ਼ ਉੱਪਰ ਯਤਨ ਕਰ ਰਹੇ ਹਨ ਅਤੇ ਆਸਵੰਦ ਹਨ ਕਿ ਇਸ ਦਾ ਹੱਲ ਕੱਢ ਲਿਆ ਜਾਵੇਗਾ।

'ਅਸੀਂ ਸਿੱਖ ਸਿਆਸਤ ਦੀ ਆਈ-ਫੋਨ ਐਪ ਵਿੱਚ ਤਕਨੀਕੀ ਸੁਧਾਰ ਕਰਕੇ ਇਸ ਨੂੰ ਇੰਟਰਨੈਟ ਕੰਪਨੀਆਂ ਵੱਲੋਂ ਲਾਈ ਜਾ ਰਹੀ ਰੋਕ ਤੋਂ ਮੁਕਤ ਕਰਾ ਲਿਆ ਹੈ। ਅਸੀਂ ਛੇਤੀ ਹੀ ਸਿੱਖ ਸਿਆਸਤ ਦੀ ਐਂਡਰਾਇਡ ਐਪ ਨੂੰ ਨਵਿਆਉਣ ਜਾ ਰਹੇ ਹਾਂ ਜਿਸ ਨਾਲ ਸਾਡੇ ਪਾਠਕ ਬੇਰੋਕ ਤਰੀਕੇ ਨਾਲ ਸਿੱਖ ਸਿਆਸਤ ਦੀਆਂ ਸਾਰੀਆਂ ਸੇਵਾਵਾਂ ਤੱਕ ਪੰਜਾਬ ਅਤੇ ਭਾਰਤ ਵਿੱਚੋਂ ਵੀ ਪਹੁੰਚ ਬਣਾ ਸਕਣਗੇ', ਪਰਮਜੀਤ ਸਿੰਘ ਨੇ ਕਿਹਾ।

ਉਨਾਂ ਕਿਹਾ ਕਿ ਬਿਨਾ ਜਾਣਕਾਰੀ ਦਿੱਤੇ ਇਕਪਾਸੜ ਤਰੀਕੇ ਨਾਲ ਮੀਡੀਆ ਅਦਾਰਿਆ ਉੱਤੇ ਥੋਕ ਵਿੱਚ ਰੋਕ ਲਾਉਣੀ ਸਰਾਸਰ ਗਲਤ ਕਾਰਵਾਈ ਹੈ ਅਤੇ ਇਹ ਪੱਤਰਕਾਰਤਾ ਦੀ ਅਜ਼ਾਦੀ ਉੱਤੇ ਹੱਲਾ ਹੈ ਜਿਸ ਵਿਰੁਧ ਸਮੁੱਚੇ ਖਬਰਖਾਨੇ ਨੂੰ ਇਕ ਜੁਟ ਹੋਣਾ ਚਾਹੀਦਾ ਹੈ।

# ਫਰਾਂਸ ਵਿੱਚ ਦਸਤਾਰਧਾਰੀ ਰਣਜੀਤ ਸਿੰਘ ਬਣਿਆ ਡਿਪਟੀ ਮੇਅਰ



**ਸ਼ਿਕਾਗੋ/ਮੱਖਣ ਸਿੰਘ ਕਲੇਰ:** ਫਰਾਂਸ ਦੇ ਸ਼ਹਿਰ ਬੋਬਿਨੀ ਵਿੱਚ ਸ੍ਰ ਰਣਜੀਤ ਸਿੰਘ ਵਲੋਂ ਇਤਿਹਾਸ ਰਚਿਆ ਗਿਆ।ਪਿਛਲੇ ਦਿਨੀਂ ਸ੍ਰ ਰਣਜੀਤ ਸਿੰਘ ਵਲੋਂ ਬੋਬਿਨੀ ਸ਼ਹਿਰ ਦੀਆਂ ਹੋਈਆਂ ਚੋਣਾਂ ਵਿੱਚ ਭਾਗ ਲਿਆ ਗਿਆ। ਉਥੋਂ ਦੇ ਸਥਾਨਕ ਲੋਕਾਂ ਵਲੋਂ ਅਤੇ ਸਿੱਖ,ਮੁਸਲਮ ਤੇ ਹਿੰਦੂ ਭਾਈਚਾਰੇ ਵਲੋਂ ਇਨਾਂ ਚੋਣਾਂ ਵਿੱਚ ਸ੍ਰ ਰਣਜੀਤ ਸਿੰਘ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ।

ਜਿਸ ਦੇ ਤਹਿਤ ਉਨਾਂ ਨੂੰ ਜਿੱਤ ਪ੍ਰਾਪਤ ਹੋਈ ਅਤੇ ਉਹ ਡਿਪਟੀ ਮੇਅਰ ਚੁਣੇ ਗਏ। ਸ੍ਰ ਰਣਜੀਤ ਸਿੰਘ ਦੇ ਇਹ ਚੋਣ ਜਿੱਤਣ ਦੀ ਖੁਸ਼ੀ ਪੂਰੀ ਦੁਨੀਆਂ ਭਰ ਦੇ ਸਿੱਖਾਂ ਵਲੋਂ ਖੁਸ਼ੀ ਮਨਾਈ ਗਈ। ਇਥੇ ਇਹ ਦੱਸਣਾ ਜਾਰੂਰੀ ਹੈ ਕਿ ਰਣਜੀਤ ਸਿੰਘ ਦੇ ਜਿੱਤਣ ਤੇ ਵਿਸ਼ੇਸ਼ ਤੌਰ ਤੇ ਕਿਉਂ ਖੁਸ਼ੀ ਮਨਾਈ ਗਈ। ਇਹ ਉਹੀ ਫਰਾਂਸ ਹੈ ਜਿਸ ਨੇ ਸਿੱਖਾਂ ਤੇ ਦਸਤਾਰ ਬੰਨਣ ਤੇ ਪਾਬੰਦੀ ਲਗਾਈ ਸੀ ਤੇ ਸ੍ਰ ਰਣਜੀਤ ਸਿੰਘ ਵੀ ਉਸ ਪਾਬੰਦੀ ਦਾ ਸ਼ਿਕਾਰ ਹੋਏ ਸਨ। ਇਹ ਉਸ ਸਮੇਂ ਸਕੂਲ ਵਿੱਚ ਪੜਦੇ ਸਨ ।

ਜਿਸ ਕਾਰਨ ਇਨਾਂ ਨੂੰ ਆਪਣੀ ਪੜਾਈ ਅਗੇ ਚਲਦੀ ਰੱਖਣ ਵਿੱਚ ਕਾਫੀ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪਿਆ ਸੀ। ਇਸ ਨੌਜਵਾਨ ਤੇ ਇਨਾਂ ਦੇ ਸਾਥੀਆਂ ਨੇ ਉਥੋਂ ਦੇ ਕਾਲੇ ਕਾਨੂੰ ਅਗੇ ਗੋਡੇ ਨਹੀਂ ਟੇਕੇ ਤੇ ਪ੍ਰਾਈਵੇਟ ਪੜਾਈ ਕਰਕੇ ਉਚ ਡਿਗਰੀਆਂ ਪ੍ਰਾਪਤ ਕੀਤੀਆਂ। ਅੱਜ ਉਸੇ ਦਸਤਾਰ ਦਾ ਮਾਣ ਵਧਾਉਂਦਿਆਂ ਡਿਪਟੀ ਮੇਅਰ ਬਣ ਗਏ।ਇਥੇ ਇਹ ਵੀ ਦੱਸਣਾਂ ਜਾਰੂਰੀ ਹੈ ਕਿ ਸ੍ਰ ਰਣਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੋਰਪ ਦੇ ਕਨਵੀਨਰ ਸ੍ਰ ਚੈਨ ਸਿੰਘ ਫਰਾਂਸ ਦੇ ਸਪੁੱਤਰ ਹਨ।ਇਸ ਮਾਣਮੱਤੀ ਜਿੱਤ ਦਰਜ ਕਰਵਾਉਣ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਵਧਾਈ ਦਿੱਤੀ ਗਈ।



# ਟਰੰਪ ਪ੍ਰਸ਼ਾਸਨ ਵੱਲੋਂ ਉਤਸ਼ਾਹ ਭੁਗਤਾਨ ਦੇ ਦੂਜੇ ਗੇੜ ਲਈ ਕੋਸ਼ਿਸ਼ਾਂ

**ਵਾਸ਼ਿੰਗਟਨ/ਰਾਜ ਗੋਗਨਾ:**
ਬੀਤੇ ਦਿਨ ਵਾਸ਼ਿੰਗਟਨ ਡੀ.ਸੀ ਵਿੱਚ ਇਕ ਉਤਸ਼ਾਹ ਭੁਗਤਾਨ ਦਾ ਦੂਜਾ ਦੌਰ ਗੱਲਬਾਤ ਮੇਜ਼ ਉੱਤੇ ਹੈ, ਪਰ 160 ਮਿਲੀਅਨ ਡਾਲਰ ਦੇ ਕੁਝ ਅਮਰੀਕੀ ਜਿਨਾਂ ਨੂੰ ਪਹਿਲੀ ਵਾਰ ਪੈਸਾ ਮਿਲਿਆ ਉਹ ਬਾਹਰ ਰਹਿ ਸਕਦੇ ਹਨ।ਇਸ ਦੀ ਬਜਾਏ, ਟਰੰਪ ਪ੍ਰਸ਼ਾਸਨ ਵਧੇਰੇ ਸੀਮਤ ਪਹੁੰਚ ਲਈ ਜ਼ੋਰ ਪਾ ਰਿਹਾ ਹੈ। ਇਹ ਕਾਂਗਰਸ ਵਿੱਚ ਰਿਪਬਲੀਕਨ ਸਮਰਥਨ ਪ੍ਰਾਪਤ ਕਰਨ ਦੀ ਵਧੇਰੇ ਸੰਭਾਵਨਾ ਹੈ, ਜਿਥੇ ਸੰਸਦ ਮੈਂਬਰਾਂ ਨੂੰ ਜੁਲਾਈ ਦੇ ਅਖੀਰ ਵਿਚ ਇਕ ਹੋਰ ਆਰਥਿਕ ਖਰਚੇ ਦੇ ਬਿੱਲ 'ਤੇ ਵਿਚਾਰ ਕਰਨ ਦੀ ਉਮੀਦ ਹੈ।ਲੰਘੇਂ ਮੰਗਲਵਾਰ ਨੂੰ ਇਕ ਇੰਟਰਵਿਊ ਦੌਰਾਨ ਵਾਈਟ ਹਾਊਸ ਦੀ ਆਰਥਿਕ ਸਲਾਹਕਾਰ ਲੈਰੀ ਕੁਡਲੌ ਨੇ ਕਿਹਾ, ਇੱਥੇ ਬਹੁਤ ਸਾਰੀਆਂ ਚਰਚਾਵਾਂ ਚੱਲ ਰਹੀਆਂ ਹਨ। ਸੰਭਾਵਤ ਤੌਰ ਤੇ ਅਸੀਂ ਉਨਾਂ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਚਾਹਾਂਗੇ ਜੋ ਆਪਣੀ ਨੌਕਰੀ ਗੁਆ ਚੁੱਕੇ ਹਨ ਅਤੇ ਸਭ ਤੋਂ ਜ਼ਿਆਦਾ ਲੋੜਵੰਦ ਹਨ।

» ਉਸ ਦੀ ਟਿੱਪਣੀ ਨੇ ਹਫਤੇ ਦੇ ਸ਼ੁਰੂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟਿਪਣੀਆਂ ਤੋਂ ਬਾਅਦ ਕਿਹਾ ਸੀ , ਸੁਝਾਅ ਦਿੱਤਾ ਗਿਆ ਹੈ ਕਿ ਅਮਰੀਕਨ ਚੈਕਾਂ ਦਾ



ਦੂਜਾ ਦੌਰ ਪ੍ਰਾਪਤ ਕਰ ਸਕਦੇ ਹਨ।ਲੰਘੇ ਮਾਰਚ ਵਿੱਚ ਮਹਾਂਮਾਰੀ ਲਈ ਵਿਆਪਕ 2 ਖਰਬ ਦੀ ਆਰਥਿਕ ਪ੍ਰਤੀਕ੍ਰਿਆ ਵਿੱਚ ਕਾਂਗਰਸ ਨੇ ਉਤੇਜਕ ਅਦਾਇਗੀਆਂ ਦੇ ਪਹਿਲੇ ਗੇੜ ਨੂੰ ਸ਼ਾਮਲ ਕੀਤਾ ਸੀ। ਇਸ ਵਿੱਚ ਵਿਅਕਤੀਆਂ ਲਈ1,200 ਡਾਲਰ ਅਤੇ ਪਰਿਵਾਰਾਂ ਲਈ 2,400 ਡਾਲਰ ਦੀ ਸਿੱਧੀ ਅਦਾਇਗੀ ਦੀ ਵਿਵਸਥਾ ਕੀਤੀ ਗਈ ਸੀ।ਯੋਗਤਾ ਮੁੱਖ ਤੌਰ 'ਤੇ ਆਮਦਨੀ ਤੇ ਅਧਾਰਤ ਸੀ ਅਤੇ 99,000 ਡਾਲਰ ਤੋਂ ਵੱਧ ਕਮਾਉਣ ਵਾਲੇ ਵਿਅਕਤੀਆਂ ਅਤੇ ਵਿਆਹ ਕੀਤੇ ਜੋੜੇ ਬਿਨਾਂ 198,000 ਡਾਲਰ ਤੋਂ ਵੱਧ ਕਮਾਏ ਵਿਆਹੁਤਾ ਜੋੜਿਆਂ 'ਤੇ ਅਧਾਰਤ ਸਨ।ਖਜ਼ਾਨਾ ਵਿਭਾਗ ਅਤੇ ਇੰਟਰਨਲ ਰੈਵੀਨਿਊ ਸਰਵਿਸਸ ਨੇ ਸਿੱਧੀ ਜਮਾਂ ਰਾਸ਼ੀ ਰਾਹੀਂ ਪੈਸੇ ਭੇਜਣ ਲਈ, ਜਾਂ ਡਾਕ ਵਿੱਚ ਭੇਜੇ ਚੈੱਕ ਅਤੇ ਡੈਬਿਟ ਕਾਰਡਾਂ ਵਜੋਂ ਕੰਮ ਕੀਤਾ ਹੈ। ਉਨਾਂ ਨੇ ਅੱਧ ਅਪ੍ਰੈਲ ਵਿੱਚ ਸ਼ੁਰੂ ਕੀਤਾ ਅਤੇ ਲਗਭਗ 160 ਮਿਲੀਅਨ ਡਾਲਰ ਲੋਕਾਂ ਨੂੰ ਕੁੱਲ £ 267 ਬਿਲੀਅਨ ਡਾਲਰ ਵੰਡਿਆ ਗਿਆ ਹੈ।

ਬਾਕੀ ਸਫ਼ਾ 32 'ਤੇ

# ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ

**ਅੰਮਿਤ੍ਰਸਰ/ /ਏ.ਟੀ.ਨਿਊਜ਼ :** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਮਲਜੀਤ ਸਿੰਘ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ। ਪਾਵਨ ਹੁਕਮਨਾਮੇ ਮਗਰੋਂ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਮੀਰੀ ਪੀਰੀ ਦਿਹਾੜੇ ਦਾ ਇਤਿਹਾਸ ਸਾਂਝਾ ਕਰਦਿਆਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਕੀਤੀ। ਉਨਾਂ ਕਿਹਾ ਕਿ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰ ਨਾਲ ਜੋੜਿਆ ਸੀ। ਸ਼ਸਤਰ ਸਾਨੂੰ ਸਵੈ-ਰੱਖਿਆ ਪ੍ਰਦਾਨ ਕਰਦਾ ਹੈ। ਉਨਾਂ ਕਿਹਾ ਕਿ ਸਾਹਮਣੇ ਆਈ ਜਾਣਕਾਰੀ ਅਨੁਸਾਰ ਹਾਲ ਹੀ ਵਿਚ ਚੀਨ ਦੀ ਸਰਹੱਦ 'ਤੇ ਅੰਮ੍ਰਿਤਧਾਰੀ ਗੁਰਸਿੱਖ ਨੇ ਜਿਸ ਤਰਾਂ ਆਪਣੀ ਕਿਰਪਾਨ ਨਾਲ ਦੁਸ਼ਮਣ ਦਾ ਸਾਹਮਣਾ ਕੀਤਾ, ਉਹ ਸ਼ਸਤਰ ਦੀ ਮਹਾਨਤਾ ਨੂੰ ਬਾਖ਼ੂਬੀ ਦਰਸਾਉਂਦਾ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮੀਰੀ ਪੀਰੀ ਦੇ ਸਿਧਾਂਤ ਅਨੁਸਾਰ ਕੌਮ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੋਈਏ। ਇਸੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ ਦਾ ਦਿਨ ਸਿੱਖ ਕੌਮ ਲਈ ਖ਼ਾਸ ਹੈ, ਕਿਉਂਕਿ ਇਸ ਦਿਨ ਤਖ਼ਤ 'ਤੇ ਬਿਰਾਜਮਾਨ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਸਨ। ਉਨਾਂ ਕਿਹਾ ਕਿ ਕੌਮ ਨੂੰ ਆਪਣੀਆਂ ਰਵਾਇਤਾਂ ਤੇ ਪ੍ਰੰਪਰਾਵਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ।

# ਅਮਰੀਕੀ ਪ੍ਰਤੀਨਿੱਧ ਸਦਨ ਵੱਲੋਂ ਪੁਲਿਸ ਵਿਚ ਸੁਧਾਰਾਂ ਬਾਰੇ ਬਿੱਲ ਪਾਸ

*ਬਿੱਲ ਦੇ ਹੱਕ ਵਿਚ 236 ਤੇ ਵਿਰੋਧ ਵਿਚ 181 ਵੋਟਾਂ ਪਈਆਂ, ਪੁਲਿਸ ਹੋਵੇਗੀ ਜਵਾਬਦੇਹ, ਸਾਹ ਘੁੱਟਣ ਵਰਗੀ ਕਾਰਵਾਈ ਨਹੀਂ ਕਰ ਸਕੇਗੀ*

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:**
ਅਮਰੀਕੀ ਪ੍ਰਤੀਨੱਧ ਸਦਨ ਨੇ ਅੱਜ ਪੁਲਿਸ ਵਿਚ ਵਿਆਪਕ ਸੁਧਾਰਾਂ ਸਬੰਧੀ ਬਿੱਲ ਪਾਸ ਕਰ ਦਿੱਤਾ। ਪੁਲਿਸ ਹਿਰਾਸਤ ਵਿਚ ਮਾਰੇ ਗਏ ਅਫ਼ਰੀਕੀ ਮੂਲ ਦੇ ਅਮਰੀਕੀ ਜਾਰਜ ਫਲਾਇਡ ਨੂੰ ਸਨਮਾਨ ਦੇਣ ਲਈ ਇਸ ਬਿੱਲ ਦਾ ਨਾਂ "ਜਾਰਜ ਫਲਾਇਡ ਜਸਟਿਸ ਇਨ ਪੁਲਿਸਿੰਗ ਐਕਟ 2020" ਰਖਿਆ ਗਿਆ ਹੈ। ਬਿੱਲ ਦੇ ਹੱਕ ਵਿਚ 236 ਤੇ ਵਿਰੋਧ ਵਿਚ 181 ਵੋਟਾਂ ਪਈਆਂ। ਤਿੰਨ ਰਿਪਬਲੀਕਨ ਮੈਂਬਰਾਂ ਨੇ ਵੀ ਡੈਮੋਕਰੈਟਸ ਦਾ ਸਾਥ ਦਿੱਤਾ। ਇਨਾਂ ਵਿਚ ਵਿਲ ਹਰਡ ਟੈਕਸਾਸ, ਬਰੀਅਨ ਫਿਟਜ਼ਪੈਟਰਿਕ ਪੈਨਸਿਲਵੇਨੀਆ ਤੇ ਫਰੈਡ ਅਪਟੋਨ ਮਿਸ਼ੀਗਨ ਸ਼ਾਮਿਲ ਹਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਸੈਨੇਟ ਵਿਚ ਡੈਮੋਕਰੈਟਸ ਮੈਂਬਰਾਂ ਨੇ ਰਿਪਬਲੀਕਨ ਵੱਲੋਂ ਪੁਲਿਸ ਸੁਧਾਰਾਂ ਸਬੰਧੀ ਲਿਆਂਦੇ ਬਿੱਲ ਵਿਚ ਅੜਿਕਾ ਪਾ ਦਿੱਤਾ ਸੀ ਤੇ ਪੁਲਿਸ ਸੁਧਾਰਾਂ ਬਾਰੇ ਆਪਣਾ ਬਿੱਲ ਪੇਸ਼ ਕੀਤਾ ਸੀ। ਡੈਮੋਕਰੈਟਸ ਦਾ ਕਹਿਣਾ ਸੀ ਕਿ ਰਿਪਬਲੀਕਨ ਵੱਲੋਂ ਲਿਆਂਦੇ ਬਿੱਲ ਵਿਚ




ਖਾਮੀਆਂ ਹਨ ਤੇ ਇਹ ਬਿੱਲ ਨਸਲ ਅਧਾਰਤ ਨਾ-ਬਰਾਬਰੀ ਖਤਮ ਕਰਨ ਲਈ ਕਾਫੀ ਨਹੀਂ ਹੈ। ਹਾਊਸ ਸਪੀਕਰ ਨੈਨਸੀ ਪੋਲਿਸੀ ਨੇ ਆਪਣੇ ਸਾਥੀ ਡੈਮੋਕਰੈਟਸ ਦਾ ਸਾਥ ਦਿੰਦਿਆਂ ਕਿਹਾ ਸੀ ਕਿ ਬਿੱਲ 'ਤੇ ਪਾਈ ਵੋਟ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਜਾਰਜ ਫਲਾਈਡ ਤੇ ਅਫ਼ਰੀਕੀ ਮੂਲ ਦੇ ਹੋਰ ਅਮਰੀਕਨਾਂ ਦੀਆਂ ਮੌਤਾਂ ਅਜਾਈਂ ਨਹੀਂ ਗਈਆਂ।

ਪਾਸ ਕੀਤੇ ਬਿੱਲ ਵਿਚ ਲੋਕਾਂ ਨਾਲ ਬਦਸਲੂਕੀ ਕਰਨ ਤੇ ਸਾਹ ਬੰਦ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਕਾਨੂੰਨ ਵਿਚ ਦਿੱਤੀ ਗਈ ਸੁਰੱਖਿਆ ਖਤਮ ਕਰ ਦਿੱਤੀ ਗਈ ਹੈ। ਬਿੱਲ ਵਿਚ ਪੁਲਿਸ ਨੂੰ ਜਵਾਬਦੇਹ ਬਣਾਇਆ ਗਿਆ ਹੈ। 'ਨੋ ਨਾਕਆਊਟ ਵਾਰੰਟਸ' ਦੀ ਵਰਤੋਂ ਵਰਗੀ ਅਲਾਮਤ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਇਹ ਬਿੱਲ ਸੈਨੇਟ ਵਿਚ ਜਾਵੇਗਾ। ਜਾਰਜ ਫਲਾਇਡ ਦੀ 25 ਮਈ ਨੂੰ ਇਕ ਪੁਲਿਸ ਅਧਿਕਾਰੀ ਵੱਲੋਂ ਤਕਰੀਬਨ 9 ਮਿੰਟ ਧੌਣ 'ਤੇ ਗੋਡਾ ਰੱਖਣ ਕਾਰਨ ਸਾਹ ਬੰਦ ਹੋ ਜਾਣ ਦੇ ਸਿੱਟੇ ਵਜੋਂ ਮੌਤ ਹੋ ਗਈ ਸੀ ਜਿਸ ਤੋਂ ਬਾਅਦ ਪੂਰੇ ਅਮਰੀਕਾ ਵਿਚ ਹਿੰਸਕ ਪ੍ਰਦਰਸ਼ਨ ਹੋਏ ਸਨ। ਵਿਦੇਸ਼ਾਂ ਵਿਚ ਵੀ ਲੋਕਾਂ ਨੇ ਅਫ਼ਰੀਕੀਆਂ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਵਿਖਾਵੇ ਕੀਤੇ ਸਨ।

# ਮੇਲਾਨੀਆ ਟਰੰਪ ਨੇ ਚਾਈਲਡ ਵੈੱਲਫੇਅਰ ਸਿਸਟਮ ਨੂੰ ਮਜ਼ਬੂਤ ਕਰਨ ਦਾ ਸਮਰਥਨ ਕੀਤਾ



**ਵਾਸ਼ਿੰਗਟਨ, ਡੀ.ਸੀ/ਰਾਜ ਗੋਗਨਾ:** ਮੇਲਾਨੀਆ ਟਰੰਪ ਨੇ ਅਮਰੀਕਾ ਦੇ ਬੱਚਿਆਂ ਲਈ ਚਾਈਲਡ ਵੈੱਲਫੇਅਰ ਸਿਸਟਮ ਨੂੰ ਮਜ਼ਬੂਤ ਕਰਨ ਦੇ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰਨ ਲਈ ਓਵਲ ਦਫ਼ਤਰ ਵਿੱਚ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਅਤੇ ਉਪ-ਰਾਸ਼ਟਰਪਤੀ ਮਾਈਕ ਪੇਂਸ ਨਾਲ ਸ਼ਾਮਲ ਹੋਈ।ਅੱਜ ਦਾ ਕਾਰਜਕਾਰੀ ਆਰਡਰ ਦਸਤਖਤ ਕਰਨਾ ਵਿਸ਼ੇਸ਼ ਤੌਰ 'ਤੇ ਮਿਸ਼ਨ ਅਤੇ ਪਹਿਲੀ 'ਔਰਤ ਦੀ ਬਿਹਤਰੀਨ ਪਹਿਲ ਦੇ ਮੁੱਲਾਂ ਲਈ ਢੁਕਵਾਂ ਹੈ। ਸ੍ਰੀਮਤੀ ਟਰੰਪ ਦੇਸ਼ ਭਰ ਵਿੱਚ ਪਾਲਣ ਪੋਸ਼ਣ ਵਿੱਚ ਬੱਚਿਆਂ ਅਤੇ ਜਵਾਨਾਂ ਦੀ ਜ਼ਿੰਦਗੀ ਅਤੇ ਤੰਦਰੁਸਤੀ ਵਿੱਚ ਸੁਧਾਰ ਲਿਆਉਣ ਲਈ ਬਾਲ ਭਲਾਈ ਲਈ ਸਹਾਇਤਾ ਕਰਨ ਦੀ ਵਕਾਲਤ ਕਰਨਾ ਜਾਰੀ ਰੱਖਦੇ ਹਨ। ਮਈ ਵਿੱਚ, ਫਸਟ ਲੇਡੀ ਸਾਡੇ ਦੇਸ਼ ਦੇ ਰਾਜਪਾਲਾਂ ਨਾਲ ਇੱਕ ਕਾਲ ਵਿੱਚ ਸ਼ਾਮਲ ਹੋਈ ਸੀ।ਜਿੱਥੇ ਉਸਨੇ ਉਨਾਂ ਨੂੰ ਬਾਲ ਭਲਾਈ ਅਮਲੇ ਨੂੰ ਪਹਿਲੇ ਜਵਾਬਦੇਹ ਵਜੋਂ ਨਿਯੁਕਤ ਕਰਨ ਲਈ ਕਿਹਾ ਤਾਂ ਜੋ ਉਹਨਾਂ ਨੂੰ ਨਿੱਜੀ ਸੁਰੱਖਿਆ ਉਪਕਰਣਾਂ ਤਕ ਪਹੁੰਚ ਪ੍ਰਾਪਤ ਹੋਵੇ ।ਜਦੋਂ ਬੱਚੇ ਦੇ ਸਰੀਰਕ ਸਿਹਤ ਦੀ ਰੱਖਿਆ ਕਰਨ ਲਈ ਉਹਨਾਂ ਦਾ ਸਾਹਮਣਾ ਕਰਨਾ ਤੇ ਦਖਲ ਦੀ ਲੋੜ ਹੁੰਦੀ ਹੈ। ਕੋਰੋਨਾਵਾਇਰਸ. ਕਾਲ-ਟੂ-ਐਕਸ਼ਨ ਤੋਂ ਇਲਾਵਾ, ਫਸਟ ਲੇਡੀ ਅਤੇ ਟਰੰਪ ਪ੍ਰਸ਼ਾਸਨ ਨੇ ਬਾਲ ਭਲਾਈ ਦੇ ਮਾਮਲਿਆਂ ਵਿਚ ਰਿਮੋਟ ਅਤੇ ਵਰਚੁਅਲ ਕੋਰਟ ਸੁਣਵਾਈ ਲਈ ਮਾਰਗਦਰਸ਼ਨ ਅਤੇ ਵਧੀਆ ਅਭਿਆਸਾਂ ਪ੍ਰਦਾਨ ਕਰਕੇ ਅਤੇ ਮਹੀਨਾਵਾਰ ਮੁਲਾਕਾਤਾਂ ਲਈ ਵੀਡਿਓ ਕਾਨਫਰੰਸਿੰਗ ਦੀ ਆਗਿਆ ਦੇ ਕੇ ਕੇਸਾਂ ਦੇ ਕੰਮ ਕਰਨ ਵਾਲਿਆਂ ਦਾ ਸਮਰਥਨ ਕਰਦਿਆਂ ਬਾਲ ਭਲਾਈ ਨੂੰ ਪਹਿਲ ਦਿੱਤੀ ਹੈ। ਅੱਜ ਦੇ ਕਾਰਜਕਾਰੀ ਆਦੇਸ਼ ਦਾ ਉਦੇਸ਼ ਅਮਰੀਕਾ ਦੀਆਂ ਬਾਲ ਭਲਾਈ ਪ੍ਰਣਾਲੀ ਨੂੰ ਤਿੰਨ ਪ੍ਰਮੁੱਖ ਕਿਰਿਆਵਾਂ ਰਾਹੀਂ ਮਜਬੂਤ ਕਰਨਾ ਹੈ।ਭਾਈਵਾਲੀ ਵਿੱਚ ਸੁਧਾਰ, ਸਰੋਤਾਂ ਵਿੱਚ ਸੁਧਾਰ ਅਤੇ ਨਿਗਰਾਨੀ ਵਿੱਚ ਸੁਧਾਰ।ਫਸਟ ਲੇਡੀ ਮੇਲਾਨੀਆ ਟਰੰਪ ਨੇ ਕਿਹਾ, ਪਾਲਣ-ਪੋਸ਼ਣ ਦੀ ਦੇਖਭਾਲ ਵਿਚ 400,000 ਤੋਂ ਵੱਧ ਬੱਚਿਆਂ ਦੇ ਨਾਲ, ਇਨਾਂ ਬੱਚਿਆਂ ਦੇ ਸੁਰੱਖਿਅਤ ਅਤੇ ਸਥਿਰ ਘਰ ਹੋਣ ਦੀ ਬਹੁਤ ਗੰਭੀਰ ਜ਼ਰੂਰਤ ਹੈ। ਇਹ ਮੇਰੀ ਉਮੀਦ ਹੈ ਕਿ ਇਹ ਕਾਰਜਕਾਰੀ ਆਦੇਸ਼ ਸੁਧਾਰ ਮੁਹੱਈਆ ਕਰਵਾਏਗਾ, ਜਿਸ ਨਾਲ ਸਿੱਧੇ ਤੌਰ ਤੇ ਬਾਲ ਭਲਾਈ ਪ੍ਰਣਾਲੀ ਵਿੱਚ ਸੁਧਾਰ ਹੋਵੇਗਾ ਅਤੇ ਦੇਸ਼ ਭਰ ਵਿੱਚ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਪ੍ਰਤੀ ਇਸ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਹੋਰ ਸਥਾਪਤ ਕੀਤਾ ਜਾਵੇਗਾ। ਬਾਲ ਭਲਾਈ ਪ੍ਰਣਾਲੀ ਦੇ ਯਕੀਨੀ ਸੁਧਾਰ, ਬਹੁਤ ਸਾਰੇ ਕਮਜ਼ੋਰ ਬੱਚਿਆਂ ਅਤੇ ਪਰਿਵਾਰਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆਉਣ ਲਈ, ਪਾਲਣ-ਪੋਸ਼ਣ ਦੀ ਦੇਖਭਾਲ ਪ੍ਰਣਾਲੀ ਵਿੱਚ ਤਬਦੀਲੀ ਲਿਆਉਣਗੇ। ਏਸੀਐਫ ਬਾਲ ਬਦਸਲੂਕੀ ਨੂੰ ਰੋਕਣ ਲਈ ਇਨਾਂ ਤਬਦੀਲੀਆਂ ਨੂੰ ਲਾਗੂ ਕਰਨ, ਪਰਿਵਾਰਾਂ ਨੂੰ ਸੁਰੱਖਿਅਤ ਸੰਭਵ ਹੋਵੇ, ਇਕੱਠੇ ਰੱਖਣ, ਅਤੇ ਸਿਸਟਮ ਵਿਚ ਉਡੀਕ ਰਹੇ ਹਜ਼ਾਰਾਂ ਬੱਚਿਆਂ ਦੀ ਸਮੇਂ ਸਿਰ ਸਹਾਇਤਾ ਪ੍ਰਾਪਤ ਕਰਨ ਦੀ ਉਮੀਦ ਕਰਦਾ ਹੈ।

# ਕੈਲੀਫੋਰਨੀਆ ਵਿਚ ਵਾਲਮਾਰਟ ਸਟੋਰ ਵਿਖੇ ਗੋਲੀਬਾਰੀ ਵਿਚ 2 ਮੌਤਾਂ4 ਜ਼ਖਮੀ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:**
ਰੈੱਡ ਬਲਫ, ਕੈਲੀਫੋਰਨੀਆ ਦੇ ਵਾਲਮਾਰਟ ਡਿਸਟ੍ਰੀਬਿਊਸ਼ਨ ਸੈਂਟਰ ਵਿਖੇ ਇਕ ਕਾਰ ਸਵਾਰ ਵਿਅਕਤੀ ਵੱਲੋਂ ਚਲਾਈਆਂ ਗੋਲੀਆਂ ਨਾਲ ਘੱਟੋ ਘੱਟ 2 ਵਿਅਕਤੀਆਂ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਡਿਗਨਟੀ ਹੈਲਥ ਨੌਰਥ ਸਟੇਟ ਦੇ ਮੀਡੀਆ ਸੰਪਰਕ ਮੈਨੇਜਰ ਐਲੀਸਨ ਹੈਂਡਰਿਕਸਨ ਨੇ ਦਿੱਤੀ ਹੈ। ਇਹ ਘਟਨਾ ਦੁਪਹਿਰ ਬਾਅਦ 3 ਵਜੇ ਦੇ ਕਰੀਬ ਵਾਪਰੀ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਕਾਰ ਡਿਸਟ੍ਰੀਬਿਊਸ਼ਨ ਸੈਂਟਰ



ਵਿਚ ਦਾਖਲ ਹੋਈ ਜਿਸ ਵਿਚ ਸਵਾਰ ਵਿਅਕਤੀ ਨੇ ਜੋ ਵੀ ਸਾਹਮਣੇ ਆਇਆ ਉਸ ਦੇ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਮੌਕੇ ਮਚੀ ਭਗਦੜ ਕਾਰਨ ਵੀ ਕੁਝ ਲੋਕ ਜ਼ਖਮੀ ਹੋਏ ਹਨ। ਇਕ ਔਰਤ ਨੇ ਆਪਣੇ ਬਚਾਅ ਲਈ ਕੰਡਿਆਲੀ ਤਾਰ ਦੇ ਉਪਰੋਂ ਦੀ ਛਾਲ ਮਾਰ ਦਿੱਤੀ ਜਿਸ ਕਾਰਨ ਉਹ ਜ਼ਖਮੀ ਹੋ ਗਈ। ਉਸ ਦੀ ਲੱਤ ਵਿਚੋਂ ਖ਼ੂਨ ਵਹਿ ਰਿਹਾ ਸੀ। ਸੂਚਨਾ ਮਿਲਣ 'ਤੇ ਪੁਲਿਸ ਤੁਰੰਤ ਮੌਕੇ ਉਪਰ ਪੁੱਜੀ ਉਪਰੰਤ ਹਮਲਾਵਰ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਹੈ। ਅਜੇ ਇਹ ਨਹੀਂ ਪਤਾ ਲੱਗ ਸਕਿਆ ਕਿ ਹਮਲਾਵਰ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋਇਆ ਹੈ ਜਾਂ ਹੋਰ ਕਿਸੇ ਵੱਲੋਂ ਚਲਾਈ ਗੋਲੀ ਨਾਲ। ਜ਼ਖਮੀਆਂ ਦੀ ਹਾਲਤ ਸਥਿੱਰ ਦੱਸੀ ਜਾਂਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Pritam Rupal Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਫੌਜੀ ਗੁਰਤੇਜ ਸਿੰਘ ਨੇ 12 ਚੀਨੀ ਫ਼ੌਜੀਆਂ ਨੂੰ ਮਾਰ ਕੇ ਸ਼ਹਾਦਤ ਪ੍ਰਾਪਤ ਕੀਤੀ

## ✪ ਲੱਦਾਖ 'ਚ ਹੋਏ ਨੁਕਸਾਨ ਸਬੰਧੀ ਸਰਕਾਰ ਤੇ ਫੌਜ ਨਿਰਪੱਖਤਾ ਨਾਲ ਸਵੈ-ਪੜਚੋਲ ਕਰੇ-ਜਥੇਦਾਰ ਹਵਾਰਾ ਕਮੇਟੀ ✪ ਕਿਹਾ-ਗੁਰਤੇਜ ਸਿੰਘ ਨੇ ਕਿਰਪਾਨ ਨਾਲ ਵੱਡੀ ਗਿਣਤੀ 'ਚ ਮਾਰੇ ਚੀਨੀ

**ਮਾਨਸਾ/ਏ.ਟੀ.ਨਿਊਜ਼:** ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨੀ ਫ਼ੌਜ ਨਾਲ ਹੋਈ ਝੜਪ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਸਿਪਾਹੀ ਗੁਰਤੇਜ ਸਿੰਘ ਬੀਰੇਵਾਲਾ ਡੋਗਰਾ ਨੂੰ ਇੱਥੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਮੌਕੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਜਿੱਥੇ ਗੁਰਬਾਣੀ ਇਤਿਹਾਸ ਦੇ ਸੰਦਰਭ ਵਿਚ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਵਿਚਾਰਾਂ ਕੀਤੀਆਂ। ਪੰਜਾਬ ਸਰਕਾਰ ਦੀ ਤਰਫ਼ੋਂ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ।

### ਗੁਰਤੇਜ ਸਿੰਘ ਦੀ ਬਹਾਦਰੀ

ਇੱਥੇ ਜ਼ਿਕਰਯੋਗ ਹੈ ਕਿ 15 ਜੂਨ ਦੀ ਰਾਤ ਨੂੰ ਲੱਦਾਖ ਦੀ ਗਲਵਾਨ ਘਾਟੀ ਵਿਚ ਚੀਨੀ ਫ਼ੌਜੀਆਂ ਨਾਲ ਹੋਈ ਝੜਪ ਵਿਚ ਸ਼ਹਾਦਤ ਦਾ ਜਾਮ ਪੀਣ ਵਾਲੇ ਮਾਨਸਾ ਜ਼ਿਲੇ ਦੇ ਪਿੰਡ ਬੀਰੇਵਾਲਾ ਡੋਗਰਾ ਦੇ 23 ਵਰਿਆਂ ਦੇ ਸਿੱਖ ਗੱਭਰੂ ਗੁਰਤੇਜ ਸਿੰਘ ਦੀ ਬਹਾਦਰੀ ਦੀ ਇਸ ਵੇਲੇ ਪੰਜਾਬ ਹੀ ਨਹੀਂ ਪੂਰੇ ਵਿਸ਼ਵ ਵਿਚ ਚਰਚਾ ਹੈ। ਉਸ ਦੇ ਸਾਥੀਆਂ ਵਲੋਂ ਗੁਰਤੇਜ ਦੀ ਸੂਰਬੀਰਤਾ ਬਾਰੇ ਇਕ ਬੰਗਾਲੀ ਪੱਤਰਕਾਰ ਨੂੰ ਮੁਕਾਬਲੇ ਦੀ ਦੱਸੀ ਕਹਾਣੀ ਸੋਸ਼ਲ ਮੀਡੀਆ 'ਤੇ ਪੂਰੀ ਛਾਈ ਹੋਈ ਹੈ। ਚੀਨ ਦੇ 12 ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਨ ਦੀ ਉਸ ਦੀ ਬਹਾਦਰੀ ਦੀ ਕਹਾਣੀ ਨੂੰ ਸਿੱਖ ਕੌਮ ਤੇ ਭਾਰਤੀ ਫ਼ੌਜ ਲਈ ਮਾਣ ਵਾਲੀ ਗੱਲ ਦੱਸਿਆ ਜਾ ਰਿਹਾ ਹੈ। ਗੁਰਤੇਜ ਸਿੰਘ ਜੋ 3 ਪੰਜਾਬ ਘਾਤਕ ਪਲਟੂਨ ਦਾ ਜਾਂਬਾਜ਼ ਸਿਪਾਹੀ ਸੀ, ਦੀ ਪਲਟੂਨ ਬਿਹਾਰ ਰਜਮੈਂਟ ਦੀ ਮਦਦ ਲਈ ਪਹੁੰਚੀ। ਉਨਾਂ ਕੋਲ ਕੋਈ ਵੱਡੇ ਹਥਿਆਰ ਨਹੀਂ ਸਨ, ਸਿਰਫ਼ ਰਾਡ ਤੇ ਕਿਰਪਾਨਾਂ ਹੀ ਸਨ। ਇਸ ਸਮੇਂ




ਦੌਰਾਨ ਗੁਰਤੇਜ ਨੂੰ ਚਾਰ ਦੁਸ਼ਮਣ ਫੌਜੀਆਂ ਨੇ ਘੇਰ ਲਿਆ। ਉਸ ਨੇ ਬੜੀ ਬਹਾਦਰੀ ਨਾਲ ਚਾਰਾਂ ਨੂੰ ਚਿੱਤ ਕਰਕੇ 7 ਹੋਰ ਚੀਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਉਹ ਜੋਸ਼ ਨਾਲ ਭਰਿਆ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਗਾ ਰਿਹਾ ਸੀ ਤਾਂ ਇਕ ਚੀਨੀ ਫ਼ੌਜੀ ਨੇ ਪਿੱਛੋਂ ਉਸ 'ਤੇ ਤਿੱਖੇ ਹਥਿਆਰ ਨਾਲ ਵਾਰ ਕਰ ਦਿੱਤਾ। ਗੁਰਤੇਜ ਨੇ ਬੜੀ ਫੁਰਤੀ ਨਾਲ ਉਸ ਦੁਸ਼ਮਣ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਤੇ ਆਪ ਵੀ ਸ਼ਹੀਦੀ ਜਾਮ ਪੀ ਗਿਆ।

### ਹਵਾਰਾ ਕਮੇਟੀ ਵਲੋਂ ਤਰੀਫ਼

ਸਰਬੱਤ ਖ਼ਾਲਸਾ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਕਾਰਜਸ਼ੀਲ ਹਵਾਰਾ ਕਮੇਟੀ ਨੇ ਭਾਰਤ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਬੀਤੇ ਦਿਨੀਂ ਭਾਰਤ-ਚੀਨ ਸਰਹੱਦ 'ਤੇ ਲੱਦਾਖ ਵਿਚ ਭਾਰਤੀ ਫ਼ੌਜ ਦੀ 16 ਬਿਹਾਰ ਰੈਜੀਮੈਂਟ ਦੇ ਜਵਾਨਾਂ ਦੀ ਦਰਦਨਾਕ ਮੌਤ ਦੇ ਕਾਰਨਾਂ ਦੀ ਸਵੈ-ਪੜਚੋਲ ਕੀਤੀ ਜਾਵੇ। ਪ੍ਰੋ: ਬਲਜਿੰਦਰ ਸਿੰਘ, ਵਕੀਲ ਅਮਰ ਸਿੰਘ ਚਾਹਲ, ਵਕੀਲ ਦਿਲਸ਼ੇਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ 3 ਸਿੱਖ ਰੈਜੀਮੈਂਟ ਦੇ ਜਵਾਨਾਂ ਨੇ ਬਿਹਾਰ ਰੈਜੀਮੈਂਟ ਦੇ ਹੋਏ ਵੱਡੇ ਨੁਕਸਾਨ ਨੂੰ ਨਾ ਸਹਾਰਦੇ ਹੋਏ ਬੇਮਿਸਾਲ ਬਹਾਦਰੀ ਦੇ ਜੌਹਰ ਦਿਖਾਏ। ਇਸ ਹਮਲੇ ਵਿਚ ਗਲਵਾਨ ਘਾਟੀ ਵਿਖੇ ਸ਼ਹੀਦ ਹੋਏ ਸਿੱਖ ਫ਼ੌਜੀ ਗੁਰਤੇਜ ਸਿੰਘ ਦੀ ਬਹਾਦਰੀ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ, ਜਿਸ ਨੇ 12 ਚੀਨੀ ਫ਼ੌਜੀਆਂ ਨੂੰ ਮਾਰ ਮੁਕਾਇਆ। ਉਨਾਂ ਕਿਹਾ ਕਿ ਸਿੱਖਾਂ ਦੇ ਸ਼ਸਤਰਧਾਰੀ ਹੋਣ 'ਤੇ ਇਤਰਾਜ਼ ਕਰਨ ਵਾਲੀ ਸਰਕਾਰ ਨੂੰ ਇਹ ਸਮਝ ਆ ਜਾਣਾ ਚਾਹੀਦਾ ਹੈ ਕਿ ਗੁਰਤੇਜ ਸਿੰਘ ਅੰਮ੍ਰਿਤਧਾਰੀ ਸਿੱਖ ਫ਼ੌਜੀ ਸੀ ਅਤੇ ਉਸ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖ਼ਸ਼ੀ ਕਿਰਪਾਨ ਦੀ ਵਰਤੋਂ ਕਰਕੇ ਵੱਡੀ ਗਿਣਤੀ ਵਿਚ ਚੀਨੀ ਫ਼ੌਜੀ ਮਾਰ ਮੁਕਾਏ ਸਨ।

ਪਰ ਅਫ਼ਸੋਸ ਭਾਰਤੀ ਖੁਫੀਆ ਏਜੰਸੀਆਂ ਸਿੱਖਾਂ ਦੀ ਇਸ ਕਿਰਪਾਨ ਦੀਆਂ ਦੁਸ਼ਮਣ ਬਣੀਆਂ ਹੋਈਆਂ ਹਨ ਅਤੇ ਸਿੱਖਾਂ ਦੇ ਨਿਆਰੇਪਣ ਨੂੰ ਖ਼ਤਮ ਕਰਨ ਲਈ ਵਿਉਂਤਾਂ ਗੁੰਦ ਰਹੀਆਂ ਹਨ। ਉਨਾਂ ਨੇ ਕਿਹਾ ਕਿ ਕਾਂਗਰਸ ਅਤੇ ਭਾਜਪਾ ਆਪਣਾ ਸਿੱਖ ਵਿਰੋਧੀ ਏਜੰਡਾ ਤਿਆਗ ਕੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਢਾਹੁਣਾ ਬੰਦ ਕਰਨ, ਸਿੱਖ ਸਿਆਸੀ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਪੀ. ਟੀ. ਸੀ. ਪੰਜਾਬੀ ਦੇ ਪੱਤਰਕਾਰ, ਸੰਚਾਲਕ ਦਵਿੰਦਰਪਾਲ ਸਿੰਘ ਦਾ ਦਿਹਾਂਤ




**ਨਿਊਯਾਰਕ/ਰਾਜ ਗੋਗਨਾ:** ਪੀ. ਟੀ. ਸੀ. ਪੰਜਾਬੀ ਦੇ ਖਬਰਾਂ ਦੇ ਸੰਚਾਲਕ, ਉੱਘੇ ਪੱਤਰਕਾਰ ਜੋ ਕਾਫੀ ਸਮਾਂ ਨਿਊਯਾਰਕ ਪੀ. ਟੀ. ਸੀ. ਪੰਜਾਬੀ ਚੈਨਲ ਨੂੰ ਚਲਾਉਂਦੇ ਆ ਰਹੇ ਸਨ ਦਾ ਦਿਹਾਂਤ ਹੋ ਗਿਆ। ਪਿਛਲੇ ਇੱਕ ਸਾਲ ਤੋਂ ਉਨਾਂ ਨੂੰ ਦਿੱਲੀ ਵਿਖੇ ਬੁਲਾ ਲਿਆ ਗਿਆ ਸੀ। ਜਿੱਥੇ ਉਹ ਸਵੇਰੇ ਸਾਢੇ 9 ਵਜੇ ਦੀਆਂ ਨਾਰਥ ਅਮਰੀਕਾ ਦੀਆਂ ਖਬਰਾਂ ਦਾ ਸੰਚਾਲਨ ਕਰਦੇ ਸਨ।ਦਵਿੰਦਰਪਾਲ ਸਿੰਘ ਸਮਾਜ ਵਿੱਚ ਜਾਗ੍ਰਿਤੀ ਲਿਆਉਣ ਵਿੱਚ ਮਹੱਤਰਪੂਰਨ ਯੋਗਦਾਨ ਪਾ ਰਹੇ ਸਨ। ਦਵਿੰਦਰਪਾਲ ਸਿੰਘ ਪੱਤਰਕਾਰਤਾ ਦੀਆਂ ਸੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਦੇ ਪਹਿਰਾ ਦਿੰਦੇ ਆ ਰਹੇ ਸਨ। ਉਹਨਾਂ ਦੀ ਅਚਾਨਕ ਮੌਤ ਨਾਲ ਪੰਜਾਬੀ ਮੀਡੀਏ ਤੇ ਉਨਾਂ ਦੇ ਚਾਹੁਣ ਵਾਲਿਆਂ ਨੂੰ ਵੱਡਾ ਘਾਟਾ ਪਿਆ ਹੈ। ਵਾਸ਼ਿੰਗਟਨ ਮੈਟਰੋਪੁਲਿਟਨ ਦੇ ਪੱਤਰਕਾਰਾਂ, ਅਮਰੀਕਾ ਦੇ ਮੀਡੀਆ ਵਿੰਗ ਨੇ ਉਹਨਾਂ ਦੀ ਮੌਤ ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਅਤੇ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿੱਚ ਸਾਂਝ ਪਾਈ। ਡਾ. ਸੁਖਪਾਲ ਸਿੰਘ ਧਨੋਆ ਨੇ ਕਿਹਾ ਕਿ ਉਹਨਾਂ ਦੀ ਸੱਜੀ ਬਾਂਹ ਪੱਤਰਕਾਰੀ ਦੇ ਖੇਤਰ ਚ' ਟੁੱਟ ਗਈ ਹੈ। ਉਹਨਾਂ ਦਾ ਕਹਿਣਾ ਹੈ ਕਿ ਦਵਿੰਦਰਪਾਲ ਸਿੰਘ ਵਰਗੀਆਂ ਵਿਰਲੀਆਂ ਸਖਸ਼ੀਅਤਾਂ ਹੀ ਮਿਲਦੀਆਂ ਹਨ ਜੋ ਪੱਤਰਕਾਰੀ, ਖਬਰਸਾਰ ਤੇ ਜਰਨਲਿਜ਼ਮ ਦੀ ਨਬਜ਼ ਨੂੰ ਪਛਾਨਣ ਦਾ ਹੁਨਰ ਰੱਖਦੀਆਂ ਹਨ। ਮੈਂ ਦਵਿੰਦਰਪਾਲ ਸਿੰਘ ਦੇ ਚਲੇ ਜਾਣ ਦਾ ਦੁੱਖ ਕਦੇ ਨਹੀਂ ਵਿਸਾਰ ਸਕਦਾ। ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਨਿੱਘੇ ਤੇ ਮਿੱਠੇ ਸੁਭਾਅ ਦੇ ਮਾਲਕ ਸਨ, ਜਿਨਾਂ ਨੂੰ ਮੀਡੀਆ ਦੀ ਸੋਝੀ ਸੀ, ਉਹ ਝੱਟ ਹੀ ਅਗਲੇ ਦੇ ਦਿਲ ਵਿੱਚ ਥਾਂ ਬਣਾ ਲੈਂਦੇ ਸਨ। ਉਹਨਾਂ ਦੀ ਮੌਤ ਦਾ ਸਾਨੂੰ ਬਹੁਤ ਜਿਆਦਾ ਅਫਸੋਸ ਹੈ। ਪੱਤਰਕਾਰ ਤੇਜਿੰਦਰ ਸਿੰਘ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਦੀ ਕਾਬਲੀਅਤ ਦਾ ਕੋਈ ਸਾਨੀ ਨਹੀਂ ਸੀ। ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਦਵਿੰਦਰਪਾਲ ਸਿੰਘ ਦ੍ਰਿੜ ਇਰਾਦੇ ਅਤੇ ਦੂਰ ਅੰਦੇਸ਼ੀ ਦੇ ਮਾਲਕ ਸਨ। ਦਵਿੰਦਰਪਾਲ ਸਿੰਘ ਦੇ ਜਾਣ ਨਾਲ ਪੱਤਰਕਾਰਤਾ ਦੇ ਖੇਤਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਨਾਰਥ ਅਮਰੀਕਾ ਦੀਆਂ ਖਬਰਾਂ ਦੀ ਪੇਸ਼ਕਾਰੀ ਦਾ ਉਹ ਸਤੰਭ ਸੀ, ਉਸ ਵਿੱਛੜੀ ਰੂਹ ਨੂੰ ਅਸੀਂ ਕਦੇ ਵੀ ਭੁੱਲ ਨਹੀਂ ਸਕਦੇ, ਉਹ ਸਦਾ ਸਾਡੇ ਚੇਤਿਆਂ ਵਿੱਚ ਵਸਦਾ ਰਹੇਗਾ। ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰਾਂ ਚ' ਹਰਵਿੰਦਰ ਸਿੰਘ ਰਿਆੜ, ਰਾਜ ਗੋਗਨਾ, ਬਲਵੰਤ ਸਿੰਘ ਹੋਠੀ , ਸੁਰਮੁਖ ਸਿੰਘ ਮਾਣਕੂ, ਅਤੇ ਅਮਰੀਕਾ ਚ' ਵੱਸਦੇ ਸੁੱਖੀ ਚਾਹਲ ਗੁਰਮੀਤ ਸਿੰਘ ਅਪਣਾ ਪੰਜਾਬ, ਹਰਦੀਪ ਗਿੱਲ, ਬੂਟਾ ਸਿੰਘ ਬਾਸੀ, ਗੁਰਜਤਿੰਦਰ ਸਿੰਘ ਰੰਧਾਵਾ, ਪ੍ਰਦੀਪ ਗਿੱਲ, ਸਤਪਾਲ ਸਿੰਘ ਬਰਾੜ, ਗੁਰਪ੍ਰਤਾਪ ਸਿੰਘ ਵੱਲਾ, ਕੁਲਦੀਪ ਸਿੰਘ ਮੱਲਾ, ਪ੍ਰਤਾਪ ਸਿੰਘ ਗਿੱਲ, ਦਵਿੰਦਰ ਸਿੰਘ, ਬਲਜਿੰਦਰ ਸਿੰਘ ਸ਼ੰਮੀ, ਕੰਵਲਜੀਤ ਸਿੰਘ ਸੋਨੀ, ਸੁਰਿੰਦਰ ਸਿੰਘ ਰਹੇਜਾ, ਹਰਬੰਸ ਸਿੰਘ ਸੰਧੂ, ਦਲਵੀਰ ਸਿੰਘ ਨੇ ਦਵਿੰਦਰਪਾਲ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਤੇ ਵਿੱਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।



# ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪਾਂ ਦੇ ਘੱਟ ਹੋਣ ਦਾ ਮਾਮਲਾ ਸਾਹਮਣੇ ਆਇਆ

## ✪ ਸੁਖਬੀਰ ਬਾਦਲ ਨੂੰ ਨਵੀਂ ਮੁਸੀਬਤ 'ਚ ਫਸਣ ਦੀ ਸੰਭਾਵਨਾ ✪ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਵਲੋਂ ਮਾਮਲਾ ਦਬਾਇਆ ਗਿਆ ✪ ਸੇਵਾ ਮੁਕਤ ਜਸਟਿਸ ਬੈਂਸ ਨੇ ਪੰਜਾਬ ਸਰਕਾਰ ਕੋਲੋਂ ਜਾਂਚ ਦੀ ਕੀਤੀ ਮੰਗ

**ਚੰਡੀਗੜ੍ਹ /ਏ.ਟੀ.ਨਿਊਜ਼ :** ਸਾਲ 2015 ਦੌਰਾਨ ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੇ ਇਨਸਾਫ ਦੀ ਲੜਾਈ ਹਾਲੇ ਅਧਵਾਟੇ ਹੀ ਹੈ ਕਿ ਇਸੇ ਦੌਰਾਨ ਅਜਿਹੇ ਹੀ ਪ੍ਰਸੰਗ ਵਿਚ ਇਕ ਹੋਰ ਮਾਮਲਾ ਉਜਾਗਰ ਹੋ ਗਿਆ ਹੈ। ਜੋ ਸੂਬੇ ਦੀ ਪੰਥਕ ਸਿਆਸਤ ਵਿਚ ਵੀ ਕਾਫੀ ਅਸਰ ਅੰਦਾਜ਼ ਹੋ ਸਕਦਾ ਹੈ। ਜਸਟਿਸ ਅਜੀਤ ਸਿੰਘ ਬੈਂਸ (ਰਿਟਾ.) ਦੀ ਅਗਵਾਈ ਵਾਲੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਵਲੋਂ ਜਾਂਚ ਕਰਤਾ ਸਰਬਜੀਤ ਸਿੰਘ ਵੇਰਕਾ ਨੇ ਪੰਜਾਬ ਸਰਕਾਰ ਦੇ ਮੁਖ ਸਕੱਤਰ ਨੂੰ ਇਸ ਮੰਗ ਪੱਤਰ ਲਿਖ ਕੇ ਇਸ ਬਾਬਤ ਕਾਫ਼ੀ ਅਹਿਮ ਪ੍ਰਗਟਾਵੇ ਕੀਤੇ ਹਨ। ਵੇਰਕਾ ਨੇ ਦਸਿਆ ਕਿ ਉਨਾਂ ਵਲੋਂ ਕੀਤੀ ਗਈ ਘੋਖ-ਪੜਤਾਲ ਮੁਤਾਬਕ ਮਿਤੀ 18/19-05-2016 ਦੀ ਰਾਤ ਦੌਰਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅੱਗ ਲੱਗਣ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ ਭੇਂਟ ਹੋ ਗਏ ਹਨ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸੇਵਾਦਾਰਾਂ ਨੂੰ ਸਵੇਰੇ ਜਦੋਂ ਪਤਾ ਲੱਗਾ, ਤਾਂ ਉਨਾਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਮੌਕੇ 'ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਬੁਲਾਈਆਂ ਗਈਆਂ ਤੇ ਅੱਗ ਬੁਝਾਈ ਜਿਸ ਕਰ ਕੇ ਉਥੇ ਪਏ ਹੋਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪਾਣੀ ਪੈਣ ਨਾਲ ਗਿੱਲੇ ਹੋ ਗਏ।

ਇਸ ਸਾਰੀ ਕਾਰਵਾਈ ਦੌਰਾਨ ਸਕੱਤਰ ਡਾ. ਰੂਪ ਸਿੰਘ, ਸਕੱਤਰ ਮਨਜੀਤ ਸਿੰਘ, ਅਡੀਸ਼ਨਲ ਸਕੱਤਰ ਸੁਖਦੇਵ ਸਿੰਘ ਭੂਰਾ, ਅਡੀਸ਼ਨਲ ਸਕੱਤਰ ਦਲਜੀਤ ਸਿੰਘ ਬੇਦੀ, ਮੀਤ ਸਕੱਤਰ ਸਕੱਤਰ ਸਿੰਘ ਅਤੇ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਮੈਨੇਜਰ ਪ੍ਰਤਾਪ ਸਿੰਘ ਹੋਰਨਾਂ ਤੋਂ ਇਲਾਵਾ ਮੌਕੇ 'ਤੇ ਮੌਜੂਦ ਸਨ। ਡਾ. ਰੂਪ ਸਿੰਘ ਨੇ ਮੌਕੇ 'ਤੇ ਅਵਤਾਰ ਸਿੰਘ ਮੱਕੜ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਉਪਰੋਕਤ ਵਾਕਿਆ ਬਾਰੇ ਦਸਿਆ ਜਿਸ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਸੀਨੀਅਰ ਅਕਾਲੀ ਲੀਡਰਾਂ ਨਾਲ ਹਾਲਾਤ ਦੱਸ ਕੇ ਅਗਲੇ ਹੁਕਮ ਲੈਣ ਲਈ ਸੰਪਰਕ ਕੀਤਾ।

ਵੇਰਕਾ ਵਲੋਂ ਮੁਖ ਸਕੱਤਰ ਪੰਜਾਬ ਨੂੰ ਭੇਜੇ ਇਸ ਮੰਗ ਪੱਤਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੁਖਬੀਰ ਬਾਦਲ ਨੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੇ ਮੈਂਬਰਾਂ ਨੂੰ ਮੌਕੇ 'ਤੇ ਪਹੁੰਚ ਕੇ ਹਾਲਾਤ ਨੂੰ ਕਾਬੂ ਵਿਚ ਰੱਖਣ ਦੀ ਹਦਾਇਤ ਦਿਤੀ ਅਤੇ ਕਿਹਾ ਕਿ ਪਹਿਲਾ ਹੀ ਬੁਰਜ ਜਵਾਹਰ ਸਿੰਘ ਤੇ ਬਰਗਾੜੀ ਵਿਖੇ ਹੋਈਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰ ਕੇ ਅਕਾਲੀ ਦਲ ਕਟਹਿਰੇ ਵਿਚ ਖੜਾ ਹੈ ਅਤੇ ਇੰਨੇ ਵੱਡੇ ਪੱਧਰ 'ਤੇ ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਅਗਨ ਭੇਂਟ ਤੇ ਪਾਣੀ ਨਾਲ ਗਿੱਲੇ ਹੋਣਾ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਬਹੁਤ ਵੱਡੀ ਮੁਸ਼ਕਲ ਵਿਚ ਪਾ ਸਕਦਾ ਹੈ ਅਤੇ ਅਕਾਲੀ ਦਲ ਨੂੰ 2017 ਦੀਆਂ ਚੋਣਾਂ ਵਿਚ ਇਸ ਕਰਕੇ ਨੁਕਸਾਨ ਹੋ ਸਕਦਾ ਹੈ। ਕਿਹਾ ਗਿਆ ਹੈ ਕਿ ਇਸ ਘਟਨਾ ਬਾਰੇ ਕਿਸੇ ਨੂੰ ਪਤਾ ਨਾ ਲੱਗਣ ਦਿਤਾ ਜਾਵੇ ਅਤੇ ਘਟਨਾ, ਬੇਅਦਬੀ ਤੇ ਅਣਗਹਿਲੀ ਨੂੰ ਗੁਪਤ ਰਖਿਆ ਜਾਵੇ। ਇਨਾਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਅਧਿਕਾਰੀਆਂ ਵਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਂਟ ਹੋਏ ਅਤੇ ਪਾਣੀ ਨਾਲ ਗਿੱਲੇ ਹੋਏ ਸਰੂਪਾਂ ਨੂੰ ਸੁੱਕੇ ਰਮਾਲਾ ਸਾਹਿਬ ਵਿਚ ਰੱਖ ਕੇ ਕੁੱਝ-ਗਿਣੇ ਪੱਤਰਕਾਰਾਂ ਤੇ ਮੌਕੇ 'ਤੇ ਮੌਜੂਦ ਆਗੂਆਂ ਨੂੰ ਮੌਕਾ ਦਿਖਾ ਕੇ ਇਹ ਯਕੀਨ ਦਿਵਾ ਦਿਤਾ ਗਿਆ ਕਿ ਅੱਗ ਲੱਗਣ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ।

ਕਿਸੇ ਵੀ ਅਧਿਕਾਰੀ ਨੇ ਅਗਨ ਭੇਂਟ ਹੋਏ ਅਤੇ ਪਾਣੀ ਨਾਲ ਗਿੱਲੇ ਹੋਏ ਸਰੂਪਾਂ ਦੀ ਗਿਣਤੀ ਕਰਨੀ ਜ਼ਰੂਰੀ ਨਾ ਸਮਝੀ ਤੇ ਸਿਆਸੀ ਆਗੂਆਂ ਦੇ ਦਬਾਅ ਕਾਰਨ ਮੌਕੇ ਦੀ ਸੀ.ਸੀ. ਟੀ.ਵੀ. ਫ਼ੁਟੇਜ ਨੂੰ ਵੀ ਕਬਜ਼ੇ ਵਿਚ ਨਹੀਂ ਲਿਆ ਗਿਆ ਤੇ ਨਾ ਹੀ ਮੌਕੇ 'ਤੇ ਫਰਾਸਿਕ ਟੀਮ ਨੂੰ ਵੀ ਨਹੀਂ ਬੁਲਾਇਆ ਗਿਆ ਜਿਸ ਤੋਂ ਪਤਾ ਲਗਦਾ ਕਿ ਇਹ ਅੱਗ ਬਿਜਲੀ ਸਰਕਟ ਸ਼ਾਟ ਕਰ ਕੇ ਲੱਗੀ ਹੈ ਜਾਂ ਕਿ ਕਿਸੇ ਸ਼ਰਾਰਤੀ ਅਨਸਰਾਂ ਵਲੋਂ ਅਜਿਹਾ ਕੀਤਾ ਗਿਆ ਹੈ।

ਵਰਣਨਯੋਗ ਹੈ ਕਿ ਸਾਲ 2015-16 ਵਿਚ ਸਿੱਖ ਵਿਰੋਧੀ ਅਨਸਰਾਂ ਵਲੋਂ ਅਜਿਹੀਆਂ ਕਈ ਵਾਰਦਾਤਾਂ ਕੀਤੀਆਂ ਗਈਆਂ ਸਨ ਜਿਸ ਦੇ ਵੇਰਵੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਵਿਚ ਮੌਜੂਦ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਉੱਚ ਅਧਿਕਾਰੀਆਂ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਮੌਕੇ 'ਤੇ ਜਾਣ ਨਹੀਂ ਦਿਤਾ ਗਿਆ ਤੇ ਸਾਰੀ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਵੇਰਕਾ ਵਲੋਂ ਮੰਗ ਪੱਤਰ ਵਿਚ ਉਕਤ ਦਾਅਵਿਆਂ ਦਾ ਆਧਾਰ ਦਸਦੇ ਹੋਏ ਜਾਣਕਾਰੀ ਦਿਤੀ ਗਈ ਹੈ ਕਿ ਉਨਾਂ ਦੀ ਸੰਸਥਾ ਵਲੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ, ਇਸ ਅਧੀਨ ਗੁਰਦੁਆਰਾ ਸਾਹਿਬਾਨ ਅਤੇ ਅਦਾਰਿਆਂ ਵਿਚ ਹੋ ਰਹੀਆਂ ਕਥਿਤ ਬੇਨਿਯਮੀਆਂ ਅਤੇ ਘਪਲਿਆਂ ਸਬੰਧੀ ਇਨਕੁਆਰੀ ਕੀਤੀ ਜਾ ਰਹੀ ਹੈ।

ਇਸੇ ਦੌਰਾਨ 'ਸ. ਗੱਜਣ ਸਿੰਘ ਰੇਡੀਉ ਰਾਜ ਐਫ਼.ਐਮ.' ਵਲੋਂ ਸਾਲ 2016 ਵਿਚ ਗੁਰਦੁਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਵਿਚ ਕੁੱਝ ਸਰੂਪ ਅਗਨ ਭੇਂਟ ਹੋਣ ਅਤੇ ਇਸ ਸਬੰਧੀ ਰਹਿਤ ਮਰਿਆਦਾ ਅਨੁਸਾਰ ਕਾਰਵਾਈ ਨਾ ਕਰਨ ਸਬੰਧੀ ਜਾਣਕਾਰੀ ਮਿਲੀ ਸੀ। ਇਸ ਵਾਕਿਆ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਬੰਧਤ ਅਧਿਕਾਰੀਆਂ ਤੋਂ ਜਾਣਕਾਰੀ ਪ੍ਰਾਪਤ ਕੀਤੀ ਗਈ, ਸਬੂਤਾਂ ਨੂੰ ਘੋਖਿਆ ਗਿਆ ਅਤੇ ਮੌਕੇ ਦੇ ਗਵਾਹਾਂ ਤੋਂ ਸੱਚਾਈ ਪਤਾ ਕੀਤੀ ਗਈ, ਜਿਸ ਤੋਂ ਉਕਤ ਤੱਥ ਸਾਹਮਣੇ ਆਏ ਹਨ. ਮੰਗ ਪੱਤਰ ਵਿਚ ਅੱਗੇ ਇਹ ਵੀ ਕਿਹਾ ਗਿਆ ਹੈ ਕਿ ਮਿਤੀ 19 ਮਈ 2016 ਨੂੰ ਸ਼੍ਰੋਮਣੀ ਕਮੇਟੀ ਦੀਆਂ ਬਸਾਂ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਂਟ ਹੋਏ ਅਤੇ ਗਿੱਲੇ ਹੋਏ ਸਰੂਪਾਂ ਨੂੰ ਗੁਰਦੁਆਰਾ ਬਾਉਲੀ ਸਾਹਿਬ, ਗੋਇੰਦਵਾਲ ਸਾਹਿਬ ਲੈ ਕੇ ਜਾਇਆ ਗਿਆ ਪਰ ਉਥੇ ਵੀ ਕਥਿਤ ਤੌਰ ਉਤੇ ਇਹ ਹਦਾਇਤ ਕੀਤੀ ਗਈ ਕਿ ਇਸ ਕਾਰਵਾਈ ਨੂੰ ਰੀਕਾਰਡ ਵਿਚ ਨਾ ਲਿਆਂਦਾ ਜਾਵੇ ਅਤੇ ਗੁਪਤ ਤਰੀਕੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਅਗਨ ਭੇਂਟ ਕਰ ਕੇ ਜਲ ਪ੍ਰਵਾਹ ਕਰ ਦਿਤਾ ਗਿਆ।

ਸੰਬੰਧਿਤ ਅਧਿਕਾਰੀਆਂ ਵਲੋਂ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨੂੰ ਇਨਾਂ ਪਾਵਨ ਸਰੂਪਾਂ ਬਾਰੇ ਰੀਕਾਰਡ ਦਰੁਸਤ ਕਰਨ ਬਾਰੇ ਕਈ ਵਾਰ ਕਿਹਾ ਜਾਂਦਾ ਰਿਹਾ ਪਰ ਉਪਰੋਂ ਹੁਕਮਾਂ ਕਰ ਕੇ ਨਾ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਂਟ ਹੋਏ ਤੇ ਪਾਵਨ ਸਰੂਪਾਂ ਦੀ ਸਹੀ ਗਿਣਤੀ ਕੀਤੀ ਗਈ ਤੇ ਨਾ ਹੀ ਰੀਕਾਰਡ ਵਿਚ ਲਿਆਂਦਾ ਗਿਆ। ਦਾਅਵਾ ਕੀਤਾ ਗਿਆ ਹੈ ਕਿ ਇਸ ਘਟਨਾ ਨੇ ਇਕ ਵਾਰ ਫਿਰ ਸਾਬਤ ਕਰ ਦਿਤਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕ ਤੇ ਅਧਿਕਾਰੀ ਨਿਯਮਾਂ/ਮਰਿਆਦਾ ਅਨੁਸਾਰ ਕਾਰਵਾਈ ਕਰਨ ਦੀ ਜਗਾ ਬਾਦਲ ਪਰਿਵਾਰ ਦੇ ਗ਼ੈਰਕਾਨੂੰਨੀ, ਗ਼ਲਤ ਅਤੇ ਸਿੱਖ ਮਰਿਆਦਾ ਦੇ ਉਲਟ ਹੁਕਮਾਂ ਨੂੰ ਮੰਨਣ ਦੀ ਪਹਿਲ ਦਿੰਦੇ ਹਨ।

ਮੰਗ ਪੱਤਰ ਵਿਚ ਅਗੇ ਕਿਹਾ ਗਿਆ ਕਿ ਇਹ ਪਤਾ ਲੱਗਾ ਹੈ ਕਿ ਗੁਰਦੁਆਰਾ ਬਾਉਲੀ ਸਾਹਿਬ ਦੇ ਰਜਿਸਟਰ ਵਿਚ ਵੀ ਇਸ ਕਾਰਵਾਈ ਬਾਰੇ ਕੋਈ ਵੇਰਵੇ ਦਰਜ ਨਹੀਂ ਕੀਤੇ ਗਏ ਅਤੇ ਨਾ ਹੀ ਇੰਨੀ ਵੱਡੀ ਭੁੱਲ/ਘਟਨਾ ਸਬੰਧੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਪਛਚਾਤਾਪ ਕੀਤੇ ਗਏ ਜੋ ਕਿ ਨਿਯਮਾਂ/ਰਹਿਤ ਮਰਿਆਦਾ ਅਨੁਸਾਰ ਜ਼ਰੂਰੀ ਸੀ। ਇਹ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਜੋ ਅੱਗ ਲੱਗਣ ਨਾਲ ਅਗਨ ਭੇਂਟ ਅਤੇ ਗਿੱਲੇ ਹੋਏ ਸਨ ਜਿਨਾਂ ਦੇ ਬਾਅਦ ਵਿਚ ਗੁਪਤ ਤਰੀਕੇ ਨਾਲ ਸਸਕਾਰ ਕਰ ਦਿਤੇ ਗਏ, ਦੀ ਸਹੀ ਗਿਣਤੀ ਦਾ ਅੰਦਾਜ਼ਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਹੁਣ ਰੀਕਾਰਡ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੇ 267 ਪਾਵਨ ਸਰੂਪ ਘੱਟ ਹਨ। **ਬਾਕੀ ਸਫ਼ਾ 31 'ਤੇ**



# ਪਾਕਿ ਨੇ ਕਰਤਾਰਪੁਰ ਲਾਂਘਾ ਖੋਲਿਆ

**✪ ਭਾਰਤ ਸਰਕਾਰ ਸ਼ਸ਼ੋਪੰਜ 'ਚ ਤੇ ਕੈਪਟਨ ਸਰਕਾਰ ਖੋਲਣ ਦੇ ਹੱਕ 'ਚ ✪ ਬਹੁਜਨ ਸਮਾਜ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਕਰਤਾਰਪੁਰ ਲਾਂਘਾ ਦੇ ਹੱਕ 'ਚ ਡਟੇ**

**ਅੰਮ੍ਰਿਤਸਰ/ਏ.ਟੀ.ਨਿਊਜ਼ :** ਤਿੰਨ ਮਹੀਨੇ ਤੋਂ ਵੱਧ ਸਮਾਂ ਬੰਦ ਰੱਖਣ ਤੋਂ ਬਾਅਦ ਬੀਤੇ ਹਫਤੇ ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਮੁੜ ਖੋਲ ਦਿੱਤਾ ਹੈ ਪਰ ਭਾਰਤ ਵੱਲੋਂ ਕਿਸੇ ਵੀ ਸ਼ਰਧਾਲੂ ਨੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਨਹੀਂ ਕੀਤੇ। ਅਧਿਕਾਰੀਆਂ ਨੇ ਦੱਸਿਆ ਕਿ ਭਾਰਤ ਨੇ ਕਰੋਨਾਵਾਇਰਸ ਦੇ ਮੱਦੇਨਜ਼ਰ ਫਿਲਹਾਲ ਇਹ ਯਾਤਰਾ ਮੁਲਤਵੀ ਕੀਤੀ ਹੋਈ ਹੈ। ਔਕਾਫ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਦੇ ਡਿਪਟੀ ਡਾਇਰੈਕਟਰ ਇਮਰਾਨ ਖਾਨ ਨੇ ਦੱਸਿਆ, 'ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਖੋਲ ਦਿੱਤਾ ਹੈ, ਹਾਲਾਂਕਿ ਭਾਰਤ ਵੱਲੋਂ ਕਿਸੇ ਵੀ ਸ਼ਰਧਾਲੂ ਨੇ ਇੱਥੋਂ ਦੀ ਯਾਤਰਾ ਨਹੀਂ ਕੀਤੀ ਹੈ।' ਈਟੀਪੀਬੀ ਮੁਲਕ ਵਿਚ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਧਾਰਮਿਕ ਥਾਵਾਂ ਦੀ ਸੰਭਾਲ ਕਰਦਾ ਹੈ। ਉਨਾਂ ਕਿਹਾ ਕਿ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਵਿਚ ਵਿਸ਼ੇਸ਼ ਅਰਦਾਸ ਕੀਤੀ ਗਈ। ਉਨਾਂ ਕਿਹਾ, 'ਪਾਕਿਸਤਾਨ ਤੇ ਭਾਰਤ ਦੇ ਸ਼ਰਧਾਲੂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆ ਸਕਦੇ ਹਨ ਪਰ ਉਨਾਂ ਨੂੰ ਸਮਾਜਿਕ ਦੂਰੀ ਕਾਇਮ ਰੱਖਣ ਦੇ ਨਿਯਮ ਦੀ ਪਾਲਣਾ ਯਕੀਨੀ ਬਣਾਉਣੀ ਪਵੇਗੀ। ਈਟੀਪੀਬੀ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਹਨ।' ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਸਾਰੇ ਸਿੱਖ ਸ਼ਰਧਾਲੂਆਂ ਲਈ ਕਰਤਾਰਪੁਰ ਸਾਹਿਬ ਲਾਂਘਾ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਖੋਲ ਰਿਹਾ ਹੈ। ਭਾਰਤ ਸਰਕਾਰ ਨੂੰ ਵੀ ਖੋਲਣਾ ਚਾਹੀਦਾ ਹੈ।

ਦੂਸਰੇ ਪਾਸੇ ਭਾਰਤ ਨੇ ਕਿਹਾ ਸੀ ਪਾਕਿਸਤਾਨ 29 ਜੂਨ ਨੂੰ ਕਰਤਾਰਪੁਰ ਲਾਂਘਾ ਖੋਲਣ ਦੀ ਗੱਲ ਕਰਕੇ ਆਪਣਾ ਚੰਗਾ ਅਕਸ ਪੇਸ਼ ਕਰਨਾ ਚਾਹੁੰਦਾ ਹੈ। ਭਾਰਤ ਨੇ ਕਿਹਾ ਸੀ ਕਿ ਉਹ ਸਿਹਤ ਅਧਿਕਾਰੀਆਂ ਤੇ ਹੋਰਨਾਂ ਧਿਰਾਂ ਨਾਲ ਵਿਚਾਰ ਚਰਚਾ ਤੋਂ ਬਾਅਦ ਹੀ ਇਸ ਮੁੱਦੇ 'ਤੇ ਕੋਈ ਫ਼ੈਸਲਾ ਲਵੇਗਾ। ਹਾਲੇ ਤੱਕ ਭਾਰਤ ਸਰਕਾਰ ਸ਼ਸ਼ੋਪੰਜ ਵਿਚ ਹੈ ਕਿ ਲਾਂਘਾ ਖੋਲਿਆ ਜਾਵੇ ਜਾਂ ਨਾ। ਡੇਰਾ ਬਾਬਾ ਨਾਨਕ ਸਥਿਤ ਭਾਰਤੀ ਪੈਸੇਂਜਰ ਟਰਮੀਨਲ 'ਤੇ ਤਾਇਨਾਤ ਕਸਟਮ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰਤਾਰਪੁਰ ਲਾਂਘਾ ਉਦੋਂ ਤੱਕ ਬੰਦ ਰਹੇਗਾ, ਜਦੋਂ ਤੱਕ ਕੋਰੋਨਾ ਦਾ ਖ਼ਤਰਾ ਘੱਟ ਨਹੀਂ ਹੋ ਜਾਂਦਾ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਕੋਵਿਡ-19 ਪ੍ਰੋਟੋਕੋਲ ਦੀ ਸ਼ਰਤ ਨਾਲ ਕਰਤਾਰਪੁਰ ਲਾਂਘਾ ਖੋਲ ਦੇਣਾ ਚਾਹੀਦਾ ਹੈ। ਪਾਕਿਸਤਾਨ ਵਿੱਚ ਕੋਵਿਡ ਨੂੰ ਲੈ ਕੇ ਹਾਲਾਤ ਮਾੜੇ ਹਨ, ਪਰ ਹੁਣ ਜਦੋਂ ਬੰਦਸ਼ਾਂ ਸਮੇਤ ਹੋਰ ਖੁੱਲਾਂ ਦਿੱਤੀਆਂ ਹਨ ਤਾਂ ਸਰੀਰਕ ਦੂਰੀ ਨੇਮਾਂ ਦੀ ਪਾਲਨਾ ਯਕੀਨੀ ਬਣਾਉਂਦੇ ਹੋਏ ਕਰਤਾਰਪੁਰ ਲਾਂਘਾ ਖੋਲ ਦੇਣਾ ਚਾਹੀਦਾ ਹੈ।

### ਬੰਦ ਕਿਉਂ ਹੋਇਆ ਲਾਂਘਾ

ਭਾਰਤ ਵਿਚ ਕੋਰੋਨਾ ਵਾਇਰਸ ਦੇ ਖ਼ਤਰੇ ਨੂੰ ਦੇਖਦੇ ਹੋਏ 15 ਮਾਰਚ ਨੂੰ ਕਰਤਾਰਪੁਰ ਲਾਂਘੇ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ ਸੀ। ਪਹਿਲਾਂ ਇਸ ਨੂੰ 31 ਮਾਰਚ ਤੱਕ ਬੰਦ ਕੀਤਾ ਗਿਆ ਸੀ, ਪਰ ਬਾਅਦ ਵਿਚ ਅਣਮਿੱਥੇ ਸਮੇਂ ਲਈ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ। ਜਦ ਕਿ ਹੁਣ ਭਾਰਤ ਵਿਚ ਹੋਟਲ, ਮੰਦਰ ਤੇ ਹੋਰ ਧਾਰਮਿਕ ਸਥਾਨ ਖੁੱਲ ਗਏ ਹਨ ਤਾਂ ਇਹ ਲਾਂਘਾ ਵੀ ਖੁੱਲਣਾ ਚਾਹੀਦਾ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਰਤਾਰਪੁਰ ਲਾਂਘੇ ਨੂੰ ਫਿਰ ਤੋਂ ਖੋਲਣ ਦੇ ਪਾਕਿਸਤਾਨ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਜਿਵੇਂ ਭਾਰਤ ਸਰਕਾਰ ਨੇ ਕੋਰੋਨਾ ਕਾਰਨ ਦੇਸ਼ ਵਿਚ ਬੰਦ ਕੀਤੇ ਧਾਰਮਿਕ ਅਸਥਾਨ ਖੋਲ ਦਿੱਤੇ ਹਨ, ਉਵੇਂ ਹੁਣ ਕਰਤਾਰਪੁਰ ਲਾਂਘਾ ਖੋਲਣ ਦੇ ਵੀ ਯਤਨ ਕਰਨੇ ਚਾਹੀਦੇ ਹਨ।

## ਲਾਹੌਰ ਵਿਚ ਮਨਾਈ ਸ਼ੇਰ-ਏ-ਪੰਜਾਬ ਦੀ ਬਰਸੀ

**ਅੰਮ੍ਰਿਤਸਰ /ਏ.ਟੀ.ਨਿਊਜ਼ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 181ਵੀਂ ਬਰਸੀ ਲਾਹੌਰ ਵਿਚ ਗੁਰਦੁਆਰਾ ਡੇਰਾ ਸਾਹਿਬ ਦੇ ਨਾਲ ਸਥਾਪਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਸਾਂਝੇ ਤੌਰ 'ਤੇ ਮਨਾਈ ਗਈ। ਕੋਰੋਨਾ ਸੰਕਟ ਕਾਰਨ ਸਮਾਗਮ ਵਿਚ ਪੀ. ਐਸ. ਜੀ. ਪੀ. ਸੀ. ਦੇ ਜਨਰਲ ਸਕੱਤਰ ਅਮੀਰ ਸਿੰਘ, ਮੈਂਬਰ ਸਰਬੱਤ ਸਿੰਘ ਸਮੇਤ ਬਹੁਤ ਘੱਟ ਗਿਣਤੀ ਵਿਚ ਸੰਗਤ ਹਾਜ਼ਰ ਰਹੀ। ਇਸ ਮੌਕੇ ਈ. ਟੀ. ਪੀ. ਬੀ. ਦੇ ਚੇਅਰਮੈਨ ਡਾ. ਆਮਿਰ ਅਹਿਮਦ ਵਲੋਂ ਐਲਾਨ ਕੀਤਾ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਸਾਂਝੇ ਪੰਜਾਬ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਜਲਦੀ ਲਾਹੌਰ ਦੀ ਇਕ ਮਹੱਤਵਪੂਰਨ ਇਮਾਰਤ ਦਾ ਨਾਂਅ ਮਹਾਰਾਜਾ ਰਣਜੀਤ ਸਿੰਘ ਦੇ ਨਾਂਅ 'ਤੇ ਰੱਖਿਆ ਜਾਵੇਗਾ।

## ਜੰਗਾਂ ਦੇ ਮਾਹੌਲ ਦੌਰਾਨ ਬਾਬੇ ਗੁਰੂ ਨਾਨਕ ਦਾ ਲਾਂਘਾ ਖੋਲਣਾ ਜਰੂਰੀ: ਗੜ੍ਹੀ

ਜਲੰਧਰ-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਕਿਹਾ ਕਿ ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੌਰਾਨ ਕਰਤਾਰਪੁਰ ਵਾਲਾ ਗੁਰੂ ਨਾਨਕ ਲਾਂਘਾ ਖੋਲ ਕੇ ਵਧੀਆ ਉਪਰਾਲਾ ਕੀਤਾ ਹੈ ਤੇ ਭਾਰਤ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਰਬੱਤ ਦੇ ਭਲੇ ਲਈ ਤੇ ਸਿੱਖ ਪੰਥ ਤੇ ਗੁਰੂ ਨਾਨਕ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਦਾ ਖਿਆਲ ਕਰਦਿਆਂ ਇਹ ਖੁੱਲਾ ਲਾਂਘਾ ਖੋਲੇ। ਉਨਾਂ ਕਿਹਾ ਕਿ ਜਦੋਂ ਵਿਸ਼ਵ ਵਿਚ ਜੰਗਾਂ ਦੇ ਮਾਹੌਲ ਪਸਰਿਆ ਹੋਇਆ ਹੈ ਤਾਂ ਉਸ ਦੌਰਾਨ ਗੁਰੂ ਨਾਨਕ ਦਾ ਖੁੱਲਾ ਲਾਂਘਾ ਮਨੁੱਖਤਾ ਦੀ ਅਗਵਾਈ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਹੀ ਵਿਸ਼ਵ ਭਾਈਚਾਰੇ ਦਾ ਕਰਤਾਰਪੁਰ ਤੋਂ ਪੈਗਾਮ ਦਿੱਤਾ ਸੀ। ਉਨਾਂ ਦੱਸਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਉਹ ਸਥਾਨ ਹੈ,ਜਿੱਥੇ ਜਾਤ-ਪਾਤ ਅਤੇ ਊਚ-ਨੀਚ ਦੇ ਹਨੇਰੇ ਵਿੱਚ ਡੁੱਬੇ ਇਸ ਸੰਸਾਰ ਨੂੰ ਚਾਨਣ ਦੀ ਰਾਹ ਵਿਖਾ ਕੇ ਸਤਿਨਾਮ ਦੀ ਪ੍ਰਚਾਰ ਵੇਰੀ ਕਰਦੇ ਹੋਏ ਗੁਰੁ ਨਾਨਕ ਸਾਹਿਬ 70 ਸਾਲ 4 ਮਹੀਨੇ ਦੀ ਉਮਰ ਭੋਗ ਕੇ ਅਕਾਲ ਪੁਰਖ ਵੱਲੋਂ ਸੌਂਪੀ ਜ਼ਿੰਮੇਵਾਰੀ ਨਿਭਾਉਂਦਿਆਂ 22 ਸਤੰਬਰ 1539 ਨੂੰ ਜੋਤੀ ਜੋਤਿ ਸਮਾ ਗਏ ਸਨ। ਉਨਾਂ ਦੱਸਿਆ ਕਿ ਜਦੋਂ ਪਹਿਲੀ ਵਾਰੀ ਕਰਤਾਰਪੁਰ ਲਾਂਘਾ ਖੁੱਲਿਆ ਸੀ ਤਾਂ ਉਸੇ ਦਿਨ ਬਰਲਿਨ ਦੀ ਕੰਧ ਵੀ ਡਿੱਗੀ ਸੀ ਤੇ ਪੂਰਬੀ ਤੇ ਪੱਛਮੀ ਜਰਮਨੀ ਇਕ ਹੋ ਗਏ ਸਨ। ਹੁਣ ਭਾਰਤ-ਪਾਕਿਸਤਾਨ ਆਪਸ ਵਿਚ ਸਾਂਝਾ ਕਿਉਂ ਨਹੀਂ ਵਧਾ ਸਕਦੇ ? ਦੋਹਾਂ ਦੇਸਾਂ ਨੂੰ ਆਪਸੀ ਦੁਸ਼ਮਣੀਆਂ ਖਤਮ ਕਰਕੇ ਮਨੁੱਖੀ ਭਾਈਚਾਰੇ ਦੇ ਲਈ ਇਕਮੁਠ ਹੋਣਾ ਚਾਹੀਦਾ ਹੈ ਤਾਂ ਜੋ ਦੋਹਾਂ ਦੇਸਾਂ ਦੀ ਗਰੀਬੀ ਦੂਰ ਹੋ ਸਕੇ ਤੇ ਵਪਾਰ ਵਿਚ ਵਾਧਾ ਹੋ ਸਕੇ। ਉਨਾਂ ਦੱਸਿਆ ਕਿ 15 ਅਗਸਤ, 1947 ਦੀ ਦੇਸ਼ ਵੰਡ ਵੇਲੇ ਸਿੱਖਾਂ ਦੇ ਮੱਕੇ ਤੇ ਮਦੀਨੇ ਯਾਨੀ ਕਿ ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਸਮੇਤ 170 ਤੋਂ ਜ਼ਿਆਦਾ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿਚ ਚਲੇ ਗਏ ਸਨ। ਵਿਛੜੇ ਗੁਰਧਾਮਾਂ ਦੀ ਪੀੜ ਪਿਛਲੇ 72 ਸਾਲਾਂ ਤੋਂ ਹਰ ਗੁਰੂ ਨਾਨਕ ਪੰਥ ਦੇ ਵਾਰਸਾਂ ਦੇ ਅੰਦਰੋਂ ਇਹੋ ਅਰਦਾਸ ਬਣ ਕੇ ਨਿਕਲਦੀ ਰਹੀ ਕਿ ਖੁੱਲੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਬਖ਼ਸ਼ੋ। ਇਹ ਅਰਦਾਸ ਹੁਣ ਜਲਦ ਸੰਪੂਰਨ ਹੋਣੀ ਚਾਹੀਦੀ ਹੈ। ਉਨਾਂ ਕਿਹਾ ਕਿ ਪੰਜਾਬ ਬਸਪਾ ਇਸ ਹੱਕ ਵਿਚ ਹੈ ਕਿ ਗੁਰੂ ਨਾਨਕ ਦਾ ਲਾਂਘਾ ਵਿਸ਼ਵ ਸ਼ਾਂਤੀ ਲਈ ਖੁੱਲਣਾ ਜ਼ਰੂਰੀ ਹੈ।


Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!


Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin

*Printers to the Community*

## Outdoor 3'x11' Promo Flag

**Only $29/-**

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

**Only $69/-**

## Receipt Books

Customized with your information and design. 2 part carbonless with numbering and perforation.

**Call for Price**

## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**

## 11" Printed Balloons

Printed with your logo and info. One color, one location. Min. qty 1000

**19¢ each**

## Your Printed T-Shirts

White T-Shirts, 1 color screen printing in 1 position. Min Qty. 100

**Only $4.99**

## Your Printed Caps

1 color in 1 position. Min Qty. 100

**Only $4.99**

## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

*South Asian Wedding Cards*

CALL NOW

# ਏਜੰਸੀਆਂ ਨੇ ਖਾਲਿਸਤਾਨੀਆਂ ਦੀ ਗ੍ਰਿਫ਼ਤਾਰੀ ਪਿੱਛੋਂ ਪੰਜਾਬ 'ਚ ਹਿੰਦੂ ਨੇਤਾਵਾਂ ਲਈ ਜਾਰੀ ਕੀਤਾ ਅਲਰਟ

## *ਪੁਲੀਸ ਨੇ ਕਿਹਾ ਕਿ ਖਾਲਿਸਤਾਨੀਆਂ ਦੀ ਹਿੱਟ ਲਿਸਟ 'ਤੇ ਸੌਦੇ ਵਾਲਾ ਬਾਬਾ ਤੇ ਸ਼ਿਵ ਸੈਨਾ ਦੇ ਲੀਡਰ*

**ਮਾਨਸਾ /ਏ.ਟੀ.ਨਿਊਜ਼ :** ਦਿੱਲੀ ਵਿਚ ਫੜੇ ਗਏ ਖਾਲਿਸਤਾਨੀ ਲਿਬਰੇਸ਼ਨ ਫਰੰਟ ਦੇ ਤਿੰਨ ਵਿਅਕਤੀਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਹਿੰਦੂ ਨੇਤਾਵਾਂ ਨੂੰ ਅਲਰਟ ਕਰ ਦਿੱਤਾ ਹੈ। ਪੁਲਿਸ ਨੇ ਉਨਾਂ ਦੀ ਸੁਰੱਖਿਆ ਤਾਂ ਪਹਿਲਾਂ ਤੋਂ ਹੀ ਵਧਾਈ ਹੋਈ ਹੈ। ਬਾਵਜੂਦ ਸੁਰੱਖਿਆ ਮੁਲਾਜ਼ਮਾਂ ਨੂੰ ਅਲਰਟ 'ਤੇ ਰਹਿਣ ਲਈ ਕਿਹਾ ਹੋਇਆ ਹੈ। ਸ਼ੱਕ ਜਾਹਿਰ ਕੀਤਾ ਜਾ ਰਿਹਾ ਹੈ ਕਿ ਕਿਸੇ ਹਿੰਦੂ ਨੇਤਾ ਜਾਂ ਫਿਰ ਕਿਸੇ ਹੋਰ ਹਿੰਦੂ ਭਾਈਚਾਰੇ ਦੇ ਪੈਰੋਕਾਰ ਦੀ ਹੱਤਿਆ ਕੀਤੀ ਜਾ ਸਕਦੀ ਹੈ। ਜਾਣਕਾਰੀ ਅਨੁਸਾਰ, ਕੁਝ ਦਿਨ ਪਹਿਲਾਂ ਹਿੰਦੂ ਨੇਤਾ ਸੁਧੀਰ ਸੂਰੀ ਵੀ ਜ਼ਮਾਨਤ 'ਤੇ ਜੇਲ ਵਿਚੋਂ ਬਾਹਰ ਆ ਚੁੱਕੇ ਹਨ। ਪਹਿਲਾਂ ਤੋਂ ਹੀ ਉਨਾਂ ਨੂੰ ਖਾਲਿਸਤਾਨੀਆਂ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਕਾਰਨ ਸਰਕਾਰ ਨੇ ਉਨਾਂ ਨੂੰ 12 ਸੁਰੱਖਿਆ ਮੁਲਾਜ਼ਮ ਦਿੱਤੇ ਹੋਏ ਹਨ। ਇਸ ਤੋਂ ਇਲਾਵਾ ਬ੍ਰਾਹਮਣ ਕਲਿਆਣ ਮੰਚ ਦੇ ਸੰਸਥਾਪਕ ਨਰੇਸ਼ ਧਾਮੀ ਤੇ ਹਿੰਦੂ ਸਤਿਕਾਰ ਕਮੇਟੀ ਦੇ ਪ੍ਰਧਾਨ ਵੀ ਸੁਰੱਖਿਆ ਦੇ ਘੇਰੇ ਵਿਚ ਹਨ। ਉਕਤ ਨੇਤਾਵਾਂ ਦੀ ਰਿਹਾਇਸ਼ ਤੋਂ ਸਬੰਧਿਤ ਥਾਣੇ ਨੂੰ ਵੀ ਅਲਰਟ 'ਤੇ ਰਹਿਣ ਨੂੰ ਕਿਹਾ ਗਿਆ ਹੈ।

ਜ਼ਿਕਰਯੋਗ ਹੈ ਕਿ ਦਿੱਲੀ ਪੁਲਿਸ ਨੇ ਬੀਤੇ ਹਫਤੇ ਕੇਐੱਲਐੱਫ ਦੇ ਮਹਿੰਦਰਪਾਲ ਸਿੰਘ, ਗੁਰਤੇਜ ਸਿੰਘ ਤੇ ਲਵਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮ ਪੁੱਛ-ਪੜਤਾਲ ਵਿਚ ਮੰਨ ਚੁੱਕੇ ਹਨ ਕਿ ਉਨਾਂ ਦੇ ਨਿਸ਼ਾਨੇ 'ਤੇ ਅੰਮ੍ਰਿਤਸਰ ਦੇ ਸ਼ਿਵ ਸੈਨਾ ਨੇਤਾ, ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਤੇ ਉਨਾਂ ਦਾ ਇਕ ਪੈਰੋਕਾਰ ਉਨਾਂ ਦੇ ਟਾਰਗੈਟ 'ਤੇ ਹੈ।

ਇਸ ਤੋਂ ਇਲਾਵਾ ਪਹਿਲਾਂ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਇਲਾਕੇ ਤੋਂ ਖਾਲਿਸਤਾਨੀ ਲਹਿਰ ਨਾਲ ਜੁੜੇ ਗੁਰਮੀਤ ਸਿੰਘ ਤੇ ਵਿਕਰਮਜੀਤ ਸਿੰਘ ਕਬੂਲ ਕਰ ਚੁੱਕੇ ਹਨ ਕਿ ਪੰਜਾਬ ਵਿਚ ਸਾਲ 2018 ਵਿਚ ਹੋਏ ਨਿਰੰਕਾਰੀ ਭਵਨ ਬਲਾਸਟ ਵਰਗੇ ਹਮਲੇ ਦੀ ਫਿਰਾਕ



ਵਿਚ ਹਨ। ਫੜੇ ਗਏ ਪੰਜੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਦੇ ਸੰਪਰਕ ਵਿਚ ਹਨ। ਗੁਰਮੀਤ ਸਿੰਘ ਅਪ੍ਰੈਲ 2018 ਵਿਚ ਪਾਕਿਸਤਾਨ ਜਾਣ ਦੇ ਯਤਨ ਕਰ ਰਿਹਾ ਸੀ। ਫੜੇ ਗਏ ਗੁਰਮੀਤ ਸਿੰਘ ਕੋਲੋਂ ਮਸ਼ੀਨ ਗੰਨ ਤੇ ਭਾਰੀ ਗਿਣਤੀ ਵਿਚ ਗੋਲੀ-ਸਿੱਕਾ ਤੇ ਮੈਗਜ਼ੀਨ ਵੀ ਬਰਾਮਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਸੰਜੀਵ ਕੁਮਾਰ ਨੇ ਦੱਸਿਆ ਕਿ ਸਾਨੂੰ ਮੁਖ਼ਬਰਾਂ ਤੋਂ ਪਤਾ ਲੱਗਾ ਸੀ ਕਿ ਮੋਹਿੰਦਰਪਾਲ ਸਿੰਘ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਸਮਰਥਕ ਹੈ ਤੇ ਅਸੀਂ ਉਸ 'ਤੇ ਨਿਗਾ ਰੱਖਣੀ ਸ਼ੁਰੂ ਕਰ ਦਿੱਤੀ। ਉਹ ਦਿੱਲੀ ਵਿਚ ਖਾੜਕੂ ਹਮਲਾ ਕਰਨ ਦੀ ਯੋਜਨਾ ਬਣਾ ਰਿਹਾ ਸੀ ਤੇ ਅਸੀਂ ਉਸ ਨੂੰ ਹਸਪਤਾਲ ਨੇੜਿਓਂ ਗ੍ਰਿਫ਼ਤਾਰ ਕਰ ਲਿਆ। ਉਸ ਦੀ ਪੁੱਛਗਿੱਛ ਤੋਂ ਬਾਅਦ ਅਸੀਂ ਲਵਪ੍ਰੀਤ ਸਿੰਘ ਨੂੰ ਹਰਿਆਣਾ ਦੇ ਕੈਥਲ ਤੋਂ ਗ੍ਰਿਫ਼ਤਾਰ ਕੀਤਾ। ਦੋਵਾਂ ਦੀ ਪੁੱਛਗਿੱਛ ਤੋਂ ਬਾਅਦ ਮਾਨਸਾ ਤੋਂ ਗੁਰਤੇਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਗ੍ਰਿਫ਼ਤਾਰ ਕੀਤੇ ਗਏ ਤਿੰਨਾਂ ਨੇ ਮੰਨਿਆ ਹੈ ਕਿ ਵਿਦੇਸ਼ ਬੈਠੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਮੈਂਬਰਾਂ ਨਾਲ ਉਨਾਂ ਦੇ ਸਬੰਧ ਸਨ।

# ਗੁਰਤੇਜ ਦੇ ਖਾਲਿਸਤਾਨੀਆਂ ਨਾਲ ਸਬੰਧ ਪਤਨੀ ਨੇ ਨਕਾਰੇ

ਦਿੱਲੀ ਪੁਲੀਸ ਵੱਲੋਂ ਬੀਤੇ ਦਿਨੀਂ ਖਾਲਿਸਤਾਨ ਲਿਬਰੇਸ਼ਨ ਫਰੰਟ ਦੀਆਂ ਗਤੀਵਿਧੀਆਂ ਦੇ ਦੋਸ਼ ਹੇਠ ਗੁਰਤੇਜ ਸਿੰਘ ਨੂੰ ਕਾਬੂ ਕੀਤਾ ਗਿਆ ਸੀ। ਇਸ ਮਾਮਲੇ ਨੂੰ ਉਸ ਦੇ ਪਰਿਵਾਰ ਨੇ ਝੂਠਾ ਕਰਾਰ ਦਿੰਦਿਆਂ ਕਿਹਾ ਹੈ ਕਿ ਪੁਲੀਸ ਉਸ ਨੂੰ ਜਾਣਬੁੱਝ ਕੇ ਫਸਾ ਰਹੀ ਹੈ। ਜ਼ਿਕਰਯੋਗ ਹੈ ਕਿ ਦਿੱਲੀ ਪੁਲੀਸ 24 ਜੂਨ ਨੂੰ ਮਾਨਸਾ ਦੇ ਲਿੰਕ ਰੋਡ ਵਾਸੀ ਗੁਰਤੇਜ ਸਿੰਘ (55) ਨੂੰ ਖਾੜਕੂ ਗਤੀਵਿਧੀਆਂ ਦੇ ਦੋਸ਼ ਹੇਠ ਚੁੱਕ ਕੇ ਦਿੱਲੀ ਲੈ ਗਈ ਹੈ। ਪੁਲੀਸ ਮੁਤਾਬਕ ਗੁਰਤੇਜ ਸਿੰਘ ਮਾਨਸਾ ਰਹਿੰਦਾ ਹੋਇਆ ਖਾਲਿਸਤਾਨ ਫੋਰਸ ਦਾ ਮੈਂਬਰ ਬਣ ਕੇ ਕਈ ਆਰਐਸਐਸ ਤੇ ਕਾਂਗਰਸੀ ਆਗੂਆਂ ਦੀਆਂ ਹੱਤਿਆਵਾਂ ਕਰਨ ਦੀ ਵਿਉਂਤ ਘੜ ਰਿਹਾ ਸੀ। ਗੁਰਤੇਜ ਸਿੰਘ ਦੀ ਪਤਨੀ ਅੰਮ੍ਰਿਤਪਾਲ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਪਲੰਬਰ ਦਾ ਕੰਮ ਕਰਦਾ ਹੈ ਤੇ ਉਸ ਦਾ ਰਸੌਲੀ ਦਾ ਅਪਰੇਸ਼ਨ ਹੋਣ ਤੋਂ ਬਾਅਦ 24 ਜੂਨ ਨੂੰ ਉਹ ਸ਼ਹਿਰ ਦੇ ਇਕ ਹਸਪਤਾਲ ਵਿਚੋਂ ਦਵਾਈ ਲੈਣ ਗਿਆ ਸੀ ਜਿਥੋਂ ਦਿੱਲੀ ਪੁਲੀਸ ਨੇ ਉਸ ਨੂੰ ਚੁੱਕ ਲਿਆ। ਹਵਾਰਾ ਕਮੇਟੀ ਦੇ ਆਗੂ ਪ੍ਰੋ.ਬਲਜਿੰਦਰ ਸਿੰਘ ਖਾਲਸਾ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਮਨਦੀਪ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ, ਬਲਵੀਰ ਸਿੰਘ ਰਾਏਸਰ ਨੇ ਕਿਹਾ ਹੈ ਕਿ ਉਹ ਦਿੱਲੀ ਵਿਚ ਗੁਰਤੇਜ ਸਿੰਘ ਤੇ ਹੋਰਨਾਂ ਬੇਕਸੂਰ ਸਿੱਖਾਂ ਦਾ ਕੇਸ ਲੜਨਗੇ। ਦੂਜੇ ਪਾਸੇ ਦਿੱਲੀ ਪੁਲੀਸ ਨੇ ਬਿਆਨ ਜਾਰੀ ਕੀਤਾ ਸੀ ਕਿ ਗੁਰਤੇਜ ਸਿੰਘ ਖਾਲਿਸਤਾਨ ਸੰਗਠਨ ਨਾਲ ਜੁੜਿਆ ਹੋਇਆ ਹੈ। ਪੁਲੀਸ ਅਨੁਸਾਰ ਉਸ ਕੋਲੋਂ ਖਾਲਿਸਤਾਨ ਨਾਲ ਸਬੰਧਿਤ ਵੀਡੀਓਜ਼, ਫੋਟੋਆਂ, ਤਿੰਨ ਮੋਬਾਈਲ ਫੋਨ, ਤਿੰਨ ਪਿਸਤੌਲ ਤੇ ਕਾਰਤੂਸ ਬਰਾਮਦ ਕੀਤੇ ਗਏ ਹਨ।

# ਟਰਬਨ ਫਾਰ ਮਾਸਕ ਹੁਣ ਬਚਾਏਗੀ ਲੋਕਾਂ ਦੀ ਜਾਨ

## ਦਿੱਲੀ ਤੇ ਆਗਰੇ ਦੇ ਸਿੱਖ 10 ਲੱਖ ਮਾਸਕ ਤਿਆਰ ਕਰਨਗੇ



**ਆਗਰਾ/ਏ.ਟੀ.ਨਿਊਜ਼ :** ਕੋਰੋਨਾ ਕਾਲ ਵਿਚ ਸਿੱਖਾਂ ਵਲੋਂ ਟਰਬਨ ਫਾਰ ਮਾਸਕ ਭਾਰਤ ਵਿਚ ਬੀਤੇ ਦਿਨੀਂ ਦਿੱਲੀ ਤੋਂ ਚਲਾਈ ਗਈ। ਹੁਣ ਤਾਜਨਗਰੀ ਵੀ ਇਸ ਪਵਿੱਤਰ ਮੁਹਿੰਮ ਵਿਚ ਸਿੱਖ ਆਪਣਾ ਯੋਗਦਾਨ ਪਾ ਰਹੇ ਹਨ। ਮੁਹਿੰਮ ਤਹਿਤ ਘਰ-ਘਰ ਜਾ ਕੇ ਸਿੱਖ ਪੁਰਾਣੀਆਂ ਪੱਗਾਂ ਇਕੱਠੀਆਂ ਕਰਨਗੇ। ਉਨਾਂ ਨੂੰ ਇਕ ਖ਼ਾਸ ਪ੍ਰਕਿਰਿਆ ਤਹਿਤ ਸੈਨੇਟਾਈਜ਼ ਕੀਤਾ ਜਾਵੇਗਾ ਤੇ ਫਿਰ ਮਾਸਕ ਤਿਆਰ ਹੋਣਗੇ। ਮਾਸਕ ਤਿਆਰ ਹੋਣ ਤੋਂ ਬਾਅਦ ਮੁੜ ਸੈਨੇਟਾਈਜ਼ੇਸ਼ਨ ਦੀ ਪ੍ਰਕਿਰਿਆ ਵਿਚੋਂ ਗੁਜ਼ਰਨਾ ਪਵੇਗਾ ਤੇ ਫਿਰ ਲੋੜਵੰਦਾਂ ਤਕ ਇਨਾਂ ਨੂੰ ਪਹੁੰਚਾਇਆ ਜਾਵੇਗਾ। ਇਹ ਮਾਸਕ ਕੋਰੋਨਾ ਵਾਇਰਸ ਨਾਲ ਲੜਨ ਵਿਚ ਮਦਦਗਾਰ ਸਾਬਿਤ ਹੋਣਗੇ। ਦੇਸ਼ ਭਰ ਵਿਚ ਪੁਰਾਣੀਆਂ ਪੱਗਾਂ ਨਾਲ ਕਰੀਬ 10 ਲੱਖ ਮਾਸਕ ਬਣਾਉਣ ਦਾ ਟੀਚਾ ਹੈ। ਪਹਿਲੇ ਪੜਾਅ ਵਿਚ ਕਰੀਬ ਢਾਈ ਲੱਖ ਮਾਸਕ ਤਿਆਰ ਹੋਣਗੇ। ਸ਼ੁਰੂਆਤ ਉੱਤਰੀ ਭਾਰਤ ਦੇ ਸ਼ਹਿਰਾਂ ਤੋਂ ਹੋ ਗਈ ਹੈ। ਆਉਣ ਵਾਲੇ ਦਿਨਾਂ ਵਿਚ ਬਾਕੀ ਸ਼ਹਿਰਾਂ ਵਿਚ ਵੀ ਇਸ ਮੁਹਿੰਮ ਨੂੰ ਰਫ਼ਤਾਰ ਦਿੱਤੀ ਜਾਵੇਗੀ। ਬਾਬਾ ਪ੍ਰੀਤਮ ਸਿੰਘ, ਗੁਰਦੁਆਰਾ ਗੁਰੂ ਕਾ ਤਾਲ ਨੇ ਦੱਸਿਆ ਕਿ ਆਗਰਾ ਵਿਚ ਇਕ ਲੱਖ ਮਾਸਕ ਵੰਡਣ ਦਾ ਟੀਚਾ ਹੈ। ਇਕ ਪੱਗ ਨਾਲ 25 ਤੋਂ 30 ਮਾਸਕ ਤਿਆਰ ਹੋ ਜਾਣਗੇ। ਮਾਸਕ ਨੂੰ ਚੰਗੀ ਤਰਾਂ ਨਾਲ ਸੈਨੇਟਾਈਜ਼ ਕਰਨ ਤੋਂ ਬਾਅਦ ਇਨਾਂ ਨੂੰ ਪੈਕ ਕਰ ਦਿੱਤਾ ਜਾਵੇਗਾ। ਸੀਲ ਪੈਕ ਹੋਣ ਤੋਂ ਬਾਅਦ ਇਨਾਂ ਨੂੰ ਲੋੜਵੰਦਾਂ ਤਕ ਪਹੁੰਚਾਇਆ ਜਾਵੇਗਾ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office 4127 Bay Street, Suite 8 Fremont, CA 94538 Email: asrtimes@gmail.com
Tel: (510) 240-5949 Fax: (888) 323-6950 ਐਡਵਰਟਾਈਜ਼ਮੈਂਟ ਲਈ ਸੰਪਰਕ (408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਗਾਂਧੀ ਦੇ ਕਾਤਲ ਨੱਥੂਰਾਮ ਗੋਡਸੇ ਦਾ ਇਕਬਾਲੀਆ ਬਿਆਨ



- ਡਾ. ਹਰਪਾਲ ਸਿੰਘ ਪੰਨੂ

(ਪਾਕਿਸਤਾਨ ਬਣਨ ਦੀ ਸਾਰੀ ਜ਼ਿੰਮੇਵਾਰੀ ਕੀ ਹਿੰਦੂਸਤਾਨੀ ਮੁਸਲਮਾਨਾਂ ਸਿਰ ਹੈ? ਜਿਨਾਂ ਭਾਰਤੀ ਮੁਸਲਮਾਨਾਂ ਨੇ 1945 ਵਿਚ ਪਾਕਿਸਤਾਨ ਦੀ ਮੰਗ ਦਾ ਵਿਰੋਧ ਕੀਤਾ, ਜਦੋਂ ਪਾਕਿਸਤਾਨ ਬਣ ਗਿਆ ਉਹ ਸੁੰਨ ਹੋ ਗਏ। ਉਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਹਿੰਦੂ ਲੀਡਰਾਂ ਨੇ ਜਿਨਾਹ ਦੀ ਦੇਸ ਵੰਡ ਤਜਵੀਜ਼ ਕਿਉਂ ਮੰਨੀ? ਜਿਨਾਂ ਲੋਕਾਂ ਨੇ ਰਾਸ਼ਟਰੀਅਤਾ ਦਾ ਆਧਾਰ ਧਰਮ ਨੂੰ ਨਹੀਂ ਮੰਨਿਆ, ਉਨਾਂ ਨੇ ਧਰਮ ਆਧਾਰਿਤ ਬਟਵਾਰਾ ਕਿਉਂ ਮੰਨ ਲਿਆ? ਰਾਸ਼ਟਰੀ ਲੀਡਰਸ਼ਿੱਪ ਨੇ ਉਨਾਂ ਮੁਸਲਮਾਨਾਂ ਨਾਲ ਧ੍ਰੋਹ ਕਮਾਇਆ ਜਿਹੜੇ ਦੇਸ ਵੰਡ ਦੇ ਖਿਲਾਫ ਸਨ। ਭਾਰਤੀ ਮੁਸਲਮਾਨਾਂ ਅੰਦਰ 1947 ਤੋਂ ਬਾਅਦ ਬੇਗਾਨਗੀ ਦਾ ਯੁਗ ਸ਼ੁਰੂ ਹੁੰਦਾ ਹੈ। - ਸ਼ਾਇਰ, ਅਫਸਾਨਾ ਨਵੀਸ, ਮੁਗਲਿਆਜ਼ਮ ਅਤੇ ਮਹਾਂਭਾਰਤ ਦਾ ਸੰਵਾਦ ਲੇਖਕ ਰਾਹੀ ਮਾਸੂਮ ਰਜ਼ਾ।)

ਮੁੱਦਤ ਪਹਿਲੋਂ ਜਦੋਂ ਨੱਥੂਰਾਮ ਗੋਡਸੇ ਦਾ ਅਦਾਲਤ ਵਿਚ ਦਿੱਤਾ ਇਕਬਾਲੀਆ ਬਿਆਨ ਪੜਿਆ, ਉਦੋਂ ਮੇਰੇ ਮਨ ਵਿਚ ਆਇਆ ਕਿ ਇਸ ਦਾ ਪੰਜਾਬੀ ਵਿਚ ਤਰਜਮਾ ਕਰਕੇ ਛਪਵਾਵਾਂ। ਅਜਿਹਾ ਫੁਰਨਾ ਇਸ ਕਰਕੇ ਨਹੀਂ ਫੁਰਿਆ ਕਿ ਹਲਕੇ ਪੱਧਰ ਦੀ ਉਤੇਜਨਾ ਪੈਦਾ ਕਰਕੇ ਪਾਠਕਾਂ ਦਾ ਮਨੋਰੰਜਨ ਕਰਾਂ। ਗੋਡਸੇ ਦਾ ਇਹ ਬਿਆਨ ਇਕ ਬੰਦੇ ਦਾ ਭਾਸ਼ਣ ਨਹੀਂ ਹੈ, ਇਕ ਵਿਚਾਰਧਾਰਾ ਦੁਨੀਆਂ ਨੂੰ ਦੱਸ ਰਹੀ ਹੈ ਕਿ ਅਸੀਂ ਕਾਫੀ ਭਾਰਤਵਾਸੀ ਮਹਾਤਮਾ ਗਾਂਧੀ ਦੇ ਉਪਾਸ਼ਕ ਨਹੀਂ ਹਾਂ। ਇਹ ਆਰ.ਐੱਸ.ਐੱਸ. ਦੀ ਵਿਚਾਰਧਾਰਾ ਹੈ ਜੋ ਅੱਜ ਵੀ ਗਾਂਧੀਵਾਦ ਵਿਰੁੱਧ ਹੈ।

ਮੈਂ ਕੁੱਝ ਗਾਂਧੀ ਨੂੰ ਪੜਿਆ, ਕੁੱਝ ਗਾਂਧੀ ਬਾਰੇ ਪੜਿਆ ਤਾਂ ਜਾਣਿਆ ਕਿ ਉਹ ਅਦਭੁੱਤ ਸ਼ਖਸੀਅਤ ਸੀ। ਜਿਵੇਂ ਕਈ ਗਰਮ-ਖਿਆਲੀ ਸਿੱਖ ਜਥੇਬੰਦੀਆਂ ਆਖਦੀਆਂ ਹਨ, ਫਿਰਕਾਪ੍ਰਸਤ ਹਿੰਦੂ ਹੋਣਾ ਤਾਂ ਦਰਕਿਨਾਰ ਗਰਮ-ਖਿਆਲੀ ਹਿੰਦੂ ਵਿਅਕਤੀ ਤੇ ਸੰਗਠਨ ਆਖਦੇ ਸਨ/ਹਨ, ਜਿਹੜਾ ਜਾਤ ਪਾਤ ਵਿਰੁੱਧ ਬੋਲਦਾ ਤੇ ਕੰਮ ਕਰਦਾ ਹੈ ਉਹ ਹਿੰਦੂ ਕਿਵੇਂ ਹੋਇਆ? ਮੰਨੂ ਸਮ੍ਰਿਤੀ ਨੂੰ ਨਾ ਮੰਨਣ ਵਾਲਾ ਹੋਰ ਜੋ ਮਰਜ਼ੀ ਹੋਵੇ, ਅਖਵਾਏ, ਹਿੰਦੂ ਨਹੀਂ ਹੋ ਸਕਦਾ। ਕਾਂਗਰਸ ਵਿਚਲੇ ਉੱਚਕੋਟੀ ਦੇ ਸਨਾਤਨੀ ਬ੍ਰਾਹਮਣ ਨੇਤਾ ਗਾਂਧੀ ਜੀ ਬਰਾਬਰ ਬੈਠਕੇ ਖਾਣਾ ਨਹੀਂ ਖਾਂਦੇ ਸਨ ਕਿ ਅਜਿਹਾ ਕਰਨ ਨਾਲ ਧਰਮ ਭ੍ਰਿਸ਼ਟ ਹੋ ਜਾਏਗਾ।

ਗਾਂਧੀ ਲੰਡਨ ਤੋਂ ਬ੍ਰਿਟਿਸ਼ ਲਾਅ ਪੜਕੇ ਆਇਆ। ਉਸ ਨੇ ਸਰਕਾਰ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਇਹ ਟੱਕਰ ਕਿਸ ਕਿਸਮ ਦੀ ਹੋਵੇ? ਹਿੰਸਕ ਹਰਗਿਜ਼ ਨਹੀਂ। ਰੋਲ-ਮਾਡਲ ਕੌਣ ਹੋਵੇ? ਟੱਕਰ ਕਿਉਂਕਿ ਈਸਾਈ ਸਰਕਾਰ ਨਾਲ ਹੋਵੇਗੀ ਇਸ ਲਈ ਕੋਈ ਨਵਾਂ ਪੁਰਾਣਾ ਭਾਰਤੀ ਨਹੀਂ, ਈਸਾ ਮਸੀਹ ਉਸਦਾ ਪ੍ਰੇਰਨਾ-ਸ੍ਰੋਤ ਨਾਇਕ ਹੋਵੇਗਾ। ਗਾਂਧੀ ਨੇ ਦੁਨੀਆਂ ਅੱਗੇ ਸਾਬਤ ਕਰਨਾ ਸੀ ਕਿ ਰਾਜ ਕਰਦੇ ਗੋਰੇ ਈਸਾ ਨੂੰ ਭੁੱਲ ਗਏ ਹਨ, ਮੈਂ ਈਸਾ ਦੇ ਰਸਤੇ ਚੱਲ ਕੇ ਦਿਖਾਵਾਂਗਾ, ਸਾਬਤ ਕਰਾਂਗਾ ਕਿ ਅੰਗਰੇਜ਼ ਭਟਕ ਗਏ ਹਨ। ਜ਼ਫਰਨਾਮੇ ਵਿਚਲੀ ਗੁਰੂ ਗੋਬਿੰਦ ਸਿੰਘ ਜੀ ਦੀ ਔਰੰਗਜ਼ੇਬ ਵਾਸਤੇ ਵਰਤੀ ਸ਼ੈਲੀ ਅਤੇ ਸਮੱਗਰੀ ਦੇਖੋ। ਉਹ ਸਾਬਤ ਕਰ ਰਹੇ ਹਨ ਕਿ ਔਰੰਗਜ਼ੇਬ, ਨਾ ਤੈਨੂੰ ਇਸਲਾਮ ਦੀ ਸਮਝ, ਨਾ ਕੁਰਾਨ ਦੀ ਕਦਰ। ਤੂੰ ਤੇ ਮੈਂ ਬੁੱਤਸ਼ਿਕਨ ਹਾਂ, ਪਹਾੜੀ ਹਿੰਦੂ ਰਾਜੇ ਬੁੱਤਪੂਜ ਹਨ, ਤੂੰ ਮੇਰੇ ਖਿਲਾਫ ਬੁੱਤਪੂਜਾਂ ਦੀ ਮਦਦ ਕੀਤੀ ਤਾਂ ਕਿਵੇਂ ਮੰਨੀਏ ਤੈਨੂੰ ਇਸਲਾਮ ਦੀ ਸਮਝ ਹੈ? ਤੂੰ ਕੁਰਾਨ ਉੱਪਰ ਝੂਠੀਆਂ ਸਹੁੰਆਂ ਖਾ ਕੇ ਤੋੜੀਆਂ, ਮੈਂ ਕੁਰਾਨ ਉੱਪਰ ਇਤਬਾਰ ਕੀਤਾ ਇਸ ਵਾਸਤੇ ਕੁਰਾਨ ਨੇ ਮੇਰੀ ਹਿਫਾਜ਼ਤ ਕੀਤੀ।

ਦੇਸਵੰਡ ਹੋਈ ਨੂੰ ਹੁਣ ਤਾਂ ਸੱਤਰ ਸਾਲ ਬੀਤ ਗਏ ਹਨ, ਕੀ ਹੁਣ ਵੀ ਇਸ ਤੱਥ ਤੋਂ ਮੁੱਕਰਨਾ ਸਹੀ ਹੈ ਕਿ ਗਾਂਧੀ ਜੀ ਨੇ ਦੇਸਵੰਡ ਦੀ ਮੰਗ ਪ੍ਰਵਾਨ ਕਰਕੇ ਗਲਤ ਕੰਮ ਕੀਤਾ? ਜਦੋਂ ਦਿੱਲੀ ਵਿਚ ਆਜ਼ਾਦੀ ਦੇ ਜਸ਼ਨ ਮਨਾਏ ਜਾ ਰਹੇ ਸਨ, ਉਦੋਂ ਪੰਜਾਬ ਅਤੇ ਬੰਗਾਲ ਵਿਚ ਜਿਸਮਾ ਨਾਲ ਲੋਹਾ ਟਕਰਾ ਰਿਹਾ ਸੀ। ਬਲਾਤਕਾਰ ਹੋ ਰਹੇ ਸਨ, ਦੁੱਧ ਚੁੰਘਦੇ ਬੱਚੇ ਬਰਛਿਆਂ ਵਿੱਚ ਪਰੋਏ ਜਾ ਰਹੇ ਸਨ।

ਨੱਥੂਰਾਮ ਦੇ ਪੱਖ ਨਾਲ ਸਹਿਮਤ ਨਾ ਹੋਵੋ, ਉਸ ਵੱਲੋਂ ਕੀਤੇ ਕਤਲ ਦੀ ਘੋਰ ਨਿੰਦਾ ਕਰੋ ਪਰ ਜਾਣ ਤਾਂ ਲਵੋ ਕਿ ਉਹ ਕੁਝ ਕਹਿਣਾ ਚਾਹੁੰਦਾ ਹੈ। ਈਸਾ ਨੂੰ ਉਸਦੇ ਮਿੱਤਰ ਨੇ ਮੁਖਬਰੀ ਕਰਕੇ ਫੜਵਾਇਆ ਸੀ। ਈਸਾਈ ਇਸ ਘਟਨਾ ਨੂੰ ਯਾਦ ਕਰਦਿਆਂ ਆਖਦੇ ਹਨ, ਦੁਸ਼ਮਣਾਂ ਉੱਤੇ ਨਹੀਂ, ਸਾਨੂੰ ਤੇਰੇ ਦੋਸਤਾਂ ਉੱਤੇ ਗਿਲਾ ਹੈ ਮਸੀਹਾ, ਦੁਸ਼ਮਣ ਤਾਂ ਅੱਜ ਵੀ ਤੇਰੇ ਦੁਸ਼ਮਣ ਹਨ।

ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੋਡਸੇ ਵਲੋਂ 5 ਮਈ 1949 ਨੂੰ ਦਿੱਤਾ ਅਦਾਲਤ ਵਿਚਲਾ ਬਿਆਨ। ਵਾਰਦਾਤ ਮਗਰੋਂ ਨੰਦਲਾਲ ਮਹਿਤਾ ਵਲੋਂ ਤੁਗਲਕ ਰੋਡ ਥਾਣੇ ਦਿੱਲੀ ਵਿਚ ਮੁਕੱਦਮਾ ਦਰਜ ਕਰਵਾਇਆ, ਜਿਸ ਦੀ ਸੁਣਵਾਈ 27 ਮਈ 1948 ਨੂੰ ਸ਼ੁਰੂ ਹੋਈ ਤੇ 10 ਫਰਵਰੀ 1949 ਨੂੰ ਮੁੱਕੀ। ਫਾਂਸੀ ਦੀ ਸਜ਼ਾ ਹੋਈ। ਪੰਜਾਬ ਹਾਈਕੋਰਟ ਸ਼ਿਮਲਾ ਨੇ ਪੁਸ਼ਟੀ ਕੀਤੀ। ਗੋਡਸੇ ਦਾ ਬਿਆਨ ਇੰਨਾ ਬਾਦਲੀਲ ਤੇ ਤਾਕਤਵਰ ਸੀ, ਬੈਂਚ ਦੇ ਇਕ ਜੱਜ ਜੀ.ਡੀ ਖੋਸਲਾ ਨੇ ਬਾਦ ਵਿਚ ਲਿਖਿਆ, ਜੇ ਕਿਤੇ ਗੋਡਸੇ ਨੂੰ ਕਿਹਾ ਜਾਂਦਾ ਪਬਲਿਕ ਵਿਚ ਆਪਣਾ ਬਿਆਨ ਦੇ, ਤੇਰੇ ਕੇਸ ਦਾ ਫੈਸਲਾ ਪਬਲਿਕ ਕਰੇ ਤਾਂ ਲੋਕਾਂ ਨੇ ਭਾਰੀ ਬਹੁਮਤ ਨਾਲ ਗੋਡਸੇ ਨੂੰ ਬਰੀ ਕਰ ਦੇਣਾ ਸੀ।

**ਇਕਬਾਲੀਆ ਬਿਆਨ:**

ਸ਼ਰਧਾਵਾਨ ਬ੍ਰਾਹਮਣ ਪਰਿਵਾਰ ਵਿਚ ਜੰਮਿਆ ਹੋਣ ਕਰਕੇ ਕੁਦਰਤਨ ਮੈਂ ਹਿੰਦੂ ਧਰਮ, ਹਿੰਦੂ ਇਤਿਹਾਸ ਅਤੇ ਹਿੰਦੂ ਰਵਾਇਤਾਂ ਦਾ ਅਦਬ ਕਰਦਾ ਸਾਂ। ਮੈਨੂੰ ਹਿੰਦੂ ਮੱਤ ਉੱਪਰ ਮਾਣ ਸੀ। ਜਦੋਂ ਮੇਰੀ ਸੁਰਤ ਸੰਭਲੀ ਮੈਂ ਧਾਰਮਿਕ ਤੇ ਸਿਆਸੀ ਵਿਵਾਦਾਂ, ਅੰਧ ਵਿਸ਼ਵਾਸਾਂ ਤੋਂ ਮੁਕਤ ਹੋਣ ਲੱਗਾ। ਜਨਮ ਆਧਾਰਿਤ ਊਚ ਨੀਚ, ਜਾਤ ਪਾਤ ਦੇ ਖਾਤਮੇ ਵਾਸਤੇ ਕੰਮ ਕਰਨ ਲੱਗ ਪਿਆ। ਮੇਰਾ ਵਿਸ਼ਵਾਸ ਸੀ ਕਿ ਊਚ ਨੀਚ ਦਾ ਰੁਤਬਾ ਬੰਦੇ ਦੇ ਕੰਮ ਨਿਰਧਾਰਤ ਕਰਦੇ ਹਨ ਜਨਮ ਨਹੀਂ, ਇਸ ਕਰਕੇ ਮੈਂ ਛੂਆਛੂਤ ਵਿਰੋਧੀ ਸੰਗਠਨ ਆਰ.ਐੱਸ.ਐੱਸ. ਦਾ ਮੈਂਬਰ ਹੋ ਗਿਆ।

ਮੈਂ ਜਾਤ ਮੁਕਤ ਲੰਗਰ ਵਿਚ ਭੋਜਨ ਛਕਦਾ ਜਿੱਥੇ ਬ੍ਰਾਹਮਣ, ਖੱਤਰੀ, ਵੈਸ਼, ਚਮਾਰ ਅਤੇ ਭੰਗੀ ਇਕੱਠੇ ਖਾਣਾ ਖਾਂਦੇ। ਜਾਤਪਾਤ ਦੇ ਨਿਯਮ ਤੋੜ ਕੇ ਅਸੀਂ ਇਕੱਠੇ ਬੈਠਦੇ। ਮੈਂ ਰਾਵਣ, ਚਾਣਕਯ, ਦਾਦਾਭਾਈ ਨਾਰੋਜੀ, ਵਿਵੇਕਾਨੰਦ, ਗੋਖਲੇ, ਤਿਲਕ ਦੀਆਂ ਲਿਖਤਾਂ ਪੜੀਆਂ, ਭਾਰਤ, ਇੰਗਲੈਂਡ, ਫਰਾਂਸ, ਅਮਰੀਕਾ, ਰੂਸ ਦਾ ਪੁਰਾਤਨ ਤੇ ਆਧੁਨਿਕ ਇਤਿਹਾਸ ਪੜਿਆ। ਮੈਂ ਸਮਾਜਵਾਦ ਅਤੇ ਮਾਰਕਸਵਾਦ ਬਾਰੇ ਜਾਣਿਆ। ਸਭ ਤੋਂ ਵਧੀਕ ਨੀਝ ਨਾਲ ਮੈਂ ਵੀਰ ਸਾਵਰਕਰ ਅਤੇ ਗਾਂਧੀ ਜੀ ਦੀਆਂ ਲਿਖਤਾਂ ਅਤੇ ਤਕਰੀਰਾਂ ਪੜੀਆਂ ਸੁਣੀਆਂ, ਮੇਰੇ ਖਿਆਲ ਵਿਚ ਪਿਛਲੇ 30 ਸਾਲਾਂ ਦੌਰਾਨ ਭਾਰਤੀਆਂ ਦਾ ਮਨ ਅਤੇ ਕਾਰਜ ਘੜਨ ਵਿਚ ਇਨਾਂ ਦੋ ਸ਼ਖਸਾਂ ਨੇ ਸਭ ਤੋਂ ਵਧੀਕ ਅਸਰ ਪਾਇਆ। ਉਕਤ ਅਧਿਐਨ ਪਿੱਛੋਂ ਮੇਰਾ ਵਿਸ਼ਵਾਸ ਬਣਿਆ ਕਿ ਵਿਸ਼ਵ ਨਾਗਰਿਕ ਵਜੋਂ ਅਤੇ ਦੇਸਭਗਤ ਹੋਣ ਨਾਤੇ ਮੈਂ ਹਿੰਦੂਆਂ ਅਤੇ ਹਿੰਦੂ ਮੱਤ ਵਾਸਤੇ ਕੁਝ ਕਰਾਂ। ਤੀਹ ਕਰੋੜ ਹਿੰਦੂ, ਦੁਨੀਆਂ ਦੀ ਕੁੱਲ ਵਸੋਂ ਦਾ ਪੰਜਵਾਂ ਹਿੱਸਾ ਹਨ, ਇਨਾਂ ਦੀ ਆਜ਼ਾਦੀ ਅਤੇ ਹਿਤਾਂ ਦੀ ਸੁਰੱਖਿਆ ਦਾ ਮਤਲਬ ਹਿੰਦੁਸਤਾਨ ਦਾ ਭਲਾ ਕਰਨਾ ਸੀ। ਇਸ ਸੋਚ ਸਦਕਾ ਮੈਨੂੰ ਹਿੰਦੂ ਸੰਗਠਨਵਾਦੀ ਨਜ਼ਰੀਆ ਤੇ ਪ੍ਰੋਗਰਾਮ ਖਿੱਚ ਪਾਉਂਦਾ। 1920 ਵਿਚ ਲੋਕਮਾਨੀਆ ਤਿਲਕ ਦੇ ਦੇਹਾਂਤ ਬਾਦ ਕਾਂਗਰਸ ਵਿਚ ਗਾਂਧੀ ਜੀ ਦਾ ਪ੍ਰਭਾਵ ਵਧਣ ਲੱਗਾ ਤੇ ਆਖਰ ਸਿਖਰ 'ਤੇ ਪੁੱਜ ਗਿਆ। ਲੋਕ-ਜਾਗ੍ਰਤੀ ਵਾਸਤੇ ਉਸਦੇ ਕੀਤੇ ਕੰਮ ਸੱਚ ਅਤੇ ਅਹਿੰਸਾ ਦੇ ਨਾਅਰੇ ਦਿਲਾਂ ਵਿਚ ਧੂਹ ਪਾਉਂਦੇ ਸਨ ਤੇ ਉਹ ਦੇਸ ਅੱਗੇ ਆਪਣੇ ਖਿਆਲਾਂ ਦੀ ਨੁਮਾਇਸ਼ ਲਾਉਣ ਵਿਚ ਪੂਰਾ ਉਸਤਾਦ ਸੀ। ਸਮਝਦਾਰ ਬੰਦੇ ਨੂੰ ਇਨਾਂ ਨਾਅਰਿਆਂ ਵਿਚ ਕੋਈ ਨੁਕਸ ਨਹੀਂ ਸੀ ਲਗਦਾ ਭਾਵੇਂ ਕਿ ਇਨਾਂ ਵਿਚ ਨਾ ਕੁਝ ਨਵਾਂ ਸੀ, ਨਾ ਮੌਲਿਕ। ਲੋਕ ਲਹਿਰ ਵਿਚ ਅਜਿਹਾ ਕੁਝ ਹੋਇਆ ਈ ਕਰਦਾ ਹੈ। ਇਨਾਂ ਨਾਅਰਿਆਂ ਸਦਕਾ ਰੋਜ਼ਮੱਰਰਾ ਜੀਵਨ ਵਿਚ ਆਮ ਜਨਤਾ ਭਲੀਮਾਣਸ ਹੋ ਜਾਵੇਗੀ, ਇਹ ਸੋਚਣਾ ਮਹਿਜ਼ ਖਾਬੋਖਿਆਲ ਹੈ।

ਸਨਮਾਨ, ਫਰਜ਼, ਪਰਿਵਾਰ ਅਤੇ ਦੇਸ ਨਾਲ ਪਿਆਰ ਦਰਅਸਲ ਅਹਿੰਸਾ ਦੀ ਥਾਂ ਸਾਨੂੰ ਤਾਕਤ ਵਰਤਣ ਵਾਸਤੇ ਮਜਬੂਰ ਕਰਦੇ ਹਨ। ਹਮਲਾਵਰ ਨਾਲ ਹਥਿਆਰਬੰਦ ਮੁਕਾਬਲਾ ਕਰਨਾ ਗਲਤ ਕਿਵੇਂ ਹੋਇਆ? ਹਮਲੇ ਨੂੰ ਪਛਾੜਨਾ ਅਤੇ ਹਮਲਾਵਰ ਨੂੰ ਕਾਬੂ ਕਰਨ ਨੂੰ ਮੈਂ ਨੈਤਿਕ ਤੇ ਧਾਰਮਿਕ ਫਰਜ਼ ਸਮਝਦਾ ਹਾਂ। ਰਾਮਾਇਣ ਵਿਚ ਸੀਤਾ ਨੂੰ ਮੁਕਤ ਕਰਨ ਵਾਸਤੇ ਰਾਮ ਚੰਦਰ ਖੌਫਨਾਕ ਯੁੱਧ ਲੜਕੇ ਰਾਵਣ ਦਾ ਕਤਲ ਕਰਦੇ ਹਨ। ਕੰਸ ਦੀ ਬਦੀ ਦਾ ਖਾਤਮਾ ਕ੍ਰਿਸ਼ਨ ਉਸਦਾ ਕਤਲ ਕਰਕੇ ਕਰਦੇ ਹਨ। ਦੋਸਤਾਂ, ਰਿਸ਼ਤੇਦਾਰਾਂ ਸਮੇਤ ਅਰਜਣ ਨੂੰ ਪੂਜਨੀਕ ਭੀਸ਼ਮ ਪਿਤਾਮਾ ਦਾ ਕਤਲ ਕਰਨਾ ਪਿਆ ਕਿਉਂਕਿ ਉਹ ਗਲਤ ਧਿਰ ਨਾਲ ਜਾ ਖਲੋਤੇ ਸਨ। ਰਾਮ, ਕ੍ਰਿਸ਼ਨ ਅਤੇ ਅਰਜਣ ਨੂੰ ਮਹਾਤਮਾ ਗਾਂਧੀ ਵਲੋਂ ਹਿੰਸਾ ਲਈ ਕਸੂਰਵਾਰ ਠਹਿਰਾਉਣਾ ਮੇਰੇ ਖਿਆਲ ਅਨੁਸਾਰ ਮਨੁੱਖੀ ਕਰਮ ਦੇ ਝਰਨੇ ਦੀ ਰੰਗੀਨੀ ਤੋਂ ਅਗਿਆਨੀ ਹੋਣਾ ਹੈ।

ਛਤਰਪਤੀ ਸ਼ਿਵਾਜੀ ਨੇ ਪਹਿਲੋਂ ਮੁਸਲਿਮ ਜਬਰ ਨੂੰ ਭਾਰਤ ਵਿੱਚੋਂ ਰੋਕਿਆ, ਫਿਰ ਖਤਮ ਕੀਤਾ। ਹਮਲਾਵਰ ਅਫਜ਼ਲ ਖਾਨ ਨੂੰ ਕਾਬੂ ਕਰਨਾ ਫਿਰ ਕਤਲ ਕਰਨਾ ਨਿਹਾਇਤ ਜ਼ਰੂਰੀ ਸੀ ਨਹੀਂ ਤਾਂ ਖੁਦ ਖਤਮ ਹੋ ਜਾਣਾ ਸੀ। ਸ਼ਿਵਾਜੀ, ਰਾਣਾ ਪ੍ਰਤਾਪ ਤੇ ਗੁਰੂ ਗੋਬਿੰਦ ਸਿੰਘ ਵਰਗੇ ਬੁਲੰਦ ਜੰਗਬਾਜ਼ਾਂ ਨੂੰ ਭਟਕੇ ਦੇਸ਼ਭਗਤ ਕਹਿਣ ਨਾਲ ਗਾਂਧੀ ਅੰਦਰਲੀ ਖੁਸ਼ਨੂਦੀ ਜ਼ਾਹਰ ਹੋ ਗਈ। ਲੱਗੇਗਾ ਵਿਰੋਧਾਭਾਸ ਪਰ ਗਾਂਧੀ ਹਿੰਸਕ ਸ਼ਾਂਤੀਦੂਤ ਸੀ ਜਿਸਦੇ ਸੱਚ ਅਤੇ ਅਹਿੰਸਾ ਸਦਕੇ ਦੇਸਵਾਸੀ ਅਣਕਹੀਆਂ ਮੁਸੀਬਤਾਂ ਦੇ ਸ਼ਿਕਾਰ ਹੋਏ ਜਦੋਂ ਕਿ ਰਾਣਾ ਪ੍ਰਤਾਪ, ਸ਼ਿਵਾਜੀ ਅਤੇ ਗੁਰੂ ਜੀ ਹਮੇਸ਼ਾ ਦਿਲਾਂ ਵਿਚ ਵਸਦੇ ਰਹਿਣਗੇ ਜਿਨਾਂ ਸਦਕਾ ਗੁਲਾਮਾਂ ਨੂੰ ਆਜ਼ਾਦੀ ਮਿਲੀ।

ਬੱਤੀ ਸਾਲਾਂ ਦੀ ਉਕਸਾਹਟ ਉਦੋਂ ਸਿਖਰ ਤੇ ਪੁੱਜੀ ਜਦੋਂ ਮੁਸਲਮਾਨਾਂ ਦੇ ਹੱਕ ਵਿਚ ਗਾਂਧੀ ਨੇ ਵਰਤ ਰੱਖ ਲਿਆ। ਮੈਂ ਇਸ ਨਤੀਜੇ 'ਤੇ ਪੁੱਜਾ ਕਿ ਇਹ ਤਮਾਸ਼ਾ ਬੰਦ ਹੋਣਾ ਚਾਹੀਦਾ ਹੈ। ਦੱਖਣੀ ਅਫਰੀਕਾ ਵਿਚ ਭਾਰਤੀਆਂ ਦੇ



ਭਲੇ ਵਾਸਤੇ ਗਾਂਧੀ ਨੇ ਕਾਫੀ ਕੰਮ ਕੀਤਾ ਪਰ ਜਦੋਂ ਉਹ ਭਾਰਤ ਪਰਤਿਆ ਉਸ ਅੰਦਰ ਭਰਮ ਕਾਇਮ ਹੋ ਗਿਆ ਕਿ ਗਲਤ ਅਤੇ ਸਹੀ ਦਾ ਫੈਸਲਾ ਕਰਨ ਵਾਲਾ ਜੱਜ ਉਹ ਖੁਦ ਇਕੱਲਾ ਹੈ। ਦੇਸ਼ ਨੂੰ ਉਸਦੀ ਅਗਵਾਈ ਚਾਹੀਦੀ ਹੈ ਤਾਂ ਮੰਨਣਾ ਪਵੇਗਾ ਕਿ ਉਹ ਅਭੁੱਲ ਹੈ, ਜੇ ਨਹੀਂ ਮੰਨਦੇ, ਉਹ ਕਾਂਗਰਸ ਤੋਂ ਵੱਖ ਰਹਿ ਕੇ ਆਪਣਾ ਰਸਤਾ ਤੈਅ ਕਰੇਗਾ। ਇਸ ਵਤੀਰੇ ਵਿਚ ਕਿਸੇ ਸੋਧ/ਸੁਧਾਰ ਦੀ ਗੁੰਜਾਇਸ਼ ਨਹੀਂ ਸੀ। ਕਾਂਗਰਸ ਉਸ ਅੱਗੇ ਆਤਮ ਸਮਰਪਣ ਕਰੇ, ਉਸ ਦੇ ਇਸ਼ਾਰਿਆਂ ਤੇ ਨੱਚੇ, ਉਸਦੇ ਆਦਿਵਾਸੀ ਫਲਸਫੇ, ਪਾਗਲਪਣ, ਪਿਛਾਖੜ ਨਜ਼ਰੀਏ ਨੂੰ ਸੱਤ ਕਰਕੇ ਜਾਣੇ, ਨਹੀਂ ਫਿਰ ਉਸ ਬਗੈਰ ਕੰਮ ਚਲਾ ਕੇ ਦੇਖ ਲਏ।

ਹਰੇਕ ਮਸਲੇ ਦਾ ਜੱਜ ਉਹੀ ਸੀ ਕੇਵਲ। ਸਿਵਲ ਨਾ ਫੁਰਮਾਨੀ ਕਿਵੇਂ ਚਲਾਉਣੀ ਹੈ, ਉਹ ਦੱਸੇਗਾ, ਹੋਰ ਕਿਸੇ ਨੂੰ ਪਤਾ ਨਹੀਂ, ਕਦੋਂ ਅੰਦੋਲਨ ਸ਼ੁਰੂ ਕਰੇ ਕਦੋਂ ਮੁਕਾਏ, ਬੇਸ਼ਕ ਸਫਲ ਹੋਏ ਜਾਂ ਫੇਲ, ਲੋਕਾਂ ਦਾ ਘਾਣ ਹੋਏ ਜਾਂ ਸਿਆਸੀ ਨੁਕਸਾਨ, ਇਨਾਂ ਗੱਲਾਂ ਦਾ ਮਹਾਤਮਾ ਉੱਪਰ ਕੋਈ ਅਸਰ ਨਹੀਂ ਕਿਉਂਕਿ ਉਹ ਅਭੁੱਲ ਹੈ। ਆਪਣੇ ਆਪ ਨੂੰ ਅਭੁੱਲ ਸਾਬਤ ਕਰਨ ਲਈ ਉਸਨੇ ਨਾਹਰਾ ਘੜਿਆ- ਸਤਿਆਗ੍ਰਹਿ ਕਦੀ ਫੇਲ ਨਹੀਂ ਹੁੰਦਾ। ਸਤਿਆਗ੍ਰਹਿ ਹੁੰਦਾ ਕੀ ਹੈ ਇਸ ਬਾਰੇ ਕੇਵਲ ਉਹੀ ਜਾਣਦਾ ਹੈ, ਹੋਰ ਕਿਸੇ ਨੂੰ ਪਤਾ ਨਹੀਂ। ਇਉਂ ਮਹਾਤਮਾ ਆਪਣੇ ਮੁਕੱਦਮੇ ਦਾ ਜੱਜ ਆਪ ਬਣ ਗਿਆ। ਬਚਗਾਨਾ ਪਾਗਲਪਣ ਤੇ ਸਖਤ ਆਤਮ-ਸੰਜਮ ਇਕੱਠੇ ਹੋ ਗਏ ਜਿਸ ਨਾਲ ਉਹ ਅਮੋੜ ਅਤੇ ਅਪਹੁੰਚ ਹੋ ਗਿਆ।

ਬਹੁਤ ਲੋਕ ਜਾਣਦੇ ਸਨ ਕਿ ਉਸਦੀ ਸਿਆਸਤ ਤਰਕ ਵਿਹੂਣੀ ਹੈ, ਜਾਂ ਉਹ ਕਾਂਗਰਸ ਵਿੱਚੋਂ ਨਿਕਲ ਜਾਣ ਜਾਂ ਫਿਰ ਸਿਰ ਸੁੱਟ ਕੇ ਆਪਣੀ ਅਕਲ ਉਸਦੇ ਕਦਮਾਂ ਵਿਚ ਅਰਪਣ ਕਰਨ, ਉਹ ਜਿਵੇਂ ਚਾਹੇ ਵਰਤੇ। ਅਨੰਤ ਗੈਰ ਜ਼ਿੰਮੇਵਾਰੀ ਦੇ ਸਿਖਰ ਉੱਪਰ ਪੁੱਜ ਕੇ ਉਸਨੇ ਕਦਮ ਕਦਮ ਤੇ ਗਲਤੀਆਂ ਕਰਨ ਦਾ ਅਪਰਾਧ ਕੀਤਾ, ਅਸਫਲਤਾ ਦਰ ਅਸਫਲਤਾ, ਬਰਬਾਦੀ ਦਰ ਬਰਬਾਦੀ। ਭਾਰਤ ਦੀ ਰਾਸ਼ਟਰੀ ਭਾਸ਼ਾ ਦੇ ਮਸਲੇ ਸਮੇਂ ਜਦੋਂ ਉਹ ਮੁਸਲਿਮ ਪੱਖੀ ਹੋ ਗਿਆ ਉਦੋਂ ਹੀ ਉਸਦੇ ਘਟੀਆ ਰਵੱਈਏ ਦੀ ਸਮਝ ਆ ਗਈ। ਹਿੰਦੀ ਨੂੰ ਪ੍ਰਥਮ ਸਥਾਨ ਕਿਉਂ ਨਾ ਮਿਲੇ? ਸ਼ੁਰੂ ਵਿਚ ਉਹ ਹਿੰਦੀ ਦਾ ਹਮਾਇਤੀ ਸੀ ਪਰ ਜਦੋਂ ਦੇਖਿਆ ਮੁਸਲਮਾਨਾਂ ਨੂੰ ਹਿੰਦੀ ਪਸੰਦ ਨਹੀਂ, ਉਹ ਹਿੰਦੁਸਤਾਨੀ ਦੇ ਹੱਕ ਵਿਚ ਹੋ ਗਿਆ। ਹਰੇਕ ਭਾਰਤੀ ਨੂੰ ਪਤਾ ਹੈ ਕਿ ਹਿੰਦੁਸਤਾਨੀ ਨਾਮ ਦੀ ਕੋਈ ਭਾਸ਼ਾ ਨਹੀਂ। ਇਸ ਦੀ ਕੋਈ ਗ੍ਰਾਮਰ ਨਹੀਂ, ਸ਼ਬਦਾਵਲੀ ਨਹੀਂ। ਇਹ ਉਪ ਭਾਖਾ ਹੈ ਜੋ ਕੇਵਲ ਬੋਲੀ ਜਾਂਦੀ ਹੈ ਲਿਖੀ ਨਹੀਂ ਜਾਂਦੀ। ਹਿੰਦੀ-ਉਰਦੂ ਮਿਲਾਪ ਤੋਂ ਬਣੀ ਇਹ ਦੋਗਲੀ ਬੋਲੀ ਹੈ ਜਿਸ ਨੂੰ ਮਹਾਤਮਾ ਦੀ ਸਿਆਣਪ ਵੀ ਹਰਮਨ ਪਿਆਰੀ ਨਹੀਂ ਬਣਾ ਸਕੀ। ਮੁਸਲਮਾਨਾਂ ਨੂੰ ਖੁਸ਼ ਰੱਖਣ ਦੀ ਮਨਸ਼ਾ ਨਾਲ ਉਸਨੇ ਚਾਹਿਆ ਹਿੰਦੁਸਤਾਨੀ ਸਾਰੇ ਭਾਰਤ ਦੀ ਕੌਮੀ ਜ਼ਬਾਨ ਹੋਵੇ। ਉਸਦੇ ਅੰਨੇ ਮੁਰੀਦਾਂ ਨੇ ਉਸਦੀ ਮੰਨਣੀ ਹੀ ਸੀ, ਦੋਗਲੀ ਬੋਲੀ ਉਹ ਵੀ ਬੋਲਣ ਲੱਗ ਪਏ। ਹਿੰਦੀ ਦੀ ਸੁੰਦਰਤਾ ਅਤੇ ਪਾਕੀਜ਼ਗੀ ਕੋਠੇ ਤੇ ਬਿਠਾ ਦਿੱਤੀ ਤਾਂ ਕਿ ਮੁਸਲਮਾਨ ਖੁਸ਼ ਹੋ ਜਾਣ। ਉਸਨੇ ਆਪਣੇ ਸਾਰੇ ਤਜਰਬੇ ਹਿੰਦੂਆਂ ਦੀ ਕੀਮਤ ਤਾਰ ਕੇ ਕੀਤੇ।

ਅਗਸਤ 1946 ਤੋਂ ਪਿੱਛੋਂ ਮੁਸਲਮਾਨਾਂ ਦੀਆਂ ਪ੍ਰਾਈਵੇਟ ਫੌਜਾਂ ਨੇ ਹਿੰਦੂਆਂ ਦਾ ਕਤਲਿਆਮ ਸ਼ੁਰੂ ਕਰ ਦਿੱਤਾ। ਤਤਕਾਲੀ ਵਾਇਸਰਾਇ ਲਾਰਡ ਵੇਵਿਲ ਗੌਰਮੈਂਟ ਆਫ ਇੰਡੀਆ ਐਕਟ 1935 ਲਾਗੂ ਕਰਕੇ ਬਲਾਤਕਾਰ, ਕਤਲ ਅਤੇ ਲੁਟਖੋਹ ਰੋਕ ਸਕਦਾ ਸੀ, ਨਹੀਂ ਰੋਕੇ। ਬੰਗਾਲ ਤੋਂ ਕਰਾਚੀ ਤੱਕ ਹਿੰਦੂ ਖੂਨ ਵਗਿਆ ਭਾਵੇਂ ਕਿਤੇ ਕਿਤੇ ਹਿੰਦੂਆਂ ਨੇ ਮੁਕਾਬਲਾ ਵੀ ਕੀਤਾ। ਸਤੰਬਰ ਵਿਚ ਅੰਤ੍ਰਿਮ ਸਰਕਾਰ ਬਣੀ ਜਿਸ ਨੂੰ ਸਰਕਾਰ ਦੇ ਹੀ ਮੁਸਲਿਮ ਲੀਗੀ ਮੈਂਬਰ ਨੇ ਸਾਬੋਤਾਜ ਕਰ ਦਿੱਤਾ। ਜਿਉਂ ਜਿਉਂ ਮੁਸਲਮਾਨ, ਸਰਕਾਰ ਨਾਲ ਦਗਾ ਕਰਦੇ ਗਏ ਗਾਂਧੀ ਦਾ ਉਨਾਂ ਪ੍ਰਤੀ ਹੇਜ ਵਧਦਾ ਗਿਆ। ਲਾਰਡ ਵੇਵਿਲ ਕੋਈ ਹੱਲ ਨਾ ਕੱਢ ਸਕਿਆ ਤਾਂ ਅਸਤੀਫਾ ਦੇ ਗਿਆ ਤੇ ਲਾਰਡ ਮਾਊਂਟਬੈਟਨ ਆ ਗਿਆ। ਬਾਬਾ ਮਰਿਆ ਗੁਲਾਬੋ ਜੰਮੀ। ਰਾਸ਼ਟਰਵਾਦ ਤੇ ਸਮਾਜਵਾਦ ਦਾ ਢੰਡੋਰਾ ਪਿੱਟਣ ਵਾਲੀ ਕਾਂਗਰਸ ਨੇ ਅੰਦਰ ਖਾਤੇ ਪਾਕਿਸਤਾਨ ਦੇਣਾ ਮੰਨ ਲਿਆ, ਯਾਨੀ ਕਿ ਜਿਨਾਹ ਦੇ ਨੇਜ਼ੇ ਅੱਗੇ ਗੋਡੇ ਟੇਕ ਦਿੱਤੇ। ਭਾਰਤ ਦਾ ਜਿਉਂਦਾ ਵਸਦਾ ਤੀਜਾ ਹਿੱਸਾ ਕੱਟ ਵੱਢ ਕੇ 15 ਅਗਸਤ 1947 ਨੂੰ ਸਾਡੇ ਵਾਸਤੇ ਪਰਦੇਸ ਕਰ ਦਿੱਤਾ।

ਕਾਂਗਰਸ ਨੇ ਕਿਹਾ ਕਿ ਮਾਉਂਟਬੈਟਨ ਵਰਗਾ ਮਹਾਨ ਵਾਇਸਰਾਇ ਭਾਰਤ ਵਿਚ ਪਹਿਲਾਂ ਕਦੀ ਨਹੀਂ ਆਇਆ। ਭਾਰਤ ਨੂੰ ਸੱਤਾ ਸੌਂਪਣ ਦੀ ਤਰੀਕ 30 ਜੂਨ 1948 ਮਿਥੀ ਗਈ ਪਰ ਮਾਉਂਟਬੈਟਨ ਨੇ ਆਪ੍ਰੇਸ਼ਨ ਕਰਕੇ ਵੱਢਿਆ ਭਾਰਤ ਦਸ ਮਹੀਨੇ ਪਹਿਲਾਂ ਸੌਂਪ ਦਿੱਤਾ। ਇਹ ਹੈ ਉਹ ਤੁਹਫਾ ਜਿਹੜਾ ਤੀਹ ਸਾਲ ਦੀ ਤਾਨਾਸ਼ਾਹੀ ਕਰਨ ਮਗਰੋਂ ਗਾਂਧੀ ਨੇ ਹਾਸਲ ਕੀਤਾ, ਇਸ ਨੂੰ ਕਾਂਗਰਸ ਆਜ਼ਾਦੀ ਆਖਦੀ ਹੈ, 'ਸੱਤਾ ਦਾ ਸ਼ਾਂਤਮਈ ਤਬਾਦਲਾ'। ਹਿੰਦੂ-ਮੁਸਲਿਮ ਏਕਤਾ ਦਾ ਬੁਲਬੁਲਾ ਆਖਰ ਫਟ ਗਿਆ। ਨਹਿਰੂ ਅਤੇ ਉਸਦੀ ਜੁੰਡਲੀ ਦੀ ਪ੍ਰਵਾਨਗੀ ਨਾਲ ਤਾਨਾਸ਼ਾਹ ਸਟੇਟ ਦਾ ਜਨਮ ਹੋਇਆ ਜਿਸ ਨੂੰ ਇਹ ਆਖਦੇ ਹਨ - ਅਸੀਂ ਕੁਰਬਾਨੀਆਂ ਨਾਲ ਆਜ਼ਾਦੀ ਲਈ ਹੈ। ਕਿਸ ਦੀਆਂ ਕੁਰਬਾਨੀਆਂ ਨਾਲ? ਗਾਂਧੀ ਦੀ ਸੰਮਤੀ ਨਾਲ ਕਾਂਗਰਸ ਦੇ ਸਿਖਰਲੇ ਲੀਡਰਾਂ ਨੇ ਜਦੋਂ ਉਹ ਦੇਸ ਵੱਖ ਕਰ ਦਿੱਤਾ ਜਿਸ ਨੂੰ ਅਸੀਂ ਪੂਜਦੇ ਹਾਂ, ਮੇਰੇ ਮਨ ਵਿਚ ਪੂਰਨ ਕਰੋਧ ਜਾਗਿਆ।

ਹਿੰਦੂ ਰਫਿਊਜੀਆ ਨੇ ਦਿੱਲੀ ਦੀ ਇਕ ਮਸਜਿਦ ਵਿਚ ਟਿਕਾਣਾ ਕਰ ਲਿਆ ਤਾਂ ਗਾਂਧੀ ਨੇ ਮਰਨ ਵਰਤ ਰੱਖ ਲਿਆ। ਵਰਤ ਛੱਡਣ ਵਾਸਤੇ ਜੋ ਸ਼ਰਤਾਂ ਰੱਖੀਆਂ ਉਨਾਂ ਵਿਚ ਇਕ, ਇਸ ਮਸਜਿਦ ਨੂੰ ਖਾਲੀ ਕਰਨਾ ਵੀ ਸੀ। ਪਰ ਜਦੋਂ ਪਾਕਿਸਤਾਨ ਵਿਚ ਹਿੰਦੂਆਂ ਖਿਲਾਫ ਹਿੰਸਾ ਭੜਕੀ, ਗਾਂਧੀ ਨੇ ਪਾਕਿਸਤਾਨ ਸਰਕਾਰ ਜਾਂ ਮੁਸਲਮਾਨਾਂ ਖਿਲਾਫ ਇਕ ਸ਼ਬਦ ਨਹੀਂ ਉਚਾਰਿਆ ਕਿ ਜ਼ੁਲਮ ਰੁਕੇ। ਮਰਨ ਵਰਤ ਛੱਡਣ ਵਸਤੇ ਕੋਈ ਸ਼ਰਤ ਉਸਨੇ ਮੁਸਲਮਾਨਾਂ ਉਪਰ ਨਹੀਂ ਲਾਈ ਕਿਉਂਕਿ ਗਾਂਧੀ ਏਨਾ ਚਤੁਰ ਸੀ, ਜਾਣਦਾ ਸੀ ਮੁਸਲਮਾਨਾਂ ਨੂੰ ਉਸਦੀ ਮੌਤ ਦਾ ਕੋਈ ਅਫਸੋਸ ਨਹੀਂ ਹੋਣਾ। ਹੁਸ਼ਿਆਰੀ ਸਦਕਾ ਉਹ ਪਾਕਿਸਤਾਨੀ ਮੁਸਲਮਾਨਾਂ 'ਤੇ ਸ਼ਰਤਾਂ ਠੋਸਣ ਤੋਂ ਟਲ ਜਾਂਦਾ ਸੀ। ਤਜ਼ਰਬੇ ਤੋਂ ਜਾਣ ਗਿਆ ਸੀ ਕਿ ਜਿਨਾਹ ਉੱਪਰ ਵਰਤਾਂ ਦਾ ਅਸਰ ਨਹੀਂ ਹੁੰਦਾ, ਮੁਸਲਿਮ ਲੀਗ ਗਾਂਧੀ ਦੀ ਅੰਤਰਾਤਮਾ ਬਾਰੇ ਲਾਪ੍ਰਵਾਹ ਸੀ। ਹੁਣ ਗਾਂਧੀ ਨੂੰ ਰਾਸ਼ਟਰ ਪਿਤਾ ਕਿਹਾ ਜਾਣ ਲੱਗਾ ਹੈ। ਜੇ ਉਹ ਰਾਸ਼ਟਰ ਪਿਤਾ ਹੁੰਦਾ, ਦੇਸ ਵੰਡ ਵਾਸਤੇ ਸਹਿਮਤੀ ਦੇ ਕੇ ਧੋਖਾਧੜੀ ਕਿਉਂ ਕਰਦਾ? ਮੈਂ ਆਪਣੇ ਕਥਨ ਉੱਪਰ ਕਾਇਮ ਹਾਂ ਕਿ ਗਾਂਧੀ ਨੇ ਫਰਜ਼ ਨਿਭਾਉਣ ਤੋਂ ਕੁਤਾਹੀ ਕੀਤੀ।

ਉਸਨੇ ਪਾਕਿਸਤਾਨ ਦਾ ਪਿਤਾਮਾ ਹੋਣਾ ਸਾਬਤ ਕੀਤਾ। ਉਸਦੀ ਜ਼ਮੀਰ ਦੀ ਆਵਾਜ਼ ਰੂਹਾਨੀ ਤਾਕਤ, ਅਹਿੰਸਾ ਦਾ ਫਲਸਫਾ ਜਿਸ ਬਾਰੇ ਬਥੇਰਾ ਬਾਤ ਦਾ ਬਤੰਗੜ ਬਣਾਇਆ ਗਿਆ, ਜਿਨਾਹ ਦੇ ਫੌਲਾਦੀ ਇਰਾਦੇ ਅੱਗੇ ਸ਼ਕਤੀਹੀਣ ਹੋ ਗਏ, ਚੂਰ ਚੂਰ ਹੋ ਗਏ। ਗਾਂਧੀ ਨੂੰ ਕਤਲ ਕਰਨ ਬਾਰੇ ਜਦੋਂ ਮੈਂ ਸੋਚਿਆ, ਮੈਨੂੰ ਮਹਿਸੂਸ ਹੋਇਆ ਕਿ ਲੋਕ ਮੈਨੂੰ ਨਫਰਤ ਕਰਨ ਲੱਗ ਜਾਣਗੇ, ਆਤਮ ਸਨਮਾਨ ਜਾਨ ਤੋਂ ਪਿਆਰਾ ਹੁੰਦਾ ਹੈ, ਖੁਸ ਜਾਏਗਾ। ਉਸੇ ਵਕਤ ਮੈਨੂੰ ਇਹ ਵੀ ਲੱਗਾ ਕਿ ਗਾਂਧੀ ਨਾ ਰਿਹਾ ਤਾਂ ਭਾਰਤੀ ਸਿਆਸਤ ਵਧੀਕ ਸਮਰੱਥਾਵਾਨ ਹੋਵੇਗੀ, ਦੁਸ਼ਮਣ ਦਾ ਮੁਕਾਬਲਾ ਕਰ ਸਕੇਗੀ, ਹਥਿਆਰਬੰਦ ਸੈਨਾ ਨਾਲ ਲੈਸ ਹੋਵੇਗੀ। ਮੇਰਾ ਭਵਿੱਖ ਪੂਰਨ ਤੌਰ 'ਤੇ ਖਤਮ ਹੋ ਜਾਏਗਾ ਪਰ ਮੇਰੀ ਸਟੇਟ ਪਾਕਿਸਤਾਨ ਦੇ ਸਹਿਮ ਤੋਂ ਮੁਕਤ ਹੋ ਜਾਏਗੀ। ਹੋ ਸਕਦਾ ਹੈ ਕਿ ਲੋਕ ਮੈਨੂੰ ਗਾਲਾਂ ਦੇਣ, ਅਕਲ ਤੋਂ ਸੱਖਣਾ, ਸਿਰ ਫਿਰਿਆ ਕਹਿਣ ਪਰ ਰਾਸ਼ਟਰ ਮਜ਼ਬੂਤੀ ਨਾਲ ਸੁਤੰਤਰ ਹੋ ਕੇ ਉਸ ਰਾਹ ਤੇ ਚੱਲੇਗਾ ਜਿਹੜਾ ਤਰਕਸੰਗਤ ਹੈ, ਇਸੇ ਦੀ ਜਰੂਰਤ ਹੈ।

ਬਾਕੀ ਸਫ਼ਾ 31 'ਤੇ

## ਦੱਰਿਆਂ ਤੇ ਦਰਿਆਵਾਂ ਸੰਗ - 10

# ਟੀਸੀ ’ਤੇ ਪਸਰਿਆ ਸਮੁੰਦਰ



- ਪ੍ਰੀਤਮ ਰੁਪਾਲ

ਪਿਛਲੇ ਇਕ ਹਫ਼ਤੇ ਦੇ ਸਫ਼ਰ ਦੌਰਾਨ ਰਾਤੀਂ ਸਭ ਨੂੰ ਚੰਗੀ ਨੀਂਦ ਆਈ ਸੀ। ਮੈਂ ਸੁਖਬੀਰ ਅਤੇ ਮਨਮੋਹਨ ਤਿੰਨੇ ਇਕ ਟੈਂਟ ਵਿਚ ਹੀ ਸੁੱਤੇ ਸਾਂ। ਵਿਸ਼ਾਲ ਗੁਲਾਟੀ ਨੇ ਟੈਂਟ ਦੇ ਬਾਹਰੋਂ ਆਵਾਜ਼ ਮਾਰੀ। ਅਸੀਂ ਉਂਜ ਭਾਵੇਂ ਜਾਗ ਚੁੱਗੇ ਸਾਂ ਪਰ ਤਿੰਨੇ ਰਜਾਈਆਂ ਵਿਚ ਮਚਲੇ ਹੋਏ ਲੇਟੇ ਪਏ ਸਾਂ। ਪੈਂਗੋਂਗ ਵਾਦੀ ਵਿਚ ਸਵੇਰ ਦਾ ਨਜ਼ਾਰਾ ਵੇਖਣ ਵਾਲਾ ਸੀ। ਇਸ ਦੀ ਖ਼ੂਬਸੂਰਤੀ ਅਤੇ ਤਲਿਸਮ ਦਾ ਸ਼ਬਦਾਂ ਵਿਚ ਬਿਆਨ ਕਰਨਾ ਔਖਾ ਹੈ। ਸਾਡੇ ਟੈਂਟਾਂ ਦੇ ਪਿਛਵਾੜੇ ਪੈਂਗੌਂਗ ਝੀਲ ਤੋਂ ਨਿਕਲਦੀ ਇਕ ਛੋਟੀ ਨਦੀ ਵਹਿ ਰਹੀ ਸੀ ਜੋ ਤਾਂਗਸੇ ਪਿੰਡ ਦੀ ਬਗਲ ਵਿਚੋਂ ਹੁੰਦੀ ਹੋਈ ਅੱਗੇ ਸ਼ਯੋਕ ਦਰਿਆ ਵਿਚ ਮਿਲ ਜਾਂਦੀ ਹੈ। ਕੈਂਪ ਵਾਲਿਆਂ ਨੇ ਇਸ ਨਦੀ ਵਿਚੋਂ ਛੋਟੇ ਜਿਹੇ ਖਾਲ ਰਾਹੀਂ ਪਾਣੀ ਲਿਆ ਹੋਇਆ ਸੀ ਜੋ ਰਸੋਈ ਤੋਂ ਲੈ ਕੇ ਪਖਾਨਿਆਂ ਤੱਕ ਕੈਂਪ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਦਾ ਸੀ।

ਬਿਸਤਰੇ ਵਿਚੋਂ ਨਿਕਲ ਕੇ ਅਸੀਂ ਤਿਆਰ ਹੋਣਾ ਸ਼ੁਰੂ ਕਰ ਦਿੱਤਾ। ਅਸੀਂ ਅੱਜ ਝੀਲ ਵੇਖਣ ਮਗਰੋਂ ਰਾਤ ਤੱਕ ਕਰਗਿਲ ਪਹੁੰਚਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਮੈਂ ਆਪਣੇ ਰਕਸੈਕ ਵਿਚੋਂ ਟੂਥ ਬਰੱਸ਼ ਅਤੇ ਤੌਲੀਆ ਕੱਢਿਆ ਤੇ ਕੈਂਪ ਦੀ ਪੱਥਰ ਜੋੜ ਕੇ ਬਣਾਈ ਵਲਗਣ ਟੱਪ ਕੇ ਨਦੀ ਕਿਨਾਰੇ ਨਹਾਉਣ ਲਈ ਚਲਾ ਗਿਆ। ਜਦ ਬਰੱਸ਼ ਕਰਨ ਲਈ ਪਾਣੀ ਦੀ ਚੂਲੀ ਭਰੀ ਤਾਂ ਪਾਣੀ ਦੀ ਠੰਢਕ ਦਾ ਅਹਿਸਾਸ ਹੋਇਆ। ਮੈਂ ਬਰੱਸ਼ ਤਾਂ ਕਰ ਲਿਆ ਪਰ ਨਹਾਉਣ ਬਾਰੇ ਦੋਚਿੱਤੀ ਵਿਚ ਪੈ ਗਿਆ। ਕੱਲ੍ਹ ਸਵੇਰੇ ਪਾਂਗ ਕੈਂਪ ਵਿਚ ਵੀ ਨਹੀਂ ਨਹਾ ਸਕੇ ਸਾਂ ਇਸ ਲਈ ਇਹ ਸੋਚਿਆ ਕਿ ਅੱਜ ਤਾਂ ਨਹਾ ਹੀ ਲੈਣਾ ਚਾਹੀਦਾ ਹੈ। ਫਿਰ ਤੌਲੀਆ ਤੇ ਬਰੱਸ਼ ਇਕ ਪੱਥਰ ’ਤੇ ਰੱਖ ਕੇ ਸੱਚੇ ਪਾਤਸ਼ਾਹ ਦਾ ਨਾਂ ਲੈ ਕੇ ਨਦੀ ਵਿਚ ਜਾ ਕੁੱਦਿਆ। ਇਕ ਵਾਰ ਤਾਂ ਗੜੇ ਵਰਗੇ ਠੰਢੇ ਪਾਣੀ ਦਾ ਕਰੰਟ ਜਿਹਾ ਲੱਗਾ ਪਰ ਫਿਰ ਸਹਿਜ ਹੋ ਗਿਆ। ਦੋ ਤਿੰਨ ਮਿੰਟ ਮਗਰੋਂ ਮੈਂ ਨਦੀ ਵਿਚੋਂ ਬਾਹਰ ਆ ਗਿਆ ਤੇ ਪਿੰਡਾ ਪੂੰਝਣ ਮਗਰੋਂ ਸਰੀਰ ਇਕ ਦਮ ਤਾਜ਼ਾ ਹੋ ਗਿਆ। ਮੜ੍ਹੀ ਤੋਂ ਚੱਲਣ ਮਗਰੋਂ ਮੈਂ ਚੌਥੇ ਦਿਨ ਕੱਪੜੇ ਬਦਲੇ।

ਜਿਉਂ ਹੀ ਤਿਆਰ ਹੋ ਕੇ ਟੈਂਟ ਵਿਚੋਂ ਬਾਹਰ ਨਿਕਲਿਆ ਤਾਂ ਪਹਿਰਾਵਾ ਅਤੇ ਰੰਗ ਰੂਪ ਬਦਲਿਆ ਵੇਖ ਕੇ ਸਾਰੇ ਹੈਰਾਨ ਹੋ ਗਏ। ਪੰਕਜ ਵਾਸੂਦੇਵ ਨੇ ਹੈਰਾਨੀ ਨਾਲ ਪੁੱਛਿਆ, “ਭਾਅ ਜੀ ਇਹ ਕੀ ਕਰਿਸ਼ਮਾ ਹੋ ਗਿਆ? ਤੁਸੀਂ ਏਨੀ ਛੇਤੀ ਨਹਾ ਧੋ ਕੇ ਕਿਵੇਂ ਤਿਆਰ ਹੋ ਗਏ?” ਉਹ ਇਸ ਲਈ ਵੀ ਹੈਰਾਨ ਸੀ ਕਿ ਕੈਂਪ ਵਿਚ ਇਕ ਹੀ ਗੁਸਲਖਾਨਾ ਹੋਣ ਕਾਰਨ ਅਜੇ ਬਹੁਤਿਆਂ ਦੀ ਨਹਾਉਣ ਦੀ ਵਾਰੀ ਨਹੀਂ ਆਈ ਸੀ। ਮੈਂ ਸਾਹਮਣੇ ਨਦੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਥੇ ਤਿਆਰ ਹੋ ਕੇ ਆਇਆਂ ਹਾਂ ਜਿਥੇ ਕਾਂ ਬਗਲੇ ਬਣ ਕੇ ਨਿਕਲਦੇ ਨੇ।

ਅਸੀਂ ਅੱਠ ਕੁ ਵਜੇ ਨਾਸ਼ਤਾ ਕਰ ਕੇ ਪੈਂਗੌਂਗ ਝੀਲ ਵੱਲ ਰਵਾਨਗੀ ਪਾ ਦਿੱਤੀ। ਛੇਤੀ ਹੀ ਅਸੀਂ ਰੇਤਲੀ ਵਾਦੀ ਛੱਡ ਕੇ ਪਥਰੀਲੇ ਇਲਾਕੇ ਵਿਚ ਪਹੁੰਚ ਗਏ ਜਿਥੇ ਕਦੇ ਕਦੇ ਨਦੀ ਦੇ ਢਾਹੇ ਦੀ ਦਲਦਲ ਵਿਚ ਉੱਗੇ ਛੋਟੇ ਛੋਟੇ ਘਾਹ ਵਿਚ ਯਾਕ ਜਾਂ ਪਸ਼ਮੀਨਾ ਬੱਕਰੀਆਂ ਚਰਦੀਆਂ ਵਿਖਾਈ ਦਿੰਦੀਆਂ। ਲੱਦਾਖੀ ਚੂਹੇ (ਮੈਰਮਟ) ਸਾਡੇ ਨਾਲ ਲੁਕਣ ਮੀਟੀ ਖੇਡ ਰਹੇ ਸਨ। ਉਹ ਇਕ ਖੁੱਡ ਵਿਚੋਂ ਨਿਕਲ ਕੇ ਦੌੜਦੇ ਅਤੇ ਗੱਡੀ ਦੇ ਨੇੜੇ ਪਹੁੰਚਣ ’ਤੇ ਦੂਜੀ ਖੁੱਡ ਵਿਚ ਜਾ ਵੜਦੇ। ਖੁੱਡ ਵਿਚ ਵੜਨ ਤੋਂ ਪਹਿਲਾਂ ਉਹ ਜੇਤੂ ਅੰਦਾਜ਼ ਵਿਚ ਆਪਣੀ ਪੂਛ ਜ਼ਰੂਰ ਹਿਲਾਉਂਦੇ ਅਤੇ ਅਗਲੀਆਂ ਲੱਤਾਂ ਦੇ ਪਾਂਚਿਆਂ ਨਾਲ ਨੱਕ ਉਪਰ ਖੁਰਕ ਜਿਹੀ ਕਰਦੇ। ਮੈਨੂੰ ਇੰਜ ਲੱਗਦਾ ਜਿਵੇਂ ਸਾਨੂੰ ਵੇਖ ਕੇ ਮੁੱਛਾਂ ਨੂੰ ਵੱਟ ਦਿੰਦੇ ਹੋਣ।

ਅਖੀਰ ਸਾਡੀ ਉਡੀਕ ਅਤੇ ਬੇਸਬਰੀ ਖ਼ਤਮ ਹੋਈ ਜਦ ਅਸੀਂ ਲੁਕੰਮ ਫੌਜੀ ਚੌਕੀ ’ਤੇ ਪਹੁੰਚ ਗਏ ਤੇ ਸਾਹਮਣੇ ਝੀਲ ਨਜ਼ਰ ਆਉਣ ਲੱਗੀ। ਇਥੇ ਸਾਡੇ ਆਉਣ ਦੀ ਸੂਚਨਾ ਪਹਿਲਾਂ ਹੀ ਪਹੁੰਚ ਚੁੱਕੀ ਸੀ। ਨਾਕੇ ਉਪਰ ਸਿੱਖ ਲਾਈਟ ਇਨਫੈਂਟਰੀ ਦੇ ਅਧਿਕਾਰੀ ਅਤੇ ਜਵਾਨ ਤੈਨਾਤ ਸਨ। ਉਨ੍ਹਾਂ ਨੇ ਪਰਮਿਟ ਵੇਖ ਕੇ ਸਾਨੂੰ ਤੁਰੰਤ ਅੱਗੇ ਜਾਣ ਦੀ ਇਜਾਜ਼ਤ ਦੇ ਦਿਤੀ। ਹੁਣ ਅਸੀਂ ਝੀਲ ਦੇ ਸਾਹਿਲ ’ਤੇ ਪਹੁੰਚ ਚੁੱਕੇ ਸਾਂ। ਇਥੇ ਫੌਜ ਦੀ ਚੌਕੀ ਨਾਲ ਬੈਰਕਾਂ ਬਣੀਆਂ ਹੋਈਆਂ ਸਨ। ਇਥੇ ਤਿੰਨ ਚਾਰ ਫੌਜੀ ਗੱਡੀਆਂ ਖੜ੍ਹੀਆਂ ਸਨ। ਇਥੋਂ ਇਕ ਸੜਕ ਖੱਬੇ ਪਾਸੇ ਵੱਡ ਮੁੜਦੀ ਸੀ ਜਿਸ ਉਪਰ ਫੌਜ ਨੇ ਆਪਣਾ ਬੈਰੀਅਰ ਲਾਇਆ ਹੋਇਆ ਸੀ। ਅਸਲ ਵਿਚ ਇਹ ਸੜਕ ਫੌਜ ਦੀ ਵਰਤੋਂ ਲਈ ਹੀ ਹੈ ਜੋ ਝੀਲ ਦੇ ਦੂਜੇ ਪਾਸੇ ਚੀਨੀ ਸਰਹੱਦ ਤੱਕ ਜਾਂਦੀ ਹੈ ਅਤੇ ਇਥੋਂ ਹੀ ਇਕ ਹੋਰ ਸੜਕ ਹਾਟ ਸਪਰਿੰਗ ਵੱਲ ਮੁੜਦੀ ਹੈ ਜਿਥੇ ਇਕ ਵਾਰ ਚੀਨੀ ਫੌਜੀਆਂ ਨੇ ਭਾਰਤ ਚੌਕੀ ਉਪਰ ਹਮਲਾ ਕਰਕੇ ਸੀ.ਆਰ.ਪੀ. ਦੇ 8 ਸਿਪਾਹੀਆਂ ਨੂੰ ਸ਼ਹੀਦ ਕਰ ਦਿਤਾ ਸੀ।

ਪੈਂਗੌਂਗ ਝੀਲ ਲੱਦਾਖ ਅਤੇ ਚਾਂਗਚੈਨਮੋ ਪਹਾੜੀਆਂ ਦੇ ਕਰੇਟਰ ਵਿਚ ਸਥਿਤ ਹੈ, ਸਮੁੰਦਰੀ ਤੱਲ ਤੋਂ ਇਸ ਦੀ ਉਚਾਈ 14,000 ਫੁੱਟ ਹੈ ਅਤੇ ਇਹ ਖਾਰੇ ਪਾਣੀ ਦੀ ਏਸ਼ੀਆ ਦੀ ਸਭ ਤੋਂ ਵੱਡੀ ਝੀਲ ਹੈ। ਇਸ ਦੇ ਪਾਣੀ ਦੇ ਸਵਾਦ ਅਤੇ ਸਾਹਿਲ ਦੀ ਬਣਤਰ ਤੋਂ ਇਹ ਬਿਲਕੁਲ ਸਮੁੰਦਰ ਦਾ ਭੁਲੇਖਾ ਪਾਉਂਦੀ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਪਹਾੜਾਂ ਦੀਆਂ ਟੀਸੀਆਂ ’ਤੇ ਸਮੁੰਦਰ ਪਸਰਿਆ ਹੋਵੇ। ਇਹ ਭਾਰਤ ਅਤੇ ਤਿੱਬਤ (ਚੀਨ) ਦੋਹਾਂ ਦੇਸ਼ਾਂ ਵਿਚਕਾਰ ਪੈਂਦੀ ਹੈ। ਇਸ ਲਈ ਇਥੇ ਫੌਜ ਨੇ ਗਸ਼ਤ ਲਈ ਵੱਡੀਆਂ ਮੋਟਰ ਕਿਸ਼ਤੀਆਂ ਅਤੇ ਸਟੀਮਰ ਰੱਖੇ ਹੋਏ ਹਨ। ਇਸ ਦਾ ਇਕ ਤਿਹਾਈ ਹਿੱਸਾ ਭਾਰਤ ਵਿਚ ਅਤੇ ਦੋ ਤਿਹਾਈ ਤਿੱਬਤ ਵਿਚ ਹੈ। ਇਹ ਝੀਲ 130 ਕਿਲੋਮੀਟਰ ਲੰਮੀ ਹੈ ਅਤੇ ਇਕ ਥਾਂ ਤੋਂ ਇਸ ਦੀ ਚੌੜਾਈ 6-7 ਕਿਲੋਮੀਟਰ ਤੱਕ ਹੈ। ਇਹ ਲੇਹ ਤੋਂ 120 ਕਿਲੋਮੀਟਰ ਅਤੇ ਕਾਰੂ ਤੋਂ 90 ਕਿਲੋਮੀਟਰ ਦੂਰ ਹੈ। ਪੈਗੌਂਗ ਝੀਲ ’ਤੇ ਪਹੁੰਚ ਕੇ ਇਸ ਦੇ ਨਿਰਮਲ ਪਾਣੀ ਦੇ ਵੱਖੋ ਵੱਖਰੇ ਰੰਗ ਅਤੇ ਪਾਰਲੀਆਂ ਚਾਂਗ ਚੈਨਮੋ ਰੇਂਜ ਦੀਆਂ ਪਹਾੜੀਆਂ ਦਾ ਇਸ ਦੇ ਰੰਗਾਂ ਉਪਰ ਪ੍ਰਭਾਵ ਕਥਨੋਂ ਬਾਹਰੀ ਗੱਲ ਹੈ। ਸਾਡੀਆਂ ਤਿੰਨੇ ਜੀਪਾਂ ਝੀਲ ਦੇ ਸਾਹਿਲ ਨੇੜੇ ਬਣੀ ਪਥਰੀਲੀ ਸੜਕ ਉਪਰ ਚੱਲ ਰਹੀਆਂ ਸਨ। ਤਿੰਨੇ ਫੋਟੋ ਗਰਾਫਰ ਪੰਕਜ ਸ਼ਰਮਾ, ਸਵਦੇਸ਼ ਤਲਵਾੜ ਅਤੇ ਪੰਕਜ ਵਾਸੂਦੇਵ ਝੀਲ ਦੇ ਵੱਖ ਵੱਖ ਰੂਪਾਂ ਦੀਆਂ ਤਸਵੀਰਾਂ ਖਿੱਚਣ ਵਿਚ ਰੁੱਝ ਗਏ। ਸੁਖਬੀਰ ਅਤੇ ਮਨਮੋਹਨ ਵੀਡੀਓਗਰਾਫ਼ੀ ਵਿਚ ਮਸਤ ਸਨ।

ਝੀਲ ਦੀ ਪਰਿਕਰਮਾ ਕਰਦੇ ਹੋਏ ਅਸੀਂ ਅਗਲੇ ਕਬਾਇਲੀ ਪਿੰਡ ਪੈਂਗਮਿਕ ਪਹੁੰਚ ਗਏ। ਇਹ ਪਿੰਡ ਝੀਲ ਦੇ ਕਿਨਾਰੇ ’ਤੇ ਵਸਿਆ ਹੋਇਆ ਹੈ। ਭਾਵੇਂ ਇਹ ਪਿੰਡ ਵੀ ਚਾਂਗ ਪਾ ਖਾਨਾਬਦੋਸ਼ਾਂ ਦਾ ਟਿਕਾਣਾ ਹੈ ਪਰ ਹੁਣ ਇਹ ਪੱਕੇ ਤੌਰ ’ਤੇ ਇਥੇ ਰਹਿਣ



ਲੱਗ ਪਏ ਹਨ। ਪਹਿਲਾਂ ਇਹ ਲੋਕ ਟੀਪੀ ਕਿਸਮ ਦੇ ਗੋਲ ਤੰਬੂਆਂ (ਰੈਬੋ) ਵਿਚ ਰਹਿੰਦੇ ਸਨ ਅਤੇ ਸਰਦੀਆਂ ਵਿਚ ਬਰਫ਼ ਪੈਣ ਸਮੇਂ ਨੀਵੀਆਂ ਵਾਦੀਆਂ ਵਿਚ ਚਲੇ ਜਾਂਦੇ ਸਨ ਪਰ ਹੁਣ ਇਨ੍ਹਾਂ ਨੇ ਪੱਧਰੀਆਂ ਛੱਤਾਂ ਵਾਲੇ ਕੱਚੇ ਘਰ ਬਣਾ ਲਏ ਹਨ। ਪੱਥਰ ਤੇ ਮਿੱਟੀ ਦੀਆਂ ਕੰਧਾਂ ਚਿਣ ਕੇ ਇਨ੍ਹਾਂ ਨੇ ਪਸ਼ੂ ਰੱਖਣ ਲਈ ਛੋਟੇ ਛੋਟੇ ਵਾੜੇ ਵੀ ਬਣਾ ਲਏ ਹਨ। ਇਹ ਝੀਲ ਦੇ ਦੱਖਣੀ ਸਾਹਿਲ ਨੇੜੇ ਤੰਗ ਜਿਹੀ ਵਾਦੀ ਵਿਚ ਗਰਮੀਆਂ ਵਿਚ ਜੌਂ ਅਤੇ ਮਟਰਾਂ ਦੀ ਖੇਤੀ ਕਰਦੇ ਹਨ। ਤਿੱਬਤ ਅਤੇ ਦੱਖਣ ਪੂਰਬੀ ਲੱਦਾਖ ਦੇ ਭੂਗੋਲਿਕ ਖਿਤੇ ਵਿਚ ਵਿਕਸਿਤ ਹੋਏ ਇਨ੍ਹਾਂ ਲੋਕਾਂ ਦੇ ਚਿਹਰੇ ਦੀ ਬਣਤਰ ਅਤੇ ਡੀਲ ਡੌਲ ਭਾਵੇਂ ਮੰਗੋਲ ਨਸਲਾਂ ਨਾਲ ਮਿਲਦੀ ਜੁਲਦੀ ਹੈ ਪਰ ਸਿੱਧੀ ਧੁੱਪ ਅਤੇ ਬਰਫ਼ ਪੈਣ ਕਾਰਨ ਇਨ੍ਹਾਂ ਦਾ ਰੰਗ ਪੱਕਾ ਹੈ। ਇਨ੍ਹਾਂ ਦੀ ਬੋਲੀ ਵੀ ਕਬਾਇਲੀ ਤਿੱਬਤੀ ਤੇ ਲੱਦਾਖੀ ਦਾ ਮਿਲਗੋਭਾ ਹੈ। ਫੌਜ ਅਤੇ ਸੈਲਾਨੀਆਂ ਨਾਲ ਬਾਵਾਸਤਾ ਹੋਣ ਕਰਕੇ ਇਹ ਹਿੰਦੀ ਵੀ ਜਾਣਦੇ ਹਨ।

ਦੀਪਕ, ਉਮੇਸ਼ ਅਤੇ ਰੋਹਿਤ ਅਸੀਂ ਚਾਰੇ ਇਕ ਗੱਡੀ ਵਿਚ ਹੋਣ ਕਾਰਨ ਇਕੱਠੇ ਹੀ ਪਿੰਡ ਦੇ ਬਾਹਰ, ਚਿੱਟੇ ਰੰਗ ਦੇ ਦੋ ਵਿਸ਼ਾਲ ਤੰਬੂਆਂ ਕੋਲ ਰੁਕ ਗਏ। ਤੰਬੂਆਂ ਦੇ ਬਾਹਰ ਪਲਾਸਟਿਕ ਦੀਆਂ ਲਾਲ ਰੰਗ ਦੀਆਂ ਕੁਝ ਕੁਰਸੀਆਂ ਅਤੇ ਇਕ ਮੇਜ਼ ਲੱਗਾ ਹੋਇਆ ਸੀ। ਅਸੀਂ ਨੇੜੇ ਗਏ ਤਾਂ ਇਕ ਗਿੱਠੇ ਕੱਦ ਦੀ ਭਾਰੀ ਜਿਹੀ ਕੁੜੀ ਟੈਂਟ ਤੋਂ ਬਾਹਰ ਆਈ। ਉਸ ਨੇ ਸਾਨੂੰ ‘ਜੂਲੇ ਜੂਲੇ’ ਕਹਿ ਕੇ ਸੁਆਗਤ ਕੀਤਾ। ਉਸ ਨਾਲ ਗੱਲਬਾਤ ਕਰਨ ’ਤੇ ਪਤਾ ਲੱਗਾ ਕਿ ਜੰਮੂ ਕਸ਼ਮੀਰ ਸਰਕਾਰ ਨੇ ਕਬਾਇਲੀ ਔਰਤਾਂ ਦੇ ਵਿਕਾਸ ਲਈ ਸਵੈ ਸਹਾਇਤਾ ਗਰੁੱਪ ਬਣਾਏ ਹਨ। ਇਨ੍ਹਾਂ ਔਰਤਾਂ ਦੇ ਕਲੱਬਾਂ ਨੇ ਇਸ ਤਰ੍ਹਾਂ ਦੇ ਟੈਂਟ ਲਗਾ ਕੇ ਸੈਲਾਨੀਆਂ ਦੇ ਠਹਿਰਨ ਅਤੇ ਉਨ੍ਹਾਂ ਦੇ ਖਾਣ ਪੀਣ ਲਈ ਆਰਜ਼ੀ ਰੇਸਤਰਾਂ ਖੋਲ੍ਹੇ ਹੋਏ ਹਨ। ਇਹ ਸਮਾਨ ਸਰਕਾਰ ਨੇ ਕਰਜ਼ੇ ਉਪਰ ਦਿਤਾ ਹੈ ਜਿਸ ਦੀ ਵਾਪਸੀ ਇਨ੍ਹਾਂ ਕਲੱਬਾਂ ਨੇ ਆਸਾਨ ਕਿਸ਼ਤਾਂ ਰਾਹੀਂ ਕਰਨੀ ਹੈ। ਬਿਲਕੁਲ ਦੂਰ ਦਰਾਜ ਦੇ ਇਲਾਕੇ ਵਿਚ ਸਰਕਾਰ ਦੀ ਇਸ ਪਹਿਲਕਦਮੀ ਅਤੇ ਪਿੰਡ ਦੀਆਂ ਔਰਤਾਂ ਦੀ ਹਿੰਮਤ ਦਾ ਸਤਿਕਾਰ ਕਰਦਿਆਂ ਅਸੀਂ ਇਥੇ ਚਾਹ ਪੀਤੀ। ਸਿਰਫ਼ ਪੰਜ ਰੁਪਏ ਦਾ ਚਾਹ ਦਾ ਕੱਪ।

ਪਿੰਡ ਦੇ ਕੁਝ ਸਿਆਣੇ ਬੰਦੇ ਅਤੇ ਬੱਚੇ ਵੀ ਸਾਡੀ ਜੀਪ ਦੇ ਦੁਆਲੇ ਹੋ ਗਏ। ਬੱਚੇ ਬਹੁਤ ਪਿਆਰੇ ਲੱਗ ਰਹੇ ਸਨ। ਕੁਝ ਦੇ ਨੱਕ ਵਗ ਰਹੇ ਸਨ। ਬੱਚਿਆਂ ਦੀਆਂ ਹਰਕਤਾਂ ਅਤੇ ਚੰਚਲ ਚਿਹਰੇ ਵੇਖ ਕੇ ਮੈਨੂੰ ਆਪਣਾ ਬਚਪਨ ਯਾਦ ਆ ਗਿਆ। ਮੈਂ ਇਕ ਗੋਭਲੇ ਜਿਹੇ ਬੱਚੇ ਨੂੰ ਗੋਦੀ ਚੁੱਕ ਕੇ ਜੀਪ ਦੀ ਡਰਾਈਵਰ ਵਾਲੀ ਸੀਟ ’ਤੇ ਬਿਠਾ ਦਿਤਾ ਫਿਰ ਉਸ ਦੇ ਚਿਹਰੇ ’ਤੇ ਖੁਸ਼ੀ ਦਾ ਜਲਾਲ ਵੇਖਣ ਵਾਲਾ ਸੀ। ਬੱਚਿਆਂ ਨੂੰ ਟਾਫੀਆਂ ਦਿੱਤੀਆਂ ਉਹ ਖੁਸ਼ ਹੋ ਗਏ।

ਅਸੀਂ ਪਿੰਡ ਵਾਸੀਆਂ ਨਾਲ ਗੱਲਬਾਤ ਕਰਨ ਹੀ ਲੱਗੇ ਸਾਂ ਇੰਨੇ ਇਕ ਬਜ਼ੁਰਗ ਝੂਲਦਾ ਹੋਇਆ ਸਾਡੇ ਵਿਚਕਾਰ ਆ ਖੜ੍ਹਾ ਹੋਇਆ। ਉਹ ਖੜ੍ਹਾ ਵੀ ਝੂਮ ਰਿਹਾ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਇਸ ਨੇ ਕੋਈ ਨਸ਼ਾ ਕੀਤਾ ਹੋਵੇ। ਉਹ ਆਪਣੀ ਭਾਸ਼ਾ ਵਿਚ ਕੁਝ ਬੋਲਿਆ। ਉਸ ਦੇ ਬੋਲਣ ਨਾਲ ਹੀ ਉਸ ਦੇ ਮੂੰਹ ਵਿਚੋਂ ਸ਼ਰਾਬ ਵਰਗੀ ਕਿਸੇ ਚੀਜ਼ ਦੀ ਬੋ ਆਈ। ਇਹ ਬੋ ਬਹੁਤ ਤਿੱਖੀ ਸੀ ਤੇ ਸਾਨੂੰ ਚੜ੍ਹ ਰਹੀ ਸੀ। ਬੁੜ੍ਹਾ ਉਚੀ ਸੁਰ ਵਿਚ ਕੁਝ ਬੋਲ ਰਿਹਾ ਸੀ ਅਤੇ ਇਸ਼ਾਰੇ ਕਰੀ ਜਾ ਰਿਹਾ ਸੀ। ਇਕ ਹੋਰ ਅਧਖੜ ਜਿਹਾ ਬੰਦਾ ਉਸ ਨੂੰ ਵਰਜ ਰਿਹਾ ਸੀ ਅਤੇ ਬਾਂਹ ਖਿੱਚ ਕੇ ਵਾਪਸ ਘਰ ਲਿਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੈਨੂੰ ਉਸ ਦੇ ਚਿਹਰੇ ਦੇ ਹਾਵ ਭਾਵ ਤੋਂ ਲੱਗਾ ਕਿ ਉਹ ਸਾਨੂੰ ਕੁਝ ਬੁਰਾ ਭਲਾ ਕਹਿ ਰਿਹਾ ਹੈ। ਅਸੀਂ ਉਸ ਤੋਂ ਖਹਿੜਾ ਛੁਡਾ ਕੇ ਚੱਲਣ ਹੀ ਲੱਗੇ ਸਾਂ ਇੰਨੇ ਨੂੰ ਇਕ ਹੋਰ ਨੌਜਵਾਨ ਉਥੇ ਆ ਗਿਆ ਜਿਸ ਨੇ ਸਾਡੀ ਮੁਸ਼ਕਲ ਹੱਲ ਕਰ ਦਿਤੀ। ਚਾਂਗ ਲੀ ਨਾਂ ਦਾ ਇਹ ਨੌਜਵਾਨ ਕੁਝ ਸਮਾਂ ਗਰੈਫ਼ ਵਿਚ ਰਿਹਾ ਹੋਣ ਕਾਰਨ ਇਸ ਇਲਾਕੇ ਬਾਰੇ ਕਾਫ਼ੀ ਜਾਣਕਾਰੀ ਰੱਖਦਾ ਸੀ। ਉਹ ਹੁਣ ਵੀ ਹਰੇ ਰੰਗ ਦੀ ਫੌਜੀ ਪਤਲੂਨ ਅਤੇ ਟੋਪੀ ਲੈ ਕੇ ਰੱਖਦਾ ਸੀ। ਉਸ ਨੇ ਟੁੱਟੀ ਫੁੱਟੀ ਹਿੰਦੀ ਵਿਚ ਸਾਨੂੰ ਦੱਸਿਆ ਕਿ ਬੁੜ੍ਹਾ ਅਸਲ ਵਿਚ ਘਰ ਦੀ ਕੱਢੀ ਦੇਸੀ ਦਾਰੂ (ਛੰਗ) ਨਾਲ ਟੱਲੀ ਸੀ। ਛੰਗ ਜੌਆਂ ਅਤੇ ਜੜ੍ਹੀਆਂ ਬੂਟੀਆਂ ਤੋਂ ਬਣਦੀ ਹੈ। ਭਾਵੇਂ ਇਸ ਵਿਚ ਬਹੁਤਾ ਨਸ਼ਾ ਨਹੀਂ ਹੁੰਦਾ ਪਰ ਇਸ ਦਾ ਨਸ਼ਾ ਲੰਮਾ ਸਮਾਂ ਰਹਿੰਦਾ ਹੈ।

ਪੈਂਗਮਿਕ ਪਿੰਡ ਬਾਰੇ ਜਾਣਕਾਰੀ ਹਾਸਲ ਕਰਨ ਮਗਰੋਂ ਅਸੀਂ ਅੱਗੇ ਚਲੇ ਗਏ ਜਿਥੇ ਝੀਲ ਦੀ ਚੌੜਾਈ ਕਾਫ਼ੀ ਸੀ ਅਤੇ ਇਸ ਦਾ ਸਾਹਿਲ ਵੀ ਦੂਰ ਤੱਕ ਫੈਲਿਆ ਹੋਇਆ ਸੀ। ਝੀਲ ਦੇ ਕਿਨਾਰੇ ਛੋਟੇ ਪੱਥਰ ਅਤੇ ਰੇਤਾ ਸੀ। ਇਥੇ ਪਾਣੀ ਦਾ ਰੰਗ ਗਹਿਰਾ ਨੀਲਾ ਸੀ ਬਿਲਕੁਲ ਅਕਾਲੀਆਂ ਦੀ ਪੱਗ ਦੇ ਰੰਗ ਵਰਗਾ ; ਜਦ ਕਿ ਪਿਛੇ ਇਸ ਦਾ ਰੰਗ ਹਰਾ ਅਤੇ ਆਸਮਾਨੀ ਭਾਹ ਮਾਰਦਾ ਸੀ। ਝੀਲ ਦੇ ਕਿਨਾਰੇ ’ਤੇ ਬੈਠ ਕੇ ਅਸੀਂ ਪਾਣੀ ਦੀਆਂ ਨਿੱਕੀਆਂ ਲਹਿਰਾਂ ਨੂੰ ਨਿਹਾਰਨ ਲੱਗੇ। ਦੂਰ ਇਕ ਪ੍ਰਵਾਸੀ ਬੱਤਖ ਅਤੇ ਉਸ ਦੇ ਦੋ ਨਿੱਕੇ ਚੂਜੇ ਪਾਣੀ ਉਪਰ ਤੈਰ ਰਹੇ ਸਨ। ਮਨਮੋਹਨ ਨੇ ਝੀਲ ਕਿਨਾਰੇ ਆਪਣਾ ਕੈਮਰਾ ਫਿੱਟ ਕਰ ਕੇ ਆਪਣੀ ਸ਼ੂਟਿੰਗ ਸ਼ੁਰੂ ਕਰ ਦਿਤੀ।

ਅਸੀਂ ਇਸ ਕੁਦਰਤੀ ਅਜੂਬੇ ਨੂੰ ਨਿਹਾਰਦੇ, ਝੀਲ ਦੇ ਠੰਢੇ ਖਾਰੇ ਪਾਣੀ ਦੀਆਂ ਚੂਲੀਆਂ ਭਰ ਕੇ ਇਸ ਦੀ ਛੋਹ ਦਾ ਆਨੰਦ ਮਾਣ ਰਹੇ ਸਾਂ। ਅਚਾਨਕ ਸਾਡੀ ਇਕ ਜੀਪ ਦੀ ਉੱਚੀ ਆਵਾਜ਼ ਨੇ ਧਿਆਨ ਉਸ ਪਾਸੇ ਮੋੜ ਦਿਤਾ। ਡਰਾਈਵਰ ਜ਼ੋਰ ਨਾਲ ਐਕਸਿਲਰੇਟਰ ਦਬਾ ਕੇ ਸ਼ੋਰ ਕਰ ਰਿਹਾ ਸੀ। ਜਦ ਨੇੜੇ ਜਾ ਕੇ ਵੇਖਿਆ, ਪੱਪੂ ਵਾਲੀ ਜੀਪ ਝੀਲ ਦੇ ਸਾਹਿਲ ਨੇੜੇ ਦਲਦਲ ਵਿਚ ਫਸੀ ਹੋਈ ਸੀ। ਇਸ ਦਾ ਪਿਛਲਾ ਹਿੱਸਾ ਐਕਸਲ ਤੱਕ ਜ਼ਮੀਨ ’ਤੇ ਲੱਗਾ ਹੋਇਆ ਸੀ ਤੇ ਟਾਇਰ ਦਲਦਲ ਵਿਚ ਘੁੰਮ ਰਹੇ ਸਨ। ਹੁਣ ਜੀਪ ਨੂੰ ਧੱਕਾ ਲਾ ਕੇ ਕੱਢਣ ਦੀ ਕੋਸ਼ਿਸ਼ ਵੀ ਬੇਅਰਥ ਸੀ ਕਿਉਂਕਿ ਇਸ ਦੇ ਟਾਇਰ ਹੀ ਜ਼ਮੀਨ ’ਤੇ ਨਹੀਂ ਲੱਗ ਰਹੇ ਸਨ। ਸਾਡੇ ਕੋਲ ਗੈਂਤੀ, ਬੇਲਚਾ ਜਾਂ ਰੱਸਾ ਵਗੈਰਾ ਕੁਝ ਵੀ ਨਹੀਂ ਸੀ ਜਿਸ ਦੀ ਮਦਦ ਨਾਲ ਅਸੀਂ ਜੀਪ ਕੱਢ ਲੈਂਦੇ। ਇਸ ਹਾਲਤ ਵਿਚ ਜੀਪ ਦੇ ਐਕਸਲ ਚੈਂਬਰ ਹੇਠੋਂ ਮਿੱਟੀ ਕੱਢ ਕੇ ਜਾਂ ਜੈਕ ਲਗਾ ਕੇ ਇਸ ਦੇ ਟਾਇਰਾਂ ਹੇਠ ਭਾਰੀ ਪੱਥਰ ਰੱਖ ਕੇ ਇਹ ਬਾਹਰ ਨਿਕਲ ਸਕਦੀ ਸੀ। ਮੈਨੂੰ ਆਪਣਾ ਨਵਾਂ ਬਣਿਆ ਦੋਸਤ ਚਾਂਗ ਲੀ ਚੇਤੇ ਆ ਗਿਆ। ਮੈਂ ਦੀਪਕ ਨੂੰ ਨਾਲ ਲੈ ਕੇ ਆਪਣੇ ਵਾਲੀ ਜੀਪ ਪੈਂਗਮਿਕ ਪਿੰਡ ਵੱਲ ਵਾਪਸ ਘੁਮਾਈ ਅਤੇ ਚਾਂਗ ਦੇ ਘਰ ਅੱਗੇ ਆ ਕੇ ਬਰੇਕ ਮਾਰੀ। ਉਸ ਦੇ ਛੋਟੇ ਜਿਹੇ ਵਿਹੜੇ ਵਿਚ ਇਕ ਯਾਕ ਬੰਨ੍ਹਿਆ ਹੋਇਆ ਸੀ ਜੋ ਸਾਨੂੰ ਵੇਖ ਕੇ ਝੱਟ ਖੜ੍ਹਾ ਹੋ ਗਿਆ। ਚਾਂਗ ਲੀ ਬਾਹਰ ਆਇਆ ਅਸੀਂ ਉਸ ਨੂੰ ਆਪਣੀ ਮੁਸ਼ਕਲ ਦੱਸੀ ਅਤੇ ਉਸ ਤੋਂ ਬੇਲਚਾ ਤੇ ਰੱਸਾ ਮੰਗਿਆ। ਉਸ ਨੇ ਦੋ ਮਿੰਟਾਂ ਵਿਚ ਇਕ ਬੇਲਚਾ, ਇਕ ਕਸੀਏ ਵਰਗਾ ਛੋਟੇ ਜਿਹੇ ਦਸਤੇ ਵਾਲਾ ਸੰਦ ਅਤੇ ਇਕ ਨਾਈਲੋਨ ਦੀ ਲੰਮੀ ਪੱਟੀ ਚੁੱਕ ਕੇ ਗੱਡੀ ਵਿਚ ਰੱਖ ਲਏ।

ਡੇਢ ਦੋ ਘੰਟੇ ਦੀ ਜਦੋ ਜਹਿਦ ਮਗਰੋਂ ਦਲਦਲ ਵਿਚੋਂ ਜੀਪ ਬਾਹਰ ਕੱਢੀ। ਸਭ ਤੋਂ ਵੱਧ ਮਿਹਨਤ ਚਾਂਗ ਨੇ ਹੀ ਕੀਤੀ। ਸਾਡੇ ਕੁਝ ਸਾਥੀ ਤਾਂ ਗੱਡੀ ਦੇ ਨੇੜੇ ਹੀ ਨਹੀਂ ਆਏ ਦੂਰ ਖੜ੍ਹੇ ਤਮਾਸ਼ਾ ਵੇਖਦੇ ਰਹੇ। ਅਸੀਂ ਤਿੰਨ ਚਾਰ ਜਣੇ ਲੱਗੇ ਹੋਏ ਸਾਂ ਸਾਡਾ ਸਾਹ ਛੇਤੀ ਚੜ੍ਹ ਜਾਂਦਾ ਸੀ। ਦਲਦਲ ਵਿਚ ਗੱਡੀ ਫਸਣ ਕਾਰਨ ਸਾਨੂੰ ਅੱਗੇ ਚੀਨ ਨਾਲ ਲੱਗਦੀ ਸਰਹੱਦ ਤੱਕ ਜਾਣ ਦਾ ਪ੍ਰੋਗਰਾਮ ਰੱਦ ਕਰਨਾ ਪਿਆ। ਉਂਝ ਇਥੋਂ ਸਰਹੱਦ ਬਹੁਤੀ ਦੂਰ ਨਹੀਂ ਸੀ ਪੈਂਗਮਿਕ ਤੋਂ ਥਕੁੰਗ ਕੋਈ 60 ਕਿਲੋਮੀਟਰ ਦੂਰ ਹੈ ਜਿਥੋਂ ਝੀਲ ਪਹਾੜੀਆਂ ਦੇ ਓਹਲੇ ਹੋ ਜਾਂਦੀ ਹੈ ਅਤੇ ਸੜਕ ਚੂਸ਼ੁਲ ਨੂੰ ਮੁੜ ਜਾਂਦੀ ਹੈ। ਚੂਸ਼ੁਲ ਫੌਜੀ ਨਜ਼ਰੀਏ ਤੋਂ ਬਹੁਤ ਅਹਿਮ ਸਥਾਨ ਹੈ ਜਿਥੇ ਪੁਰਾਣਾ ਹਵਾਈ ਅੱਡਾ ਵੀ ਹੈ ਜਿਥੇ 1962 ਦੀ ਲੜਾਈ ਵਿਚ ਚੀਨ ਨੇ ਹਮਲਾ ਕਰ ਦਿਤਾ ਸੀ। ਇਸ ਹਲਕੇ ਵਿਚ ਸਰਹੱਦੀ ਚੌਕੀ ਸਾਗਾ ਪਿੰਡ ਨੇੜੇ ਹੈ ਜਿਥੇ ਭਾਰਤ ਅਤੇ ਚੀਨ ਦੀਆਂ ਫੌਜਾਂ ਤੈਨਾਤ ਰਹਿੰਦੀਆਂ ਹਨ। ਇਸ ਚੌਕੀ ’ਤੇ ਭਾਰਤ ਤਿੱਬਤੀ ਸਰਹੱਦੀ ਪੁਲਿਸ ਦਲ (ਆਈ.ਟੀ.ਬੀ.ਪੀ.ਐਫ.) ਅਤੇ ਫੌਜ ਵਲੋਂ ਪਹਿਰਾ ਦਿਤਾ ਜਾਂਦਾ ਹੈ ਅਤੇ ਹਰ ਰੋਜ਼ ਝੰਡਾ ਝੁਲਾਉਣ ਤੇ ਉਤਾਰਨ ਦੀ ਰਸਮ ਹੁੰਦੀ ਹੈ। ਭਾਰਤ ਵਾਲੇ ਪਾਸੇ ਝੀਲ ਦੇ ਨਾਲ ਥਕੁੰਗ ਤੋਂ ਪਹਿਲਾਂ ਮਨ ਅਤੇ ਮਰਿਖ ਨਾਂ ਦੇ ਦੋ ਹੋਰ ਕਬਾਇਲੀ ਪਿੰਡ ਹਨ। ਇਥੇ ਆ ਕੇ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਇਹੋ ਹੀ ਸਵਰਗ ਹੋਵੇ।

ਵਾਪਸੀ ਸਮੇਂ ਤਾਂਗਸੇ ਹੁੰਦੇ ਹੋਏ ਚਾਂਗ ਲਾ (ਦੱਰੇ) ਵੱਲ ਵਧੇ। ਸਾਡੀਆਂ ਜੀਪਾਂ ਆਪਣੀ ਰਫ਼ਤਾਰ ਨਾਲ ਅੱਗੇ ਵਧ ਰਹੀਆਂ ਸਨ। ਅਚਾਨਕ ਸਾਡੀ ਨਜ਼ਰ ਚਾਂਗ ਚੈਨਮੋ ਪਹਾੜੀਆਂ ਵਾਲੇ ਪਾਸਿਓਂ ਇਕ ਟਰੈਕ ਉਪਰ ਸਰਪਟ ਦੌੜਦੇ ਛੋਟੇ ਘੋੜੇ (ਟੱਟੂ) ਉਪਰ ਪਈ। ਇਸ ਉਪਰ ਇਕ ਖਾਨਾਬਦੋਸ਼ ਨੌਜਵਾਨ ਬੈਠਾ ਹੋਇਆ ਸੀ ਜਿਸ ਨੇ ਟੋਪ ਪਹਿਨਿਆ ਹੋਇਆ ਸੀ ਅਤੇ ਉਹ ਦੂਰੋਂ ਰੋਬਿਨ ਹੁੱਡ ਵਾਂਗ ਲੱਗ ਰਿਹਾ ਸੀ। ਅਸੀਂ ਗੱਡੀਆਂ ਰੋਕੀਆਂ ਅਤੇ ਉਸ ਦੀਆਂ ਤਸਵੀਰਾਂ ਖਿੱਚਣੀਆਂ ਚਾਹੀਆਂ। ਉਹ ਨੇੜੇ ਆ ਕੇ ਆਪਣੇ ਘੋੜੇ ਤੋਂ ਉਤਰ ਗਿਆ ਤੇ ਸਾਨੂੰ ਫਤਹਿ ਬੁਲਾਈ। ਉਸ ਦਾ ਚਿਹਰਾ ਧੁੱਪ ਵਿਚ ਸੜ ਕੇ ਕਾਲਾ ਹੋਇਆ ਪਿਆ ਸੀ। ਉਸ ਦੀ ਭਾਸ਼ਾ ਭਾਵੇਂ ਸਾਡੇ ਸਮਝ ਵਿਚ ਨਹੀਂ ਸੀ ਆ ਰਹੀ ਪਰ ਉਹ ਬਹੁਤ ਖੁਸ਼ ਹੋ ਰਿਹਾ ਸੀ। ਅਸੀਂ ਉਸ ਨੂੰ ਦੋਬਾਰਾ ਘੋੜੇ ਉਪਰ ਬੈਠਣ ਲਈ ਕਿਹਾ ਤਾਂ ਜੋ ਹੋਰ ਤਸਵੀਰਾਂ ਖਿੱਚ ਸਕੀਏ। ਉਹ ਹਸਦਾ ਹਸਦਾ ਆਪਣੇ ਘੋੜੇ ਦੀ ਲਗਾਮ ਫੜ ਕੇ ਸੜਕ ਦੇ ਨਾਲ ਨਾਲ ਚੱਲਣ ਲੱਗਾ। ਉਸ ਦੇ ਦੰਦ ਮੋਤੀਆਂ ਵਾਂਗ ਚਮਕ ਰਹੇ ਸਨ। ਫਿਰ ਉਸ ਨੂੰ ਬਾਏ ਕਹਿ ਕੇ ਅਸੀਂ ਆਪਣੀਆਂ ਜੀਪਾਂ ਵਿਚ ਬੈਠ ਗਏ। ਸਰਹੱਦੀ ਸੜਕ ਸੰਸਥਾ (ਬੀ.ਆਰ.ਓ.) ਦੀ ਲੇਬਰ ਸੜਕ ਦੀ ਮੁਰੰਮਤ ’ਤੇ ਲੱਗੀ ਹੋਈ ਸੀ। ਹੁਣ ਅਸੀਂ ਪੂਰੀ ਰਫਤਾਰ ਨਾਲ ਵਾਪਸ ਲੇਹ ਨੂੰ ਜਾ ਰਹੇ ਸਾਂ। ਚਾਂਗ ਲਾ ਪਾਰ ਕਰਕੇ ਜ਼ਿੰਗਰਲ ਫੌਜੀ ਕੈਂਪ ਨੇੜੇ ਇਕ ਢਾਬੇ ’ਤੇ ਰੁਕੇ। ਢਾਬੇ ਦੇ ਪਿਛਵਾੜੇ ਇਕ ਛੋਟਾ ਜਿਹਾ ਝਰਨਾ ਵਹਿ ਰਿਹਾ ਸੀ। ਬਾਹਰ ਇਕ ਪਾਸੇ ਬਹੁਤ ਸੋਹਣਾ ਘਾਹ ਦਾ ਨਿੱਕਾ ਜਿਹਾ ਮੈਦਾਨ ਸੀ। ਢਾਬੇ ਵਾਲੇ ਨੂੰ ਚਾਓਮਿਨ ਦਾ ਆਰਡਰ ਦੇ ਕੇ ਘਾਹ ’ਤੇ ਲੇਟ ਗਿਆ। ਧੁੱਪ ਬਹੁਤ ਤੇਜ਼ ਲੱਗ ਰਹੀ ਸੀ। ਇੰਨੇ ਨੂੰ ਦੂਜੀ ਜੀਪ ਵਿਚੋਂ ਤੇਜਿੰਦਰ ਸਹਿਗਲ ਅਤੇ ਧੁੱਲ ਵੀ ਆ ਗਏ ਅਤੇ ਮੇਰੇ ਕੋਲ ਲੇਟ ਕੇ ਗੱਲਾਂ ਕਰਨ ਲੱਗੇ। ਦੀਪਕ ਢਾਬੇ ਕੋਲ ਖੜ੍ਹੇ ਇਕ ਲੱਦਾਖੀ ਘੋੜੇ ’ਤੇ ਬੈਠ ਗਿਆ ਅਤੇ ਘੋੜਾ ਝਰਨੇ ਦੇ ਨਾਲ ਪਹਾੜੀ ਦੀ ਬਗਲ ਵਿਚ ਬਣੇ ਪੋਨੀ ਟਰੈਕ ’ਤੇ ਚੱਲ ਪਿਆ ਜਿਸ ਨੂੰ ਇਸ ਦੇ ਮਾਲਕ ਛੋਟੇ ਜਿਹੇ ਮੁੰਡੇ ਨੇ ਪੁਚਕਾਰ ਦੇ ਵਾਪਸ ਬੁਲਾਇਆ। ਉਸ ਨੇ ਦੱਸਿਆ ਕਿ ਇਨ੍ਹਾਂ ਪਹਾੜੀਆਂ ਦੀ ਸੈਰ ਲਈ ਉਹ ਕਿਰਾਏ ’ਤੇ ਇਹ ਘੋੜੇ ਦੇ ਦਿੰਦੇ ਹਨ, ਜੋ ਸਿੱਖਿਅਤ ਹੋਣ ਕਰਕੇ ਸੈਲਾਨੀਆਂ ਨੂੰ ਘੁਮਾ ਕੇ ਵਾਪਸ ਲੈ ਆਉਂਦਾ ਹੈ।

ਤਾਜ਼ੇ ਮਟਰਾਂ ਅਤੇ ਤਾਜ਼ੀ ਪਾਲਕ ਵਿਚ ਬਣੇ ਚਾਓਮਿਨ ਖਾ ਕੇ ਸਾਰੀ ਥਕਾਵਟ ਦੂਰ ਹੋ ਗਈ। ਇਹੋ ਹੀ ਸਾਡਾ ਲੰਚ ਸੀ। ਸਾਡੀ ਅਗਲੀ ਮੰਜ਼ਿਲ ਲੇਹ ਸ਼ਹਿਰ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES

01 ਜੁਲਾਈ 2020 ਤੋਂ 07 ਜੁਲਾਈ 2020

## ਐਮਰਜੈਂਸੀ ਦੇ ਬਦਲਵੇਂ ਅਰਥ

ਭਾਰਤ ਵਿਚ 45 ਸਾਲ ਪਹਿਲਾਂ ਤਤਕਾਲੀ ਪ੍ਰਧਾਨ ਮੰਤਰੀ ਵਲੋਂ ਲਗਾਈ ਗਈ ਐਮਰਜੈਂਸੀ ਉਪਰ ਜਿੱਥੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨਾਂ ਦੀ ਕੈਬਨਿਟ ਦੇ ਹੋਰਨਾਂ ਸਾਥੀਆਂ ਦੇ ਬਿਆਨ ਉਸ ਸਮੇਂ ਦੇਸ਼ ਅੰਦਰ ਐਲਾਨੀ ਸੰਕਟਕਾਲੀ ਸਥਿਤੀ ਨੂੰ ਲੋਕਤੰਤਰ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਪੇਸ਼ ਕਰਦੇ ਹਨ, ਉਥੇ ਭਾਰਤ ਸਰਕਾਰ ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪਾਰਟੀ ਦੇ ਸਿਰਮੌਰ ਸਿਆਸੀ ਨੇਤਾ ਪ੍ਰਕਾਸ਼ ਸਿੰਘ ਬਾਦਲ ਦਾ ਬਿਆਨ ਖਾਸ ਧਿਆਨ ਦੀ ਮੰਗ ਕਰਦਾ ਹੈ। ਭਾਵੇਂ ਭਾਰਤੀ ਮੀਡੀਆ ਨੇ ਸ੍ਰੀ ਬਾਦਲ ਦੇ ਇਸ ਬਿਆਨ ਦਾ ਬਹੁਤਾ ਨੋਟਿਸ ਨਹੀਂ ਲਿਆ ਪਰ ਇਸ ਬਿਆਨ ਦੀ ਸਿਆਸੀ ਸੁਰ ਦੇਸ਼ ਦੀ ਮੌਜੂਦਾ ਸਥਿਤੀ ਅਤੇ ਪਿਛਲੇ ਸਾਲ ਤੋਂ ਅਕਾਲੀ ਦਲ ਤੇ ਬੀਜੇਪੀ ਦੀ ਸਾਂਝ ਭਿਆਲੀ ਵਿਚ ਪੈਦਾ ਹੋ ਰਹੀਆਂ ਦਰਾੜਾਂ ਵੱਲ ਇਸ਼ਾਰਾ ਕਰਦੀ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਦੇਸ਼ ਦੇ ਧਰਮ ਨਿਰਪੱਖਤਾ ਵਾਲੇ (ਸੈਕੂਲਰ) ਲੋਕਰਾਜੀ ਸਰੂਪ ਦੀ ਰਾਖੀ ਕਰਨਾ, ਸਰਹੱਦਾਂ ਦੀ ਰਾਖੀ ਕਰਨ ਜਿੰਨਾ ਹੀ ਮਹੱਤਵਪੂਰਨ ਹੈ। ਸ੍ਰੀ ਬਾਦਲ ਨੇ ਭਾਰਤ ਵਿਚ ਸੰਘੀ ਢਾਂਚੇ ਦੀ ਅਹਿਮੀਅਤ ਵਾਲੀ ਗੱਲ ਫਿਰ ਦੁਹਰਾਈ ਹੈ ਅਤੇ ਇਹ ਵੀ ਸੰਕੇਤ ਦਿੱਤਾ ਹੈ ਕਿ ਦੇਸ਼ ਵਿਚ ਚੱਲ ਰਹੀਆਂ ਤਾਨਾਸ਼ਾਹੀ ਪ੍ਰਵਿਰਤੀਆਂ ਖਿਲਾਫ਼ ਲਗਾਤਾਰ ਚੌਕਸੀ ਦੀ ਲੋੜ ਹੈ।

ਜੇ ਸ੍ਰੀ ਬਾਦਲ ਦੇ ਇਸ ਬਿਆਨ ਨੂੰ 45 ਸਾਲ ਪਹਿਲਾਂ ਦੇਸ਼ ਵਿਚ ਐਲਾਨੀ ਐਮਰਜੈਂਸੀ ਤੋਂ ਬਾਅਦ ਪਾਰਟੀ ਦੇ ਤਤਕਾਲੀ ਪ੍ਰਧਾਨ ਮਰਹੂਮ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਨਗੀ ਹੇਠ 30 ਜੂਨ 1975 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਈ ਮੀਟਿੰਗ ਵਿਚ ਪਾਸ ਕੀਤੇ ਮਤੇ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਇਸ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਇਸ ਮਤੇ ਵਿਚ ਅਕਾਲੀ ਦਲ ਨੇ ਉਸ ਸਮੇਂ ਦੇਸ਼ ਦੇ ਹਾਲਾਤ ਨੂੰ ਫਾਸ਼ੀਵਾਦ ਵਾਲੇ ਦੱਸਿਆ ਸੀ ਅਤੇ 9 ਜੁਲਾਈ 1975 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਐਮਰਜੈਂਸੀ ਖਿਲਾਫ਼ ਮੋਰਚੇ ਦਾ ਐਲਾਨ ਕਰ ਕੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਸਨ। ਐਮਰਜੈਂਸੀ ਦੇ 21 ਮਹੀਨਿਆਂ ਦੇ ਦੌਰ ਵਿਚ (25 ਜੂਨ 1975-21 ਮਾਰਚ 1977) ਸ਼੍ਰੋਮਣੀ ਅਕਾਲੀ ਦਲ ਵਲੋਂ ਲਗਾਏ ਗਏ ਮੋਰਚੇ ਵਿਚ 45000 ਸਿੱਖਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਜਦਕਿ ਪੂਰੇ ਦੇਸ਼ ਵਿਚ ਇਕ ਲੱਖ ਚਾਲੀ ਹਜ਼ਾਰ ਲੋਕ ਗ੍ਰਿਫ਼ਤਾਰ ਹੋਏ ਸਨ। ਜਿੱਥੇ ਸ਼੍ਰੋਮਣੀ ਅਕਾਲੀ ਦਲ ਐਮਰਜੈਂਸੀ ਖਿਲਾਫ਼ ਲਗਾਏ ਗਏ ਮੋਰਚੇ ਨੂੰ ਆਪਣੀ ਪਾਰਟੀ ਦੇ ਇਤਿਹਾਸ ਦਾ ਸੁਨਹਿਰਾ ਪੰਨਾ ਕਹਿ ਕੇ ਵਡਿਆਈ ਕਰਦਾ ਹੈ, ਉਥੇ ਕੁਝ ਸਿੱਖ ਚਿੰਤਕਾਂ ਅਤੇ ਸਿਆਸੀ ਵਿਸ਼ਲੇਸ਼ਕਾਂ ਦਾ ਇਹ ਵੀ ਵਿਚਾਰ ਹੈ ਕਿ ਅਕਾਲੀ ਦਲ ਨੇ ਐਮਰਜੈਂਸੀ ਖਿਲਾਫ਼ ਮੋਰਚਾ ਲਾ ਕੇ ਬਿਨਾਂ ਮਤਲਬ ਇੰਦਰਾ ਗਾਂਧੀ ਦੁਸ਼ਮਣੀ ਮੁੱਲ ਲਈ, ਕਿਉਂਕਿ ਇਸ ਤੋਂ ਪਹਿਲਾਂ ਅਕਾਲੀ ਦਲ ਨਾਲ ਕੋਈ ਤਿੱਖਾ ਟਕਰਾਅ ਨਹੀਂ ਸੀ।

ਜੇ ਐਮਰਜੈਂਸੀ ਲਾਉਣ ਦੇ ਤਤਕਾਲੀ ਕਾਰਨਾਂ ਵੱਲ ਵੇਖਿਆ ਜਾਵੇ ਤਾਂ ਸਪੱਸ਼ਟ ਹੈ ਕਿ 1971 ਦੀਆਂ ਚੋਣਾਂ ਵਿਚ ਇੰਦਰਾ ਗਾਂਧੀ ਦੀ ਲੋਕ ਸਭਾ ਚੋਣ ਨੂੰ ਪਹਿਲਾਂ ਅਲਾਹਾਬਾਦ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਵਿਚੋਂ ਰੱਦ ਹੋ ਜਾਣ ਕਾਰਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਬੁਖਲਾ ਗਈ ਸੀ, ਕਿਉਂਕਿ ਅਦਾਲਤ ਨੇ ਉਨਾਂ ਨੂੰ ਲੋਕ ਸਭਾ ਦੀ ਮੈਂਬਰੀ ਤੋਂ ਖਾਰਜ ਕਰ ਦਿੱਤਾ ਸੀ ਅਤੇ 6 ਸਾਲ ਲਈ ਚੋਣ ਲੜਨ ਤੇ ਪਾਬੰਦੀ ਲਾ ਦਿੱਤੀ ਸੀ। ਭਾਵੇਂ ਐਮਰਜੈਂਸੀ ਲਾਉਣ ਲਈ ਕੇਂਦਰੀ ਮੰਤਰੀ ਮੰਡਲ ਵਲੋਂ ਤਿਆਰ ਕੀਤੇ ਗਏ ਮਤੇ ਵਿਚ, ਜੋ ਕਿ ਪੱਛਮੀ ਬੰਗਾਲ ਦੇ ਤਤਕਾਲੀ ਮੁੱਖ ਮੰਤਰੀ ਅਤੇ ਮਗਰੋਂ ਪੰਜਾਬ ਦੇ ਗਵਰਨਰ ਰਹੇ ਸਿਧਾਰਥ ਸ਼ੰਕਰ ਰੇਅ ਨੇ ਤਿਆਰ ਕੀਤਾ ਸੀ, ਦੇਸ਼ ਦੇ ਅੰਦਰੂਨੀ ਹਾਲਾਤ ਨਾਸਾਜ਼ ਦੱਸੇ ਗਏ ਸਨ, ਪਰ ਅਸਲ ਕਾਰਨ ਇੰਦਰਾ ਦੀ ਗੱਦੀ ਖੁਸਣ ਦਾ ਤੌਖਲਾ ਸੀ। ਭਾਰਤ ਦੇ ਤਤਕਾਲੀ ਰਾਸ਼ਟਰਪਤੀ ਨੇ ਇੰਦਰਾ ਗਾਂਧੀ ਦੀ ਸਿਫਾਰਸ਼ ਮੰਨ ਕੇ ਦੇਸ਼ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਸੀ। ਇੱਥੇ ਇਹ ਜ਼ਿਕਰ ਕਰਨਾ ਵੀ ਵਾਜਬ ਹੋਵੇਗਾ ਕਿ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਅਤੇ ਜਮਾਤ ਏ ਇਸਲਾਮੀ ਵਰਗੀਆਂ ਜਥੇਬੰਦੀਆਂ ਤੇ ਪਾਬੰਦੀ ਲਾ ਦਿੱਤੀ ਸੀ ਪਰ ਅਕਾਲੀ ਦਲ ਜਾਂ ਕਿਸੇ ਵੀ ਸਿੱਖ ਜਥੇਬੰਦੀ ਉਪਰ ਪਾਬੰਦੀ ਆਇਦ ਨਹੀਂ ਸੀ ਕੀਤੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਐਮਰਜੈਂਸੀ ਤੋਂ ਬਾਅਦ ਸਿੱਖ ਧਰਮ ਯੁੱਧ ਮੋਰਚੇ, ਬਲੂ ਸਟਾਰ ਅਪ੍ਰੇਸ਼ਨ ਅਤੇ ਦਿੱਲੀ ਦੇ ਸਿੱਖ ਕਤਲੇਆਮ ਦੌਰਾਨ ਕਾਂਗਰਸ ਦੀ ਹਕੂਮਤ ਦੇ ਜਬਰ ਅਤੇ ਦਮਨ ਨੂੰ ਵੇਖ ਭੁਗਤ ਚੁੱਕੇ ਹਨ ਪਰ ਜੇ ਪ੍ਰਕਾਸ਼ ਸਿੰਘ ਬਾਦਲ ਦੇ ਇਸ ਬਿਆਨ ਦੀ ਸਿਆਸੀ ਪੜਚੋਲ ਕੀਤੀ ਜਾਵੇ ਤਾਂ ਇਹ ਦੇਸ਼ ਦੇ ਮੌਜੂਦਾ ਹਾਲਾਤ ਵੱਲ ਵਧੇਰੇ ਮੁਖਾਤਿਬ ਹੈ। ਸਾਫ਼ ਜ਼ਾਹਿਰ ਹੈ ਕਿ ਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਪਿਛਲੇ 6 ਸਾਲ ਦੀ ਹਕੂਮਤ ਦੌਰਾਨ ਘੱਟਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਨੂੰ ਜਿਸ ਤਰੀਕੇ ਨਾਲ ਨਿਸ਼ਾਨਾ ਬਣਾਇਆ ਗਿਆ ਹੈ, ਵਿਦਿਅਕ ਸੰਸਥਾਵਾਂ ਦੇ ਅਕਾਦਮਿਕ ਸਰੂਪ ਨੂੰ ਢਾਹ ਲਾਈ ਗਈ, ਉਹ ਕਿਸੇ ਤੋਂ ਗੁੱਝੀ ਨਹੀਂ। ਸ੍ਰੀ ਬਾਦਲ ਜੋ 1977 ਦੀ ਭਾਈਵਾਲੀ ਤੋਂ ਲੈ ਕੇ ਹੁਣ ਤੱਕ ਅਕਾਲੀ ਦਲ-ਬੀਜੇਪੀ ਦੇ ਗਠਜੋੜ ਨੂੰ ਇਕ ਨਹੁੰ ਮਾਸ ਦੇ ਰਿਸ਼ਤੇ ਵਾਲਾ ਗਠਜੋੜ ਦੱਸਦੇ ਆਏ ਹਨ, ਉਨਾਂ ਵਲੋਂ ਇਹ ਬਿਆਨ ਕਿਸੇ ਸਿਆਸੀ ਕੁੜੱਤਣ, ਬੇਚੈਨੀ ਅਤੇ ਬੇਵਸੀ ਵੱਲ ਸੰਕੇਤ ਹੈ।

ਇਸ ਸਮੁੱਚੇ ਵਰਤਾਰੇ ਨੂੰ ਭਾਵੇਂ ਇਸ ਤਰਾਂ ਨਹੀਂ ਵੇਖਿਆ ਜਾ ਸਕਦਾ ਕਿ ਇਸ ਮੁੱਦੇ ਤੇ ਕੱਲ ਨੂੰ ਹੀ ਇਨਾਂ ਪਾਰਟੀਆਂ ਦਾ ਗਠਜੋੜ ਟੁੱਟ ਜਾਏਗਾ ਪਰ ਪਾਰਟੀ ਦੇ ਇਕ ਕੱਦਾਵਾਰ ਆਗੂ ਵਲੋਂ ਇਸ ਸਥਿਤੀ ਨੂੰ ਐਮਰਜੈਂਸੀ ਦੇ ਪ੍ਰਸੰਗ ਵਿਚ ਬਿਆਨ ਕਰਨਾ ਜ਼ਰੂਰ ਕੁਝ ਅਰਥ ਰੱਖਦਾ ਹੈ।

# ਭਾਰਤੀ ਜਨਤਾ ਪਾਰਟੀ ਤੇ ਫਿਰਕਾਪ੍ਰਸਤੀ ਦਾ ਜ਼ਹਿਰ

- ਜੰਗ ਸਿੰਘ

2014 ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਸੀ। ਇਸ ਪਾਰਟੀ ਨੇ ਕਈ ਸਬਜ਼ਬਾਗ ਉਸ ਵੇਲੇ ਚੋਣਾਂ ਤੋਂ ਪਹਿਲਾਂ ਦੇਸ਼ ਦੇ ਲੋਕਾਂ ਨੂੰ ਦਿਖਾਏ ਸਨ। ਅੱਜ ਇਸ ਪਾਰਟੀ ਦੀ ਸਰਕਾਰ ਵਲੋਂ ਭਾਰਤ ਵਿੱਚ ਰਾਜ ਕਰਦਿਆਂ ਛੇ ਸਾਲ ਤੋਂ ਵਧੇਰੇ ਸਮਾਂ ਹੋ ਗਿਆ। ਜੇ ਕਰ ਇਸਦੇ ਕੰਮ ਕਾਜ 'ਤੇ ਪੜਚੋਲਵੀਂ ਨਜ਼ਰ ਮਾਰੀਏ ਤਾਂ ਇਸਦੇ ਖਾਸੇ ਦਾ ਦੇਸ਼ ਵਾਸੀਆਂ ਨੂੰ ਕਾਫੀ ਹੱਦ ਤਕ ਪਤਾ ਲੱਗ ਗਿਆ ਹੈ ਕਿ ਇਹ ਸਰਕਾਰ ਜੋ ਕਹਿੰਦੀ ਸੀ, ਇਸਦੀਆਂ ਗੱਲਾਂ ਕਹਿਣ ਦੀਆਂ ਹੋਰ ਸਨ ਤੇ ਕਰਨ ਦੀਆਂ ਹੋਰ ਹਨ। ਬਿਲਕੁਲ ਉਵੇਂ ਜਿਵੇਂ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ ਹੁੰਦੇ ਹਨ। ਇਹ ਪਾਰਟੀ ਲੋਕ ਹਿਤੈਸ਼ੀ ਹੋਣ ਦਾ ਜੋ ਬੁਰਕਾ ਪਹਿਨ ਕੇ ਆਈ ਸੀ, ਉਹ ਹੁਣ ਲਗਭਗ ਲਹਿ ਗਿਆ ਹੈ। ਇਹ ਸਰਕਾਰ ਲੋਕਾਂ ਦੀ ਨਾ ਹੋ ਕੇ ਵੱਡੇ ਵੱਡੇ ਅਜਾਰੇਦਾਰਾਂ, ਅੰਬਾਨੀਆਂ, ਅੰਡਾਨੀਆਂ ਤੇ ਧਨਾਢ ਵਿਉਪਾਰੀਆਂ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਸਾਬਤ ਹੋ ਚੁੱਕੀ ਹੈ। ਇਸ ਨੇ ਜਿਹੜੇ ਜਿਹੜੇ ਵੀ ਹੁਣ ਤਕ ਕੰਮ ਕੀਤੇ ਹਨ, ਚਾਹੇ ਉਹ ਨੋਟ ਬੰਦੀ ਦਾ ਸੀ, ਜਾਂ ਜੀ ਐੱਸ ਟੀ ਦਾ ਸੀ, ਜਾਂ ਫਿਰ ਬੈਂਕਾਂ ਦੇ ਕਰਜ਼ੇ ਮੁਆਫ ਕਰਨ ਦਾ ਮਸਲਾ ਸੀ, ਉਹ ਲੋਕ-ਪੱਖੀ ਨਹੀਂ ਹਨ।

ਇਸ ਪਾਰਟੀ ਨੂੰ ਰੋਜ਼ਾਨਾ ਖੁਦਕਸ਼ੀਆਂ ਕਰਦੇ ਕਿਸਾਨ ਨਜ਼ਰ ਨਹੀਂ ਆਏ, ਜਿਨਾਂ ਨੇ ਉਹ ਭਾਰਤ ਦੇਸ਼ ਜਿਹੜਾ ਹੋਰ ਮੁਲਕਾਂ ਕੋਲੋਂ ਹੱਥ ਅੱਡ ਅੱਡ ਕੇ ਅਨਾਜ ਮੰਗਦਾ ਸੀ ਤੇ ਅਮਰੀਕਾ ਵਰਗੇ ਸਰਮਾਏਦਾਰ ਦੇਸ਼ ਕੋਲੋਂ ਪੀ ਐੱਲ 480 ਦੀਆਂ ਖਤਰਨਾਕ ਸ਼ਰਤਾਂ ਅਧੀਨ ਅਨਾਜ ਲੈਣ ਲਈ ਮਜਬੂਰ ਹੋਣਾ ਪੈਂਦਾ ਸੀ। ਇਨਾਂ ਕਿਸਾਨਾਂ ਨੇ ਹੱਡ ਭੰਨਵੀਂ ਘਾਲਣਾ ਘਾਲ ਕੇ ਦੇਸ਼ ਨੂੰ ਅੰਨ ਪੱਖੋਂ ਨਿਰਭਰ ਕਰਨ ਦੇ ਨਾਲ ਚਿੱਟਾ ਇਨਕਲਾਬ ਲਿਆ ਕੇ ਦੇਸ਼ ਨੂੰ ਦੁੱਧ ਪੱਖੋਂ ਵੀ ਕਾਫੀ ਆਤਮ ਨਿਰਭਰ ਕੀਤਾ ਸੀ। ਇਨਾਂ ਕਿਸਾਨਾਂ ਨੂੰ ਨਾ ਤਾਂ ਕਾਂਗਰਸ ਦੀ ਸਰਕਾਰ ਨੇ ਜਿਣਸਾਂ ਦੇ ਵਾਜਬ ਭਾਅ ਦੇ ਕੇ ਖੁਸ਼ਹਾਲ ਕੀਤਾ ਅਤੇ ਨਾ ਹੀ ਇਸ ਰਾਜ ਕਰ ਰਹੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ। ਇਸ ਸਰਕਾਰ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਲਾਰੇ ਲਾਏ ਪਰ ਕਿਸਾਨਾਂ ਦੇ ਪੱਲੇ ਸਿਵਾਏ ਖੁਦਕਸ਼ੀਆਂ ਪਾਉਣ ਦੇ ਹੋਰ ਕੁਝ ਨਹੀਂ ਕੀਤਾ। ਇਹ ਸਰਕਾਰ ਆਮ ਲੋਕਾਂ ਦੀ ਲੁੱਟ ਖਸੁੱਟ ਕਰਕੇ ਧਨਾਢ ਬਣੇ ਵੱਡੇ ਵੱਡੇ ਕਾਰਖਾਨੇਦਾਰਾਂ, ਅਜਾਰੇਦਾਰਾਂ ਦੇ ਲੱਖਾਂ ਕਰੋੜ ਰੁਪਏ ਦੇ ਬੈਂਕਾਂ ਦੇ ਕਰਜ਼ੇ ਤੇ ਲੀਕ ਮਾਰ ਕੇ ਉਨਾਂ ਨੂੰ ਹੀ ਮਾਲਾ ਮਾਲ ਕੀਤਾ ਹੈ। ਰਿਜ਼ਰਵ ਬੈਂਕ ਕੋਲ ਪਏ ਪੈਸੇ ਜਿਹੜੇ ਦੇਸ਼ 'ਤੇ ਕਿਸੇ ਸਮੇਂ ਆਫਤ ਪੈਣ 'ਤੇ ਉਸ ਦਾ ਟਾਕਰਾ ਕਰਨ ਲਈ ਹੰਗਾਮੀ ਹਾਲਤ ਲਈ ਇੱਕ ਤਰਾਂ ਦੇ ਰਾਖਵੇਂ ਰੱਖੇ ਹੁੰਦੇ ਹਨ, ਉਹ ਵੀ ਜਬਰੀ ਬੈਂਕਾਂ ਦੇ ਅਧਿਕਾਰੀਆਂ ਨੂੰ ਡਰਾ ਧਮਕਾ ਕੇ, ਰਿਜ਼ਰਵ ਬੈਂਕ ਦੇ ਗਵਰਨਰਾਂ ਦੀ ਅਦਲਾ ਬਦਲੀ ਕਰਕੇ ਤੇ ਇੱਥੇ ਹੀ ਬੱਸ ਨਹੀਂ ਕਾਨੂੰਨ ਵਿੱਚ ਮਨ ਮਰਜ਼ੀ ਦੀਆਂ ਤਬਦੀਲੀਆਂ ਕਰਕੇ, ਕਈ ਕਈ ਵਾਰੀ ਰਿਜ਼ਰਵ ਬੈਂਕ ਕੋਲੋਂ ਪੈਸੇ ਲੈ ਲੈ ਕੇ ਦੇਸ਼ ਦੀ ਆਰਥਿਕ ਹਾਲਤ ਨੂੰ ਖਤਰਨਾਕ ਮੁਹਾਣੇ ਤੇ ਲਿਆ ਖੜਾ ਕਰ ਦਿੱਤਾ ਹੈ। ਕਿਸਾਨ ਪਹਿਲਾਂ ਵੀ ਖੁਦਕਸ਼ੀਆਂ ਕਰ ਰਿਹਾ ਸੀ ਤੇ ਹੁਣ ਵੀ ਲਗਾਤਾਰ ਖੁਦਕਸ਼ੀਆਂ ਕਰਦਾ ਆ ਰਿਹਾ ਹੈ ਪਰ ਇਸ ਸਰਕਾਰ ਨੇ ਕਿਸਾਨਾਂ ਦੀ ਬਿਹਤਰੀ ਲਈ ਸੁਬਰਾਮਨੀਅਮ ਸੁਆਮੀ ਵਰਗੇ ਕਮਿਸ਼ਨ ਤਾਂ ਬਣਾਏ ਪਰ ਉਨਾਂ ਦੀਆਂ ਰਿਪੋਰਟਾਂ ਨੂੰ ਲਾਗੂ ਨਾ ਕਰਕੇ ਨਾ ਤਾਂ ਕਿਸਾਨਾਂ ਨੂੰ ਜਿਣਸਾਂ ਦੇ ਵਾਜਬ ਭਾਅ ਦਿੱਤੇ ਤੇ ਨਾ ਹੀ ਉਨਾਂ ਦੀ ਆਮਦਨ ਵਧੀ। ਉਹਨਾਂ ਦੀਆਂ ਖੁਦਕਸ਼ੀਆਂ ਲਗਾਤਾਰ ਜਾਰੀ ਹਨ।

ਹਾਂ, ਇਹ ਸਰਕਾਰ ਜੋ ਵਿਉਪਾਰੀਆਂ, ਅਜਾਰੇਦਾਰਾਂ, ਧਨਾਢ ਸਰਮਾਏਦਾਰਾਂ ਦੀ ਤਰਜਮਾਨੀ ਕਰਦੀ ਆਖੀ ਜਾਂਦੀ ਹੈ, ਉਨਾਂ ਦੀ ਜ਼ਰੂਰ ਬੱਲੇ ਬੱਲੇ ਕਰਾ ਦਿੱਤੀ ਹੈ। ਇਸ ਸਰਕਾਰ ਦੇ ਰਾਜ ਕਾਲ ਦੇ ਸਮੇਂ ਵਿੱਚ ਕਿਸਾਨ, ਮੁਲਾਜ਼ਮ, ਮਜ਼ਦੂਰ, ਆਮ ਦੁਕਾਨਦਾਰ, ਦਿਹਾੜੀਦਾਰ, ਖੇਤ ਮਜ਼ਦੂਰ ਆਦਿ ਸਭ ਦੀ ਆਰਥਿਕ ਹਾਲਤ ਹੋਰ ਨਿਘਰੀ ਹੈ ਤੇ ਲੁਟੇਰਾ ਅਮੀਰ ਵਰਗ ਹੋਰ ਅਮੀਰ ਹੋਇਆ ਹੈ। ਇਸ ਸਰਕਾਰ ਨੇ ਜੇ ਕੋਈ ਕੰਮ ਕੀਤੇ ਹਨ ਤਾਂ ਉਹ ਹਨ ਲੋਕਾਂ ਵਿੱਚ ਵੰਡੀਆਂ ਪਾਉਣ ਦੇ, ਉਨਾਂ ਦੇ ਧਰਮਾਂ, ਜਾਤੀਆਂ ਦੇ ਨਾਂ 'ਤੇ ਸਾਂਝਾਂ ਤੋੜਨ ਵਿੱਚ ਰੱਜ ਕੇ ਭੂਮਿਕਾ ਨਿਭਾਈ ਹੈ ਤਾਂਕਿ ਉਨਾਂ ਵਿੱਚ ਫੁੱਟ ਪਾ ਕੇ ਘੱਟ ਗਿਣਤੀਆਂ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ ਨੂੰ ਨਿਸ਼ਾਨਾ ਬਣਾ ਕੇ ਉਨਾਂ ਦੀ ਰੱਜ ਕੇ ਲੁੱਟ ਤੇ ਘਾਣ ਕੀਤਾ ਜਾ ਸਕੇ। ਜੇ ਕਿਸੇ ਨੇ ਸਰਕਾਰ ਵਿਰੁੱਧ ਛੋਟੀ ਮੋਟੀ ਆਵਾਜ਼ ਬੁਲੰਦ ਕੀਤੀ ਤਾਂ ਕੱਟੜ ਹਿੰਦੂਤਵੀਆਂ ਰਾਹੀਂ ਉਨਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਗਊਆਂ ਦੇ ਨਾਂ 'ਤੇ, ਜੰਮੂ ਕਸ਼ਮੀਰ ਦੀ 370 ਤੇ 35 ਏ ਧਾਰਾ ਹਟਾਉਣ, ਐੱਨ ਆਰ ਸੀ, ਸੀ ਏ ਏ, ਐੱਨ ਪੀ ਆਰ ਆਦਿ ਕਾਨੂੰਨਾਂ ਦੇ ਨਾ ਥੱਲੇ ਇਨਾਂ ਲੋਕਾਂ ਤੇ ਸਿਖਰਾਂ ਦੇ ਜਬਰ ਕੀਤੇ ਗਏ। ਦੀਨ ਦੁਖੀਆਂ, ਸ਼ਾਹੀਨ ਬਾਗ ਵਿਖੇ ਹੱਕੀ ਸੰਘਰਸ਼ ਕਰ ਰਹੇ ਚੇਤੰਨ ਲੋਕਾਂ ਤੋਂ ਬਿਨਾ ਵਿਦਿਆਰਥੀਆਂ, ਮੁਲਾਜ਼ਮਾਂ, ਦਲਿਤਾਂ ਆਦਿ ਵਰਗ ਦੇ ਲੋਕਾਂ ਜਿਹੜੇ ਵੀ ਦਿੱਲੀ ਸਰਕਾਰ ਦੇ ਬੋਲੇ ਹੋਏ ਕੰਨਾਂ ਨੂੰ ਆਪਣੀ ਆਵਾਜ਼ ਸੁਣਾਉਣ ਲਈ ਆਏ। ਉਨਾਂ ਲੋਕਾਂ ਨੂੰ ਲੰਗਰ ਛਕਾਉਣ ਵਾਲੇ ਸਿੱਖ ਆਗੂਆਂ 'ਤੇ ਵੀ ਮੁਕੱਦਮੇ ਦਰਜ ਕਰ ਕੇ ਉਨਾਂ ਨੂੰ ਡਰਾਇਆ ਜਾ ਰਿਹਾ ਹੈ ਤਾਂ ਕਿ ਉਹ ਆਪਣੇ ਗੁਰੂਆਂ ਦੇ ਸਿਧਾਂਤ ਤੇ ਚੱਲਣ ਦੀ ਥਾਂ 'ਤੇ ਹਿੰਦੂ ਫਿਲਾਸਫੀ ਵਾਲੀ ਸਰਕਾਰ ਵਲੋਂ ਕੀਤੇ ਜਾ ਰਹੇ ਜਬਰ ਵਰਗੇ ਅੰਤਾਂ ਦੇ ਮਾੜੇ ਕੰਮਾਂ ਦੀ ਅਣਦੇਖੀ ਕਰਨ।

ਇਸ ਸਰਕਾਰ ਵਲੋਂ ਜਿੱਥੇ ਕਈ ਪ੍ਰਕਾਰ ਦੇ ਲੋਕਾਂ ਦੇ ਹੱਕਾਂ ਤੇ ਡਾਕੇ ਮਾਰੇ ਜਾ ਰਹੇ ਹਨ, ਉੱਥੇ ਇਸ ਨੇ ਦੇਸ਼ ਦੀ ਪ੍ਰੈੱਸ ਨੂੰ ਵੀ ਡਰਾਉਣਾ ਸ਼ੁਰੂ ਕਰ ਦਿੱਤਾ ਹੈ। ਦੇਸ਼ ਦੀ ਲਗਭਗ ਸਾਰੀ ਪ੍ਰੈੱਸ ਸੰਸਾਰ ਦੀਆਂ ਨਜ਼ਰਾਂ ਵਿੱਚ ਮੋਦੀ ਭਗਤ ਪ੍ਰੈੱਸ ਹੋਣ ਦੀ ਬਦਨਾਮੀ ਖੱਟ ਰਹੀ ਹੈ। ਜੇ ਕਰ ਗਿਣਤੀ ਦੇ ਕੁਝ ਸੁੱਘੜ ਤੇ ਜ਼ਮੀਰ ਵਾਲੇ ਪੱਤਰਕਾਰਾਂ ਨੇ ਸਰਕਾਰ ਦੀਆਂ ਗਲਤ ਨੀਤੀਆਂ ਵਿਰੁੱਧ ਆਵਾਜ਼ ਉਠਾਈ ਤਾਂ ਇਸ ਪਾਰਟੀ ਦੀਆਂ ਕੱਟੜ ਹਿੰਦੂ ਜਥੇਬੰਦੀਆਂ ਦੇ ਆਗੂਆਂ ਨੇ ਨਿਰਪੱਖ ਤੇ ਚਿੰਤਕ ਲੇਖਕਾਂ ਨਰਿੰਦਰ ਦਬੋਲਕਰ, ਪ੍ਰੋ, ਐੱਮ ਐਮ ਕਲਬੁਰਜੀ, ਰਾਸ਼ਿਦ ਪੰਸਾਰੇ ਅਤੇ ਗੌਰੀ ਲੰਕੇਸ਼ ਵਰਗੇ ਨਿਧੱੜਕ ਪੱਤਰਕਾਰ ਮਾਰ ਦਿੱਤੇ ਗਏ। ਇਨਾਂ ਦੇ ਦੋਸ਼ੀ ਕਾਤਲਾਂ ਦਾ ਪਤਾ ਲੱਗਣ ਦੇ ਬਾਵਜੂਦ ਹਾਲੇ ਤਕ ਕਿਸੇ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਕੇਸਾਂ ਨੂੰ ਲਮਕਾਈ ਜਾਣ ਦੇ ਸਿਧਾਂਤ 'ਤੇ ਚਲਿਆ ਜਾ ਰਿਹਾ ਹੈ ਤਾਂ ਕਿ ਇਨਸਾਫ ਦੀ ਮੰਗ ਕਰਦੇ ਕਰਦੇ ਇਹ ਹਫ ਹੁੱਟ ਕੇ ਬੈਠ ਜਾਣ।

ਕਹਿਣ ਨੂੰ ਤਾਂ ਪੱਤਰਕਾਰੀ ਨੂੰ ਲੋਕਤੰਤਰ ਦਾ ਚੌਥਾ ਥੰਮ ਕਿਹਾ ਜਾਂਦਾ ਹੈ ਪਰ ਇਸ ਥੰਮ ਨੂੰ ਢਾਹਿਆ ਜਾ ਰਿਹਾ ਹੈ। ਪ੍ਰੈੱਸ ਦੀ ਅਹਿਮ ਭੂਮਿਕਾ ਤੇ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਰਕਾਰ ਦੇ ਚੰਗੇ ਕੰਮਾਂ ਦੀ ਪ੍ਰਸ਼ੰਸਾ ਕਰ ਕੇ ਉਨਾਂ ਦਾ ਲੋਕਾਂ ਵਿੱਚ ਪ੍ਰਚਾਰ ਕਰੇ ਤੇ ਜੇ ਕਿਧਰੇ ਸਰਕਾਰ ਲੋਕ ਵਿਰੋਧੀ ਕੰਮ ਕਰਦੀ ਹੈ ਤਾਂ ਨਿਸ਼ੰਗ ਉਸ ਦੇ ਸਾਹਮਣੇ ਖੜ ਕੇ ਵਿਰੋਧ ਕਰਕੇ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਕੇ ਸਰਕਾਰ ਨੂੰ ਉਸ ਦੇ ਲੋਕ ਵਿਰੋਧੀ ਕੰਮ ਤੋਂ ਰੋਕਿਆ ਜਾ ਸਕੇ। ਪਰ ਜਦੋਂ ਤੋਂ ਦੇਸ਼ ਵਿੱਚ ਇਸ ਭਗਵੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ, ਇਸ ਨੇ ਜਬਰ ਜ਼ੁਲਮ ਕਰਨ ਦੇ ਸਾਰੇ ਹੱਦ ਬੰਨੇ ਤੋੜ ਦਿੱਤੇ ਹਨ। ਪੱਤਰਕਾਰਾਂ, ਕਿਸੇ ਨੂੰ ਲਾਲਚਵੱਸ ਕਰਕੇ, ਕਿਸੇ ਨੂੰ ਡਰਾ ਧਮਕਾ ਕੇ ਦੇਸ਼ ਦੀ ਲਗਭਗ ਸਾਰੀ ਪ੍ਰੈੱਸ ਚਾਹੇ ਉਹ ਪ੍ਰਿੰਟ ਮੀਡੀਆ ਹੈ ਜਾਂ ਫਿਰ ਇਲੈਕਟਰੋਨਿਕ ਮੀਡੀਆ, ਸਭ ਨੂੰ ਲਕਵਾ ਕਰਾ ਦਿੱਤਾ ਹੈ। ਉਸ ਨੂੰ ਮੋਦੀ - ਮੋਦੀ ਦਾ ਰਾਗ ਅਲਾਪਣ ਤੋਂ ਬਿਨਾ ਹੋਰ ਕੁਝ ਆਉਂਦਾ ਹੀ ਨਹੀਂ। ਪਰ ਜਿਹੜੇ ਕੁਝ ਜ਼ਮੀਰ ਵਾਲੇ ਪੱਤਰਕਾਰ ਬਚੇ ਹਨ ਉਨਾਂ ਉੱਤੇ ਮੁਸੀਬਤਾਂ ਦੇ ਪਹਾੜ ਢਾਹੇ ਜਾ ਰਹੇ ਹਨ। ਉਨਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਐੱਨ ਡੀ ਟੀ ਵੀ ਦੇ ਨਿਰੱਪਖ ਤੇ ਧੜੱਲੇਦਾਰ ਪੱਤਰਕਾਰ ਰਵੀਸ਼ ਕੁਮਾਰ ਨੂੰ ਇਸ ਭਗਵੀ ਸਰਕਾਰ ਵਲੋਂ ਕਈ ਵਾਰੀ ਤੰਗ ਤੇ ਪਰੇਸ਼ਾਨ ਕੀਤਾ ਗਿਆ ਹੈ। ਪਰ ਉਹ ਆਪਣੀ ਨਿਰੱਪਖ ਪੱਤਰਕਾਰੀ ਦੀ ਬਦੌਲਤ ਲੋਕਾਂ ਦੇ ਦਿੱਲਾਂ ਵਿੱਚ ਸਮਾਏ ਹੋਏ ਹਨ।

ਇਸੇ ਤਰਾਂ ਹੀ ਨਿਰਪੱਖ ਪੱਤਰਕਾਰ ਤੇ ਐਂਕਰ ਵਿਨੋਦ ਦੂਆ, ਜਿਹੜੇ ਆਪਣੀ ਜ਼ਮੀਰ ਵੇਚਣ ਦੀ ਥਾਂ 'ਤੇ ਇਸ ਕਿੱਤੇ ਨੂੰ ਈਮਾਨਦਾਰੀ ਨਾਲ ਪਰਣਾਏ ਹੋਏ ਹਨ, ਉਨਾਂ ਨੇ ਕਈ ਥਾਵਾਂ ਤੋਂ ਆਪਣੀ ਨੌਕਰੀ ਛੱਡਣੀ ਤਾਂ ਸਵੀਕਾਰ ਕਰ ਲਈ, ਪਰ ਜ਼ਮੀਰ ਨਾਲ ਸਮਝੌਤਾ ਨਹੀਂ ਕੀਤਾ। ਇਸੇ ਪੱਤਰਕਾਰ ਵਿਨੋਦ ਦੂਆ 'ਤੇ ਭਾਜਪਾ ਦੇ ਇੱਕ ਬੁਲਾਰੇ ਨੇ ਭਾਰਤ ਦੀ ਉੱਚ ਅਦਾਲਤ ਵਿੱਚ ਦੇਸ਼ ਧਰੋਹੀ ਦਾ ਮੁਕੱਦਮਾ ਠੋਕ ਦਿੱਤਾ। ਇੱਥੇ ਹੀ ਬੱਸ ਨਹੀਂ ਉਸ ਨੂੰ ਹੋਰ ਵਧੇਰੇ ਪਰੇਸ਼ਾਨ ਕਰਨ ਲਈ ਹਿਮਾਚਲ ਪ੍ਰਦੇਸ਼ ਵਿੱਚ ਵੀ ਇੱਕ ਹੋਰ ਭਗਵੇਂ ਆਗੂ ਨੇ ਅਜਿਹਾ ਕੇਸ ਦਰਜ ਕਰਵਾਇਆ ਹੈ ਤਾਂ ਕਿ ਉਸ ਨੂੰ ਮਜਬੂਰ ਕਰ ਦਿੱਤਾ ਜਾਵੇ ਕਿ ਉਹ ਨਿਰਪੱਖ ਪਤੱਰਕਾਰੀ ਕਰਨ ਦੀ ਥਾਂ ਤੇ ਭਾਜਪਾ ਸਰਕਾਰ ਅੱਗੇ ਗੋਡੇ ਟੇਕ ਦੇਵੇ ਤੇ ਹੋਰ ਪੱਤਰਕਾਰਾਂ ਵਾਂਗ ਮੋਦੀ ਮੋਦੀ ਦਾ ਗੀਤ ਗਾਣਾ ਸ਼ੁਰੂ ਕਰ ਦੇਵੇ। ਪਰ ਸ਼ਾਬਾਸ਼ ਹੈ ਸ੍ਰੀ ਵਿਨੋਦ ਦੂਆ ਨੂੰ ਉਹ ਆਪਣੇ ਸੋਚ ਅਤੇ ਨਿਸ਼ਾਨੇ 'ਤੇ ਚਟਾਨ ਵਾਂਗ ਮਜ਼ਬੂਤ ਖੜੇ ਹਨ। ਸੁਪਰੀਮ ਕੋਰਟ ਨੇ ਭਾਵੇਂ ਹਾਲ ਦੀ ਘੜੀ ਉਨਾਂ ਨੂੰ ਰਾਹਤ ਦਿੰਦਿਆਂ ਇਸ ਕੇਸ ਦੀ ਸਰਕਾਰਾਂ ਕੋਲੋਂ ਰਿਪੋਰਟ ਮੰਗ ਲਈ ਹੈ ਤੇ ਅਗਲੀ ਸੁਣਵਾਈ ਹੋਣ ਤੋਂ ਪਹਿਲਾਂ ਸ੍ਰੀ ਦੂਆ ਦੀ ਗ੍ਰਿਫਤਾਰੀ 'ਤੇ ਰੋਕ ਵੀ ਲਗਾਈ ਹੋਈ ਹੈ। ਸਰਕਾਰ ਦਾ ਇਹ ਸਭ ਕੁਝ ਕਰਨ ਦਾ ਮਤਲਬ ਹੈ ਕਿ ਜੇ ਕਰ ਕੋਈ ਵੀ ਪੱਤਰਕਾਰ ਸਰਕਾਰ ਦੀਆਂ ਗਲਤ ਤੇ ਲੋਕ ਵਿਰੋਧੀ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰੇਗਾ ਤਾਂ ਉਸ ਨਾਲ ਵੀ ਇਹੋ ਕੁਝ ਕੀਤਾ ਜਾਵੇਗਾ। ਸਰਕਾਰ ਦੇ ਕੋਲ ਬਹੁ ਗਿਣਤੀ ਦੇ ਧਰਮ ਨਾਲ ਸਬੰਧਤ ਲੋਕਾਂ 'ਹਿੰਦੂਆਂ ਦੀ ਨਬਜ਼ ਹੱਥ ਵਿੱਚ ਆ ਗਈ ਹੈ। ਉਹ ਕਦੇ ਅੰਧ ਵਿਸ਼ਵਾਸੀ ਗਊ ਗੋਬਰ ਦੀਆਂ ਗੱਲਾਂ ਕਰਕੇ, ਕਦੇ ਮੁਸਲਮਾਨਾਂ ਵਿਰੁੱਧ ਭੜਕਾਉਣ ਦੀ ਨੀਤੀ 'ਤੇ ਚੱਲ ਕੇ ਆਪਣੇ ਮੰਤਵ ਵਿੱਚ ਸਫਲ ਹੋ ਰਹੀ ਹੈ। ਉਸ ਦੀ ਨੀਤੀ ਹੈ ਕਿ ਲੋਕਾਂ ਨੂੰ ਆਪਸ ਵਿੱਚ ਲੜਾ ਕੇ ਉਲਝਾਈ ਰੱਖੋ। ਫਿਰ ਇਹ ਲੋਕ ਨਾ ਮਹਿੰਗਾਈ ਦੀ ਗੱਲ ਕਰਨਗੇ, ਨਾ ਭ੍ਰਿਸ਼ਟਾਚਾਰ ਦੀ ਤੇ ਨਾ ਹੀ ਸਰਕਾਰ ਕੋਲੋਂ ਰੁਜ਼ਗਾਰ ਦੀ ਮੰਗਣਗੇ।

ਦੇਸ਼ ਵਿੱਚ ਉਦੋਂ ਤਕ ਕੁਝ ਵੀ ਸੁਧਰਣ ਵਾਲਾ ਨਹੀਂ ਜਿੰਨਾ ਚਿਰ ਸਾਡੇ ਦਿਲਾਂ ਵਿੱਚੋਂ ਇਹ ਫਿਰਕਾਪ੍ਰਸਤੀ ਦਾ ਜ਼ਹਿਰ ਨਹੀਂ ਨਿਕਲਦਾ ਤੇ ਅਸੀਂ ਹਰੇਕ ਨੂੰ ਇੱਕ ਇਨਸਾਨ ਵਾਂਗ ਨਹੀਂ ਦੇਖਦੇ। ਇਸ ਲਈ ਬਹੁਗਿਣਤੀ ਵਰਗ ਦੇ ਲੋਕਾਂ ਨੂੰ ਸਰਮਾਏਦਾਰਾਂ ਦੀ ਸਰਕਾਰ ਦੀ ਇਸ ਚਾਲ ਨੂੰ ਸਮਝਣ ਦੀ ਜ਼ਰੂਰਤ ਹੈ। ਆਉ ! ਬਹੁ ਗਿਣਤੀ ਵਰਗ ਦੇ ਲੋਕ ਸਿਆਣਪ ਵਰਤਣ। ਜਿੰਨੀ ਜਲਦੀ ਸਿਆਣਪ ਵਰਤਾਂਗੇ, ਉਨੀ ਜਲਦੀ ਦੇਸ਼ ਦੀ ਕਿਸਮਤ ਬਦਲ ਸਕਦੀ ਹੈ ! ਇਸਦਾ ਫੈਸਲਾ ਹੁਣ ਤੁਹਾਡੇ ਹੱਥ ਹੈ ਕਿ ਤੁਹਾਨੂੰ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਖੁਦਕਸ਼ੀਆਂ ਆਦਿ ਬਿਮਾਰੀਆਂ ਤੋਂ ਛੁਟਕਾਰਾ ਚਾਹੀਦਾ ਹੈ ਕਿ ਕੱਟੜਵਾਦ!!

# ਚੀਨ ਦਾ ਮੱਸਲਾ ਟਲਿਆ, ਪਰ ਹੱਲ ਨਾ ਹੋਇਆ

- ਪ੍ਰੋ. ਬਲਵਿੰਦਰਪਾਲ ਸਿੰਘ

ਚੀਨ ਤੇ ਭਾਰਤ ਦਾ ਮਾਮਲਾ ਹਾਲ ਦੀ ਘੜੀ ਟਲ ਗਿਆ ਹੈ, ਅਧਿਕਾਰਤ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਭਾਰਤ ਤੇ ਚੀਨ ਦੇ ਉੱਚ ਸੈਨਿਕ ਅਧਿਕਾਰੀਆਂ ਵਿਚਾਲੇ ਬੀਤੇ ਹਫਤੇ ਦੌਰਾਨ ਹੋਈ ਲੰਬੀ ਬੈਠਕ ਬਾਅਦ ਦੋਹਾਂ ਦੇਸ਼ਾਂ ਦੀਆਂ ਫੌਜਾਂ ਪੂਰਬੀ ਲੱਦਾਖ ਵਿਚ ਝਗੜੇ ਵਾਲੇ ਬਿੰਦੂਆਂ ਤੋਂ ਪਿੱਛੇ ਹਟਣ ਲਈ ਸਹਿਮਤ ਹੋ ਗਈਆਂ ਹਨ। ਕੋਰ ਕਮਾਂਡਰ ਪੱਧਰ ਦੀ ਗੱਲਬਾਤ ਬੜੇ ਰਚਨਾਤਮਕ ਮਾਹੌਲ ਵਿਚ ਹੋਈ, ਜਿਸ ਦੌਰਾਨ ਦੋਵੇਂ ਧਿਰਾਂ ਪੂਰਬੀ ਲੱਦਾਖ ਵਿਚ ਤਣਾਅ ਵਾਲੇ ਖੇਤਰਾਂ ਤੋਂ ਸੈਨਿਕ ਪਿੱਛੇ ਹਟਾਉਣ ਲਈ ਸਹਿਮਤ ਹੋ ਗਈਆਂ ਹਨ। ਯਾਦ ਰਹੇ ਕਿ ਬੀਤੇ ਦਿਨੀਂ ਹਿੰਸਕ ਝੜਪ ਵਿਚ 20 ਭਾਰਤੀ ਸੈਨਿਕਾਂ ਦੇ ਮਾਰੇ ਜਾਣ ਕਾਰਨ ਦੋਹਾਂ ਦੇਸ਼ਾਂ ਦੀਆਂ ਸਰਹੱਦਾਂ ’ਤੇ ਤਣਾਅ ਪੈਦਾ ਹੋ ਗਿਆ ਸੀ ਤੇ ਹੁਣ ਇਹ ਤਣਾਅ ਘਟਾਉਣ ਦੀ ਕੋਸ਼ਿਸ ਕੀਤੀ ਗਈ।

ਚੀਨੀ ਵਿਦੇਸ਼ ਮੰਤਰਾਲੇ ਦਾ ਬੁਲਾਰੇ ਝਾਓ ਲੀਜਿਆਨ ਨੇ ਭਾਰਤ ਦੇ ਇਸ ਦਾਅਵੇ ਨੂੰ ਗਲਤ ਕਿਹਾ ਹੈ ਕਿ ਉਸ ਦੇ 40 ਫੌਜੀ ਇਸ ਝੜਪ ਵਿਚ ਮਾਰੇ ਗਏ ਹਨ।

ਗਲਵਾਨ ਵਾਦੀ ਵਿੱਚ ਹਿੰਸਕ ਝੜਪਾਂ ਮਗਰੋਂ ਭਾਰਤ ਅਤੇ ਚੀਨ ਵਿਚਾਲੇ ਪੈਦਾ ਹੋਈ ਤਣਾਅਪੂਰਨ ਸਥਿਤੀ ਨੂੰ ਸ਼ਾਂਤ ਕਰਨ ਦੇ ਮਾਮਲੇ ਵਿੱਚ ਰੂਸ ਨੇ ਵਿਚੋਲਗੀ ਦੀ ਸੰਭਾਵਨਾ ਰੱਦ ਕੀਤੀ ਹੈ। ਰੂਸ ਦੇ ਵਿਦੇਸ਼ ਮੰਤਰੀ ਸਰਗੀ ਲਾਵਰੋਵ ਨੇ ਭਾਰਤ ਮੰਤਰੀ ਐੱਸ. ਜੈਸ਼ੰਕਰ ਅਤੇ ਚੀਨ ਦੇ ਵਿਦੇਸ਼ ਮੰਤਰੀ ਵਿਚਾਲੇ ਹੋਈ ਵਰਚੁਅਲ ਦੌਰਾਨ ਸਪੱਸ਼ਟ ਕੀਤਾ ਹੈ ਕਿ ਭਾਰਤ ਅਤੇ ਚੀਨ ਨੂੰ ਆਪਣੇ ਵਿਵਾਦ ਹੱਲ ਕਰਨ ਲਈ ਕਿਸੇ ਤਰਾਂ ਦੀ ਮੱਦਦ, ਜਾਂ ਸਹਿਯੋਗ ਦੀ ਲੋੜ ਨਹੀਂ ਹੈ। ਰੂਸ ਨੇ ਇਹ ਵੀ ਕਿਹਾ ਕਿ ਉਹ ਇਨਾਂ ਦੋਹਾਂ ਮੁਲਕਾਂ ਵਿਚ ਦਖਲਅੰਦਾਜ਼ੀ ਨਹੀਂ ਕਰੇਗਾ।

**ਕੀ ਮੱਸਲਾ ਹੈ ਚੀਨ ਤੇ ਭਾਰਤ ਦਾ**

ਅਕਸਾਈ ਚੀਨ ਤਿੱਬਤੀ ਪਠਾਰ ਦੇ ਉੱਤਰ ਪੱਛਮ ਵਿਚ ਚੀਨ, ਪਾਕਿਸਤਾਨ ਅਤੇ ਭਾਰਤ ਵਿਚਾਲੇ ਵਿਵਾਦਿਤ ਖੇਤਰ ਹੈ। ਇਹ ਕੁਨਲੂਨ ਪਹਾੜਾਂ ਦੇ ਬਿਲਕੁਲ ਹੇਠਾਂ ਸਥਿਤ ਹੈ। ਇਤਿਹਾਸਕ ਤੌਰ ’ਤੇ, ਅਕਸਾਈ ਚੀਨ ਭਾਰਤ ਨੂੰ ਰੇਸ਼ਮ ਮਾਰਗ ਨਾਲ ਜੋੜਨ ਦਾ ਇੱਕ ਸਾਧਨ ਸੀ ਅਤੇ ਹਜ਼ਾਰਾਂ ਸਾਲਾਂ ਤੋਂ ਭਾਰਤ ਅਤੇ ਮੱਧ ਏਸ਼ੀਆ ਦੇ ਪੂਰਬੀ ਖੇਤਰ (ਜਿਸ ਨੂੰ ਤੁਰਕੀਸਤਾਨ ਵੀ ਕਿਹਾ ਜਾਂਦਾ ਹੈ) ਅਤੇ ਭਾਰਤ ਦੇ ਵਿਚਕਾਰ ਸਭਿਆਚਾਰ, ਭਾਸ਼ਾ ਅਤੇ ਵਪਾਰ ਦਾ ਮਾਰਗ ਰਿਹਾ ਹੈ। ਭਾਰਤ ਤੋਂ ਤੁਰਕੀਸਤਾਨ ਜਾਣ ਵਾਲਾ ਵਪਾਰਕ ਰਸਤਾ ਲੱਦਾਖ ਅਤੇ ਅਕਸਾਈ ਚੀਨ ਦੇ ਰਸਤੇ ਰਾਹੀਂ ਕਾਸ਼ਗਰ ਸ਼ਹਿਰ ਜਾਂਦਾ ਸੀ। 1950 ਦੇ ਦਹਾਕੇ ਤੋਂ ਇਹ ਇਲਾਕਾ ਚੀਨੀ ਕਬਜ਼ੇ ਹੇਠ ਆ ਗਿਆ, ਪਰ ਭਾਰਤ ਇਸ ਉੱਪਰ ਆਪਣਾ ਦਾਅਵਾ ਕਰਦਾ ਹੈ ਅਤੇ ਇਸ ਨੂੰ ਜੰਮੂ-ਕਸ਼ਮੀਰ ਰਾਜ ਦਾ ਉੱਤਰ-ਪੂਰਬੀ ਹਿੱਸਾ ਮੰਨਦਾ ਹੈ। ਅਕਸਾਈ ਚੀਨ ਜੰਮੂ-ਕਸ਼ਮੀਰ ਦੇ ਕੁਲ ਖੇਤਰ ਦੇ ਪੰਜਵੇਂ ਹਿੱਸੇ ਦੇ ਬਰਾਬਰ ਹੈ। ਚੀਨ ਨੇ ਪ੍ਰਸ਼ਾਸਨਿਕ ਤੌਰ ’ਤੇ ਇਸ ਨੂੰ ਜ਼ਿਨਜਿਆਂਗ ਸੂਬੇ ਦੇ ਕਾਸ਼ਗਰ ਵਿਭਾਗ ਦੇ ਕਾਰਗਿਲਿਕ ਜ਼ਿਲੇ ਦਾ ਹਿੱਸਾ ਦੱਸਿਆ ਹੈ।

ਅਕਸਾਈ ਚੀਨ ਨਾਮ ਉਇਗੁਰ ਭਾਸ਼ਾ ਤੋਂ ਆਇਆ ਹੈ, ਜੋ ਕਿ ਤੁਰਕੀ ਦੀ ਭਾਸ਼ਾ ਹੈ। ਉਇਗੂਰ ਵਿਚ, ‘ਅਕ’ ਦਾ ਅਰਥ ਹੈ ‘ਚਿੱਟਾ’ ਅਤੇ ‘ਸਾਈ’ ਦਾ ਅਰਥ ਹੈ ‘ਘਾਟੀ’ ਜਾਂ ‘ਨਦੀ ਦੀ ਵਾਦੀ’। ਉਇਗੁਰ ਦਾ ਇਕ ਹੋਰ ਸ਼ਬਦ ਹੈ ‘ਚੋਆਲ’, ਜਿਸਦਾ ਅਰਥ ਹੈ ‘ਵੀਰਾਨਾ’ ਜਾਂ ‘ਮਾਰੂਥਲ’, ਜਿਸ ਦਾ ਪੁਰਾਣੀ ਖੇਤਾਨੀ ਭਾਸ਼ਾ ਵਿਚ ਰੂਪ ‘ਚੀਨ’ ਸੀ। ‘ਅਕਸਾਈ ਚੀਨ’ ਨਾਮ ਦਾ ਅਰਥ ਹੈ ‘ਚਿੱਟੀ ਚੱਟਾਨ ਦੀ ਘਾਟੀ ਦਾ ਮਾਰੂਥਲ’। ਚੀਨੀ ਸਰਕਾਰ ਇਸ ਖੇਤਰ ਉੱਪਰ ਅਧਿਕਾਰ ਕਾਇਮ ਰੱਖਣ ਦੇ ਲਈ ‘ਚੀਨ’ ਦਾ ਅਰਥ ਚੀਨ ਦਾ ‘ਚਿੱਟਾ ਦਾ ਮਾਰੂਥਲ’ ਮੰਨਦੀ ਹੈ, ਪਰ ਭਾਰਤ ਇਸ ਗੱਲ ਨੂੰ ਪ੍ਰਵਾਨ ਨਹੀਂ ਕਰਦਾ।

**ਭੂਗੋਲਿਕ ਵੇਰਵੇ:** ਅਕਸਾਈ ਚੀਨ ਲਗਭਗ 5,000 ਮੀਟਰ ਉੱਚਾਈ ’ਤੇ ਸਥਿਤ ਇਕ ਨਮਕ ਦਾ ਮਾਰੂਥਲ ਹੈ। ਇਸ ਦਾ ਖੇਤਰਫਲ ਲਗਭਗ 42,685 ਕਿ.ਮੀ. (16,481 ਵਰਗ ਮੀਲ) ਦੇ ਨੇੜ-ਤੇੜੇ ਹੈ। ਭੂਗੋਲਿਕ ਤੌਰ ’ਤੇ, ਅਕਸਾਈ ਚੀਨ ਤਿੱਬਤੀ ਪਠਾਰ ਦਾ ਹਿੱਸਾ ਹੈ ਅਤੇ ਇਸ ਨੂੰ ਖਾਰਾ ਮੈਦਾਨ ਵੀ ਕਿਹਾ ਜਾਂਦਾ ਹੈ। ਇਹ ਇਲਾਕਾ ਲਗਭਗ ਰਹਿਣਾ ਯੋਗ ਨਹੀਂ ਹੈ ਅਤੇ ਇੱਥੇ ਕੋਈ ਸਥਾਈ ਬਸਤੀ ਨਹੀਂ ਹੈ। ਇਸ ਖੇਤਰ ਵਿਚ ‘ਅਕਸਾਈ ਚੀਨ’ (ਅਕਸੇਚਿਨ) ਨਾਮ ਦੀ ਇਕ ਝੀਲ ਹੈ ਅਤੇ ‘ਅਕਸਾਈ ਚੀਨ’ ਨਾਮ ਦੀ ਨਦੀ ਹੈ। ਇੱਥੇ ਮੀਂਹ ਅਤੇ ਬਰਫਬਾਰੀ ਬਹੁਤ ਘੱਟ ਹੈ, ਕਿਉਂਕਿ ਹਿਮਾਲਿਆ ਅਤੇ ਹੋਰ ਪਹਾੜ ਭਾਰਤੀ ਮੌਨਸੂਨ ਦੀਆਂ ਹਵਾਵਾਂ ਨੂੰ ਇੱਥੇ ਆਉਣ ਤੋਂ ਰੋਕਦੇ ਹਨ।

**ਭਾਰਤ ਦਾ ਦੋਸ਼**

ਭਾਰਤ ਨੇ ਦੋਸ਼ ਲਗਾਇਆ ਹੈ ਕਿ ਚੀਨ ਨੇ ਜੰਮੂ-ਕਸ਼ਮੀਰ ਵਿਚ 41180 ਵਰਗ ਕਿਲੋਮੀਟਰ ਜ਼ਮੀਨ ’ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਵਿਚ 5180 ਵਰਗ ਕਿਲੋਮੀਟਰ ਅਕਸਾਈ ਚੀਨ ਦਾ ਲੱਦਾਖੀ ਖੇਤਰ ਹੈ। ਚੀਨ ਸਰਹੱਦ ਨੂੰ ਨਿਰਧਾਰਤ ਕਰਨ ਵਾਲੀ ਮੈਕਮੋਹਨ ਲਾਈਨ ਨੂੰ ਨਹੀਂ ਮੰਨਦਾ। ਚੀਨ ਅਰੁਣਾਚਲ ਪ੍ਰਦੇਸ਼ ਵਿਚ 90 ਹਜ਼ਾਰ ਵਰਗ ਕਿਲੋਮੀਟਰ ਜ਼ਮੀਨ ਉੱਪਰ ਦਾਅਵਾ ਕਰਦਾ ਰਿਹਾ ਹੈ। 17 ਹਜ਼ਾਰ ਫੁੱਟ ਦੀ ਉਚਾਈ ’ਤੇ, ਅਕਸਾਈ ਚੀਨ ਦੀਆਂ ਭੂਗੋਲਿਕ ਸਥਿਤੀਆਂ ਅਜਿਹੀਆਂ ਹਨ ਕਿ ਮਨੁੱਖ ਇਥੇ ਨਹੀਂ ਰਹਿ ਸਕਦੇ, ਪਰ ਭਾਰਤ ਤੇ ਚੀਨ ਵਿਚਾਲੇ ਤਣਾਅ ਦੇ ਬੀਜ ਪ੍ਰਫੁੱਲਤ ਹੁਣ ਤੱਕ ਹੁੰਦੇ ਰਹੇ ਹਨ। ਇਹ ਅਕਸਾਈ ਚੀਨ ਜਿੱਥੇ ਭਾਰਤ ਦੇ ਜੰਮੂ-ਕਸ਼ਮੀਰ ਦੇ ਨਾਲ ਲਗਦਾ ਹੈ, ਉੱਥੇ ਇਹ ਚੀਨ ਦੇ ਜਿਨਜਿਆਂਗ ਪ੍ਰਾਂਤ ਦੇ ਨਾਲ ਵੀ ਲਗਦਾ ਹੈ। ਇੱਥੋਂ ਜਿਨਜਿਆਂਗ ਤਿੱਬਤ ਹਾਈਵੇ ਦੀ ਸੜਕ ਚੀਨ ਦੀ ਹੈ। ਇਹੀ ਖੇਤਰ ਚੀਨ ਦੇ ਦਬਦਬੇ ਦੀ ਕਹਾਣੀ ਲਿਖਦਾ ਹੈ। ਅਕਸਾਈ ਚੀਨ ਦਾ ਇਹ ਖੇਤਰ ਅਸਲ ਵਿੱਚ ਸਦੀਆਂ ਪੁਰਾਣਾ ਵਪਾਰਕ ਮਾਰਗ ਹੈ। ਅਜੋਕੇ ਯੁੱਗ ਵਿਚ, ਚੀਨ ਦਾ ਇਥੇ ਕਬਜ਼ਾ ਹੈ।

**ਭਾਰਤ ਸਰਹੱਦੀ ਵਿਵਾਦ ਦੀ ਜੜ**

ਭਾਰਤ ਅਤੇ ਚੀਨ ਵਿਚਾਲੇ ਭਾਰਤ ਦੇ ਉੱਤਰ-ਪੂਰਬ ਵਿਚ ਸਰਹੱਦੀ ਵਿਵਾਦ ਦਾ ਦੂਜਾ ਮੋਰਚਾ ਹੈ। ਇਹ ਉਹ ਖੇਤਰ ਹੈ ਜਿੱਥੋਂ ਕਾਲਪਨਿਕ ਮੈਕਮੋਹਨ ਲਾਈਨ ਲੰਘਦੀ ਹੈ ਅਤੇ ਦੋਵਾਂ ਦੇਸ਼ਾਂ ਨੂੰ ਵੱਖ ਕਰਦੀ ਹੈ। ਨਕਸ਼ੇ ਉੱਤੇ ਲਗਾਈ ਗਈ ਇਹ ਲਕੀਰ ਅਸਲ ਵਿੱਚ 1896 ਵਿੱਚ ਐਲਏਸੀ ਭਾਵ ਅਸਲ ਕੰਟਰੋਲ ਰੇਖਾ ਦੇ ਰੂਪ ਵਿੱਚ ਵੇਖੀ ਗਈ ਸੀ, ਜਿਸ ਨੂੰ ਭਾਰਤ ਚੀਨ ਨਾਲ ਆਪਣੀ ਸਰਹੱਦ ਮੰਨਦਾ ਹੈ। ਪਹਿਲਾਂ ਇਸ ਖੇਤਰ ਨੂੰ ਨੌਰਥ ਈਸਟ ਫਰੰਟੀਅਰ ਏਜੰਸੀ ਅਰਥਾਤ ਅੱਜ ਦਾ ਅਰੁਣਾਚਲ ਪ੍ਰਦੇਸ਼ ਕਿਹਾ ਜਾਂਦਾ ਸੀ, ਪਰ ਚੀਨ ਅਰੁਣਾਚਲ ਪ੍ਰਦੇਸ਼ ਨੂੰ ਵੀ ਆਪਣਾ ਖੇਤਰ ਐਲਾਨ ਰਿਹਾ ਹੈ ਅਤੇ ਸਿੱਕਮ ਵਿੱਚ ਦਖਲਅੰਦਾਜ਼ੀ ਜਾਰੀ ਹੈ। 1962 ਵਿਚ ਇਸ ਖੇਤਰ ਕਾਰਨ ਭਾਰਤ-ਚੀਨ ਯੁੱਧ ਵੀ ਹੋਇਆ ਸੀ।

**ਸਰਹੱਦੀ ਵਿਵਾਦ ਦਾ ਇਤਿਹਾਸ**

ਭਾਰਤ-ਚੀਨ ਸਰਹੱਦੀ ਵਿਵਾਦ ਦੀ ਜੜ ਕਈ ਸਾਲ ਪੁਰਾਣੀ ਹੈ। ਇਹ ਦੌਰ 1834 ਦਾ ਸੀ। ਪੰਜਾਬ ਵਿਚ ਸਿੱਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਰਾਜ ਕੀਤਾ ਸੀ। 1834 ਵਿਚ, ਉਹ ਲੱਦਾਖ ਪਹੁੰਚ ਗਿਆ ਅਤੇ ਜੰਮੂ ਵਿਚ ਲੱਦਾਖ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸਿੱਖਾਂ ਦੀ ਫੌਜ ਨੇ ਤਿੱਬਤ ਉੱਤੇ ਹਮਲਾ ਕੀਤਾ, ਪਰ ਚੀਨੀ ਫ਼ੌਜਾਂ ਨੇ ਉਸ ਨੂੰ ਹਰਾ ਦਿੱਤਾ ਅਤੇ ਲਦਾਖ ਅਤੇ ਲੇਹ ਨੂੰ ਬਾਹਰ ਕੱਢ ਦਿੱਤਾ ਅਤੇ ਕਬਜ਼ਾ ਕਰ ਲਿਆ। 1842 ਵਿਚ ਸਿੱਖਾਂ ਨਾਲ ਚੀਨ ਦਾ ਯੁੱਧ ਚੱਲਦਾ ਰਿਹਾ ਅਤੇ ਆਖਿਰ ਚੀਨ ਵਿਚਾਲੇ ਸਮਝੌਤਾ ਹੋ ਗਿਆ। ਫੈਸਲਾ ਇਹ ਹੋਇਆ ਕਿ ਇਕ ਦੂਜੇ ਦੀਆਂ ਹੱਦਾਂ ਦੀ ਉਲੰਘਣਾ ਨਹੀਂ ਕੀਤੀ ਜਾਏਗੀ। ਅੰਗਰੇਜ਼ਾਂ ਨੇ 1846 ਵਿਚ ਸਿੱਖਾਂ ਨੂੰ ਹਰਾਇਆ ਅਤੇ ਲੱਦਾਖ ਵਿਚ ਅੰਗਰੇਜ਼ਾਂ ਦਾ ਰਾਜ ਰਿਹਾ। ਉਸਨੇ ਚੀਨੀ ਅਧਿਕਾਰੀਆਂ ਨਾਲ ਮਿਲ ਕੇ ਸਰਹੱਦੀ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਹ ਫੈਸਲਾ ਕੀਤਾ ਗਿਆ ਸੀ ਕਿ ਸਰਹੱਦ ਸਿਰਫ ਕੁਦਰਤੀ ਚਿੰਨਾਂ ਦੁਆਰਾ ਨਿਰਧਾਰਤ ਕੀਤੀ ਜਾਵੇਗੀ ਅਤੇ ਸਰਹੱਦ ’ਤੇ ਵਾੜ ਦੀ ਜ਼ਰੂਰਤ ਨਹੀਂ ਹੈ। ਇਥੋਂ ਹੀ ਅਸਲ ਸਰਹੱਦ ਅਲੋਪ ਹੋ ਗਈ ਅਤੇ ਇਸੇ ਕਾਰਨ ਭਾਰਤ ਤੇ ਚੀਨ ਉਲਝ ਗਏ।

ਨਕਸ਼ੇ ’ਤੇ ਬਣੀ ਸਰਹੱਦ ਦੀ ਪਹਿਲੀ ਲਾਈਨ ਜਾਨਸਨ ਲਾਈਨ ਹੈ। 1865 ਦੌਰਾਨ ਸਰਵੇ ਆਫ਼ ਇੰਡੀਆ ਦੇ ਅਧਿਕਾਰੀ, ਡਬਲਿਯੂ.ਐਚ. ਜਾਨਸਨ ਨੇ ਇਕ ਦਿਮਾਗੀ ਲਾਈਨ ਖਿੱਚੀ, ਜਿਸ ਅਨੁਸਾਰ ਅਕਸਾਈ ਚੀਨ ਦਾ ਖੇਤਰਫਲ ਜੰਮੂ ਅਤੇ ਕਸ਼ਮੀਰ ਵਿਚ ਪੈਂਦਾ ਹੈ। ਜੌਹਨਸਨ ਨੇ ਜੰਮੂ-ਕਸ਼ਮੀਰ ਦੇ ਮਹਾਰਾਜਾ ਨੂੰ ਨਕਸ਼ੇ ਉੱਤੇ ਖਿੱਚੀ ਗਈ ਲਾਈਨ ਦਿਖਾਈ, ਪਰ ਮਹਾਰਾਜਾ ਨੇ ਜਾਨਸਨ ਦੇ ਕੰਮ ਦੀ ਅਲੋਚਨਾ ਕੀਤੀ। ਜਾਹਨਸ ਨੂੰ ਬ੍ਰਿਟਿਸ਼ ਰਾਜ ਨੇ ਨੌਕਰੀ ਤੋਂ ਬਰਖਾਸਤ ਕੀਤਾ ਹੋਇਆ ਸੀ। ਚੀਨ ਨੇ ਇਸ ਨਕਸ਼ੇ ਨੂੰ ਕਦੇ ਨਹੀਂ ਮੰਨਿਆ ਅਤੇ ਭਾਰਤ ਨੇ ਹਮੇਸ਼ਾ ਇਸ ਨੂੰ ਅਪਣਾਇਆ।

ਨਕਸ਼ੇ ’ਤੇ ਬਾਰਡਰ ਦੀ ਦੂਜੀ ਲਾਈਨ ਜਾਨਸਨ-ਅਰਦਾਗ ਲਾਈਨ ਹੈ। 1897 ਵਿਚ, ਬ੍ਰਿਟਿਸ਼ ਆਰਮੀ ਦੇ ਅਧਿਕਾਰੀ, ਸਰ ਜੋਨ ਅਰਦਾਗ ਨੇ ਕੁੰਨਲੂਨ ਪਰਬਤ ਤੋਂ ਲੰਘਦੀ ਇਕ ਹੋਰ ਸਰਹੱਦ ਖਿੱਚੀ। ਇਹ ਉਹ ਦੌਰ ਸੀ ਜਦੋਂ ਬ੍ਰਿਟਿਸ਼ ਰਾਜ ਨੂੰ ਰੂਸ ਦੇ ਵੱਧ ਰਹੀ ਸ਼ਕਤੀ ਤੋਂ ਖ਼ਤਰਾ ਸੀ। ਚੀਨ ਕਮਜ਼ੋਰ ਸੀ। ਅਰਦਾਗ ਨੇ ਬ੍ਰਿਟਿਸ਼ ਰਾਜ ਨੂੰ ਸਮਝਾਇਆ ਕਿ ਇਹ ਸਰਹੱਦ ਲਾਭਕਾਰੀ ਹੋਵੇਗੀ। ਪਰ ਇਹ ਲਕੀਰ ਸਿਰਫ ਕਿਤਾਬਾਂ ਤੱਕ ਰਹਿ ਗਈ ਸੀ। ਨਕਸ਼ੇ ’ਤੇ ਬਾਰਡਰ ਦੀ ਤੀਜੀ ਲਾਈਨ ਮੈਕਕਾਰਟਨੀ-ਮੈਕਡੋਨਲਡ ਲਾਈਨ ਹੈ। 1890 ਵਿਚ, ਬ੍ਰਿਟੇਨ ਅਤੇ ਚੀਨ ਦੋਸਤ ਬਣ ਗਏ, ਬ੍ਰਿਟੇਨ ਨੂੰ ਇਹ ਚਿੰਤਾ ਸੀ ਕਿ ਤੇ ਕਿਤੇ ਰੂਸ ਅਕਸਾਈ ਚਿਨ ਦੇ ਖੇਤਰ ਉੱਤੇ ਕਬਜ਼ਾ ਨਾ ਕਰ ਲਵੇ।

1899 ਵਿਚ ਚੀਨ ਨੇ ਅਕਸਾਈ ਚਿਨ ਦੇ ਖੇਤਰ ਵਿਚ ਦਿਲਚਸਪੀ ਦਿਖਾਈ, ਇਸ ਲਈ ਬ੍ਰਿਟੇਨ ਨੇ ਸਰਹੱਦ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਇਹ ਤਬਦੀਲੀ ਜਾਰਜ ਮੈਕਕਾਰਟਨੀ ਦੇ ਦਿੱਤੇ ਸੁਝਾਅ ਕਾਰਨ ਕੀਤੀ ਗਈ ਅਤੇ ਅਕਸਾਈ ਚਿਨ ਦਾ ਬਹੁਤ ਸਾਰਾ ਹਿੱਸਾ ਚੀਨ ਵਿੱਚ ਪਾ ਦਿੱਤਾ ਗਿਆ ਸੀ। ਚੀਨ ਇਸ ਬਾਰੇ ਚੁੱਪ ਰਿਹਾ। ਬ੍ਰਿਟਿਸ਼ ਰਾਜ ਨੇ ਇਸ ਨੂੰ ਚੀਨ ਦੀ ਸਹਿਮਤੀ ਸਮਝਿਆ। ਇਹ ਲਾਈਨ ਮੌਜੂਦਾ ਨਿਯੰਤਰਣ ਲਾਈਨ ਹੈ। ਨਕਸ਼ੇ ਉੱਤੇ ਬਣੀ ਸਰਹਦ ਦੀ ਚੌਥੀ ਲੜੀ ਮੈਕਮੋਹਨ ਲਾਈਨ ਹੈ। 1913-14 ਵਿਚ ਬ੍ਰਿਟੇਨ, ਚੀਨ ਅਤੇ ਤਿੱਬਤ ਦੇ ਨੁਮਾਇੰਦਿਆਂ ਨੇ ਸ਼ਿਮਲਾ ਵਿਚ ਮੁਲਾਕਾਤ ਕੀਤੀ ਅਤੇ ਸਰਹੱਦ ਬਾਰੇ ਗੱਲਬਾਤ ਕੀਤੀ ਗਈ। ਬ੍ਰਿਟਿਸ਼ ਅਧਿਕਾਰੀ ਹੈਨਰੀ ਮੈਕਮੋਹਨ ਨੇ ਸਮਝੌਤੇ ਦੇ ਨਾਲ ਇੱਕ ਨਕਸ਼ਾ ਪੇਸ਼ ਕੀਤਾ, ਜੋ ਤਿੱਬਤ ਅਤੇ ਭਾਰਤ ਦੀ ਪੂਰਬੀ ਸਰਹੱਦ ਤਹਿ ਕਰ ਰਿਹਾ ਸੀ। ਚੀਨ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ, ਉਹ ਸਮਝੌਤੇ ਲਈ ਤਿਆਰ ਨਹੀਂ ਸੀ। ਮੈਕਮੋਹਨ ਲਾਈਨ ਹਿਮਾਲਿਆ ਦਾ ਅਧਾਰ ਸੀ, ਜੋ ਹਿਮਾਲਿਆ ਦੇ ਦੱਖਣੀ ਹਿੱਸੇ ਨੂੰ ਭਾਰਤ ਨਾਲ ਜੋੜਦਾ ਸੀ। 1947 ਵਿਚ ਭਾਰਤ ਦੀ ਆਜ਼ਾਦੀ ਤੋਂ ਬਾਅਦ, ਭਾਰਤ ਸਰਕਾਰ ਨੇ ਜੌਹਨਸ ਲਾਈਨ ਨੂੰ ਅਧਿਕਾਰਤ ਸਰਹੱਦੀ ਮੰਨਿਆ ਜਿਸ ਵਿਚ ਅਕਸਾਈ ਚੀਨ ਭਾਰਤ ਦਾ ਹਿੱਸਾ ਸੀ। ਦੂਜੇ ਪਾਸੇ, ਚੀਨ ਨੇ ਜਿਨਜਿਆਂਗ ਅਤੇ ਪੱਛਮੀ ਤਿੱਬਤ ਨੂੰ ਜੋੜਨ ਵਾਲੇ 1200 ਕਿਲੋਮੀਟਰ ਦਾ ਇੱਕ ਹਾਈਵੇ ਬਣਾਇਆ। ਇਸ ਦਾ 179 ਕਿਲੋਮੀਟਰ ਦਾ ਹਿੱਸੇ ਜਾਨਸਨ ਲਾਈਨ ਦੇ ਦੱਖਣੀ ਹਿੱਸੇ ਨੂੰ ਕੱਟਦੇ ਹੋਏ ਅਕਸਾਈ ਚਿਨ ਤੋਂ ਹੋ ਕੇ ਗੁਜ਼ਰਦਾ ਹੈ।

**ਭਾਰਤ-ਚੀਨ ਵਿਵਾਦ**

ਜਦੋਂ 1950 ਦੇ ਦਹਾਕੇ ਵਿੱਚ ਚੀਨ ਨੇ ਤਿੱਬਤ ਦਾ ਕਬਜ਼ਾ ਲਿਆ ਸੀ, ਤਾਂ ਕੁਝ ਖੇਤਰਾਂ ਵਿੱਚ ਬਗ਼ਾਵਤਾਂ ਹੋਈਆਂ, ਜਿਸ ਨਾਲ ਚੀਨ ਅਤੇ ਤਿੱਬਤ ਦੇ ਵਿਚਕਾਰ ਸੜਕ ਨੂੰ ਕੱਟਣ ਦਾ ਖਤਰਾ ਬਣਿਆ ਹੋਇਆ ਸੀ। ਫਿਰ ਚੀਨ ਨੇ ਸ਼ਿੰਗਜਿਆਂਗ-ਤਿੱਬਤ ਰਾਜ ਮਾਰਗ ਉਸਾਰਿਆ ਜੋ ਅਕਸਾਈ ਚੀਨ ਤੋਂ ਨਿਕਲਦਾ ਹੈ ਅਤੇ ਚੀਨ ਨੂੰ ਪੱਛਮੀ ਤਿੱਬਤ ਨਾਲ ਸੰਪਰਕ ਰੱਖਣ ਦਾ ਇੱਕ ਹੋਰ ਸਾਧਨ ਦਿੰਦਾ ਹੈ। ਜਦੋਂ ਭਾਰਤ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸਨੇ ਆਪਣਾ ਇਲਾਕਾ ਵਾਪਸ ਲੈਣ ਦੀ ਕੋਸ਼ਿਸ਼ ਕੀਤੀ। 1957 ਤੱਕ ਭਾਰਤ ਨੂੰ ਇਹ ਵੀ ਪਤਾ ਨਹੀਂ ਸੀ ਲੱਗ ਸਕਿਆ ਕਿ ਚੀਨ ਨੇ ਅਕਸਾਈ ਚੀਨ ਦੇ ਇਸ ਵਿਵਾਦਗ੍ਰਸਤ ਹਿੱਸੇ ਵਿਚ ਰਾਹ ਬਣਾ ਲਿਆ ਸੀ। 1958 ਵਿਚ, ਇਹ ਸੜਕ ਪਹਿਲੀ ਵਾਰ ਚੀਨ ਦੇ ਨਕਸ਼ੇ ’ਤੇ ਪ੍ਰਗਟ ਹੋਈ। ਇਹ ਰੇਖਾ 1962 ਦੀ ਭਾਰਤ-ਚੀਨ ਯੁੱਧ ਦਾ ਇਕ ਵੱਡਾ ਕਾਰਨ ਬਣ ਗਈ, ਜਿਹੜੀ ਭਾਰਤੀ ਕਸ਼ਮੀਰ ਦੇ ਖੇਤਰਾਂ ਨੂੰ ਅਕਸਾਈ ਚੀਨ ਤੋਂ ਵੱਖ ਕਰਦੀ ਹੈ। ਇਸ ਨੂੰ ‘ਅਸਲ ਕੰਟਰੋਲ ਦੀ ਲਾਈਨ’ ਵਜੋਂ ਜਾਣਿਆ ਜਾਂਦਾ ਹੈ। ਅਕਸਾਈ ਚੀਨ ਭਾਰਤ ਤੇ ਚੀਨ ਵਿਚਾਲੇ ਦੋ ਮੁੱਖ ਸਰਹੱਦੀ ਵਿਵਾਦਾਂ ਵਿਚੋਂ ਇਕ ਹੈ। ਭਾਰਤ ਦਾ ਚੀਨ ਨਾਲ ਹੋਰ ਵਿਵਾਦ ਅਰੁਣਾਚਲ ਪ੍ਰਦੇਸ਼ ਮਾਮਲੇ ਬਾਰੇ ਵੀ ਹੈ।

**ਅਮਰੀਕੀ ਰਾਜਦੂਤ ਦੀ ਅਰੁਣਾਚਲ ਫੇਰੀ ਬਾਰੇ ਵਿਵਾਦ**

ਚੀਨ ਨੇ 24 ਅਕਤੂਬਰ 2016 ਦੌਰਾਨ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਚੀਨ-ਭਾਰਤ ਸਰਹੱਦੀ ਵਿਵਾਦ ਵਿੱਚ ਕੋਈ ਦਖਲ ਅੰਦਾਜ਼ੀ ਨਾ ਕਰੇ। ਇਸ ਨਾਲ ਮਸਲਾ ਹੋਰ ਵੀ ਗੁੰਝਲਦਾਰ ਬਣ ਜਾਵੇਗਾ ਅਤੇ ਦੋਹਾਂ ਦੇਸਾਂ ਦੀ ਸ਼ਾਂਤੀ ਭੰਗ ਕਰ ਦੇਵੇਗਾ। ਇਹ ਚਿਤਾਵਨੀ ਅਮਰੀਕੀ ਰਾਜਦੂਤ ਅਰੁਣਾਚਲ ਪ੍ਰਦੇਸ਼ ਦੇ ਦੌਰੇ ਤੋਂ ਕੁਝ ਦਿਨਾਂ ਬਾਅਦ ਦਿੱਤੀ ਸੀ।

ਚੀਨ ਨੇ ਅਰੁਣਾਚਲ ਨੂੰ ਦੱਖਣੀ ਤਿੱਬਤ ਦਾ ਹਿੱਸਾ ਹੋਣ ਦਾ ਦਾਅਵਾ ਕੀਤਾ ਹੈ। ਇਥੇ ਇੱਕ ਮੀਡੀਆ ਬ੍ਰੀਫਿੰਗ ਵਿੱਚ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲੂ ਕੰਗ ਨੇ ਅਮਰੀਕਾ ਨੂੰ ਭਾਰਤ-ਚੀਨ ਸਰਹੱਦ ਵਿਵਾਦ ਵਿੱਚ ਦਖਲ ਦੇਣ ਤੋਂ ਗੁਰੇਜ਼ ਕਰਨ ਲਈ ਕਿਹਾ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖੰਡੂ ਦੇ ਸੱਦੇ ’ਤੇ ਅਮਰੀਕਾ ਦੇ ਰਾਜਦੂਤ ਰਿਚਰਡ ਵਰਮਾ 22 ਅਕਤੂਬਰ 2016 ਦੌਰਾਨ ਉਥੇ ਗਏ। ਰਿਚਰਡ ਦੀ ਯਾਤਰਾ ਦਾ ਜ਼ਿਕਰ ਕਰਦੇ, ਲਕਸੇਮਬਰਗ ਨੇ ਕਿਹਾ ਕਿ ਅਮਰੀਕਾ ਦੇ ਰਾਜਦੂਤ ਨੇ ਇਸ ਵਿਵਾਦਿਤ ਖੇਤਰ ਦਾ ਦੌਰਾ ਕੀਤਾ ਹੈ, ਜਿਸ ਬਾਰੇ ਚੀਨ ਤੇ ਭਾਰਤ ਦਾ ਤਣਾਅ ਚਲ ਰਿਹਾ ਹੈ। ਉਨਾਂ ਕਿਹਾ, ‘ਅਸੀਂ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਜਿਸ ਜਗਾ ਯੂਐਸ ਦੇ ਸੀਨੀਅਰ ਡਿਪਲੋਮੈਟਿਕ ਅਧਿਕਾਰੀ ਗਏ ਸਨ, ਉਹ ਚੀਨ ਅਤੇ ਭਾਰਤ ਦਰਮਿਆਨ ਵਿਵਾਦਪੂਰਨ ਖੇਤਰ ਹੈ। ਅਸੀਂ ਇਸ ਯਾਤਰਾ ਦੇ ਬਿਲਕੁਲ ਵਿਰੁੱਧ ਹਾਂ।

ਚੀਨ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦਾ ਹਿੱਸਾ ਦੱਸਦਾ ਹੈ ਅਤੇ ਭਾਰਤੀ ਨੇਤਾਵਾਂ, ਵਿਦੇਸ਼ੀ ਅਧਿਕਾਰੀਆਂ ਅਤੇ ਦਲਾਈ ਲਾਮਾ ਦੀ ਇਸ ਖੇਤਰ ਵਿੱਚ ਯਾਤਰਾ ਦਾ ਬਾਕਾਇਦਾ ਵਿਰੋਧ ਕਰਦਾ ਹੈ। ਲੂ ਨੇ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰਾਂ ਦੀ ਅਗਵਾਈ ਵਾਲੀ ਵਿਸ਼ੇਸ਼ ਨੁਮਾਇੰਦਿਆਂ ਦੀ ਪ੍ਰਣਾਲੀ ਦਾ ਹੱਲ ਲੱਭਣ ਦਾ ਜ਼ਿਕਰ ਕਰਦਿਆਂ ਕਿਹਾ, ‘ਚੀਨ-ਭਾਰਤ ਸਰਹੱਦ ਦੇ ਪੂਰਬੀ ਖੇਤਰ ਬਾਰੇ ਚੀਨ ਦੀ ਸਥਿਤੀ ਬਹੁਤ ਸਪੱਸ਼ਟ ਹੈ।

ਬਾਕੀ ਸਫ਼ਾ 31 ’ਤੇ

**✪ ਰੂਸ ਵੱਲੋਂ ਦੋਹਾਂ ਦੇਸਾਂ ’ਚ ਦਖਲਅੰਦਾਜ਼ੀ ਦੇਣ ਤੋਂ ਕੀਤਾ ਇਨਕਾਰ**

**✪ ਕਿਹਾ ਕਿ ਆਪਸ ’ਚ ਗੱਲਬਾਤ ਕਰਕੇ ਹੱਲ ਕੱਢਣ**

**✪ ਚੀਨ ਨੇ ਕਿਹਾ ਸੀ ਕਿ ਭਾਰਤ ਤੇ ਚੀਨ ਵਿਚਾਲੇ ਦਖਲਅੰਦਾਜ਼ੀ ਨਾ ਕਰੇ ਅਮਰੀਕਾ**

**✪ ਚੀਨ ਇੰਗਲੈਂਡ ਵੱਲੋਂ ਤੈਅ ਕੀਤੇ ਨਕਸ਼ੇ ਤੇ ਸਮਝੌਤੇ ਨੂੰ ਨਹੀਂ ਪ੍ਰਵਾਨ ਕਰ ਰਿਹਾ**

**✪ ਭਾਰਤ ਇੰਗਲੈਂਡ ਦੇ ਨਕਸ਼ੇ ਅਨੁਸਾਰ ਮਾਮਲਾ ਹੱਲ ਕਰਨ ਦੇ ਹੱਕ ’ਚ**

# ਚੀਨ ਤੇ ਭਾਰਤ ਦੇ ਟਕਰਾਅ ਨੂੰ ਰੋਕਣ ਲਈ ਰੂਸ ਸਮੇਤ ਪੂਰੇ ਵਿਸ਼ਵ ਨੂੰ ਏਕਤਾ ਕਰਨ ਦੀ ਲੋੜ

**- ਰਜਿੰਦਰ ਸਿੰਘ**

45 ਸਾਲ ਬਾਅਦ ਫਿਰ ਚੀਨ ਤੇ ਭਾਰਤ ਦਾ ਤਕਰਾਰ ਹੋਇਆ ਹੈ। ਇਸ ਕਾਰਨ ਜੰਗ ਵਰਗੇ ਹਾਲਾਤ ਪੈਦਾ ਹੋ ਗਏ ਸਨ। ਇਸ ਹਮਲੇ ਵਿਚ ਇਕ ਕਰਨਲ ਸਮੇਤ 20 ਭਾਰਤੀ ਜਵਾਨ ਮਾਰੇ ਗਏ ਹਨ। ਚੀਨ ਦਾ ਵੀ ਜਾਨੀ ਨੁਕਸਾਨ ਹੋਇਆ ਹੈ, ਪਰ ਉਹ ਪੁਸ਼ਟੀ ਨਹੀਂ ਕਰ ਰਿਹਾ। ਲੱਦਾਖ ਸੈਕਟਰ ਦੀ ਗਲਵਾਨ ਵਾਦੀ ਉਹੀ ਥਾਂ ਹੈ ਜਿੱਥੇ 1962 ਵਿਚ ਚੀਨ ਨੇ ਜੰਗ ਦੀ ਸ਼ੁਰੂਆਤ ਕੀਤੀ ਸੀ। ਦੋਵਾਂ ਮੁਲਕਾਂ ਵਿਚਾਲੇ ਵਧੇ ਇਸ ਤਣਾਅ ਪਿੱਛੇ ਅਨੇਕਾਂ ਕਾਰਨ ਮੰਨੇ ਜਾ ਰਹੇ ਹਨ, ਪਰ ਕਾਰਨ ਕੋਈ ਵੀ ਸਪੱਸ਼ਟ ਨਹੀਂ ਹੈ। ਇੱਥੋਂ ਤੱਕ ਹੱਦਾਂ ਵੀ ਸਪੱਸ਼ਟ ਨਹੀਂ ਹਨ। ਚੀਨ ਅੰਗਰੇਜ਼ਾਂ ਨਾਲ ਭਾਰਤੀ ਸਮਝੌਤੇ ਦਰਮਿਆਨ ਤਹਿਤ ਹੋਈਆਂ ਮਦਾਂ ਨੂੰ ਨਹੀਂ ਮੰਨ ਰਿਹਾ। ਉਸ ਦਾ ਕਹਿਣਾ ਹੈ ਕਿ ਉਹ ਇਸ ਸਮਝੌਤੇ ਵਿਚ ਸ਼ਾਮਲ ਨਹੀਂ ਸੀ, ਇਸ ਸਮਝੌਤੇ ਵਿਚ ਸਿਰਫ ਤਿੱਬਤ ਤੇ ਭਾਰਤ ਸ਼ਾਮਲ ਸਨ। ਭਾਰਤ ਜਿਸ ਇਲਾਕੇ ’ਤੇ ਆਪਣਾ ਦਾਅਵਾ ਕਰਦਾ ਹੈ, ਉਹ ਚੀਨ ਦਾ ਹੈ। ਦੂਸਰੇ ਪਾਸੇ ਭਾਰਤ ਬ੍ਰਿਟਿਸ਼ ਹਕੂਮਤ ਵਾਲੇ ਸਮਝੌਤੇ ਨੂੰ ਪ੍ਰਵਾਨਗੀ ਦੇ ਰਿਹਾ ਹੈ। ਪਰ ਇਹ ਸਾਰੀਆਂ ਗੱਲਾਂ ਦਾ ਨਿਪਟਾਰਾ ਮਿਲ ਬੈਠ ਕੇ ਹੀ ਹੋਣਾ ਹੈ। ਹੁਣੇ ਜਿਹੇ ਭਾਰਤ ਅਤੇ ਚੀਨ ਦੇ ਫੌਜੀ ਕਮਾਂਡਰਾਂ ਦਰਮਿਆਨ ਬੀਤੇ ਦਿਨ ਹੋਈ ਬੈਠਕ ਦੌਰਾਨ ਦੋਵਾਂ ਦੇਸ਼ਾਂ ਦੀਆਂ ਫੌਜਾਂ ਨੇ ਪੂਰਬੀ ਲੱਦਾਖ ਵਿਚ ਸੰਘਰਸ਼ ਖੇਤਰ ਤੋਂ ਹਟਣ ’ਤੇ ਸਹਿਮਤੀ ਦੇ ਦਿੱਤੀ ਹੈ। ਸੂਤਰਾਂ ਨੇ ਕਿਹਾ ਕਿ ਇਹ ਗੱਲਬਾਤ ‘ਸੁਹਿਰਦ, ਸਕਾਰਾਤਮਕ ਅਤੇ ਉਸਾਰੂ ਮਾਹੌਲ’ ਵਿਚ ਹੋਈ ਅਤੇ ਇਹ ਫੈਸਲਾ ਲਿਆ ਗਿਆ ਕਿ ਦੋਵੇਂ ਧਿਰਾਂ ਪੂਰਬੀ ਲੱਦਾਖ ਦੇ ਸਾਰੇ ਟਕਰਾਅ ਵਾਲੇ ਟਿਕਾਣਿਆਂ ਤੋਂ ਹਟਣ ਦੇ ਤੌਰ ਤਰੀਕਿਆਂ ਨੂੰ ਅਮਲੀ ਰੂਪ ਦੇਣਗੇ।

14 ਕੋਰ ਕਮਾਂਡਰ ਲੈਫਟੀਨੈਂਟ ਜਨਰਲ ਹਰਿੰਦਰ ਸਿੰਘ ਅਤੇ ਤਿੱਬਤ ਮਿਲਟਰੀ ਜ਼ਿਲਾ ਕਮਾਂਡਰ ਮੇਜਰ ਜਨਰਲ ਲੂ ਲਿਨ ਨੇ ਪਿਛਲੇ ਹਫਤੇ ਭਾਰਤ ਅਤੇ ਚੀਨੀ ਫੌਜ ਵਿਚਾਲੇ ਗਲਵਾਨ ਵਾਦੀ ਵਿਚ ਹੋਈ ਹਿੰਸਕ ਝੜਪ ਤੋਂ ਬਾਅਦ ਤਣਾਅ ਘੱਟ ਕਰਨ ਦੇ ਉਦੇਸ਼ ਨਾਲ ਤਕਰੀਬਨ 11 ਘੰਟਿਆਂ ਤਕ ਗੱਲਬਾਤ ਕੀਤੀ। ਦੋਵਾਂ ਧਿਰਾਂ ਵਿਚਾਲੇ “ਟਕਰਾਅ ਤੋਂ ਪਿੱਛੇ ਹਟਣ ਲਈ ਆਪਸੀ ਸਮਝੌਤਾ ਹੋਇਆ ਹੈ।”

ਦੂਸਰੇ ਪਾਸੇ ਰੂਸ ਦੀ ਹਾਜ਼ਰੀ ਵਿਚ ਭਾਰਤ ਤੇ ਚੀਨ ਦੀ ਸੰਬੰਧ ਸੁਧਾਰਨ ਲਈ ਵੀ ਮੀਟਿੰਗ ਹੋਈ ਹੈ। ਭਾਰਤ-ਚੀਨ ਸਬੰਧਾਂ ਵਿਚ ਖਿੱਚੋਤਾਣ ਦੌਰਾਨ ਵਿਦੇਸ਼ ਮੰਤਰੀ ਐਸ ਜੈਸ਼ੰਕਰ ਚੀਨ ਤੇ ਰੂਸ ਦੇ ਵਿਦੇਸ਼ ਮੰਤਰੀਆਂ ਨਾਲ ਮੀਟਿੰਗ ਵਿਚ ਸ਼ਾਮਲ ਹੋਏ। ਗਲਵਾਨ ਘਾਟੀ ਵਿਚ ਫ਼ੌਜੀ ਝੜਪ ਤੋਂ ਬਾਅਦ ਭਾਰਤ-ਚੀਨ ਦੇ ਵਿਦੇਸ਼ ਮੰਤਰੀਆਂ ਨੇ ਵੀਡੀਓ ਕਾਨਫਰੰਸਿੰਗ ਜ਼ਰੀਏ ਪਹਿਲੀ ਵਾਰ ਆਹਮੋ-ਸਾਹਮਣੇ ਗੱਲਬਾਤ ਕੀਤੀ। ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ 17 ਜੂਨ ਨੂੰ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਇਹ ਚੀਨੀ ਫ਼ੌਜ ਦੀ ਸੋਚੀ ਸਮਝੀ ਸਾਜ਼ਿਸ਼ ਸੀ। ਇਸ ਦਾ ਦੁਵੱਲੇ ਸਬੰਧਾਂ ’ਤੇ ਗੰਭੀਰ ਅਸਰ ਪਵੇਗਾ। ਜਾਪਦਾ ਹੈ ਕਿ ਵੀਰਵਾਰ ਦੌਰਾਨ ਇਹ ਮੱਸਲਾ ਹਾਲ ਦੀ ਘੜੀ ਟੱਲ ਜਾਏਗਾ ਤੇ ਤਣਾਅ ਘਟੇਗਾ। ਅਸੀਂ ਸਮਝਦੇ ਹਾਂ ਕਿ ਦੋਹਾਂ ਦੇਸਾਂ ਦਾ ਟਕਰਾਅ ਵਿਸ਼ਵ ਸ਼ਾਂਤੀ ਲਈ ਖਤਰਾ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਨਾਲੋਂ ਰੂਸ ’ਤੇ ਜ਼ਿਆਦਾ ਵਿਸ਼ਵਾਸ ਹੈ, ਕਿਉਂਕਿ ਰੂਸ ਚੀਨ ਦਾ ਵੀ ਮਿੱਤਰ ਹੈ। ਇਹ ਸਮੁੱਚਾ ਘਟਨਾਕ੍ਰਮ ਦਰਸਾਉਂਦਾ ਹੈ ਕਿ ਭਾਰਤ ਦੀ 21ਵੀਂ ਸਦੀ ਵਿਚ ਆਤਮ-ਨਿਰਭਰਤਾ, ਉਸ ਦਾ ਕਿਸੇ ਧੜੇਬਾਜ਼ੀ ਵਿਚ ਸ਼ਾਮਲ ਨਾ ਹੋਣਾ, ਆਪਣੇ ਗੁਆਂਢੀਆਂ ਨਾਲ ਦੁਵੱਲੇ ਮਸਲੇ ਆਪ ਹੱਲ ਕਰਨਾ, ਟਰੰਪ ਦੀਆਂ ਝੂਠੀਆਂ ਤਜਵੀਜ਼ਾਂ ਨੂੰ ਨਕਾਰਨਾ ਤੇ ਰੂਸ ਦੀ ਮਦਦ ਲੈ ਕੇ ਚੀਨ ਨਾਲ ਮਸਲਾ ਨਿਪਟਾਉਣਾ ਏਸ਼ੀਆ ਲਈ ਸ਼ਾਂਤੀ ਦੀ ਕਾਰਵਾਈ ਹੈ।

ਚੀਨ ਉੱਪਰ ਵਿਸ਼ਵ ਪੱਧਰ ਉੱਪਰ ਇਹੀ ਇਲਜ਼ਾਮ ਲੱਗ ਰਹੇ ਹਨ ਕਿ ਉਸ ਦੀ ਮਨਮਾਨੀ ਨਾਲ ਗਲੋਬਲ ਵਿਵਸਥਾ ਨੂੰ ਖਤਰਾ ਪੈਦਾ ਹੋ ਸਕਦਾ ਹੈ। ਇੰਗਲੈਂਡ ਦੀ ਪੱਤ੍ਰਿਕਾ ਦਾ ਇਕਨਾਮਿਸਟ ਵਿਚ ਕਿਹਾ ਗਿਆ ਹੈ ਕਿ 75 ਸਾਲ ਪਹਿਲਾਂ ਸੈਨਫਰਾਂਸਿਸਕੋ ਵਿਚ 50 ਦੇਸਾਂ ਨੇ ਸੰਯੁਕਤ ਰਾਸ਼ਟਰ ਦੀ ਸਿਰਜਣਾ ਕਰਨ ਦੇ ਲਈ ਇਕ ਚਾਰਟਰ ’ਤੇ ਦਸਤਖ਼ਤ ਕੀਤੇ ਸਨ। ਇਸ ਦੇ ਬਾਅਦ ਕਈ ਮਾਮਲਿਆਂ ਵਿਚ ਯੂਐਨਓ ਤੋਂ ਭਰਪੂਰ ਉਮੀਦਾਂ ਰੱਖੀਆਂ ਗਈਆਂ। ਯੂਐਨਓ ਹਰ ਪੱਖੋਂ ਪੂਰਾ ਉਤਰਿਆ। ਪਰ ਉਸ ਦੇ ਵਿਸ਼ਵ ਵਪਾਰ ਸੰਗਠਨ ਦੇ ਪ੍ਰਮਾਣੂ ਅਪਸਾਰ ਸੰਧੀ ਵਰਗੇ ਕਈ ਅੰਗ ਡਗਮਗਾ ਰਹੇ ਹਨ। ਚੀਨ ਦੇ ਉਭਾਰ ਨਾਲ ਨਿਪਟਣ ਦੇ ਲਈ ਚਲ ਰਹੇ ਸੰਘਰਸ਼ ਤੇ ਯੂਐਨਓ ਦੇ ਪ੍ਰਮੁਖ ਸ਼ਿਲਪਕਾਰ ਅਮਰੀਕਾ ਤੋਂ ਉਮੀਦ ਦੇ ਕਾਰਨ ਯੂਐਨਓ ਸਿਸਟਮ ਦੀਆਂ ਅੰਦਰੂਨੀ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਚੀਨ ਦੀ ਮਨਮਾਨੀ ਤੇ ਵਿਸਥਾਰਵਾਦ ਕਾਰਨ ਅੰਤਰਰਾਸ਼ਟਰੀ ਸਮੱਸਿਆਵਾਂ ਦੇ ਪ੍ਰਭਾਵਿਤ ਹੋਣ ਦਾ ਖਤਰਾ ਵਧ ਗਿਆ ਹੈ। ਵਿਸ਼ਵ ਪ੍ਰਬੰਧ ਦੇ ਸਾਹਮਣੇ ਮੌਜੂਦ ਖਤਰਿਆਂ ਦਾ ਅਹਿਸਾਸ ਅਮਰੀਕਾ ਸਹਿਤ ਸਮੁੱਚੇ ਦੇਸਾਂ ਨੂੰ ਹੈ। ਜੇਕਰ ਅਮਰੀਕਾ ਪਿਛੇ ਹੱਟਦਾ ਹੈ ਤਾਂ ਜਾਪਾਨ, ਜਰਮਨ ਵਰਗੀਆਂ ਤਾਕਤਾਂ ਤੇ ਭਾਰਤ, ਇੰਡੋਨੇਸ਼ੀਆ ਵਰਗੇ ਉਭਰਦੇ ਦੇਸਾਂ ਨੂੰ ਅੱਗੇ ਆਉਣਾ ਪਵੇਗਾ। 1946 ਦੇ ਬਾਅਦ ਕਮਜ਼ੋਰ ਪੈ ਗਏ ਦੇਸਾਂ ਬ੍ਰਿਟੇਨ, ਫਰਾਂਸ ਨੂੰ ਸੁਰੱਖਿਆ ਪ੍ਰੀਸ਼ਦ ਵੀਟੋ ਦਾ ਅਧਿਕਾਰ ਦਿੰਦੀ ਹੈ, ਪਰ ਜਾਪਾਨ, ਭਾਰਤ, ਬ੍ਰਾਜੀਲ, ਜਰਮਨੀ ਜਾਂ ਕਿਸੇ ਅਫਰੀਕੀ ਦੇਸ ਨੂੰ ਉਨਾਂ ਵਿਚ ਜਗਾ ਨਹੀਂ ਮਿਲੀ। ਵਿਸ਼ਵ ਪ੍ਰਬੰਧ ਦੀ ਰੱਖਿਆ ਕਰਨ ਦੀ ਜ਼ਰੂਰਤ ਹੈ, ਕਿਉਂਕਿ ਇਸ ਦੇ ਬਿਨਾਂ ਦੇਸ ਤਣਾਅ ਵਿਚ ਉਲਝ ਜਾਂਦੇ ਹਨ। ਬੀਤੇ ਹਫਤੇ ਸਰਹੱਦੀ ਵਿਵਾਦ ਕਾਰਨ ਭਾਰਤ ਤੇ ਚੀਨ ਵਿਚਾਲੇ ਘਾਤਕ ਝੜਪ ਦੀ ਉਦਾਹਰਣ ਸਾਹਮਣੇ ਹੈ। ਬਹੁਪੱਖੀ ਯਤਨ ਦੇ ਬਿਨਾਂ ਪੁਰਾਣੀਆਂ ਸਮੱਸਿਆਵਾਂ ਗੰਭੀਰ ਹੋਣਗੀਆਂ। ਇਧਰ ਨਵੀਂਆਂ ਸਮੱਸਿਆਵਾਂ ਦੇ ਨਾ ਸੁਲਝਣ ਦੀਆਂ ਸੰਭਾਵਨਾਵਾਂ ਜ਼ਿਆਦਾ ਲੱਗਦੀ ਹੈ। ਕੋਰੋਨਾ ਵਾਇਰਸ ਮਹਾਂਮਾਰੀ ਬਾਰੇ ਗੌਰ ਕਰੋ ਕਿ ਵਾਇਰਸ ਦੇ ਇਲਾਜ ਤੇ ਵੈਕਸੀਨ ਲਈ ਗਲੋਬਲ ਹੱਲ ਸਾਹਮਣੇ ਆਉਣਾ ਚਾਹੀਦਾ ਹੈ। ਪਰ ਉਸ ਨੇ ਸਥਾਨਕ ਅਸੁਰੱਖਿਆ ਵਿਚ ਇਜਾਫਾ ਕੀਤਾ ਹੈ। ਇਹੀ ਸਥਿਤੀ ਜਲਵਾਯੂ ਪਰਿਵਰਤਨ ਦੇ ਸੰਗਠਿਤ ਅਪਰਾਧ ਦੇ ਮਾਮਲੇ ਵਿਚ ਹੈ। ਵੱਡਾ ਖਤਰਾ ਅਮਰੀਕਾ ਤੇ ਚੀਨ ਵਿਚਾਲੇ ਟਕਰਾਅ ਦਾ ਹੈ। ਇਸ ਨਾਲ ਗਲੋਬਲ ਸੰਸਥਾਵਾਂ ਕਮਜ਼ੋਰ ਹੋਣਗੀਆਂ ਤੇ ਵਿਕਾਸ ਰੁਕੇਗਾ। ਇਕ ਹੋਰ ਸਮੱਸਿਆ ਬਹੁਪੱਖੀ ਸੰਸਥਾਵਾਂ ਨਾਲ ਅਮਰੀਕਾ ਦੇ ਵਿਹਾਰ ਦੀ ਹੈ। ਰਾਸ਼ਟਰਪਤੀ ਡੌਨਾਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ ਤੇ ਡਬਲਿਊ ਟੀ ਓ ਨੂੰ ਨੁਕਸਾਨ ਪਹੁੰਚਾਇਆ ਹੈ। ਉਹ ਜਰਮਨੀ ਤੋਂ ਅਮਰੀਕਾ ਦੇ ਇਕ ਤਿਹਾਈ ਫੌਜ ਨੂੰ ਹਟਾਉਣ ਦਾ ਐਲਾਨ ਕਰ ਚੁੱਕੇ ਹਨ, ਇਸ ਨਾਲ ਨਾਟੋ ਕਮਜ਼ੋਰ ਹੋਵੇਗਾ। ਦੂਸਰੇ ਪਾਸੇ ਦੂਜੇ ਦਰਜੇ ਦੀਆਂ ਤਾਕਤਾਂ ਨੇ ਆਪਣੇ ਪੱਧਰ ’ਤੇ ਸਿਸਟਮ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਫਰਾਂਸ ਤੇ ਜਰਮਨੀ ਨੇ ਇਕ ਬਹੁਪੱਖੀ ਗੱਠਜੋੜ ਬਣਾਇਆ ਹੈ। ਇਸ ਵਿਚ ਦੂਸਰੇ ਦੇਸ ਵੀ ਸ਼ਾਮਲ ਹੋ ਸਕਦੇ ਹਨ। ਦੱਖਣ ਸਾਗਰ ਸਹਿਤ ਹੋਰ ਇਲਾਕਿਆਂ ਵਿਚ ਚੀਨ ਦੇ ਵਿਸਥਾਰ ਤੋਂ ਚਿੰਤਤ ਭਾਰਤ, ਅਸਟਰੇਲੀਆ, ਜਾਪਾਨ ਤੇ ਅਮਰੀਕਾ ਨੇ ਵੀ ਗੱਠਜੋੜ ਕੀਤਾ ਹੈ। ਇਸ ਦੇ ਨਾਲ ਟਰੰਪ ਦੇ ਟਰਾਂਸਪੈਸੇਫਿਕ ਵਪਾਰ ਸਮਝੌਤੇ ਤੋਂ ਅਲੱਗ ਹੋਣ ਨਾਲ ਹੋਰ ਦੇਸ ਆਪਣੇ ਪੱਧਰ ’ਤੇ ਪਹਿਲ ਕਰ ਰਹੇ ਹਨ। ਡਬਲਿਊ ਟੀ ਓ ਵਿਚ ਰੁਕਾਵਟ ਦੇ ਕਾਰਨ ਖੇਤਰੀ ਅਤੇ ਪ੍ਰਭਾਵੀ ਵਪਾਰਕ ਸਮਝੌਤੇ ਹੋਏ। ਜਾਪਾਨ ਯੂਰੇਨੀਅਨ ਯੂਨੀਅਨ ਤੇ ਅਫਰੀਕਾ ਦੇ 28 ਦੇਸਾਂ ਵਿਚਾਲੇ ਹੋਏ ਸਮਝੌਤੇ ਇਸ ਦੇ ਉਦਾਹਰਣ ਹਨ। ਕੌਮਾਂਤਰੀ ਵਿਵਸਥਾ ਨੂੰ ਚੀਨ ਤੋਂ ਖਤਰਾ ਪੈਦਾ ਹੋ ਰਿਹਾ ਹੈ। ਕੌਮਾਂਤਰੀ ਸੰਸਥਾਵਾਂ ਵਿਚ ਉਸ ਦੀ ਮੌਜੂਦਗੀ ਵਧੀ ਹੈ। ਇਹ ਯੂਐਨਓ ਦੇ ਬਜਟ ਦੇ 12 ਪ੍ਰਤੀਸ਼ਤ ਹਿੱਸਾ ਦਿੰਦਾ ਹੈ। 2020 ਵਿਚ ਇਹ ਕੇਵਲ ਇਕ ਪ੍ਰਤੀਸ਼ਤ ਸੀ। ਯੂਐਨਓ ਦੀ 15 ਮਹੱਤਵਪੂਰਨ ਏਜੰਸੀਆਂ ਵਿਚੋਂ ਚਾਰ ਵਿਚ ਉਸ ਦੇ ਕੂਟਨੀਤਕ ਦੂਤ ਹਨ। ਜਦ ਕਿ ਅਮਰੀਕਾ ਸਿਰਫ ਇਕ ਏਜੰਸੀ ਦਾ ਪ੍ਰਮੁਖ ਹੈ। ਜੇਕਰ ਸਾਰੇ ਦੇਸਾਂ ਨੇ ਪ੍ਰਭਾਵੀ ਕਦਮ ਨਾ ਚੁੱਕੇ ਤਾਂ ਚੀਨ ਹਰੇਕ ਥਾਂ ਦਖਲਅੰਦਾਜ਼ੀ ਕਰੇਗਾ। ਇਸ ਲਈ ਕੌਮਾਂਤਰੀ ਪੱਧਰ ’ਤੇ ਏਕਤਾ ਦੀ ਲੋੜ ਹੈ।

ਇਸ ਤੋਂ ਸਪੱਸ਼ਟ ਹੈ ਕਿ ਦਾ ਇਕਨਾਮਿਸਟ ਦਾ ਇਹ ਵਿਚਾਰ ਬਹੁਤ ਪ੍ਰਭਾਵਸ਼ਾਲੀ ਹੈ। ਸੋ ਭਾਰਤ ਦੀ ਲੋੜ ਇਸ ਗੱਲ ਦੀ ਹੈ ਕਿ ਉਹ ਆਪਣੇ ਗੁਆਂਢੀਆਂ ਨਾਲ ਚੰਗੇ ਸੰਬੰਧ ਬਣਾਵੇ ਅਤੇ ਦੇਸ ਵਿਚ ਘੱਟ ਗਿਣਤੀਆਂ, ਦਲਿਤਾਂ ਦੇ ਮਸਲੇ ਹੱਲ ਕਰੇ। ਜੇ ਭਾਰਤ ਅੰਦਰ ਅਸ਼ਾਂਤੀ ਹੋਵੇਗੀ ਤਾਂ ਉਹ ਕਦੇ ਵੀ ਕਾਮਯਾਬ ਨਹੀਂ ਹੋਵੇਗਾ, ਇਸ ਗੱਲ ਦਾ ਮੋਦੀ ਸਰਕਾਰ ਨੂੰ ਖਾਸ ਖਿਆਲ ਰੱਖਣਾ ਚਾਹੀਦਾ ਹੈ। ਹਿੰਦੂ ਰਾਸ਼ਟਰਵਾਦ ਭਾਰਤ ਨੂੰ ਨੁਕਸਾਨ ਵੀ ਪਹੁੰਚਾਏਗਾ ਤੇ ਕਮਜ਼ੋਰ ਵੀ ਕਰੇਗਾ। ਜੇ ਭਾਰਤ ਦੇ ਸਿਆਸਤਦਾਨਾਂ, ਕਾਰਪੋਰੇਟਰਾਂ, ਅਫ਼ਸਰਸ਼ਾਹਾਂ ਅਤੇ ਭ੍ਰਿਸ਼ਟਾਚਾਰੀਆਂ ਨੇ ਇਸ ਦੇਸ਼ ਦੀ ਧਨ-ਸੰਪਦਾ ਨਾ ਲੁੱਟੀ ਹੁੰਦੀ ਤਾਂ ਸੰਨ 1947 ਵਿਚ ਆਜ਼ਾਦ ਹੋਇਆ ਭਾਰਤ ਸੰਨ 1949 ਵਿਚ ਇਨਕਲਾਬ ਰਾਹੀਂ ਕੁਇੰਗ ਰਾਜਸ਼ਾਹੀ ਤੋਂ ਆਜ਼ਾਦ ਹੋਏ ਚੀਨ ਤੋਂ ਕਿਤੇ ਅੱਗੇ ਨਿਕਲਿਆ ਹੁੰਦਾ।

# ਬਾਬਿਆਂ ਦਾ ਮਾਇਆ ਜਾਲ

ਹਾਸ ਵਿਅੰਗ

**- ਰਾਜਿੰਦਰ ਸਿੰਘ ਜੱਸਲ**

ਸਾਨੂੰ ਕੋਈ ਸੰਤ ਆਖ ਦਿੰਦਾ ਹੈ, ਕੋਈ ਸਾਧੂ, ਕੋਈ ਬਾਬਾ, ਕੋਈ ਸਤਿਗੁਰੂ, ਕੋਈ ਮਹਾਰਾਜ, ਕੋਈ ਪਿਤਾ ਜੀ। ਜਿਵੇਂ ਕਿਸੇ ਨੂੰ ਠੀਕ ਲੱਗਦਾ ਹੈ, ਉਵੇਂ ਆਖ ਦਿੰਦਾ ਹੈ। ਸਾਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬੱਸ, ਸਾਡੀ ਮਹਿਮਾ ਹੋਣੀ ਚਾਹੀਦੀ ਹੈ। ਉਹ ਹੋਈ ਜਾਂਦੀ ਹੈ। ਅਸੀਂ ਲੋਕ ਆਲੀਸ਼ਾਨ ਡੇਰਿਆਂ ’ਚ ਰਹਿ ਕੇ ਐਸ਼ ਨਾਲ ਜ਼ਿੰਦਗੀ ਜੀਅ ਰਹੇ ਹਾਂ, ਜਿਹੜੇ ਕਿ ਦੇਸ਼ ਦੇ ਕੋਨੇ-ਕੋਨੇ ’ਚ ਬਣੇ ਹੋਏ ਹਨ। ਲੋਕ ਵਹੀਰਾਂ ਘੱਤ ਕੇ ਸਾਡੇ ਡੇਰਿਆਂ ’ਚ ਆਉਂਦੇ ਹਨ। ਅਸੀਂ ਮਾੜਾ-ਮੋਟਾ ਰੁਪਈਆ-ਧੇਲੀ ਮੱਥਾ ਨਹੀਂ ਟਿਕਵਾਉਂਦੇ, ਪਰਦੇ ਪਿੱਛੋਂ ਮੋਟੀਆਂ ਗੁੱਥੀਆਂ ਹੀ ਫੜਦੇ ਹਾਂ, ਜਿਸ ਕਰ ਕੇ ਸਾਨੂੰ ਹਰ ਮਹੀਨੇ ਲੱਖਾਂ ਰੁਪਏ, ਲੋਕਾਂ ਦੇ ਵੀਹਾਂ ਨਹੂੰਆਂ ਦੀ ਕਮਾਈ ’ਚੋਂ ਇਕੱਠੇ ਹੋ ਜਾਂਦੇ ਹਨ। ਅਸੀਂ ਹਰ ਵਰਗ ਦੇ ਲੋਕਾਂ ’ਤੇ ਆਪਣਾ ਗ਼ਲਬਾ ਕਾਇਮ ਕੀਤਾ ਹੋਇਆ ਹੈ। ਇਸ ਕਰਕੇ ਹਰ ਵਰਗ ਦੇ ਲੋਕ, ਆਪਣਾ ਕੰਮ-ਕਾਰ ਛੱਡ ਕੇ ਆਉਂਦੇ ਹਨ। ਅਸੀਂ ਆਪਣੇ ਭਗਤਾਂ ਨੂੰ ਪ੍ਰਵਚਨ ਸੁਣਾ ਕੇ ਨਿਹਾਲ ਕਰ ਦਿੰਦੇ ਹਾਂ। ਭੇਤ ਦੀ ਗੱਲ ਇਹ ਹੈ ਕਿ ਸਾਡੇ ਪ੍ਰਵਚਨਾਂ ਦਾ ਅਸਲੀਅਤ ਨਾਲ ਦੂਰ ਦਾ ਵਾਸਤਾ ਵੀ ਨਹੀਂ ਹੁੰਦਾ। ਸਾਡੇ ਪ੍ਰਵਚਨ ਵੀ ਪੱਕੇ ਰਟੇ ਰਟਾਏ ਹੁੰਦੇ ਹਨ, ਜਿਵੇਂ ਮੋਹ ਮਾਇਆ ਦਾ ਤਿਆਗ ਕਰ ਦਿਓ, ਇਹ ਨਾਗਣੀ ਹੈ। ਲੋਭ, ਮੋਹ, ਹੰਕਾਰ ਤੋਂ ਬਚੋ, ਪਰਾਈ ਇਸਤਰੀ ਦਾ ਸੰਗ ਨਾ ਕਰੋ, ਵਗੈਰਾ-ਵਗੈਰਾ। ਵੈਸੇ ਇਹ ਪ੍ਰਵਚਨ ਲੋਕਾਂ ਵਾਸਤੇ ਹੀ ਹਨ। ਜੇਕਰ ਅਸੀਂ ਇਨਾਂ ’ਤੇ ਅਮਲ ਕਰਨ ਬੈਠ ਜਾਈਏ, ਫਿਰ ਸਾਡੀ ਤਾਂ ਜੂਨ ਹੀ ਖ਼ਰਾਬ ਹੋ ਜਾਵੇਗੀ। ਇਸ ਕਰ ਕੇ ਅਸੀਂ ਲੋਕਾਂ ਨੂੰ ਹੀ 84 ਲੱਖ ਜੂਨਾਂ ਦੇ ਚੱਕਰ ਵਿੱਚ ਉਲਝਾ ਕੇ ਆਪਣਾ ਉੱਲੂ ਸਿੱਧਾ ਕਰੀ ਜਾਂਦੇ ਹਾਂ।

ਤੁਹਾਡੇ ਦਿਮਾਗ਼ ਵਿੱਚ ਇਹ ਗੱਲ ਜ਼ਰੂਰ ਖਟਕਦੀ ਹੋਵੇਗੀ ਕਿ ਅਸੀਂ ਆਮ ਲੋਕਾਂ ਨੂੰ ਆਖਦੇ ਹਾਂ ਕਿ ਇਸ ਮਾਨਸ ਦੇਹੀ ਦੀ ਉਮਰ ਜਿੰਨੀ ਲਿਖੀ ਹੈ, ਤੁਸੀਂ ਉੱਨੀ ਹੀ ਭੋਗ ਕੇ ਮਰਨਾ ਹੈ। ਫਿਰ ਸਾਡੇ ਆਲੇ-ਦੁਆਲੇ ਬਾਡੀਗਾਰਡ ਕਿਉਂ ਮੱਖੀਆਂ ਵਾਂਗ ਭੀਂ-ਭੀਂ ਕਰਦੇ ਰਹਿੰਦੇ ਹਨ? ਇਹ ਇਸ ਕਰ ਕੇ ਹੈ ਕਿਉਂਕਿ ਅੱਜਕੱਲ ਮੁਕਾਬਲੇਬਾਜ਼ੀ ਦਾ ਯੁੱਗ ਹੈ। ਕੀ ਪਤਾ ਲੱਗਦੈ, ਕਿਸੇ ਦੂਜੇ ਡੇਰੇ ਵਾਲਾ ਖ਼ਾਰ ਖਾ ਕੇ ਕੋਈ ਪੁੱਠੀ ਚਾਲ ਚੱਲ ਦੇਵੇ। ਕੌਣ ਜ਼ਰਦਾ ਹੈ ਕਿ ਮੇਰੇ ਡੇਰੇ ਦੀ ਭੀੜ ਦੂਜੇ ਡੇਰੇ ਨਾਲੋਂ ਘੱਟ ਹੋਵੇ। ਵੈਸੇ ਸਾਡਾ ਦਿਮਾਗ਼ ਗੰਦੇ ਨਾਲੇ ਵਾਂਗ ਚੱਲਦਾ ਹੈ, ਤਾਂ ਹੀ ਤਾਂ, ਅਸੀਂ ਲੋਕਾਂ ਨੂੰ ਬੁੱਧੂ ਬਣਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਾਂ। ਸਾਡੇ ਡੇਰਿਆਂ ’ਚ ਅਨਪੜ, ਪੜੇ-ਲਿਖੇ, ਮਾਸਟਰ, ਡਾਕਟਰ, ਇੰਜੀਨੀਅਰ, ਵਕੀਲ ਆਦਿ ਵੀ ਬਹੁਤ ਆਉਂਦੇ ਹਨ। ਇਨਾਂ ਤੋਂ ਹੀ ਅਸੀਂ ਅੰਨੀ ਜਾਇਦਾਦ ਬਣਾ ਰੱਖੀ ਹੈ, ਜਿਸ ਦਾ ਸਾਨੂੰ ਖ਼ੁਦ ਨੂੰ ਵੀ ਹਿਸਾਬ ਕਿਤਾਬ ਨਹੀਂ ਪਤਾ। ਅਸੀਂ ਕੋਈ ਕੰਮ-ਕਾਰ ਨਹੀਂ ਕਰਦੇ। ਅਸੀਂ ਆਮ ਲੋਕਾਂ ਵਾਂਗ ਭੁੱਖੇ ਨਹੀਂ ਮਰਦੇ, ਐਸ਼ ਕਰਦੇ ਹਾਂ। ਚਿੱਟੇ ਦੁੱਧ ਵਰਗੇ ਕੱਪੜੇ ਪਾਉਂਦੇ ਹਾਂ ਤੇ ਥੱਲੇ ਵਿਦੇਸ਼ੀ ਕਾਰਾਂ ਹੁੰਦੀਆਂ ਹਨ। ਨੌਕਰਾਂ-ਚਾਕਰਾਂ ਦੀ ਲੋੜ ਨਹੀਂ ਪੈਂਦੀ, ਸਾਡੇ ਚੇਲੇ ਹੀ ਇਹ ਕੰਮ ਕਰੀ ਜਾਂਦੇ ਹਨ। ਅਸੀਂ ਬਾਹਰਲੇ ਮੁਲਕਾਂ ’ਚ ਵੀ ਆਪਣੇ ਕੱਟੜ ਸਮਰੱਥਕ ਬਣਾਏ ਹੋਏ ਹਨ, ਤਾਂ ਹੀ ਮਹੀਨੇ ਕੁ ਬਾਅਦ ਬਾਹਰ ਦਾ ਟੂਰ ਬਣਾ ਲੈਂਦੇ ਹਾਂ।



ਸਾਡੇ ਡੇਰਿਆਂ ’ਚ ਹਰ ਜਾਇਜ਼ ਨਾਜਾਇਜ਼ ਕੰਮ ਹੁੰਦਾ ਹੈ। ਪਿੰਡਾਂ ਦੀਆਂ ਕੁੱਝ ਔਰਤਾਂ ਸਾਡੀ ਬੜੀ ਸੇਵਾ ਕਰਦੀਆਂ ਹਨ। ਨਸ਼ਾ-ਪੱਤਾ ਵੀ ਖ਼ੂਬ ਚੱਲਦਾ ਹੈ। ਕਈ ਮਾਪੇ ਆਪਣੇ ਬੱਚਿਆਂ ਅਤੇ ਕਈ ਆਦਮੀ ਆਪਣੀਆਂ ਔਰਤਾਂ ਨੂੰ ਸਵੇਰ ਤੋਂ ਸ਼ਾਮ ਤੱਕ ਸਾਡੀ ਅਤੇ ਸਾਡੇ ਡੇਰੇ ਦੀ ਸੇਵਾ ਵਾਸਤੇ ਛੱਡ ਜਾਂਦੇ ਹਨ। ਅਸੀਂ ਆਪਣੀਆਂ ਮਨ ਆਈਆਂ ਕਰਦੇ ਹਾਂ। ਸਾਨੂੰ ਕਿਸੇ ਦਾ ਕੋਈ ਡਰ ਨਹੀਂ ਹੈ। ਥਾਣਿਆਂ ’ਚ ਸਾਡੀ ਬਹੁਤ ਚੱਲਦੀ ਹੈ। ਥਾਣਿਆਂ ਨੂੰ ਛੱਡੋ, ਸਾਡੀਆਂ ਤਾਂ ਸਰਕਾਰਾਂ ਵੀ ਆਪਣੀਆਂ ਹੀ ਹੁੰਦੀਆਂ ਹਨ, ਤਾਂ ਹੀ ਤਾਂ ਸਾਡੇ ਵੱਲੋਂ ਬਣਾਈ ਬੇ-ਹਿਸਾਬੀ ਜਾਇਦਾਦ ਦੀ ਪੜਤਾਲ ਕਰਨ ਦਾ ਕੋਈ ਹੌਸਲਾ ਨਹੀਂ ਕਰਦਾ। ਵੱਡੇ-ਵੱਡੇ ਲੀਡਰਾਂ ਨਾਲ ਪੱਕੇ ਸੰਬੰਧ ਹਨ। ਅਸੀਂ ਜਿਵੇਂ ਕਹਿੰਦੇ ਹਾਂ, ਉਵੇਂ ਹੀ ਹੁੰਦੈ। ਅਸੀਂ ਲੀਡਰਾਂ ਨੂੰ ਕਹਿੰਦੇ ਹਾਂ ਤੁਸੀਂ ਸਾਡੇ ਚਰਨੀਂ ਮੱਥੇ ਟੇਕੋ, ਤੁਹਾਨੂੰ ਦੇਖ ਕੇ ਲੋਕ ਭੇਡ ਚਾਲ ਨਾਲ ਸਾਡੇ ਚਰਨਾਂ ’ਤੇ ਮੱਥੇ ਰਗੜਣਗੇ। ਇਸ ਦੇ ਬਦਲੇ ਅਸੀਂ ਸੰਗਤ ਤੋਂ ਵੋਟਾਂ ਉਸ ਲੀਡਰ ਨੂੰ ਪਾਉਣ ਵਾਸਤੇ ਪ੍ਰਵਚਨ ‘ਦਾਗ਼’ ਦਿੰਦੇ ਹਾਂ। ਸੰਗਤ ਦੀ ਐਸੀ ਕੀ ਤੈਸੀ ਕਿ ਸਾਡੇ ਮੂਹਰੇ ਨਤਮਸਤਕ ਨਾ ਹੋਵੇ। ਇਸ ਨਾਲ ਦੋਹਾਂ ਦਾ ਕੰਮ ਸਰ ਜਾਂਦਾ ਹੈ।

ਲੋਕਾਂ ਨੂੰ ਪਤਾ ਨਹੀਂ ਕੀ ਹੋਇਆ ਹੈ ਕਿ ਉਹ ਘਰ ਬਾਰ ਛੱਡ ਕੇ ਡੇਰਿਆਂ ’ਚ ਸੁੱਖ- ਸ਼ਾਂਤੀ ਭਾਲਦੇ ਫਿਰਦੇ ਹਨ। ਵਿਚਾਰੇ ਦਿਹਾੜੀਦਾਰ ਕਾਮੇ, ਨਾਲੇ ਦਿਹਾੜੀ ਛੱਡਦੇ ਹਨ, ਨਾਲੇ ਕਿਰਾਇਆ ਪਟਦੇ ਹਨ। ਚਲੋ ਖ਼ੈਰ! ਅਸੀਂ ਆਪਣਾ ਮਤਲਬ ਕੱਢਣ ਲਈ ਲੋਕਾਂ ਨੂੰ ਡਰਾ ਕੇ ਵੀ ਰੱਖਦੇ ਹਾਂ। ਜ਼ਿਆਦਾ ਮੋਹ ਵੀ ਨਹੀਂ ਪਾਈਦਾ। ਅਸੀਂ ਲੋਕਾਂ ਨੂੰ ਇੱਕ ਨਾਮ ਸ਼ਬਦ ਵੀ ਦਿੰਦੇ ਹਾਂ। ਉਸ ਦੇ ਅੱਖਰ ਸਮੇਂ-ਸਮੇਂ ਵਧਾ ਘਟਾ ਦਿੰਦੇ ਹਾਂ। ਅਸੀਂ ਸਵੇਰੇ ਸ਼ਾਮ ਲੋਕਾਂ ਨੂੰ ਇਹ ਨਾਮ ਸ਼ਬਦ ਜਪਣ ਲਈ ਆਖਦੇ ਹਾਂ, ਪਰ ਅਜੇ ਤੱਕ ਲੋਕ ਵਿਚਾਰੇ ਭੁੱਖ-ਨੰਗ ਨਾਲ ਹੀ ਘੁਲੀ ਜਾਂਦੇ ਹਨ। ਅਸੀਂ ਇਹ ਡਰਾਵਾ ਵੀ ਦੇਈਦਾ ਹੈ ਕਿ ਜੇ ਤੁਸੀਂ ਨਾਮ ਸ਼ਬਦ ਕਿਸੇ ਨੂੰ ਦੱਸਿਆ ਤਾਂ ਬੜਾ ਅਨਰਥ ਹੋ ਜਾਣਾ ਹੈ। ਇਸ ਦਾ ਫ਼ਾਇਦਾ ਇਹ ਹੁੰਦਾ ਹੈ ਕਿ ਜਿਸ ਨੇ ਨਾਮ ਸ਼ਬਦ ਲੈਣਾ ਹੈ, ਉਹ ਸਾਡੇ ਡੇਰੇ ਚੱਲ ਕੇ ਆਉਂਦਾ ਹੈ। ਇਸ ਨਾਲ ਸਾਡੀ ਸ਼ੋਭਾ ਵੱਧਦੀ ਹੈ। ਨਾਲੇ ਜੇ ਨਾਮ ਸ਼ਬਦ ਦੱਸਣ ਨਾਲ ਕੁੱਝ ਹੁੰਦਾ ਹੋਵੇ, ਸਾਨੂੰ ਨਾ ਹੋ ਜਾਵੇ, ਅਸੀਂ ਵੀ ਤਾਂ ਮਾਂ ਦੇ ਪੇਟੋਂ ਹੀ ਜੰਮੇ ਹਾਂ।

ਅਸੀਂ ਲੋਕਾਂ ਨੂੰ ਇੱਕ ਰਹਿਤਨਾਮਾ ਵੀ ਦੱਸਦੇ ਹਾਂ ਕਿ ਅੰਡਾ ਨਹੀਂ ਖਾਣਾ, ਮੀਟ ਨਹੀਂ ਖਾਣਾ, ਸ਼ਰਾਬ ਨਹੀਂ ਪੀਣੀ। ਤੁਹਾਨੂੰ ਪਤਾ ਹੀ ਹੈ ਕਿ ਮਹਿੰਗੇ ਭਾਅ ਦਾ ਮੀਟ ਕਿਹੜਾ ਕੋਈ ਰੋਜ਼ ਈ ਧਰਦਾ ਹੈ। ਵਰੇ ਛਿਮਾਹੀਂ ਅਗਲੇ ਨੇ ਧਰਨਾ ਹੁੰਦੈ। ਆਮ ਲੋਕਾਂ ਨੂੰ ਵੀ ਪਤਾ ਹੈ ਕਿ ਸ਼ਰਾਬ ਸਿਹਤ ਵਾਸਤੇ ਮਾੜੀ ਹੈ, ਕਲੇਸ਼ ਪਵਾਉਂਦੀ ਹੈ, ਆਪ ਹੀ ਛੱਡ ਦਿਓ। ਪਰ ਅਸੀਂ ਕਿਉਂਕਿ ਬਾਬੇ ਹੁੰਦੇ ਹਾਂ, ਇਸ ਕਰਕੇ ਲੋਕ ਸਾਡੇ ਕਹਿਣ ’ਤੇ ਜ਼ਿਆਦਾ ਯਕੀਨ ਕਰਦੇ ਹਨ। ਹੁਣ ਅਸੀਂ ਸੰਗਤ ਨੂੰ ਇਹ ਕਿਵੇਂ ਆਖ ਦੇਈਏ ਕਿ ਭਾਈ ਸੰਗਤੇ, ਕਾਜੂ, ਬਦਾਮ, ਪਿਸਤੇ ਖਾਇਆ ਕਰੋ। ਸਾਨੂੰ ਪਤਾ ਹੈ, ਬਹੁਤੇ ਲੋਕਾਂ ਦੇ ਤਾਂ ਦੋ ਡੰਗ ਰੋਟੀ ਹੀ ਮਸਾਂ ਪੱਕਦੀ ਹੈ, ਇਸ ਕਰ ਕੇ ਇਸ ਪ੍ਰਵਚਨ ਤੋਂ ਗੁਰੇਜ਼ ਹੀ ਕਰਦੇ ਹਾਂ। ਬੱਸ ਸ਼ਰਾਬ ਛੱਡਣ, ਮੋਹ, ਲੋਭ ਅਤੇ ਹੰਕਾਰ ਤਿਆਗਣ ਵਾਸਤੇ ਹੀ ਆਖਦੇ ਹਾਂ।

ਅਸੀਂ ਸਫ਼ਾਈ ਪਸੰਦ ਹੁੰਦੇ ਹਾਂ ਤਾਂ ਹੀ ਸਾਡੀ ਸੰਗਤ, ਘਰੇ ਭਾਵੇਂ ਡੱਕਾ ਤੋੜ ਕੇ ਦੂਹਰਾ ਨਾ ਕਰੇ, ਪਰ ਇੱਥੇ ਆ ਕੇ ਡੇਰੇ ਦੀ ਅੰਦਰੋਂ ਬਾਹਰੋਂ ਚੰਗੀ ਤਰਾਂ ਸਫ਼ਾਈ ਰੱਖਦੀ ਹੈ। ਬੀਬੀਆਂ ਘਰੇ ਭਾਵੇਂ ਕੰਮ ਨਾ ਕਰਨ, ਪਰ ਇੱਥੇ ਆ ਕੇ ਤੁਰੰਤ ਝਾੜੂ ਚੁੱਕ ਲੈਂਦੀਆਂ ਹਨ। ਅਸੀਂ ਲੱਖਾਂ ਏਕੜ ਉਪਜਾਊ ਜ਼ਮੀਨ ਆਪਣੇ ਡੇਰਿਆਂ ਥੱਲੇ ਨੱਪੀ ਬੈਠੇ ਹਾਂ, ਪਰ ਕੋਈ ਮਾਈ ਦਾ ਲਾਲ ਸਾਨੂੰ ਪੁੱਛੇ ਤਾਂ ਸਹੀ। ਸਾਡਾ ਲੋਕ ਮਨਾਂ ਉੱਪਰ ਏਨਾ ਗਹਿਰਾ ਅਸਰ ਹੈ ਕਿ ਸਾਡੇ ਕੱਟੜ ਚੇਲੇ ਸਾਡੇ ਵਿਰੁੱਧ ਬੋਲਣ ਵਾਲਿਆਂ ਨੂੰ ਆਪ ਹੀ ਚੁੱਪ ਕਰਵਾ ਦਿੰਦੇ ਹਨ। ਹਾਂ ਹੁਣ ਅਖ਼ਬਾਰਾਂ ਰਾਹੀਂ ਸਾਡੀਆਂ ਅੰਦਰੂਨੀ ਗੱਲਾਂ ਬਾਹਰ ਲੋਕਾਂ ਤੱਕ ਪਹੁੰਚਣ ਲੱਗ ਪਈਆਂ ਹਨ। ਚਲੋ, ਕੋਈ ਨਹੀਂ, ਵੇਹਨੇ ਆਂ, ਲੋਕ ਕਦੋਂ ਸਿਆਣੇ ਹੁੰਦੇ ਹਨ?

# ਰਾਜਨੀਤੀ ਤੋਂ ਪ੍ਰੇਰਿਤ ਦਿੱਲੀ ਹਿੰਸਾ ਬਾਰੇ ਪੁਲਿਸ ਜਾਂਚ

***✪ ਪ੍ਰਸਿੱਧ ਬੁੱਧੀਜੀਵੀ ਅਪੂਰਵਾਨੰਦ ਨੇ ਮੋਦੀ ਸਰਕਾਰ 'ਤੇ ਉਠਾਏ ਗੰਭੀਰ ਸੁਆਲ***

***✪ ਸੁਪਰੀਮ ਕੋਰਟ ਇਨਸਾਫ਼ ਦੇਣ ਦੀ ਥਾਂ ਸਟੇਟ ਦੇ ਹੱਕ 'ਚ ਭੁਗਤ ਰਹੀ ਏ***

***✪ ਮੁਸਲਮਾਨਾਂ ਵਿਰੁਧ ਭਾਰਤੀ ਸਮਾਜ 'ਚ ਭੜਕਾਈ ਜਾ ਰਹੀ ਏ ਨਫ਼ਰਤ***

**- ਅੰਮ੍ਰਿਤਸਰ ਟਾਈਮਜ ਬਿਊਰੋ**

ਅਪੂਰਵਾਨੰਦ ਦਿੱਲੀ ਯੂਨੀਵਰਸਿਟੀ ਵਿਚ ਹਿੰਦੀ ਦਾ ਪ੍ਰੋਫੈਸਰ ਹੈ ਅਤੇ ਮਨੁੱਖੀ ਅਧਿਕਾਰਾਂ ਦਾ ਕਾਰਕੁਨ ਵੀ ਹੈ। ਉਨਾਂ ਨੇ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਸਰਕਾਰ ਦੇ ਅਧੀਨ ਹਿੰਦੂਤਵ ਦੇ ਉਭਾਰ 'ਤੇ ਬਾਖੂਬੀ ਲਿਖਿਆ ਅਤੇ ਦ੍ਰਿੜਤਾ ਨਾਲ ਬੋਲਿਆ ਹੈ। ਪਿਛਲੇ ਸਾਲ ਜਦੋਂ ਦਸੰਬਰ 2019 ਵਿਚ ਸਿਟੀਜ਼ਨਸ਼ਿਪ ਸੋਧ ਕਾਨੂੰਨ ਅਤੇ ਰਾਸ਼ਟਰੀ ਰਜਿਸਟਰ ਆਫ਼ ਸਿਟੀਜ਼ਨਸ ਖ਼ਿਲਾਫ਼ ਦੇਸ਼ ਵਿਆਪੀ ਮੁਜ਼ਾਹਰੇ ਕੀਤੇ ਜਾ ਰਹੇ ਸਨ ਤਾਂ ਉਦੋਂ ਪ੍ਰੋ. ਅਪੂਰਵਾਨੰਦ ਨੇ ਇਸ ਕਾਨੂੰਨ ਵਿਰੁੱਧ ਆਪਣੀ ਆਵਾਜ਼ ਲਗਾਤਾਰ ਬੁਲੰਦ ਕੀਤੀ ਸੀ। ਉਨਾਂ ਨੇ ਜਾਮੀਆ ਮਿਲਿਆ ਇਸਲਾਮੀਆ ਵਿੱਚ ਪੁਲਿਸ ਦੇ ਅੱਤਿਆਚਾਰ, ਭਾਜਪਾ ਦੀ ਵਿਦਿਆਰਥੀ ਵਿੰਗ ਵਲੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਉੱਤੇ ਕੀਤੇ ਗਏ ਹਮਲਿਆਂ ਅਤੇ ਵਿਦਿਅਕ ਅਦਾਰਿਆਂ ਉੱਤੇ ਸਰਕਾਰੀ ਜ਼ੁਲਮ ਵਿਰੁੱਧ ਹਮੇਸ਼ਾਂ ਆਵਾਜ਼ ਉਠਾਈ। ਅਪੂਰਵਾਨੰਦ ਦੇਸ਼ ਦੇ ਬੁੱਧੀਜੀਵੀਆਂ, ਲੇਖਕਾਂ ਅਤੇ ਸਮਾਜ ਸੇਵੀ ਹਨ ਜੋ ਇਸ ਸਾਲ ਫਰਵਰੀ ਵਿਚ ਦਿੱਲੀ ਵਿਚ ਹੋਈ ਹਿੰਸਾ ਦੀ ਨਿਰਪੱਖ ਜਾਂਚ ਦੀ ਮੰਗ ਕਰ ਰਹੇ ਹਨ। ਉਸ ਹਿੰਸਾ ਵਿਚ ਮਾਰੇ ਗਏ 50 ਤੋਂ ਜ਼ਿਆਦਾ ਲੋਕ ਜ਼ਿਆਦਾਤਰ ਮੁਸਲਮਾਨ ਸਨ। ਬੀਤੇ ਦਿਨੀਂ ਉਨਾਂ ਨਾਲ ਹੋਈ ਗੱਲਬਾਤ ਦੇ ਪ੍ਰਮੁਖ ਅੰਸ਼ ਪਾਠਕਾਂ ਲਈ ਪੇਸ਼ ਕੀਤੇ ਜਾ ਰਹੇ ਹਨ :

ਸੁਆਲ-ਤੁਸੀਂ ਕਿਵੇਂ ਵੇਖੋਗੇ ਕਿ ਸਿਟੀਜ਼ਨਸ਼ਿਪ ਸੋਧ ਐਕਟ ਪਾਸ ਹੋਣ ਤੋਂ ਬਾਅਦ ਦਿੱਲੀ ਹਿੰਸਾ ਦੌਰਾਨ ਕੀ ਵਾਪਰਿਆ ?

ਜੁਆਬ-ਜਦੋਂ ਸਿਟੀਜ਼ਨਸ਼ਿਪ ਸੋਧ ਐਕਟ ਪਾਸ ਹੋਇਆ ਤਾਂ ਵਿਰੋਧੀ ਪਾਰਟੀਆਂ ਦੀ ਚੁੱਪ ਹੈਰਾਨ ਕਰਨ ਵਾਲੀ ਸੀ। ਪਰ ਉੱਤਰ ਪ੍ਰਦੇਸ਼, ਦਿੱਲੀ ਤੇ ਹੋਰ ਕਈ ਸਥਾਨਾਂ ਦੇ ਲੋਕਾਂ ਨੇ ਅੰਦੋਲਨ ਸ਼ੁਰੂ ਕਰ ਦਿੱਤੇ। ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਅਤੇ ਉੱਤਰ ਪ੍ਰਦੇਸ਼ ਦੀ ਅਲੀਗੜ ਮੁਸਲਿਮ ਯੂਨੀਵਰਸਿਟੀ ਦੇ ਵਿਦਿਆਰਥੀਆਂ ਸਮੇਤ ਹੋਰਨਾਂ ਨੇ ਇਸ ਕਾਲੇ ਕਾਨੂੰਨ ਦਾ ਵਿਰੋਧ ਕੀਤਾ। ਪਰ ਸਰਕਾਰ ਨੇ ਵਿਰੋਧੀਆਂ ਨੂੰ ਬੇਰਹਿਮੀ ਨਾਲ ਦਬਾ ਦਿੱਤਾ। ਸੁਪਰੀਮ ਕੋਰਟ ਨੇ ਵੀ ਇਸ ਜ਼ੁਲਮ ਦਾ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ। ਉਨਾਂ ਨੇ ਸਿੱਧੇ ਤੌਰ 'ਤੇ ਕਿਹਾ ਕਿ ਸਿਟੀਜ਼ਨਸ਼ਿਪ ਸੋਧ ਐਕਟ ਦਾ ਵਿਰੋਧ ਕਰਨ ਵਾਲੇ ਅੰਦੋਲਨਕਾਰੀਆਂ ਨੂੰ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਕੋਈ ਅਧਿਕਾਰ ਨਹੀਂ ਹੈ ਅਤੇ ਜੇ ਅੰਦੋਲਨਕਾਰੀ ਆਪਣੀ ਗੱਲ ਅਦਾਲਤ ਨੂੰ ਸੁਣਾਉਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਹਿੰਸਕ ਰਸਤਾ ਛੱਡ ਕੇ ਅਦਾਲਤ ਜਾਣਾ ਚਾਹੀਦਾ ਹੈ।

ਫਿਰ ਸ਼ਾਹੀਨ ਬਾਗ ਦੀ ਸ਼ੁਰੂਆਤ ਹੋਈ। ਉਥੋਂ ਦੀਆਂ ਮੁਸਲਮਾਨ ਔਰਤਾਂ ਤੇ ਵਿਦਿਆਰਥੀਆਂ ਨੇ ਸੰਵਿਧਾਨ ਨੂੰ ਪ੍ਰਮੁਖ ਰੱਖ ਕੇ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕੀਤਾ। ਇੱਥੇ ਬਹੁਗਿਣਤੀ ਮੁਸਲਮਾਨ ਔਰਤਾਂ ਦੀ ਸੀ। ਇਸ ਦਾ ਸਭਨਾਂ ਨੇ ਸਾਥ ਦਿੱਤਾ। ਸ਼ਾਹੀਨ ਬਾਗ ਅੰਦੋਲਨ ਨੇ ਸ਼ਾਂਤਮਈ ਅੰਦੋਲਨ ਦਾ ਰਾਹ ਅਪਣਾ ਕੇ ਨਵੀਂ ਪਿਰਤ ਪਾਈ। ਸ਼ਾਹੀਨ ਬਾਗ ਨੇ ਪੂਰੇ ਭਾਰਤ ਵਿਚ ਘੱਟੋ ਘੱਟ 200 ਅਜਿਹੇ ਸੰਘਰਸ਼ਾਂ ਨੂੰ ਪ੍ਰੇਰਿਤ ਕੀਤਾ। ਉਸਨੇ ਕਈ ਮਿੱਥਾਂ ਨੂੰ ਤੋੜਿਆ। ਇੱਕ ਮਿਥਿਹਾਸਕ ਧਾਰਨਾ ਸੀ ਕਿ ਬੁਰਕਾ ਪਹਿਨਣ ਵਾਲੀਆਂ ਮੁਸਲਿਮ ਔਰਤਾਂ ਪਛੜੀਆਂ ਅਤੇ ਅਨਪੜ ਹਨ, ਪਰ ਅਸੀਂ ਵੇਖਿਆ ਕਿ ਔਰਤਾਂ ਇਸ ਅੰਦੋਲਨ ਦੀ ਅਗਵਾਈ ਕਰ ਰਹੀਆਂ ਸਨ ਤੇ ਉਨਾਂ ਨੇ ਆਪਣੇ ਧਾਰਮਿਕ ਆਗੂਆਂ ਨੂੰ ਇਸ ਲਹਿਰ ਬਾਰੇ ਫੈਸਲਾ ਨਹੀਂ ਲੈਣ ਦਿੱਤਾ। ਇਸ ਅੰਦੋਲਨ ਕਾਰਨ ਸਰਕਾਰ ਦੇ ਲਈ ਧਰਮ ਸੰਕਟ ਖੜਾ ਹੋ ਗਿਆ। ਇਹ ਅੰਦੋਲਨ ਵਿਸ਼ਵ ਪੱਧਰ ਦੇ ਮੀਡੀਆ ਲਈ ਸੁਰਖ਼ੀ ਬਣਿਆ। ਪਰ ਸਾਨੂੰ ਇਹ ਮੰਨਣਾ ਪਏਗਾ ਕਿ ਇਹ ਅੰਦੋਲਨ ਮੁੱਖ ਤੌਰ ਤੇ ਮੁਸਲਮਾਨ ਲਹਿਰ ਸੀ। ਇਸੇ ਕਰਕੇ ਰਾਜਨੀਤਿਕ ਪਾਰਟੀਆਂ ਇਸ ਵਿਚ ਸ਼ਾਮਲ ਹੋਣ ਤੋਂ ਪਰਹੇਜ਼ ਕਰ ਰਹੀਆਂ ਸਨ ਤਾਂ ਜੋ ਹਿੰਦੂ ਵੋਟ ਬੈਂਕ ਉਨਾਂ ਨਾਲ ਨਰਾਜ਼ ਨਾ ਹੋ ਜਾਏ। ਇਹ ਗੱਲ ਹਿੰਦੂ ਭਾਈਚਾਰੇ ਦੇ ਦਿਮਾਗਾਂ ਵਿਚ ਭਰ ਦਿੱਤੀ ਗਈ ਹੈ ਕਿ ਮੁਸਲਮਾਨ ਹਿੰਦੂ ਧਰਮ ਵਿਰੁਧ ਸਾਜ਼ਿਸ਼ਾਂ ਘੜਦੇ ਰਹਿੰਦੇ ਹਨ।

ਸੁਆਲ-ਕੀ ਸੀਏਏ ਵਿਰੋਧੀ ਪ੍ਰਦਰਸ਼ਨਾਂ ਦਾ ਦਿੱਲੀ ਚੋਣ ਮੁਹਿੰਮ ਵਿਚ ਕੋਈ ਅਸਰ ਹੋਇਆ ? ਜੇ ਹਾਂ, ਤਾਂ ਕਿਵੇਂ ?

ਜੁਆਬ-ਇਹ ਇਕ ਭੈੜਾ ਸ਼ਗਨ ਵਰਗਾ ਸੀ। ਚੋਣ ਪ੍ਰਚਾਰ ਤੋਂ ਬਹੁਤ ਪਹਿਲਾਂ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਸੀਏਏ ਵਿਰੋਧੀ ਪ੍ਰਦਰਸ਼ਨਕਾਰੀਆਂ ਦੀ ਪਹਿਚਾਣ ਉਨਾਂ ਦੇ ਕੱਪੜਿਆਂ ਨਾਲ ਕੀਤੀ ਜਾ ਸਕਦੀ ਹੈ। ਉਸ ਨੇ ਬੜੇ ਹੀ ਬੌਧਿਕ ਢੰਗ ਨਾਲ ਇਸ਼ਾਰਾ ਕੀਤਾ ਕਿ ਅੰਦੋਲਨਕਾਰੀ ਮੁਸਲਮਾਨ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟਰਾਂ ਨੂੰ ਕਿਹਾ ਕਿ ਉਹ ਇੰਨੀ ਤਾਕਤ ਨਾਲ ਈਵੀਐਮ ਦਾ ਬਟਨ ਦੱਬਣ ਕਿ ਤਾਂ ਜੋ ਮੌਜੂਦਾ ਸ਼ਾਹੀਨ ਬਾਗ ਖਤਮ ਹੋ ਜਾਏ। ਇਹ ਹਿੰਸਾ ਦਾ ਇਸ਼ਾਰਾ ਸੀ। ਇਕ ਹੋਰ ਕੇਂਦਰੀ ਮੰਤਰੀ ਨੇ ਖੁੱਲੇਆਮ "ਗੱਦਾਰਾਂ ਨੂੰ ਮਾਰਨ" ਦੀ ਆਵਾਜ਼ ਉਠਾਈ। ਇੱਕ ਭਾਜਪਾ ਸੰਸਦ ਮੈਂਬਰ ਨੇ ਕਿਹਾ ਕਿ ਅੰਦੋਲਨਕਾਰੀ ਸਾਡੀਆਂ ਧੀਆਂ ਤੇ ਭੈਣਾਂ ਨਾਲ ਬਲਾਤਕਾਰ ਕਰਨਗੇ। ਅੰਦੋਲਨਕਾਰੀਆਂ ਨੂੰ ਹਿੰਦੂਆਂ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਅੰਦੋਲਨ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ। ਇਸ ਤੋਂ ਬਾਅਦ, ਅਸੀਂ ਇਹ ਵੀ ਵੇਖਿਆ ਕਿ ਕਿਵੇਂ ਦੋ ਬੰਦੂਕਧਾਰੀ ਜਾਮੀਆ ਮਿਲੀਆ ਅਤੇ ਸ਼ਾਹੀਨ ਬਾਗ ਵਿੱਚ ਦਾਖਲ ਹੋਏ, ਜਿਨਾਂ ਨੇ ਗੋਲੀਆਂ ਚਲਾ ਕੇ ਦਹਿਸ਼ਤ ਦਾ ਮਾਹੌਲ ਬਣਾਇਆ।ਮੈਂ ਸੀਏਏ ਦੇ ਵਿਰੁੱਧ ਹਾਂ ਕਿਉਂਕਿ ਮੇਰੀ ਨਜ਼ਰ ਵਿਚ ਇਹ ਇਕ ਧਰਮ ਨਾਲ ਪੱਖਪਾਤ ਕਰਦਾ ਹੈ। ਗ੍ਰਹਿ ਮੰਤਰੀ ਅਤੇ ਸੱਤਾਧਾਰੀ ਪਾਰਟੀ ਭਾਜਪਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੀਏਏ ਨੂੰ ਕੌਮੀ ਨਾਗਰਿਕ ਰਜਿਸਟਰ (ਐਨਆਰਸੀ) ਨਾਲ ਜੋੜਿਆ ਜਾਣਾ ਚਾਹੀਦਾ ਹੈ, ਜਿਸ ਨਾਲ ਉਨਾਂ ਦੇ ਇਰਾਦੇ ਸਾਫ ਹੋ ਜਾਂਦੇ ਹਨ। ਉਹ ਮੁਸਲਮਾਨਾਂ ਨੂੰ ਉਨਾਂ ਦਾ ਰੁਤਬਾ ਦੱਸਣਾ ਚਾਹੁੰਦੇ ਹਨ ਅਤੇ ਉਨਾਂ ਨੂੰ ਨਾਗਰਿਕਤਾ ਤੋਂ ਵੀ ਬੇਦਖਲ ਹੋਣਾ ਚਾਹੁੰਦੇ ਹਨ, ਜਿਵੇਂ ਅਸਾਮ ਵਿੱਚ ਸਪੱਸ਼ਟ ਹੈ।

ਅਸੀਂ ਅਸਾਮ ਵਿਚ ਐਨਆਰਸੀ ਦਾ ਭਿਆਨਕ ਨਤੀਜਾ ਵੇਖਿਆ ਹੈ ਜਿਸ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਅੰਤਮ ਸੂਚੀ ਵਿਚੋਂ ਬਾਹਰ ਰੱਖਿਆ ਗਿਆ ਸੀ। ਇਸ ਦੇ ਕਾਰਨ, ਲੋਕਾਂ ਨੂੰ ਨਜ਼ਰਬੰਦੀ ਕੈਂਪਾਂ ਵਿੱਚ ਸੁੱਟ ਦਿੱਤਾ ਗਿਆ ਅਤੇ ਇਸ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਬਾਅਦ ਜਾਮੀਆ ਮਿਲੀਆ ਇਸਲਾਮੀਆ ਵਿਚ ਹਮਲਾ ਹੋਇਆ, ਜਿਸ ਨੇ ਸਾਡੇ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ। ਮੈਂ ਇੱਕ ਅਧਿਆਪਕ ਹਾਂ ਤੇ ਜਦੋਂ ਵਿਦਿਆਰਥੀਆਂ ਉੱਤੇ ਜ਼ੁਲਮ ਹੁੰਦੇ ਹਨ ਤਾਂ ਮੈਂ ਚੁੱਪ ਨਹੀਂ ਰਹਿ ਸਕਦਾ।

ਇਸ ਤੋਂ ਬਾਅਦ ਸ਼ਾਹੀਨ ਬਾਗ ਦੀਆਂ ਔਰਤਾਂ ਨੇ ਵਿਰੋਧ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ। ਮੈਂ ਉਨਾਂ ਔਰਤਾਂ ਨੂੰ ਪਹਿਲੀ ਵਾਰ ਦਸੰਬਰ ਦੇ ਅਖੀਰ ਵਿੱਚ ਸੰਬੋਧਿਤ ਕੀਤਾ। ਸ਼ਾਹੀਨ ਬਾਗ ਵਰਗੇ ਪ੍ਰਦਰਸ਼ਨ ਪੂਰੇ ਦਿੱਲੀ ਵਿਚ ਸ਼ੁਰੂ ਹੋ ਗਏ ਅਤੇ ਇਸ ਅੰਦੋਲਨ ਨੇ ਵਿਦਿਆਰਥੀਆਂ ਅਤੇ ਨਾਗਰਿਕਾਂ ਨੂੰ ਆਕਰਸ਼ਿਤ ਕੀਤਾ।

24 ਫਰਵਰੀ ਨੂੰ, ਜਦੋਂ ਮੈਨੂੰ ਪਤਾ ਲੱਗਿਆ ਕਿ ਜ਼ਫ਼ਰਾਬਾਦ ਵਿੱਚ ਤਣਾਅ ਵਧ ਰਿਹਾ ਹੈ, ਸਾਡੇ ਵਿੱਚੋਂ ਕੁਝ ਨੇ ਫੈਸਲਾ ਲਿਆ ਕਿ ਅਸੀਂ ਪ੍ਰਦਰਸ਼ਨਕਾਰੀਆਂ ਨੂੰ ਸੜਕ ਖਾਲੀ ਕਰਨ ਲਈ ਮਨਾਈਏ ਤਾਂ ਜੋ ਕਪਿਲ ਮਿਸ਼ਰਾ ਅਤੇ ਉਸਦੇ ਆਦਮੀ ਹਿੰਸਾ ਕਰਨ ਦਾ ਬਹਾਨਾ ਨਾ ਬਣਾ ਸਕਣ। ਯੋਗੇਂਦਰ ਯਾਦਵ, ਰਾਹੁਲ ਰਾਏ, ਸਾਬਾ ਦੀਵਾਨ, ਕਵਿਤਾ ਸ੍ਰੀਵਾਸਤਵ, ਖਾਲਿਦ ਸੈਫੀ ਦੇ ਨਾਲ ਮੈਂ ਜ਼ਫਰਾਬਾਦ ਔਰਤਾਂ ਨੂੰ ਮਨਾਉਣ ਗਿਆ ਸੀ ਪਰ ਔਰਤਾਂ ਨੇ ਸਾਡੀ ਗੱਲ ਨਹੀਂ ਸੁਣੀ। ਉਸ ਤੋਂ ਬਾਅਦ ਅਸੀਂ ਸੀਲਮਪੁਰ ਵਿਚ ਸੜਕ ਜਾਮ ਕਰਕੇ ਅੰਦੋਲਨ ਕਰ ਰਹੀਆਂ ਔਰਤਾਂ ਨੂੰ ਅਪੀਲ ਕਰਨ ਗਏ, ਕਿਉਂਕਿ ਅਸੀਂ ਚਾਹੁੰਦੇ ਸੀ ਕਿ ਹਿੰਸਾ ਦੇ ਨਾਮ 'ਤੇ ਅੰਦੋਲਨ ਬਦਨਾਮ ਨਾ ਹੋਵੇ। ਉਥੋਂ, ਅਸੀਂ ਸਾਰੀਆਂ ਥਾਵਾਂ ਲਈ ਅਪੀਲ ਜਾਰੀ ਕੀਤੀ। ਸਾਨੂੰ ਡਰ ਸੀ ਕਿ ਸੜਕ ਜਾਮ ਦੇ ਬਹਾਨੇ ਹਿੰਸਾ ਕੀਤੀ ਜਾਵੇਗੀ ਤੇ ਅੰਦੋਲਨਕਾਰੀਆਂ ਨੂੰ ਬਦਨਾਮ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਖਾਲਿਦ ਸੈਫੀ ਤੇ ਮੈਂ ਖਜੂਰੀ ਵਿਖੇ ਅੰਦੋਲਨ ਵਾਲੀ ਥਾਂ 'ਤੇ ਗਏ ਅਤੇ ਉਥੇ ਅਸੀਂ ਔਰਤਾਂ ਨੂੰ ਸੜਕ ਛੱਡਣ ਲਈ ਤਿਆਰ ਕੀਤਾ। ਜਦੋਂ ਅਸੀਂ ਵਾਪਸ ਜਾ ਰਹੇ ਸੀ, ਸਾਨੂੰ ਪਤਾ ਲੱਗਿਆ ਕਿ ਹਿੰਸਾ ਸ਼ੁਰੂ ਹੋ ਗਈ ਹੈ। 25 ਫਰਵਰੀ ਨੂੰ, ਅਸੀਂ ਸਿਵਲ ਸੁਸਾਇਟੀ ਦੇ ਕਾਰਕੁਨਾਂ ਤੇ ਬੁੱਧੀਜੀਵੀਆਂ ਨੂੰ ਸ਼ਾਂਤੀ ਦੇ ਯਤਨਾਂ ਲਈ ਅਪੀਲ ਕੀਤੀ। ਅਸੀਂ ਦੰਗਾ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਅਤੇ ਬਚਾਅ ਕਮੇਟੀਆਂ ਵੀ ਬਣਾਈਆਂ। ਮੈਂ 9 ਫਰਵਰੀ 2020 ਨੂੰ ਦੰਗਾ ਖੇਤਰ ਦਾ ਦੌਰਾ ਕੀਤਾ ਤਾਂ ਜੋ ਮੈਂ ਹਿੰਸਾ ਦੇ ਕਾਰਨਾਂ ਨੂੰ ਸਮਝ ਸਕਾਂ। ਅਸੀਂ ਦਿੱਲੀ ਸਰਕਾਰ ਨੂੰ ਵੀ ਰਾਹਤ ਕੈਂਪ ਸਥਾਪਤ ਕਰਨ ਦੀ ਅਪੀਲ ਕੀਤੀ। ਫਿਰ ਮੁਸਤਫਾਬਾਦ ਦੇ ਈਦਗਾਹ ਮੈਦਾਨ ਵਿਚ ਪਹਿਲਾ ਰਾਹਤ ਕੈਂਪ ਬਣਾਇਆ ਗਿਆ ਸੀ। ਸਾਡਾ ਉਦੇਸ਼ ਸ਼ਾਂਤੀ ਅਤੇ ਫਿਰਕੂ ਸਦਭਾਵਨਾ ਸਥਾਪਤ ਕਰਨਾ ਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਸ ਵਿੱਚ ਗੱਲਬਾਤ ਸ਼ੁਰੂ ਕਰਨ ਲਈ ਤਿਆਰ ਕਰਨਾ ਸੀ। ਦੋ-ਤਿੰਨ ਹਫ਼ਤਿਆਂ ਬਾਅਦ, ਕੋਰੋਨਾਵਾਇਰਸ ਮਹਾਂਮਾਰੀ ਅਤੇ ਤਾਲਾਬੰਦੀ ਸ਼ੁਰੂ ਹੋ ਗਈ ਅਤੇ ਅਸੀਂ ਉਥੇ ਨਹੀਂ ਸੀ ਜਾ ਸਕਦੇ। ਅਸੀਂ ਦਿੱਲੀ ਯੂਨੀਵਰਸਿਟੀ ਵਿਖੇ ਸਾਂਝੀ ਰਸੋਈ ਦੀ ਸ਼ੁਰੂਆਤ ਕੀਤੀ ਤਾਂ ਜੋ ਅਸੀਂ ਦਿੱਲੀ ਦੇ ਦੂਜੇ ਹਿੱਸਿਆਂ ਵਿਚ ਪੀੜਤ ਲੋਕਾਂ ਨੂੰ ਭੋਜਨ ਵੰਡ ਸਕੀਏ। ਇਹ ਕਿੰਨਾ ਖਤਰਨਾਕ ਹੈ ਕਿ ਇਸ ਦੇਸ਼ ਵਿਚ ਘੱਟ ਗਿਣਤੀਆਂ ਡਰ ਦੇ ਪਰਛਾਵੇਂ ਹੇਠ ਰਹਿੰਦੀਆਂ ਹਨ ਤੇ ਉਨਾਂ ਦੇ ਲਈ ਬੁੱਧੀਜੀਵੀ ਵੀ ਬੋਲਣ ਤੋਂ ਡਰਦੇ ਹਨ। ਅਸੀਂ ਸਟਾਲਿਨਵਾਦੀ ਰੂਸ ਨਹੀਂ, ਅਸੀਂ ਚੀਨ ਜਾਂ ਤੁਰਕੀ ਨਹੀਂ ਹਾਂ। ਅਸੀਂ ਅਜੇ ਵੀ ਇਕ ਅਜਿਹਾ ਦੇਸ਼ ਹਾਂ ਜਿਸ ਨੂੰ ਸੰਵਿਧਾਨ ਤਹਿਤ ਅਜ਼ਾਦੀ ਹਾਸਲ ਹੋਈ ਹੈ। ਸੰਵਿਧਾਨ ਸਾਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਸਾਨੂੰ ਸੰਵਿਧਾਨ ਦੀ ਰੱਖਿਆ ਲਈ ਪਹਿਰੇਦਾਰੀ ਦੀ ਜ਼ਰੂਰਤ ਹੈ।

ਸੁਆਲ-ਉੱਤਰ-ਪੂਰਬੀ ਦਿੱਲੀ ਵਿਚ ਹਿੰਸਾ ਕਿਵੇਂ ਸ਼ੁਰੂ ਹੋਈ ?

ਜੁਆਬ-ਭੀਮ ਆਰਮੀ ਨੇਤਾ ਚੰਦਰਸ਼ੇਖਰ ਰਾਵਣ ਨੇ ਦਿੱਲੀ ਚੋਣਾਂ ਤੋਂ ਬਾਅਦ ਭਾਰਤ ਬੰਦ ਦਾ ਸੱਦਾ ਦਿੱਤਾ। ਸੀਲਮਪੁਰ ਦੀਆਂ ਔਰਤਾਂ ਜ਼ਫ਼ਰਾਬਾਦ ਮੈਟਰੋ ਸਟੇਸ਼ਨ ਤੇ ਆਈਆਂ ਅਤੇ ਸੜਕ ਨੂੰ ਘੇਰ ਲਿਆ। ਅਸੀਂ ਇਸ ਬਾਰੇ ਸਹਿਮਤ ਜਾਂ ਅਸਹਿਮਤ ਹੋ ਸਕਦੇ ਹਾਂ ਕਿ ਇਹ ਕਰਨਾ ਸਹੀ ਸੀ ਜਾਂ ਨਹੀਂ, ਪਰ ਸੜਕ ਜਾਮ ਕਰਨਾ ਹਿੰਸਾ ਨਹੀਂ ਹੈ। ਇਸ ਤੋਂ ਪਹਿਲਾਂ ਅਨੇਕਾਂ ਅੰਦੋਲਨਾਂ ਵਿਚ ਸੜਕ ਨੂੰ ਜਾਮ ਕੀਤਾ ਗਿਆ ਹੈ। ਪਰ ਇਸ ਤਰਾਂ ਵਿਰੋਧੀਆਂ ਵਲੋਂ ਕਦੇ ਵੀ ਸੜਕ ਰੋਕਣ ਵਾਲਿਆਂ 'ਤੇ ਹਮਲਾ ਨਹੀਂ ਕੀਤਾ ਗਿਆ। ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਦਾਅਵਾ ਕੀਤਾ ਕਿ ਅਸੀਂ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਭਾਰਤ ਫੇਰੀ ਦੇ ਪੂਰਾ ਹੋਣ ਤੱਕ ਇੰਤਜ਼ਾਰ ਕਰਾਂਗੇ ਅਤੇ ਉਸ ਤੋਂ ਬਾਅਦ ਜੇ ਇਹ ਸੜਕ ਦਿੱਲੀ ਪੁਲਿਸ ਨੇ ਖਾਲੀ ਨਾ ਕਰਵਾਈ ਤਾਂ ਅਸੀਂ ਇਹ ਕੰਮ ਕਰਾਂਗੇ। ਇਸ ਤੋਂ ਬਾਅਦ ਹਿੰਸਾ ਸ਼ੁਰੂ ਹੋ ਗਈ।

29 ਫਰਵਰੀ ਨੂੰ ਅਸੀਂ ਉੱਤਰ-ਪੂਰਬੀ ਦਿੱਲੀ ਪਹੁੰਚੇ ਅਤੇ ਅਸੀਂ ਸਾੜੇ ਹੋਏ ਘਰ ਅਤੇ ਦੁਕਾਨਾਂ ਵੇਖੀਆਂ ਅਤੇ ਲੋਕਾਂ ਨਾਲ ਗੱਲਬਾਤ ਕੀਤੀ। ਮੁਸਲਮਾਨਾਂ ਦੀ ਹੱਤਿਆ ਅਤੇ ਉਨਾਂ ਦੀਆਂ ਜਾਇਦਾਦਾਂ ਦਾ ਨੁਕਸਾਨ ਹਿੰਦੂਆਂ ਨਾਲੋਂ ਕਿਤੇ ਵੱਧ ਸੀ। ਇਸ ਹਿੰਸਾ ਦਾ ਦੂਜਾ ਚਰਿੱਤਰ ਇਹ ਸੀ ਕਿ ਇਸ ਹਿੰਸਾ ਦੌਰਾਨ ਮਸਜਿਦਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ ਸੀ। ਬਹੁਤ ਸਾਰੀਆਂ ਮਸਜਿਦਾਂ ਬਰਬਾਦ ਕੀਤੀਆਂ ਗਈਆਂ। ਪਰ ਇਕ ਵੀ ਮੰਦਰ ਨੂੰ ਨੁਕਸਾਨ ਨਹੀਂ ਪਹੁੰਚਿਆ।

ਇਸ ਹਿੰਸਾ ਵਿਚ ਮੁਸਲਮਾਨ ਘਰਾਂ ਅਤੇ ਮਸਜਿਦਾਂ ਨੂੰ ਨੁਕਸਾਨ ਪਹੁੰਚਾਉਣ ਦੇ ਲਈ ਗੈਸ ਸਿਲੰਡਰਾਂ ਦੀ ਵਰਤੋਂ ਬੰਬਾਂ ਦੀ ਤਰਾਂ ਕੀਤੀ ਗਈ। ਜਦੋਂ ਦੰਗੇ ਖ਼ਤਮ ਹੋਏ, ਗ੍ਰਹਿ ਮੰਤਰੀ ਨੇ ਇਕ ਬਿਆਨ ਦਿੱਤਾ ਕਿ ਹਿੰਸਾ ਲਈ ਸ਼ਾਹੀਨ ਬਾਗ ਦਾ ਸੰਘਰਸ਼ ਕਰਨ ਵਾਲੇ ਲੋਕ ਜ਼ਿੰਮੇਵਾਰ ਹਨ। ਭਾਜਪਾ ਆਪਣੇ ਸਮਰਥਕਾਂ ਨੂੰ ਇਹ ਦੱਸਣਾ ਚਾਹੁੰਦੀ ਸੀ ਕਿ ਦਿੱਲੀ ਵਿੱਚ ਹਿੰਸਾ 2002 ਵਿੱਚ ਗੁਜਰਾਤ ਵਿੱਚ ਹੋਈ ਹਿੰਸਾ ਵਰਗੀ ਸੀ, ਜਿਸ ਨੂੰ ਗੋਧਰਾ ਵਿਖੇ ਸਾਬਰਮਤੀ ਐਕਸਪ੍ਰੈਸ ਦੇ ਐਸ -6 ਕੋਚ ਨੂੰ ਸਾੜਨ ਦਾ ਪ੍ਰਤੀਕਰਮ ਕਿਹਾ ਜਾਂਦਾ ਸੀ। ਗੋਧਰਾ ਵਿੱਚ ਰੇਲ ਗੱਡੀ ਦੇ ਸਾੜੇ ਜਾਣ ਦੀ ਜਾਂਚ ਤੋਂ ਪਹਿਲਾਂ ਹੀ ਇਹ ਸਿੱਟਾ ਕੱਢਿਆ ਗਿਆ ਸੀ ਕਿ ਕੋਚ ਨੂੰ ਮੁਸਲਮਾਨਾਂ ਨੇ ਸਾੜ ਦਿੱਤਾ ਹੈ। ਗੋਧਰਾ ਤੋਂ ਬਾਅਦ ਦੀ ਹਿੰਸਾ ਨੂੰ ਹਿੰਦੂਆਂ ਦਾ ਗੁੱਸਾ ਤੇ ਪ੍ਰਤੀਕਰਮ ਦੱਸਿਆ ਗਿਆ ਸੀ।ਗ੍ਰਹਿ ਮੰਤਰੀ ਦਾ ਇਹ ਬਿਆਨ ਇਹ ਕਹਿਣ ਦੇ ਬਰਾਬਰ ਸੀ ਕਿ ਸੀਏਏ ਵਿਰੋਧੀ ਲਹਿਰ ਕਾਰਨ ਇਹ ਹਿੰਸਾ ਵਾਪਰੀ ਹੈ ਅਤੇ ਨਾਰਾਜ਼ ਹਿੰਦੂਆਂ ਨੇ ਖੁਦ ਹੀ ਪ੍ਰਤੀਕਰਮ ਦਿੱਤਾ ਹੈ। ਗ੍ਰਹਿ ਮੰਤਰੀ ਨੇ ਵਿਦਵਾਨ ਅਤੇ ਸਮਾਜ ਸੇਵੀ ਉਮਰ ਖਾਲਿਦ ਦੇ ਕਥਿਤ ਭੜਕਾਊ ਭਾਸ਼ਣ ਦਾ ਹਵਾਲਾ ਦਿੱਤਾ। ਸੰਸਦ ਵਿੱਚ ਅਮਿਤ ਸ਼ਾਹ ਨੇ ਕਿਹਾ ਕਿ ਕੁਝ ਲੋਕ ਇਸ ਲਈ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰ ਹਨ ਅਤੇ ਉਨਾਂ ਦੇ ਭਾਸ਼ਣਾਂ ਵਿੱਚ ਹਿੰਸਾ ਦੀ ਗੱਲ ਕੀਤੀ ਗਈ ਸੀ। ਅਪਰੈਲ ਦੇ ਅਖੀਰ ਵਿੱਚ, ਉਮਰ ਖਾਲਿਦ ਉੱਤੇ ਉੱਤਰ-ਪੂਰਬੀ ਦਿੱਲੀ ਵਿੱਚ ਹੋਈ ਹਿੰਸਾ ਦੇ ਸੰਬੰਧ ਵਿੱਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤਹਿਤ ਦੋਸ਼ ਲਾਇਆ ਗਿਆ ਸੀ।

ਉਸ ਭਾਸ਼ਣ ਤੋਂ ਬਾਅਦ ਜਾਂਚ ਤਹਿਤ ਜੋ ਨਿਰਦੇਸ਼ ਦਿੱਤੇ ਉਹ ਇਸ ਪ੍ਰਕਾਰ ਹਨ: ਉੱਤਰ-ਪੂਰਬੀ ਦਿੱਲੀ ਵਿੱਚ ਹੋਏ ਦੰਗੇ ਉਹਨਾਂ ਲੋਕਾਂ ਦੀ ਰਚੀ ਸਾਜਿਸ਼ ਦਾ ਨਤੀਜਾ ਸਨ ਜੋ ਸੀਏਏ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਸਨ। ਹਿੰਦੂਆਂ ਅਤੇ ਭਾਰਤ ਦੇ ਰਾਜ ਵਿਰੁੱਧ ਸਾਜ਼ਿਸ਼ ਰਚ ਰਹੇ ਸਨ ਅਤੇ ਜਦੋਂ ਅਮਰੀਕਨ ਜਦੋਂ ਰਾਸ਼ਟਰਪਤੀ ਟਰੰਪ ਭਾਰਤ ਦਾ ਦੌਰਾ ਕਰ ਰਹੇ ਸਨ ਤਾਂ ਇਨਾਂ ਲੋਕਾਂ ਸਰਕਾਰ ਨੂੰ ਸ਼ਰਮਿੰਦਾ ਕਰਨ ਲਈ ਹਿੰਸਾ ਭੜਕਾਈ ਸੀ। ਪੁਲਿਸ ਇਹੀ ਝੂਠਾ ਤਰਕ ਬਣਾ ਕੇ ਕਈ ਸਰਕਾਰ ਵਿਰੋਧੀ ਆਗੂਆਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਹਾਲੇ ਤੱਕ ਇਹ ਨਹੀਂ ਦਸਿਆ ਕਿ ਉੱਤਰ-ਪੂਰਬੀ ਦਿੱਲੀ ਵਿੱਚ ਦੰਗੇ ਕਰਨ ਆਏ ਬਾਹਰੀ ਲੋਕ ਕੌਣ ਸਨ ? ਉਹ ਲੋਕ ਕੌਣ ਸਨ ਜੋ ਉਥੇ "ਜੈ ਸ਼੍ਰੀ ਰਾਮ" ਦੇ ਨਾਅਰੇ ਲਗਾ ਰਹੇ ਸਨ ? ਇਸ ਹਿੰਸਾ ਨੂੰ ਕਿਸ ਨੇ ਸੰਗਠਿਤ ਕੀਤਾ ? ਉਸ ਸਮੇਂ ਪੁਲਿਸ ਕੀ ਕਰ ਰਹੀ ਹੈ ? ਪੁਲੀਸ ਨੇ ਇਨਾਂ ਗੁੰਡਿਆਂ ਨੂੰ ਗਿਰਫਤਾਰ ਕਿਉਂ ਨਹੀਂ ਕੀਤਾ।

ਸੁਆਲ-ਜੇ ਖ਼ਬਰਾਂ ਦੀ ਮੰਨੀਏ ਤਾਂ ਦਿੱਲੀ ਪੁਲਿਸ ਨੇ ਦਿੱਲੀ ਹਿੰਸਾ ਦੇ ਮਾਮਲੇ ਵਿਚ 751 ਕੇਸ ਦਰਜ ਕੀਤੇ ਹਨ। ਹਿੰਸਾ ਵਿਚ ਮਰਨ ਵਾਲੇ 53 ਲੋਕਾਂ ਵਿਚੋਂ 38 ਮੁਸਲਮਾਨ ਹਨ। ਜਾਪਦਾ ਹੈ ਕਿ ਪੁਲਿਸ ਜਾਮੀਆ ਤਾਲਮੇਲ ਕਮੇਟੀ, ਪਾਪੂਲਰ ਫਰੰਟ ਆਫ਼ ਇੰਡੀਆ, ਪਿੰਜਰਾ ਤੋੜ, ਯੂਨਾਈਟਿਡ ਅਗੇਨਸਟ ਹੇਟ ਅਤੇ ਤੁਹਾਡੇ ਅਤੇ ਹਰਸ਼ ਮੰਡੇਰ ਵਰਗੇ ਬੁੱਧੀਜੀਵੀਆਂ 'ਤੇ ਹਿੰਸਾ ਦਾ ਦੋਸ਼ ਲਗਾਉਣਾ ਚਾਹੁੰਦੀ ਹੈ ਅਤੇ ਕਪਿਲ ਮਿਸ਼ਰਾ ਵਰਗੇ ਲੋਕਾਂ ਨੂੰ ਬਚਾਉਣਾ ਚਾਹੁੰਦੀ ਹੈ। ਇਸ ਵਿਚ ਕਿੰਨੀ ਸੱਚਾਈ ਹੈ ?

ਜੁਆਬ-ਮੁਸਲਮਾਨਾਂ ਵਿਰੁਧ ਹਿੰਦੂ ਭਾਈਚਾਰੇ ਨੂੰ ਭੜਕਾਇਆ ਗਿਆ। ਇਹ ਮੰਦਭਾਗੀ ਗੱਲ ਹੈ ਕਿ ਦਿੱਲੀ ਪੁਲਿਸ ਹਿੰਸਾ ਦੇ ਅਸਲ ਦੋਸ਼ੀਆਂ ਦੀ ਜਾਂਚ ਵਿਚ ਦਿਲਚਸਪੀ ਨਹੀਂ ਵਿਖਾਈ, ਬਲਕਿ ਇਹ ਉਸ ਨਿਰਧਾਰਤ ਕਹਾਣੀ 'ਤੇ ਕੰਮ ਕਰ ਰਹੀ ਹੈ ਜਿਸ ਨੂੰ ਇਸਦੇ ਸੱਤਾਧਾਰੀ ਪ੍ਰਭੂਆਂ ਨੇ ਤਿਆਰ ਕੀਤਾ ਹੈ। ਅਸੀਂ ਕਹਿੰਦੇ ਆ ਰਹੇ ਹਾਂ ਕਿ ਹਿੰਸਾ ਵਿੱਚ ਹਿੰਦੂ ਤੇ ਮੁਸਲਮਾਨ ਮਾਰੇ ਗਏ ਹਨ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਹਿੰਸਾ ਦੀ ਜਾਂਚ ਹੋਣੀ ਚਾਹੀਦੀ ਹੈ। ਪਰ ਪੁਲਿਸ ਇਕ ਅਜੀਬ "ਸਾਜਿਸ਼" ਦੀ ਜਾਂਚ ਕਰ ਰਹੀ ਹੈ ਕਿ ਸੀਏਏ ਦੇ ਪ੍ਰਦਰਸ਼ਨਕਾਰੀ ਅਤੇ ਜਾਮੀਆ ਪ੍ਰਦਰਸ਼ਨਕਾਰੀ ਹਿੰਸਾ ਲਈ ਜ਼ਿੰਮੇਵਾਰ ਹਨ। ਸੁਪਰੀਮ ਕੋਰਟ ਦੀ ਭੂਮਿਕਾ ਨਿਰਾਸ਼ਾਜਨਕ ਹੈ। ਉਹ ਸਰਕਾਰ ਪੱਖੀ ਭੂਮਿਕਾ ਨਿਭਾਅ ਰਹੀ ਹੈ।

ਸੁਆਲ-ਹਿੰਸਾ ਤੋਂ ਬਾਅਦ, ਕੋਰੋਨਾਵਾਇਰਸ ਮਹਾਂਮਾਰੀ ਧਿਆਨ ਦਾ ਕੇਂਦਰ ਬਣ ਗਈ ਅਤੇ ਉਸ ਸਮੇਂ ਤੋਂ ਦੇਸ਼ ਵਿਆਪੀ ਤਾਲਾਬੰਦੀ ਜਾਰੀ ਹੈ.ਇਸ ਸਭ ਨੇ ਨਾਗਰਿਕ ਸੁਤੰਤਰਤਾ ਜਾਂ ਸ਼ਹਿਰੀ ਅਧਿਕਾਰਾਂ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ ?

ਜੁਆਬ-ਦੰਗਿਆਂ ਨਾਲ ਬਹੁਤ ਸਾਰੇ ਮੁਸਲਮਾਨ ਉਜੜੇ ਸਨ। ਅਸੀਂ ਰਾਹਤ ਕੈਂਪਾਂ ਦੀ ਮੰਗ ਕਰ ਰਹੇ ਸਾਂ ਅਤੇ ਕੁਝ ਸੰਗਰਸ਼ ਤੋਂ ਬਾਅਦ ਮੁਸਤਫਾਬਾਦ ਦੇ ਈਦਗਾਹ ਮੈਦਾਨ ਵਿੱਚ ਇੱਕ ਰਾਹਤ ਕੈਂਪ ਬਣਾਇਆ ਗਿਆ ਸੀ। ਪਰ ਜਲਦੀ ਹੀ, ਮਹਾਂਮਾਰੀ ਦੇ ਡਰ ਨੇ ਸਾਰਿਆਂ ਨੂੰ ਘੇਰ ਲਿਆ। ਤਾਲਾਬੰਦੀ ਦਾ ਐਲਾਨ ਉਸ ਸਮੇਂ ਕੀਤਾ ਗਿਆ ਸੀ ਜਦੋਂ ਅਸੀਂ ਦਿੱਲੀ ਦੰਗਿਆਂ ਦੇ ਪੀੜਤਾਂ ਲਈ ਰਾਹਤ ਕਾਰਜ ਕਰ ਰਹੇ ਸੀ। ਬਹੁਤ ਸਾਰੇ ਦੁਖੀ ਲੋਕਾਂ ਕੋਲ ਘਰ ਨਹੀਂ ਸੀ, ਨਾ ਹੀ ਪੈਸੇ ਅਤੇ ਨਾ ਹੀ ਸਮੂਹਿਕ ਵਿਰੋਧ ਕਰਨ ਦਾ ਕੋਈ ਤਰੀਕਾ। ਇਸ ਤੋਂ ਬਾਅਦ ਬੇਰੁਜ਼ਗਾਰ ਉਜੜੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ 'ਤੇ ਜ਼ੋਰ ਦਿੱਤਾ ਗਿਆ। ਇਸ ਦੌਰਾਨ, ਦਿੱਲੀ ਪੁਲਿਸ ਆਪਣੀ ਝੂਠੀ ਸਕ੍ਰਿਪਟ ਉੱਤੇ ਕੰਮ ਕਰਦੀ ਰਹੀ। ਪੁਲਿਸ ਨੇ ਸੀਏਏ ਵਿਰੋਧ ਪ੍ਰਦਰਸ਼ਨਾਂ ਦੇ ਪ੍ਰਬੰਧਕਾਂ ਅਤੇ ਉਨਾਂ ਵਿੱਚ ਸ਼ਾਮਲ ਹੋਏ ਲੋਕਾਂ ਨੂੰ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ। ਪੁਲਿਸ ਨੇ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਅਜਿਹੇ ਮਾਸਟਰਮਾਈਂਡ ਯੂਨੀਵਰਸਿਟੀਆਂ ਵਿਚ ਬੈਠੇ ਹਨ ਜੋ ਭਾਰਤ ਖ਼ਿਲਾਫ਼ ਸਾਜਿਸ਼ ਰਚ ਰਹੇ ਹਨ ਅਤੇ ਇਹ ਲੋਕ "ਅਰਬਨ ਨਕਸਲੀ" ਹਨ। ਇਹ ਇਸ ਸਾਰੀ ਘਟਨਾ ਦਾ ਇਤਿਹਾਸ ਹੈ। ਇਹ ਇਲਜ਼ਾਮ ਲਾਏ ਗਏ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਕੋਲਕਾਤਾ ਦੀ ਜਾਧਵਪੁਰ ਯੂਨੀਵਰਸਿਟੀ ਅਤੇ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿਚ "ਟੁਕੜੇ ਗੈਂਗ" ਸਰਗਰਮ ਹਨ ਅਤੇ ਉਨਾਂ ਤੋਂ ਭਾਰਤ ਨੂੰ ਬਹੁਤ ਵੱਡਾ ਖਤਰਾ ਹੈ। ਜਦੋਂ ਕਨਈਆ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਤਤਕਾਲੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਗੰਭੀਰ ਦੋਸ਼ ਲਾਇਆ ਸੀ ਕਿ ਭਾਰਤ ਸਰਕਾਰ ਕੋਲ ਅਜਿਹੇ ਸਬੂਤ ਹਨ ਜੋ ਦਿਖਾਉਂਦੇ ਹਨ ਕਿ ਇਹ ਵਿਦਿਆਰਥੀ ਸਰਹੱਦ ਪਾਰ ਅੱਤਵਾਦੀਆਂ ਨਾਲ ਸਬੰਧਤ ਹਨ। ਉਦੋਂ ਤੋਂ ਕਨਈਆ ਕੁਮਾਰ ਅਤੇ ਉਮਰ ਖਾਲਿਦ ਵਰਗੇ ਲੋਕ ਪੁਲੀਸ ਦੀ ਹਿੱਟ ਲਿਸਟ 'ਤੇ ਹਨ।

ਸੁਆਲ-ਇਸ ਸਮੇਂ ਦੌਰਾਨ, ਨਾਗਰਿਕ ਅਧਿਕਾਰਾਂ ਦੀ ਰਾਖੀ ਦੇ ਮਾਮਲਿਆਂ ਵਿੱਚ ਅਦਾਲਤਾਂ ਅਤੇ ਨਿਆਂਪਾਲਿਕਾ ਦੀ ਭੂਮਿਕਾ ਕਿਵੇਂ ਰਹੀ ਹੈ ?

**ਬਾਕੀ ਸਫ਼ਾ 31 'ਤੇ**

# ਸੱਚੋ ਸੱਚ: ਜਦੋਂ ਮੇਰੀ ਟੂਣੇ ਟਾਮਣਾਂ, ਭੂਤਾਂ ਪ੍ਰੇਤਾਂ ਦੇ ਡਰ ਤੋਂ ਹੋਈ ਮੁਕਤੀ

**- ਭੁਪਿੰਦਰ ਸਿੰਘ ਮਾਨ**

ਬਾਈ, ਉੱਧਰ ਟੂਣਾ ਕੀਤਾ ਪਿਆ।' ਮੇਰੇ ਛੋਟੇ ਭਰਾ ਗੋਲਡੀ ਨੇ ਮੈਨੂੰ ਦੱਸਿਆ।

ਅਸੀਂ ਤਰੁੰਤ ਉੱਧਰ ਨੂੰ ਤੁਰ ਪਏ। ਉੱਥੇ ਪਹੁੰਚਦੇ ਹੀ ਮੈਂ ਠੇਡਾ ਮਾਰ ਕੇ ਟੂਣਾ ਖਿਡਾ ਦਿੱਤਾ ਅਤੇ ਨਾਰੀਅਲ ਦਾ ਗੁੱਟ ਤੋੜ ਕੇ ਅਸੀਂ ਦੋਵੇਂ ਭਰਾ ਖਾਣ ਲੱਗੇ। ਇੱਕ ਦੋਂਹ ਬੰਦਿਆਂ ਨੇ ਵਰਜਿਆ ਕਿ ਟੂਣਾ ਭਾਰਾ ਪੈ ਸਕਦਾ ਹੈ। ਅਸੀਂ ਹੱਸ ਕੇ ਗਰਾਊਂਡ ਵੱਲ ਨੂੰ ਤੁਰ ਗਏ।

ਬਚਪਨ ਦਾ ਸਮਾਂ ਸਾਡੇ ਲਈ ਬਾਦਸ਼ਾਹੀ ਪਲਾਂ ਵਾਲਾ ਸੀ। ਉਸ ਸਮੇਂ ਨਾ ਚੜੀ ਦੀ ਹੁੰਦੀ ਸੀ ਤੇ ਨਾ ਲੱਥੀ ਦੀ, ਮੌਜਾਂ ਲੁੱਟਣੀਆਂ ਹੀ ਉਸ ਸਮੇਂ ਮੁੱਖ ਮੰਤਵ ਹੁੰਦਾ ਸੀ। ਕਈ ਵਾਰ ਛੋਟੀਆਂ ਛੋਟੀਆਂ ਚੀਜ਼ਾਂ ਵੀ ਬਹੁਤ ਵੱਡੀ ਵੱਡੀਆਂ ਲੱਗਦੀਆਂ। ਕਈ ਤਰਾਂ ਦੀਆਂ ਗੁੰਝਲਾਂ ਮਨ ਵਿੱਚ ਛਾਈਆਂ ਰਹਿੰਦੀਆਂ।

ਜਦੋਂ ਮੈਂ ਬਚਪਨ ਵੱਲ ਦੇਖਦਾ ਹਾਂ ਤਾਂ ਯਾਦ ਆਉਂਦਾ ਹੈ ਕਿ ਉਸ ਸਮੇਂ ਬਹੁਤ ਸਾਰੇ ਡਰ ਵੀ ਮਨ ਨੂੰ ਲੱਗਦੇ ਸਨ। ਜਿਵੇਂ, ਸਕੂਲ ਵਿੱਚ ਛਿਤਰੌਲ ਦਾ ਡਰ। ਕਦੇ ਲੱਗਦਾ ਕਿ ਕੋਈ ਚੁੱਕ ਕੇ ਨਾ ਲੈ ਜਾਵੇ, ਕਿਉਂਕਿ ਬੱਚਿਆਂ ਤੋਂ ਭੀਖ ਮੰਗਵਾਉਣ ਦੀਆਂ ਗੱਲਾਂ ਸੁਣਦੇ ਸਾਂ। ਕਿਸੇ ਅਜੀਬ ਸ਼ਕਲ ਵਾਲੇ ਭਿਖਾਰੀ ਜਾਂ ਅਜਨਬੀ ਨੂੰ ਦੇਖ ਕੇ ਡਰ ਜਾਂਦੇ। ਉਨਾਂ ਦਿਨਾਂ ਵਿੱਚ ਮੈਨੂੰ ਇੱਕ ਡਰ ਹੋਰ ਬਹੁਤ ਸਤਾਉਂਦਾ ਸੀ, ਉਹ ਸੀ ਭੂਤਾਂ ਪ੍ਰੇਤਾਂ ਦਾ ਡਰ। ਦਾਦੀ ਤੋਂ ਸੁਣੀਆਂ ਕਹਾਣੀਆਂ ਵਿਚਲੇ ਭੂਤ ਪ੍ਰੇਤ ਰਾਤ ਨੂੰ ਸਾਕਾਰ ਹੋ ਉੱਠਦੇ। ਮੈਂ ਡਰਦਾ ਇਕੱਲਾ ਪਿਸ਼ਾਬ ਕਰਨ ਲਈ ਵੀ ਨਹੀਂ ਉੱਠਦਾ ਸੀ। ਸਾਡੇ ਘਰ ਤੋਂ ਥੋੜੀ ਦੂਰ ਪੀਰ ਖਾਨਾ ਸੀ। ਉੱਥੇ ਹਰ ਵੀਰਵਾਰ ਨੂੰ ਚੌਕੀ ਭਰਦੀ, ਢੋਲਕੀ ਖੜਕਦੀ। ਉਸਦੀ ਆਵਾਜ਼ ਸੁਣ ਕੇ ਮੇਰਾ ਦਿਲ ਕੰਬਣ ਲੱਗ ਜਾਂਦਾ। ਮੈਂ ਇੱਕ ਦੋ ਵਾਰ ਉੱਥੇ ਜ਼ਨਾਨੀਆ ਨੂੰ ਸਿਰ ਘੁਮਾਉਂਦੀਆਂ ਦੇਖਿਆ ਸੀ। ਲੋਕ ਰੌਲਾ ਪਾਉਂਦੇ ਕਿ ਪੌਣ ਆ ਗਈ, ਪੌਣ ਆ ਗਈ। ਢੋਲਕੀ ਵਾਲੇ ਹੋਰ ਜੋਰ ਦੀ ਢੋਲਕੀ ਵਜਾਉਂਦੇ ਤੇ ਉੱਚੀ ਆਵਾਜ਼ ਵਿੱਚ ਗਾਉਂਦੇ- ਨਾਹਰ ਸਿੰਘ ਪੀਰਾ ਨਾਹਰ ਸਿੰਘ ਪੀਰਾ। ਮੈਂ ਚੇਲਿਆਂ ਨੂੰ ਇੱਕ ਔਰਤ ਨੂੰ ਚਿਮਟਿਆਂ ਨਾਲ ਕੁੱਟਦੇ ਵੀ ਦੇਖਿਆ ਸੀ। ਉਸ ਦਿਨ ਤੋਂ ਮੇਰੇ ਮਨ ਵਿੱਚ ਡਰ ਬੈਠ ਗਿਆ ਸੀ। ਜਦੋਂ ਮੈਂ ਕੋਈ ਟੂਣਾ ਦੇਖਦਾ ਤਾਂ ਪਾਸੇ ਦੀ ਹੋ ਕੇ ਲੰਘਦਾ। ਸਾਡੇ ਇੱਕ ਦੋ ਸਾਥੀ ਜਿਹੜੇ ਥੋੜੇ ਵੱਡੇ ਸਨ, ਉਹ ਟੂਣੇ ਵਿੱਚੋਂ ਕੁਝ ਨਾਕੁਝ ਚੁੱਕ ਵੀ ਲੈਂਦੇ ਸ਼ਨ। ਪਰ ਅਸੀਂ ਬਹੁਤੇ ਜਾਣੇ ਦੂਰ ਹੀ ਖੜੇ ਰਹਿੰਦੇ। ਸਾਰੇ ਹਾਣੀਆਂ ਵਿੱਚ ਮੈਂ ਸਭ ਤੋਂ ਵੱਧ ਡਰੂ ਸੀ।

ਗਰਾਊਂਡ ਵਿੱਚ ਫੁੱਟਬਾਲ ਖੇਡਣ ਜਾਂਦੇ ਤਾਂ ਉੱਥੇ ਜੰਡ ਹੇਠ ਪੰਜੀਆਂ ਦੱਸੀਆਂ ਅਤੇ ਖੰਮਣੀ ਬੰਨਿਆ ਨਾਰੀਅਲ ਦਾ ਗੁੱਟ ਪਿਆ ਹੁੰਦਾ। ਵੱਡੇ ਖੇਡਣ ਵਾਲੇ ਸਾਥੀ ਸਭ ਕੁਝ ਚੁੱਕ ਲੈਂਦੇ, ਨਾਰੀਅਲ ਤੁਰੰਤ ਤੋੜ ਕੇ ਛੱਕ ਜਾਂਦੇ। ਪਰ ਮੈਂ ਕਿਸੇ ਕਾਰਵਾਈ ਦਾ ਹਿੱਸਾ ਨਾ ਬਣਦਾ। ਅੱਠਵੀਂ ਤੋਂ ਬਾਅਦ ਮੇਰੇ ਵਿੱਚ ਇੱਕਦਮ ਤਬਦੀਲੀ ਆ ਗਈ ਸੀ। ਹੁਣ ਮੈਂ ਟੂਣੇ ਨੂੰ ਲੱਭਦਾ ਰਹਿੰਦਾ। ਜੇ ਟੂਣਾ ਦਿਸ ਜਾਂਦਾ ਤਾਂ ਮੈਂ ਠੇਡਾ ਮਾਰ ਕੇ ਟੂਣਾ ਖਿਡਾ ਦਿੰਦਾ। ਹੁਣ ਵਰਤੋਂ ਵਾਲੀਆਂ ਚੀਜ਼ਾਂ ਚੁੱਕ ਕੇ ਅਸੀਂ ਵਰਤ ਲੈਂਦੇ। ਨਹਿਰ ਉੱਤੇ ਨਹਾਉਣ ਗਏ ਟੂਣੇ ਵਾਲੇ ਸਾਬਣ ਲਾ ਲਾ ਨਹਾਉਂਦੇ ਤੇ ਕੂਕਾਂ ਮਾਰਦੇ। ਇਹ ਸਾਰਾ ਕੁਝ ਦੇਖ ਕੇ ਮੇਰੇ ਨਾਲ ਦੇ ਮਿੱਤਰ ਹੈਰਾਨ ਹੁੰਦੇ ਕਿ ਸਭ ਤੋਂ ਡਰੂ ਬੰਦਾ ਇਨਾਂ ਦਲੇਰ ਕਿਵੇਂ ਹੋ ਗਿਆ ? ਪਰ ਮੈਂ ਜਾਣਦਾ ਸੀ ਮੇਰੇ ਵਿੱਚ ਇਹ ਤਬਦੀਲੀ ਇੱਕ ਦਿਨ ਵਿੱਚ ਨਹੀਂ ਆਈ ਸੀ।

ਇਸ ਤਬਦੀਲੀ ਦਾ ਮੁੱਢ ਪੜਾਈ ਤੋਂ ਬੱਝਿਆ ਸੀ। ਪੜਨ ਵਿੱਚ ਮੈਂ ਠੀਕ ਸੀ ਪਰ ਅੱਠਵੀਂ ਜਮਾਤ ਵਿੱਚ ਬਹੁਤਾ ਫੁੱਟਬਾਲ ਖੇਡਣ ਕਰਕੇ ਅੰਗਰੇਜ਼ੀ ਵਿੱਚ ਥੋੜਾ ਪਛੜ ਗਿਆ ਸੀ। ਛਿਮਾਹੀ ਪੇਪਰਾਂ ਵਿੱਚ ਨੰਬਰ ਬਹੁਤ ਘੱਟ ਆਏ ਸਨ। ਪਿਤਾ ਜੀ ਨੇ ਚੰਗੀ ਖੜਕੈਂਤੀ ਕੀਤੀ ਅਤੇ ਮੈਨੂੰ ਸ. ਜੋਗਿੰਦਰ ਸਿੰਘ ਜੀ ਕੋਲ ਛੱਡ ਆਏ। ਉਹ ਗਵਾਂਢੀ ਪਿੰਡ ਦੇ ਸਕੂਲ ਵਿੱਚ ਪੜਾਉਂਦੇ ਸਨ। ਉਹਨਾਂ ਦਾ ਜੱਦੀ ਪਿੰਡ ਹਰਿਆਣਾ ਵਿੱਚ ਸੀ।

ਸਾਡੇ ਅਧਿਆਪਕ ਬੜੇ ਅਗਾਂਹਵਧੂ ਵਿਚਾਰਾਂ ਦੇ ਮਾਲਕ ਸਨ। ਅੰਗਰੇਜ਼ੀ ਉੱਪਰ ਉਨਾਂ ਦੀ ਬਹੁਤ ਚੰਗੀ ਪਕੜ ਸੀ। ਗਰਾਮਰ ਇਸ ਤਰੀਕੇ ਨਾਲ ਪੜਾਉਂਦੇ ਕਿ ਅੱਜ ਵੀ ਉਨਾਂ ਦੇ ਪੜਾਏ ਹੋਏ ਸਬਕ ਯਾਦ ਹਨ। ਉਹ ਕਿਤਾਬਾਂ ਪੜਦੇ ਤੇ ਵਿਦਿਆਰਥੀਆਂ ਨੂੰ ਵੀ ਕਿਤਾਬਾਂ ਵੱਲ ਪ੍ਰੇਰਦੇ। ਹਰ ਗੱਲ ਨੂੰ ਤਰਕ ਦੀ ਕਸਵੱਟੀ 'ਤੇ ਪਰਖ ਕੇ ਇਸ ਤਰਾਂ ਸਮਝਾਉਂਦੇ ਸਨ ਕਿ ਸਾਹਮਣੇ ਵਾਲਾ ਛੇਤੀ ਵਿਸਾਰਦਾ ਨਹੀਂ ਸੀ। ਮੇਰੀ ਜ਼ਿੰਦਗੀ ਵਿੱਚ ਉਹਨਾਂ ਦੀ ਭੂਮਿਕਾ ਬਤੌਰ ਅਧਿਆਪਕ ਅਤੇ ਮਾਰਗਦਰਸ਼ਕ ਮੈਨੂੰ ਹਮੇਸ਼ਾ ਯਾਦ ਰਹੇਗੀ।

ਇਹ ਕੁਦਰਤੀ ਹੀ ਹੁੰਦਾ ਹੈ ਕਿ ਚੇਲੇ ਗੁਰੂ ਦੇ ਪਦ ਚਿੰਨਾਂ 'ਤੇ ਚਲਦੇ ਹਨ। ਅਧਿਆਪਕ ਦੇ ਵਿਚਾਰਾਂ ਦਾ ਮੇਰੇ ਉੱਤੇ ਅਸਰ ਹੋਣਾ ਹੀ ਸੀ। ਉਨਾਂ ਨੇ ਮੈਨੂੰ ਅੰਗਰੇਜ਼ੀ ਵਿੱਚ ਤਾਂ ਪੜਨ ਲਾਇਆ ਹੀ ਨਾਲ ਹੀ ਹੋਰ ਵੀ ਕਿਤਾਬਾਂ ਪੜਨ ਲਈ ਦਿੱਤੀਆਂ। ਮਿਲਖਾ ਸਿੰਘ ਦੀ ਜੀਵਨੀ ਫਲਾਇੰਗ ਸਿੱਖ ਅਤੇ ਅਸਲੀ ਇਨਸਾਨ ਦੀ ਕਹਾਣੀ ਵਰਗੀਆਂ ਕਿਤਾਬਾਂ ਪੜਨ ਨੂੰ ਮਿਲੀਆਂ। ਜਿੱਥੇ ਸਾਲਾਨਾ ਪੇਪਰਾਂ ਵਿੱਚ ਮੇਰੇ ਅੰਗਰੇਜ਼ੀ ਵਿੱਚ ਬਹੁਤ ਚੰਗੇ ਨੰਬਰ ਆਏ, ਉੱਥੇ ਮੇਰੇ ਦਿਮਾਗ ਤੋਂ ਕਈ ਹੋਰ ਜਾਲੇ ਵੀ ਉੱਤਰਨੇ ਸ਼ੁਰੂ ਹੋ ਗਏ। ਮੇਰਾ ਅਧਿਆਪਕ ਨਾਲ ਬਹੁਤ ਪਿਆਰਾ ਰਿਸ਼ਤਾ ਬਣ ਗਿਆ ਸੀ। ਉਹ ਕਦੋਂ ਸਰ ਤੋਂ ਅੰਕਲ ਜੀ ਬਣ ਗਏ ਸਨ, ਮੈਨੂੰ ਪਤਾ ਹੀ ਨਹੀਂ ਲੱਗਿਆ। ਪਿਤਾ ਜੀ ਵੱਲੋਂ ਪੜਾਈ ਲਈ ਫੀਸ ਦੇਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਅੰਕਲ ਜੀ ਨੇ ਸਵੀਕਾਰ ਨਹੀਂ ਕੀਤੀ।

ਇੱਕ ਦਿਨ ਅਜਿਹੀ ਘਟਨਾ ਵਾਪਰੀ ਕਿ ਮੇਰਾ ਸਾਰਾ ਡਰ ਉੱਡ ਪੁੱਡ ਹੀ ਗਿਆ। ਉਸ ਦਿਨ ਸ਼ਾਮ ਨੂੰ ਜਦੋਂ ਮੈਂ ਅੰਕਲ ਜੀ ਕੋਲ ਗਿਆ ਤਾਂ ਦੇਖਿਆ ਇੱਕ ਮਾਈ ਬਹੁਤ ਘਬਰਾਈ ਹੋਈ ਡਰੀ ਸਹਿਮੀ ਨੀਵੀਂ ਪਾਈ ਬੈਠੀ ਸੀ। ਅੰਕਲ ਜੀ ਨੇ ਮੈਨੂੰ ਆਵਾਜ਼ ਮਾਰ ਲਈ ਅਤੇ ਆਪਣੇ ਕੋਲ ਬੈਠਣ ਦਾ ਇਸ਼ਾਰਾ ਕੀਤਾ। ਮਾਈ ਦੇ ਕੱਪੜੇ ਬਹੁਤ ਮੈਲੇ ਸਨ। ਇਸ ਤਰਾਂ ਲੱਗਦਾ ਸੀ ਜਿਵੇਂ ਉਹ ਕਿੰਨੇ ਦਿਨਾਂ ਤੋਂ ਨਹਾਤੀ ਨਾ ਹੋਵੇ। ਉਸ ਨਾਲ ਆਈ ਉਸਦੀ ਨੂੰਹ ਅੰਕਲ ਜੀ ਦੇ ਸਕੂਲ ਦੀ ਦਰਜਾ ਚਾਰ ਮੁਲਾਜ਼ਮ ਸੀ। ਉਹ ਦੱਸ ਰਹੀ ਸੀ ਕਿ ਮਾਤਾ ਨੂੰ ਓਪਰੀ ਕਸਰ ਹੋ ਜਾਂਦੀ ਹੈ, ਜਿਹੜੀ ਸਾਰੀ ਰਾਤ ਮਾਤਾ ਨੂੰ ਸੌਣ ਨਹੀਂ ਦਿੰਦੀ। ਪਿੰਡੇ 'ਤੇ ਜਿਵੇਂ ਕੋਈ ਘੂਰਟ ਮਾਰੇ ਹੋਣ। ਉਸ ਨੂੰ ਅਜੀਬ ਅਜੀਬ ਸੁਪਨੇ ਆਉਂਦੇ ਰਹਿੰਦੇ ਹਨ।

ਅੰਕਲ ਜੀ ਨੇ ਕਿਹਾ, ਮੈਂ ਤੁਹਾਨੂੰ ਮੰਤਰ ਲਿਖ ਦਿੰਦਾ ਹਾਂ। ਸਵੇਰੇ ਉੱਠ ਕੇ ਤੁਸੀਂ ਨਹਾ ਕੇ ਸਾਫ ਸੁਥਰੇ ਕੱਪਣੇ ਪਾਉਣੇ ਹਨ। ਇਸ ਮੰਤਰ ਨੂੰ ਤਵੀਤ ਵਿੱਚ ਪਾ ਕੇ ਗੱਲ ਵਿੱਚ ਪਾਉਣਾ ਹੈ ਤੇ ਹਰ ਰੋਜ਼ ਸਵੇਰੇ ਅੱਧਾ ਘੰਟਾ ਰੱਬ ਦਾ ਨਾਮ ਲੈਣਾ ਹੈ।'

ਉਨਾਂ ਨੇ ਕਾਗਜ਼ ਉੱਪਰ ਕੁਝ ਲਿਖਿਆ ਅਤੇ ਉਨਾਂ ਨੂੰ ਦੇ ਦਿੱਤਾ। ਨਾਲ ਹੀ ਉਹਨਾਂ ਨੂੰ ਦੱਸ ਦਿੱਤਾ ਕਿ ਮੰਤਰ ਬਹੁਤ ਜ਼ਬਰਦਸਤ ਹੈ, ਕਹੇ ਅਨੁਸਾਰ ਕਾਰਜ ਕਰਨਾ ਹੈ। ਭੂਤ ਪ੍ਰੇਤ ਤਾਂ ਨੇੜਲੇ ਘਰਾਂ ਵਿੱਚ ਵੀ ਨਹੀਂ ਰਹੇਗਾ। ਸੱਸ ਨੂੰਹ ਪੂਰੀ ਤਰਾਂ ਨਾਲ ਸੰਤੁਸ਼ਟ ਹੋ ਕੇ ਚਲੀਆਂ ਗਈਆਂ। ਮੈਂ ਹੈਰਾਨ ਪ੍ਰੇਸ਼ਾਨ ਸੀ ਕਿ ਭੂਤਾਂ ਪ੍ਰੇਤਾਂ ਨੂੰ ਮਿੱਥ ਦੱਸਣ ਵਾਲੇ ਸਾਡੇ ਅਧਿਆਪਕ ਇਹ ਕੀ ਕਰ ਰਹੇ ਹਨ।

ਮੈਂ ਪੂਰੇ ਵਰਤਾਰੇ 'ਤੇ ਹੈਰਾਨੀ ਪ੍ਰਗਟ ਕੀਤੀ ਤਾਂ ਅੰਕਲ ਜੀ ਜ਼ੋਰ ਨਾਲ ਹੱਸ ਪਏ। ਉਹ ਬੋਲੇ, ਪੁੱਤਰ, ਕਈ ਬਿਮਾਰੀਆਂ ਦਾ ਇਲਾਜ ਇਸ ਤਰਾਂ ਵੀ ਹੁੰਦਾ ਹੈ। ਇਹ ਅਨਪੜ ਮਾਈ ਮੇਰੀਆਂ ਕਿਤਾਬਾਂ ਵਾਲੇ ਗਿਆਨ ਨੂੰ ਨਹੀਂ ਸਮਝ ਸਕੇਗੀ, ਜੇ ਮੈਂ ਉਹਨਾਂ ਦੀ ਸੰਤੁਸ਼ਟੀ ਨਾ ਕਰਵਾਉਂਦਾ ਤਾਂ ਇੱਥੋਂ ਉੱਠ ਕੇ ਕਿਸੇ ਹੋਰ ਸਿਆਣੇ ਕੋਲ ਜਾ ਫਸਣਗੀਆਂ।'

ਮੈਨੂੰ ਉਹਨਾਂ ਦੀ ਗੱਲ ਥੋੜੀ ਥੋੜੀ ਸਮਝ ਆ ਗਈ ਸੀ। ਉਹਨਾਂ ਨੇ ਗੱਲ ਜੋੜੀ, ਇਹ ਹੋਰ ਬਿਮਾਰ ਵੀ ਹੋਵੇਗੀ, ਆਰਥਿਕ ਤੌਰ 'ਤੇ ਲੁੱਟ ਖਸੁੱਟ ਦੀ ਸ਼ਿਕਾਰ ਵੀ ਹੋਵੇਗੀ।'

ਮੈਂ ਆਪਣੀ ਜਗਿਆਸਾ ਸ਼ਾਂਤ ਕਰਨ ਲਈ ਪੁੱਛਿਆ, "ਮਾਈ ਹੁਣ ਕਿਵੇਂ ਠੀਕ ਹੋਵੇਗੀ।'

ਉਨਾਂ ਕਿਹਾ, ਪੁੱਤ ਦੇਖ, ਸਿਆਣੇ ਬੰਦੇ ਪਿਛਲੀ ਉਮਰ ਵਿੱਚ ਆ ਕੇ ਅਕਸਰ ਪਰਿਵਾਰ ਦੀ ਅਣਦੇਖੀ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਮਾਈ ਵੀ ਇਸੇ ਤਰਾਂ ਹੈ। ਹੁਣ ਜਦੋਂ ਉਸ ਦੇ ਨਾਲ ਆਈ ਨੂੰਹ ਨੂੰ ਸਮਝਾ ਦਿੱਤਾ ਹੈ ਤਾਂ ਉਹ ਉਸ ਦਾ ਖਿਆਲ ਰੱਖੇਗੇ, ਹਰ ਰੋਜ਼ ਨੁਹਾਵੇਗੀ, ਸਾਫ ਕੱਪੜੇ ਪਾਵੇਗੀ, ਨੀਂਦ ਤਾਂ ਆਪਣੇ ਆਪ ਹੀ ਆ ਜਾਵੇਗੀ।'

ਮੈਂ ਕਿਹਾ, ਅੰਕਲ ਜੀ, ਤੁਸੀਂ ਤਾਂ ਉਸ ਨੂੰ ਅੱਧਾ ਘੰਟਾ ਧਿਆਨ ਲਾਉਣ ਲਈ ਵੀ ਆਖਿਆ ਹੈ, ਉਸਦੀ ਸਮਝ ਨਹੀਂ ਲੱਗੀ ?

ਉਹ ਬੋਲੇ, ਦਿਮਾਗੀ ਉਲਝਣਾਂ ਨੂੰ ਦੂਰ ਕਰਨ ਲਈ ਕਿਸੇ ਪਾਸੇ ਵੀ ਧਿਆਨ ਲਾਇਆ ਜਾਵੇ ਤਾਂ ਬੰਦਾ ਠੀਕ ਹੋ ਜਾਂਦਾ ਹੈ।'

ਉਹੀ ਗੱਲ ਹੋਈ। ਥੋੜੇ ਦਿਨਾਂ ਬਾਅਦ ਕੁਦਰਤੀ ਮਾਈ ਸਾਡੇ ਪੜਨ ਸਮੇਂ ਹੀ ਮਿਲਣ ਲਈ ਆ ਗਈ। ਉਹ ਪੂਰੀ ਠੀਕਠਾਕ ਅਤੇ ਤੰਦਰੁਸਤ ਜਾਪਦੀ ਸੀ। ਅੰਕਲ ਜੀ ਮੁਸਕਰਾ ਪਏ ਤੇ ਉਨਾਂ ਨੇ ਮੇਰੇ ਵੱਲ ਰਮਜ਼ੀ ਨਜ਼ਰਾਂ ਨਾਲ ਦੇਖਿਆ। ਉਸ ਦਿਨ ਤੋਂ ਬਾਅਦ ਮੇਰੇ ਦਿਮਾ਼ਗ ਵਿੱਚ ਕੋਈ ਵੀ ਸ਼ੰਕਾ ਬਾਕੀ ਨਹੀਂ ਰਹੀ। ਹੁਣ ਮੇਰੀ ਟੂਣੇ ਟਾਮਣਾਂ ਦੇ ਡਰ ਤੋਂ ਮੁਕਤੀ ਹੋ ਗਈ ਸੀ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸਿਆਸੀ ਖ਼ਲਾਅ ਵਿਚ ਜੀਓ ਰਿਹਾ ਪੰਜਾਬ

**- ਗੁਰਮੀਤ ਸਿੰਘ ਪਲਾਹੀ**

ਪੰਜਾਬ ਦੇ ਮੰਤਰੀਆਂ ਨਾਲ ਉਲਝੇ ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਦੀ ਥਾਂ 'ਤੇ ਪੰਜਾਬ ਦੇ ਮੌਜੂਦਾ ਡਾਇਰੈਕਟਰ ਜਨਰਲ ਪੁਲਿਸ ਦਿਨਕਰ ਗੁਪਤਾ ਦੀ ਪਤਨੀ ਵਿਨੀ ਮਹਾਜਨ ਨੂੰ, ਸੀਨੀਅਰ ਆਈ.ਏ.ਐਸ. ਅਫ਼ਸਰਾਂ ਨੂੰ ਨਜ਼ਰ ਅੰਦਾਜ਼ ਕਰਕੇ, ਪੰਜਾਬ ਦੀ ਮੁੱਖ ਸਕੱਤਰ ਬਣਾ ਦਿੱਤਾ ਗਿਆ ਹੈ। ਦਿਨਕਰ ਗੁਪਤਾ ਤੇ ਵਿਨੀ ਮਹਾਜਨ ਪਤੀ-ਪਤਨੀ ਹੁਣ ਸੂਬੇ ਪੰਜਾਬ ਦੇ ਪਾਵਰਫੁਲ ਅਫ਼ਸਰ ਹੋਣਗੇ। ਕੁਝ ਸਮਾਂ ਪਹਿਲਾਂ ਦਿਨਕਰ ਗੁਪਤਾ ਆਪਣੇ ਸੀਨੀਅਰ ਪੁਲਿਸ ਅਫ਼ਸਰਾਂ ਨੂੰ ਪਿੱਛੇ ਛੱਡ ਕੇ ਡੀਜੀਪੀ ਬਣਾਏ ਗਏ ਸਨ। ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਕਰਨਬੀਰ ਸਿੰਘ ਸਿੱਧੂ, ਅਰੁਣ ਗੋਇਲ, ਸੀ.ਰਾਊਲ, ਕਲਪਨਾ ਮਿੱਤਲ ਬਰੂਆ ਅਤੇ ਸਤੀਸ਼ ਚੰਦਰਾ, ਮੁੱਖ ਸਕੱਤਰ ਬਨਣ ਲਈ ਕਤਾਰ ਵਿੱਚ ਸਨ। ਚਰਚਾ ਹੈ ਕਿ ਇੱਕ ਆਈ.ਏ.ਐਸ. ਪ੍ਰਸ਼ਾਸਨਿਕ ਅਧਿਕਾਰੀ ਵਲੋਂ ਮੁੱਖ ਸਕੱਤਰ ਬਣਾਏ ਜਾਣ ਦੇ ਦਬਾਅ ਕਾਰਨ ਮੁੱਖ ਮੰਤਰੀ ਨੇ ਤੁਰਤ-ਫੁਰਤ ਕਾਰਵਾਈ ਕਰਦਿਆਂ ਮੁੱਖ ਸਕੱਤਰ ਦੇ ਅਹੁਦੇ ਉਤੇ ਵਿਨੀ ਮਹਾਜ਼ਨ ਨੂੰ ਨਿਯੁਕਤ ਕਰਕੇ ਇਹ ਸੰਦੇਸ਼ ਦਿੱਤਾ ਕਿ ਸੂਬਾ ਸਰਕਾਰ ਉਤੇ ਅਫ਼ਸਰਸ਼ਾਹੀ ਭਾਰੂ ਨਹੀਂ ਹੈ ਹਾਲਾਂਕਿ ਸਿਆਸੀ ਗਲਿਆਰਿਆਂ ਖ਼ਾਸ ਕਰਕੇ ਪੰਜਾਬ ਕਾਂਗਰਸ ਵਿੱਚ ਇਸ ਗੱਲ ਉਤੇ ਚਰਚਾ ਰਹਿੰਦੀ ਹੈ ਕਿ ਉਹਨਾ ਦੀ ਦਫ਼ਤਰਾਂ- ਅਫ਼ਸਰਾਂ ਵਿਚ ਪੁੱਛ ਪ੍ਰਤੀਤ ਨਹੀਂ ਹੈ। ਚਰਚਾ ਇਹ ਵੀ ਹੈ ਕਿ ਸੂਬੇ ਵਿਚ ਕਾਂਗਰਸ ਨਹੀਂ, ਅਫ਼ਸਰਸ਼ਾਹੀ ਰਾਜ ਕਰਦੀ ਹੈ, ਜਿਸਦੀ ਵਾਂਗਡੋਰ ਸਿਰਫ਼ "ਰਾਜੇ" ਹੱਥ ਹੈ। ਉਂਜ ਕਾਂਗਰਸ ਵਿੱਚ ਜਿਸ ਕਿਸਮ ਦਾ ਕਾਟੋ-ਕਲੇਸ਼ ਹਰ ਸਮੇਂ ਦਿਖਾਈ ਦਿੰਦਾ ਹੈ ਅਤੇ ਨਿੱਤ-ਪ੍ਰਤੀ ਸੀਨੀਅਰ ਕਾਂਗਰਸੀ ਨੇਤਾਵਾਂ ਵਲੋਂ ਪੰਜਾਬ ਸਰਕਾਰ ਦੇ ਮੁੱਖੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ ਕਰਨ ਦੇ ਢੰਗ-ਤਰੀਕਿਆਂ ਵਿਰੁੱਧ ਬਿਆਨ ਛਪਦੇ ਹਨ, ਉਸ ਨਾਲ ਕਾਂਗਰਸੀ ਸਰਕਾਰ ਦਾ ਅਕਸ ਲੋਕਾਂ ਵਿੱਚ ਦਿਨ-ਪ੍ਰਤੀ ਧੁੰਦਲਾ ਹੁੰਦਾ ਜਾਂਦਾ ਦਿਖਾਈ ਦਿੰਦਾ ਹੈ।

**ਕਾਂਗਰਸ ਫੁੱਟ ਦੀ ਸ਼ਿਕਾਰ**

ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦਾ ਵੱਖੀ-ਭਾਰ ਹੋਣਾ, ਐਮਪੀ ਸ਼ਮਸ਼ੇਰ ਸਿੰਘ ਦੂਲੋ ਅਤੇ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਦਾ ਅਮਰਿੰਦਰ ਸਿੰਘ ਵਿਰੁੱਧ ਨਿੱਤ ਨਵਾਂ_ਬਖੇੜਾ, ਕਾਂਗਰਸੀ ਮੰਤਰੀਆਂ ਦੀ ਆਪਸੀ ਖੋਹ ਖਿੱਚ ਕੈਪਟਨ ਸਰਕਾਰ ਨੂੰ ਸਿਆਸੀ ਢਾਅ ਲਾ ਰਹੀ ਹੈ। ਪੰਜਾਬ ਕਾਂਗਰਸ ਦਾ ਪੁਨਰਗਠਨ ਕਰਨ ਦੇ ਸਿਲਸਿਲੇ ਵਿੱਚ ਜਿਸ ਕਿਸਮ ਦੀ ਧੜੇਬੰਦਕ ਲੜਾਈ ਕਾਂਗਰਸੀ ਖੇਮਿਆਂ ਵਿੱਚ ਵੇਖਣ ਨੂੰ ਮਿਲ ਰਹੀ ਹੈ, ਉਸ ਨਾਲ ਕਾਂਗਰਸ ਵਿਚ ਨਵੇਂ ਜ਼ਿਲਾ ਕਾਂਗਰਸ ਪ੍ਰਧਾਨਾਂ ਦੀਆਂ ਨਿਯੁਕਤੀਆਂ ਨੂੰ ਲੈ ਕੇ ਬਬਾਲ ਖੜਾ ਹੋ ਗਿਆ ਹੈ, ਬਿਨਾਂ ਸ਼ੱਕ ਇਸ ਨਾਲ ਕਾਂਗਰਸ ਦਾ ਆਧਾਰ ਪੰਜਾਬ ਵਿੱਚ ਖਿਸਕੇਗਾ ਅਤੇ ਵਿਰੋਧੀ ਧਿਰ ਜਿਹੜੀ ਕਿ ਪਾਟੋ-ਧਾੜ ਹੋਈ ਪਈ ਹੈ ਅਤੇ ਕਈ ਖੇਮਿਆਂ ਵਿੱਚ ਵੰਡੀ ਪਈ ਹੈ, ਉਸ ਦੇ ਇੱਕ ਪਲੇਟ ਫਾਰਮ ਉਤੇ ਭਾਵੇਂ ਕਿ ਇੱਕਠੇ ਹੋਣ ਦੇ ਕੋਈ ਅਸਾਰ ਨਹੀਂ ਦਿਖਦੇ ਪਰ ਉਹਨਾ ਦੀ ਤਾਕਤ ਵਿੱਚ ਵਾਧਾ ਜ਼ਰੂਰ ਦਿਖਾਈ ਦੇਵੇਗਾ।

**ਬਾਦਲ ਦਲ ਦੀ ਹਾਲਤ ਨਿਘਰੀ**

ਪੰਜਾਬ ਵਿਚ ਕਾਂਗਰਸ ਦੇ ਵਿਰੋਧ ਵਿੱਚ ਅਕਾਲੀ-ਦਲ ਅਤੇ ਭਾਜਪਾ ਦਾ ਗੱਠਜੋੜ ਹੈ। ਭਾਜਪਾ ਪੰਜਾਬ ਵਿੱਚ ਆਪਣੀ ਤਾਕਤ ਵਧਾਉਣ ਦੇ ਰਉਂ ਵਿੱਚ ਤਾਂ ਹੈ, ਪਰ ਉਸ ਕੋਲ ਕੋਈ ਤਾਕਤਵਰ ਵਿਅਕਤੀ ਖ਼ਾਸ ਕਰਕੇ ਸਿੱਖ ਚਿਹਰਾ ਨਹੀਂ ਹੈ। ਕਹਿਣ ਨੂੰ ਤਾਂ ਭਾਵੇਂ ਉਹ 2022 ਦੀਆਂ ਚੋਣਾਂ ਵਿੱਚ ਇੱਕਲਿਆਂ ਚੋਣ ਲੜਨ ਲਈ ਦਮਗਜ਼ੇ ਮਾਰ ਰਹੀ ਹੈ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 117 ਸੀਟਾਂ ਵਿੱਚ ਅੱਧੀਆਂ ਸੀਟਾਂ ਉਤੇ ਅਕਾਲੀ ਦਲ ਨਾਲ ਰਲਕੇ ਵੱਡੇ ਭਾਈ ਦੀ ਭੂਮਿਕਾ ਨਿਭਾਉਣ ਦੇ ਰੌਅ ਵਿੱਚ ਹੈ, ਪਰ ਪੰਜਾਬ ਦੇ ਮੁੱਦਿਆਂ ਉਤੇ ਪੰਜਾਬ ਪੱਖੀ ਸੋਚ ਨਾ ਹੋਣ ਕਾਰਨ ਪੰਜਾਬੀਆਂ ਵਿਚ ਉਸਦਾ ਆਧਾਰ ਵਧਣਾ ਮੁਸ਼ਕਲ ਹੈ। ਖੇਤੀਬਾੜੀ ਸਬੰਧੀ ਕੇਂਦਰੀ ਆਰਡੀਨੈਂਸ ਵਾਪਸ ਲਏ ਜਾਣ ਸਬੰਧੀ ਸਰਬ ਪਾਰਟੀ ਮੀਟਿੰਗ ਸੱਦਕੇ ਕੈਪਟਨ ਅਮਰਿੰਦਰ ਸਿੰਘ ਵਲੋਂ ਕਿਸਾਨ ਪੱਖੀ ਸੋਚ ਉਤੇ ਡੱਟ ਕੇ ਪਹਿਰਾ ਦੇਣ ਦੇ ਮਾਮਲੇ ਵਿਚ ਭਾਜਪਾ ਵਲੋਂ ਸਮਰਥਨ ਨਾ ਦੇਣ ਨਾਲ ਪੰਜਾਬੀ ਕਿਸਾਨਾਂ ਵਿੱਚ ਉਸ ਦਾ ਅਕਸ ਧੁੰਧਲਾ ਹੀ ਹੋਇਆ ਹੈ। ਉਪਰੋਂ ਸ਼੍ਰੋਮਣੀ ਅਕਾਲੀ ਦਲ (ਬ) ਵਲੋਂ ਕੇਂਦਰੀ ਆਰਡੀਨੈਂਸ ਸਬੰਧੀ ਅਪਨਾਈ ਗਈ ਅਸਪਸ਼ਟ ਪਹੁੰਚ ਕਾਰਨ ਖ਼ਾਸ ਕਰਕੇ ਬਾਦਲ ਪਰਿਵਾਰ ਪੰਜਾਬ ਦੇ ਕਿਸਾਨਾਂ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ ਅਤੇ ਇਹ ਦੋਸ਼ ਆਪਣੇ ਸਿਰ ਲੁਆ ਰਹੇ ਹਨ ਕਿ ਉਹ ਹਰਸਿਮਰਤ ਕੌਰ ਬਾਦਲ ਦੀ ਵਜ਼ੀਰੀ ਬਚਾਉਣ ਲਈ ਕਿਸਾਨਾਂ ਦੇ ਹਿੱਤ ਦਾਅ ਉਤੇ ਲਾ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਇਸ ਸਮੇਂ ਇਹ ਰੁਖ ਅਪਨਾਇਆ ਕਿ ਖੇਤੀਬਾੜੀ ਰਾਜ ਦਾ ਵਿਸ਼ਾ ਹੈ। ਕੇਂਦਰ ਨੂੰ ਇਸ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਕੈਪਟਨ ਵਲੋਂ ਪਹਿਲਾਂ ਵੀ ਦਰਿਆਈ ਪਾਣੀਆਂ ਸਬੰਧੀ ਹੋਏ ਸਾਰੇ ਪੰਜਾਬ ਵਿਰੋਧੀ ਸਮਝੌਤਿਆਂ ਨੂੰ ਰੱਦ ਕੀਤਾ ਸੀ ਅਤੇ ਸਮੁੱਚੀ ਵਿਰੋਧੀ ਧਿਰ ਨੂੰ ਆਪਣੇ ਨਾਲ ਖੜੇ ਕਰਨ ਦੀ ਪਹੁੰਚ ਅਪਨਾਈ ਸੀ। ਦ੍ਰਿੜਤਾ ਨਾਲ ਕਿਸਾਨਾਂ ਦੇ ਹੱਕ ਵਿੱਚ ਫ਼ੈਸਲੇ ਲੈਣ ਕਾਰਨ ਕਾਂਗਰਸ ਨੇ ਕਿਸਾਨਾਂ ਦੀ ਮੁਦਈ ਕਹਾਉਂਦੀ ਪਾਰਟੀ, ਜੋ ਪਿਛਲੇ ਸਮੇਂ ਤੋਂ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਿਚ ਫੁੱਟ ਦਾ ਸ਼ਿਕਾਰ ਹੋਈ ਪਈ ਹੈ ਅਤੇ ਇਸਦੇ ਨੇਤਾ ਨਿੱਤ ਸੁਖਬੀਰ ਸਿੰਘ ਦੀ ਬਾਂਹ ਛੱਡ ਰਹੇ ਹਨ, ਕਿਸਾਨਾਂ ਵਿਚ ਆਪਣਾ ਆਧਾਰ ਗੁਆ ਰਹੀ ਹੈ। ਬਿਨਾਂ ਸ਼ੱਕ ਕਾਂਗਰਸ ਪਾਰਟੀ ਦੇ ਪੰਜਾਬ ਦੇ ਨੇਤਾ ਇੱਕ ਸੁਰ ਨਹੀਂ ਹਨ, ਪਰ ਵਿਰੋਧੀ ਧਿਰ ਦਾ ਕਾਂਗਰਸ ਵਲੋਂ ਠੀਕ ਢੰਗ ਨਾਲ ਨਾ ਚਲਾਈ ਜਾ ਰਹੀ ਸਰਕਾਰ ਵਿਰੁੱਧ ਕੋਈ ਭਰਵਾਂ ਜਾਂ ਢੁਕਵਾਂ ਵਿਰੋਧ ਦਿਖਣ ਨੂੰ ਨਹੀਂ ਮਿਲ ਰਿਹਾ। ਸਗੋਂ ਇੱਕ ਸਿਆਸੀ ਖ਼ਿਲਾਅ ਦਿਖ ਰਿਹਾ ਹੈ।

**ਵਿਰੋਧੀ ਪਾਰਟੀਆਂ ਤੇ 'ਆਪ' ਵੀ ਖਸਤਾ ਹਾਲਤ 'ਚ**

ਟਕਸਾਲੀ ਅਕਾਲੀ ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾ ਰਹੇ ਹਨ, ਸੁਖਦੇਵ ਸਿੰਘ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਛੱਡਕੇ ਆਪਣੀ ਨਵੀਂ ਪਾਰਟੀ ਬਨਾਉਣ ਜਾ ਰਿਹਾ ਹੈ। ਬੈਂਸ ਭਰਾ, ਨਿੱਤ ਨਵੇਂ ਦਿਨ ਮਾਅਰਕੇ ਬਾਜੀ ਵਾਲੀ ਰਾਜਨੀਤੀ ਕਰਦੇ ਦਿਖਦੇ ਹਨ। ਸੁਖਪਾਲ ਸਿੰਘ ਖਹਿਰਾ ਵਲੋਂ ਬੇਬਾਕੀ ਨਾਲ ਆਪਣੇ ਵਿਚਾਰ ਤਾਂ ਰੱਖੇ ਜਾ ਰਹੇ ਹਨ, ਪਰ 'ਕੋਰੋਨਾ ਕਾਲ' ਦੇ ਦੌਰਾਨ ਉਸਦੀਆਂ ਸਰਗਰਮੀਆਂ ਨਾ ਹੋਣ ਦੇ ਬਰਾਬਰ ਹੈ। ਆਮ ਆਦਮੀ ਪਾਰਟੀ ਜਿਹੜੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਚਾਲੋਂ ਬੇਚਾਲ ਹੋ ਗਈ ਹੈ, ਉਸ ਵਲੋਂ ਇੱਕਾ-ਦੁੱਕਾ ਸਰਗਰਮੀ ਤਾਂ ਕੀਤੀ ਜਾ ਰਹੀ ਹੈ, ਪਰ ਪੰਜਾਬੀਆਂ ਦੇ ਹੱਕ ਵਿਚ ਕੋਈ ਲੋਕ ਲਹਿਰ ਉਸਾਰਨ ਵਿਚ ਉਹ ਕਾਮਯਾਬ ਨਹੀਂ ਹੋ ਰਹੀ। ਬਹੁਤ ਸਾਰੇ ਮੁੱਦੇ ਹਨ ਪੰਜਾਬ ਵਿੱਚ ਲੋਕਾਂ ਦੇ। ਨਸ਼ਿਆਂ ਨੂੰ ਕਾਬੂ ਕਰਨ ਵਿਚ ਕਾਂਗਰਸ ਨਾ ਕਾਮਯਾਬ ਰਹੀ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੀਤਾ ਵਾਇਦਾ ਉਹਨਾ ਪੂਰਿਆਂ ਨਹੀਂ ਕੀਤਾ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਕਾਂਗਰਸ ਸਰਕਾਰ ਦੀ ਅੱਧੀ-ਅਧੂਰੀ ਪਹੁੰਚ ਨੂੰ 'ਆਪ' ਵਾਲਿਆਂ ਕਦੋਂ ਨੰਗਾ ਕੀਤਾ? ਜਿਸ ਅਧਾਰ ਉਤੇ ਆਮ ਆਦਮੀ ਪਾਰਟੀ ਵਲੋਂ ਵਿਧਾਨ ਸਭਾ ਚੋਣ ਲੜੀ ਗਈ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰ ਦਿਆਂਗੇ, ਕਾਂਗਰਸ ਉਸ ਮਾਮਲੇ ਵਿੱਚ ਗੋਹੜੇ ਵਿਚੋਂ ਇੱਕ ਪੂਣੀ ਤੱਕ ਨਹੀਂ ਕੱਤ ਸਕੀ, ਪਰ ਆਮ ਆਦਮੀ ਪਾਰਟੀ ਨੇ ਇਸ ਮੁਆਮਲੇ ਵਿਚ ਲੋਕਾਂ ਵਿਚ ਇਸ ਸਬੰਧੀ ਕਿੰਨਾ ਕੁ ਪ੍ਰਚਾਰ ਕੀਤਾ? ਅਤੇ ਅੱਜ ਜਦੋਂ ਤੇਲ ਦੀਆਂ ਕੀਮਤਾਂ ਦੇ ਭਾਅ ਨਿੱਤ ਉਪਰ ਜਾ ਰਹੇ ਹਨ, ਪਿਛਲੇ 17 ਦਿਨਾਂ ਤੋਂ ਡੀਜ਼ਲ, ਪੈਟਰੋਲ ਦੀਆਂ ਕੀਮਤਾਂ ਵਿਚ ਨਿਰੰਤਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦਾ ਸਿੱਧਾ ਅਸਰ ਕਿਸਾਨਾਂ ਦੀਆਂ ਫ਼ਸਲਾਂ ਅਤੇ ਆਮ ਲੋਕਾਂ ਉਤੇ ਮਹਿੰਗਾਈ ਵਧਣ ਨਾਲ ਪਵੇਗਾ, ਅਤੇ ਜਿਸ ਬਾਰੇ ਕੇਂਦਰ ਦੀ ਸਰਕਾਰ ਤਾਂ ਚੁੱਪ ਹੈ ਹੀ, ਪੰਜਾਬ ਦੀ ਸਰਕਾਰ ਵੀ ਚੁੱਪ ਹੈ ਕਿਉਂਕਿ ਤੇਲ ਭਾਅ ਵਧਣ ਨਾਲ ਸਰਕਾਰਾਂ ਦੇ ਖ਼ਜ਼ਾਨੇ ਭਰਦੇ ਹਨ, ਤਾਂ ਆਮ ਆਦਮੀ ਪਾਰਟੀ, ਹੋਰ ਵਿਰੋਧੀ ਪਾਰਟੀਆਂ ਅਤੇ ਖਾਸ ਕਰਕੇ ਕਿਸਾਨ ਯੂਨੀਅਨਾਂ ਕੋਈ ਸੰਘਰਸ਼ ਵਿੱਢਣ ਤੋਂ ਆਨਾ-ਕਾਨੀ ਕਿਉਂ ਕਰ ਰਹੀਆਂ ਹਨ? ਪੰਜਾਬ ਵਿੱਚ 7-8 ਕਿਸਾਨ ਜੱਥੇਬੰਦੀਆਂ ਹਨ। ਕੀ ਇਹ ਜੱਥੇਬੰਦੀਆਂ ਕਿਸਾਨ ਹਿੱਤਾਂ ਲਈ ਭਰਵੀਂ ਹੁੰਕਾਰ ਨਹੀਂ ਮਾਰ ਸਕਦੀਆਂ?

**ਪੰਜਾਬ ਘਿਰਿਆ ਸਮੱਸਿਆਵਾਂ 'ਚ**

ਪੰਜਾਬ ਆਰਥਿਕ ਤੌਰ ਤੇ ਕਮਜ਼ੋਰ ਹੋ ਰਿਹਾ ਹੈ। ਖ਼ਜ਼ਾਨਾ ਖਾਲੀ ਦੱਸਿਆ ਜਾ ਰਿਹਾ ਹੈ। ਨਿੱਤ ਨਵੀਆਂ ਨਿਯੁਕਤੀਆਂ ਕਰਕੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਾਇਆ ਜਾ ਰਿਹਾ ਹੈ। ਪੰਜਾਬ ਦੇ ਦਰਜਨ ਭਰ ਸਲਾਹਕਾਰ ਤਨਖਾਹਾਂ ਅਤੇ ਸਾਬਕਾ ਵਿਧਾਇਕ ਪੈਨਸ਼ਨਾਂ ਲੈ ਰਹੇ ਹਨ। ਮੁਲਾਜ਼ਮਾਂ ਨੂੰ ਤਨਖਾਹਾਂ ਸਮੇਂ ਸਿਰ ਨਹੀਂ ਮਿਲ ਰਹੀਆਂ। ਵਿਕਾਸ ਦੇ ਕੰਮ ਪਿੱਛੇ ਸੁੱਟੇ ਜਾ ਰਹੇ ਹਨ। ਮਜ਼ਦੂਰਾਂ ਵਿਰੋਧੀ ਫ਼ੈਸਲਿਆਂ ਨੇ ਮਜ਼ਦੂਰਾਂ ਦਾ ਲੱਕ ਤੋੜ ਦਿੱਤਾ ਹੈ। ਕੋਰੋਨਾ ਕਾਲ ਵਿਚ ਹਾਲ ਇਹ ਹੋ ਗਿਆ ਹੈ ਕਿ ਹਰ ਵਰਗ ਪ੍ਰੇਸ਼ਾਨ ਹੈ। ਪਰ ਕਿਉਂਕਿ ਕੇਂਦਰ ਦੀ ਸਰਕਾਰ ਭਾਜਪਾ ਦੀ ਹੈ,ਪੰਜਾਬ ਸੂਬੇ ਲਈ ਕੋਈ ਵਿਸ਼ੇਸ਼ ਪ੍ਰਾਜੈਕਟ ਉਸ ਵਲੋਂ ਦਿੱਤਾ ਹੀ ਨਹੀਂ ਜਾ ਰਿਹਾ । ਜੇਕਰ ਪ੍ਰਵਾਸੀ ਮਜ਼ਦੂਰਾਂ ਲਈ ਯੂ.ਪੀ., ਮੱਧ ਪ੍ਰਦੇਸ਼ ਆਦਿ ਵਿਚ ਉਹਨਾ ਦੇ ਰੁਜ਼ਗਾਰ ਪ੍ਰਾਜੈਕਟ ਦਿੱਤੇ ਗਏ ਹਨ ਤਾਂ ਪੰਜਾਬ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਅਤੇ ਦੇਸ਼ ਲਈ ਅੰਨ ਪੈਦਾ ਕਰਨ ਵਾਲੇ ਸੂਬੇ ਪੰਜਾਬ ਲਈ ਜਦੋਂ ਮਜ਼ਦੂਰਾਂ ਦੀ ਥੁੜੋਂ ਆਈ ਹੈ ਤਾਂ ਕੇਂਦਰ ਵਲੋਂ ਇਸ ਵੱਲ ਵਿਸ਼ੇਸ਼ ਤਵੱਜੋ ਕਿਉਂ ਨਹੀਂ ਦਿੱਤੀ ਗਈ? ਉਂਜ ਹਰ ਔਖੀ ਘੜੀ ਪੰਜਾਬ ਦਾ ਕੇਂਦਰ ਦੀਆਂ ਸਰਕਾਰਾਂ ਨੇ ਸਾਥ ਨਹੀਂ ਦਿੱਤਾ। ਜਦੋਂ ਸੂਬੇ ਵਿਚ ਕਾਂਗਰਸ ਦੀ ਸਰਕਾਰ ਹੁੰਦੀ ਹੈ ਤੇ ਕੇਂਦਰ ਦੀ ਸਰਕਾਰ ਉਪਰ ਦਿੱਲੀ ਵਿਚ ਤਾਂ ਵਿਤਕਰਾ ਤਾਂ ਹੋਣਾ ਹੀ ਹੋਇਆ, ਪਰ ਜਦੋਂ ਅਕਾਲੀ-ਭਾਜਪਾ ਦੀ ਸੂਬਾ ਸਰਕਾਰ ਸੀ, ਕੇਂਦਰ ਦੀ ਸਰਕਾਰ ਭਾਜਪਾ ਦੀ ਸੀ, ਪੁੱਛਿਆ ਉਸ ਵੇਲੇ ਵੀ ਕਿਸੇ ਨਹੀਂ। ਪੰਜਾਬ ਵਿਚ ਸਿਆਸੀ ਪਾਰਟੀਆਂ ਦਾ ਵਰਤਾਰਾ ਲੋਕ ਹਿਤੈਸ਼ੀ ਨਹੀਂ ਹੈ। ਨਿੱਤ ਨਵੀਆਂ ਪਾਰਟੀਆਂ ਬਣ ਰਹੀਆਂ ਹਨ। ਉਦੇਸ਼ ਕਹਿਣ ਨੂੰ ਤਾਂ ਪੰਜਾਬ ਹਿਤੈਸ਼ੀ ਹੈ, ਪਰ ਪ੍ਰਾਪਤੀ ਕੁਰਸੀ ਦੀ ਹੈ। ਵੋਟਾਂ ਦੀ ਪ੍ਰਾਪਤੀ ਅਤੇ ਫੁੱਟ ਦੀ ਨੀਤੀ ਨੇ ਪੰਜਾਬ ਖੇਰੂੰ-ਖੇਰੂੰ ਕਰ ਦਿੱਤਾ ਹੈ। ਹਰ ਕੋਈ ਇਥੇ ਮੁੱਖ ਮੰਤਰੀ ਬਨਣਾ ਚਾਹੁੰਦਾ ਹੈ, ਪੰਜਾਬ ਦੇ ਭਲੇ ਦੀ ਗੱਲ ਤਾਂ ਦੋਮ ਹੈ। ਸਿਆਸੀਅਤ ਨੇ ਖੁਸ਼ਹਾਲ ਸੂਬੇ ਪੰਜਾਬ ਵਿਚ ਸਥਿਤੀਆਂ ਇਹੋ ਜਿਹੀਆਂ ਬਣਾ ਦਿੱਤੀਆਂ ਹਨ ਕਿ ਪੰਜਾਬੀਆਂ ਦਾ ਪੰਜਾਬ ਵਿਚ ਜੀਅ ਲੱਗਣੋਂ ਹੱਟ ਗਿਆ ਹੈ। ਸਿਆਸੀ ਖਿਲਾਅ ਭਰਨ ਲਈ ਕੋਈ ਵੀ ਧਿਰ, ਅੱਗੇ ਨਹੀਂ ਆ ਰਹੀ । ਬੁੱਧੀਜੀਵੀ ਚੁੱਪ ਹਨ। ਨੌਜਵਾਨ ਬੇਰੁਜ਼ਗਾਰ, ਕਿਸਾਨ ਖੁਦਕੁਸ਼ੀ ਦੇ ਰਸਤੇ ਤੇ ਹਨ, ਮਜ਼ਦੂਰ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਆਮ ਲੋਕ ਮਹਿੰਗਾਈ ਨਾਲ ਵਿੰਨੇ ਪਏ ਹਨ। ਕੌਣ ਬਣੂ ਬਾਲੀ-ਵਾਰਸ ਪੰਜਾਬ ਦਾ? ਕੌਣ ਲਊ ਸਾਰ ਪੰਜਾਬ ਦੀ? ਸਿਆਸੀ ਖਿਲਾਅ ਵਿਚ ਜੀਓ ਰਿਹਾ ਪੰਜਾਬ ਇਸ ਵੇਲੇ ਧਾਹਾਂ ਮਾਰ ਰੋ ਰਿਹਾ ਹੈ।

# ਨਿਰੋਗ ਰਹਿਣ ਲਈ ਚੰਗਾ ਸੋਚੋ, ਹੌਸਲਾ ਬੁਲੰਦ ਰੱਖੋ

**- ਬਸੰਤ ਸਿੰਘ**

ਕੋਰੋਨਾ ਵਾਇਰਸ ਦੇ ਡਰ ਅਤੇ ਚਿੰਤਾ ਕਾਰਨ ਅੱਜਕਲ ਬਹੁਤ ਲੋਕ ਤਣਾਅ ਵਿਚ ਆਉਂਦੇ ਜਾ ਰਹੇ ਹਨ, ਜਿਸ ਤੋਂ ਬਚਣ ਦੀ ਅਤਿਅੰਤ ਲੋੜ ਹੈ। ਵਿਗਿਆਨ ਮੰਨਦਾ ਹੈ ਕਿ ਡਰ ਅਤੇ ਚਿੰਤਾ ਤਿਆਗਣ ਅਤੇ ਸਾਕਾਰਾਤਮਿਕ ਸੋਚ ਅਪਣਾਉਣ ਨਾਲ 70 ਫ਼ੀਸਦੀ ਰੋਗ ਲੱਗਦੇ ਹੀ ਨਹੀਂ ਜਾਂ ਜਲਦੀ ਠੀਕ ਹੋ ਜਾਂਦੇ ਹਨ। ਚਿੰਤਾ ਚਿਖਾ ਬਰਾਬਰ। ਇਹ ਦੁੱਖ ਦੀ ਗੱਲ ਹੈ ਕਿ ਹੁਣ ਆਮ ਹਾਲਤਾਂ ਵਿਚ ਵੀ ਆਪਣੇ ਸਮਾਜ ਵਿਚ ਹਰ ਕਿਸੇ ਦੀ ਜ਼ੁਬਾਨ 'ਤੇ 'ਟੈਨਸ਼ਨ' ਦਾ ਮਾਰੂ ਰਾਗ ਰਹਿੰਦਾ ਹੈ। ਮਾਵਾਂ ਅਤੇ ਦਾਦੀਆਂ ਆਪਣੇ ਹਰ ਉਮਰ ਦੇ ਬੱਚੇ-ਬੱਚੀਆਂ ਦੇ ਵਿਅਰਥ ਫ਼ਿਕਰਾਂ ਵਿਚ ਵਾਲ ਚਿੱਟੇ ਕਰਵਾ ਲੈਂਦੀਆਂ ਹਨ। ਉਨਾਂ ਦੇ ਖਾਣ-ਪੀਣ, ਸੌਣ-ਉੱਠਣ, ਪੜਾਈ-ਨੌਕਰੀ, ਬਾਹਰ ਜਾ ਕੇ ਵਾਪਸ ਮੁੜਨ ਆਦਿ ਦੀ ਚਿੰਤਾ ਉਨਾਂ ਦੇ ਚਿਹਰੇ 'ਤੇ ਸਮੇਂ ਤੋਂ ਪਹਿਲਾਂ ਹੀ ਝੁਰੜੀਆਂ ਪਾ ਦਿੰਦੀ ਹੈ। ਕੋਵਿਡ-19 ਦੀ ਮਹਾਂਮਾਰੀ ਵਿਚ ਵੱਡਿਆਂ ਨੂੰ ਆਪਣੇ ਨਾਲੋਂ ਬੱਚਿਆਂ ਦੀ ਚਿੰਤਾ ਜ਼ਿਆਦਾ ਹੈ। ਚਿੰਤਾ ਸਿਰਫ਼ ਮਾਨਸਿਕ ਹੀ ਨਹੀਂ ਬਲਕਿ ਬਹੁਤ ਸਾਰੀਆਂ ਸਰੀਰਕ ਬਿਮਾਰੀਆਂ ਨੂੰ ਵੀ ਜਨਮ ਦਿੰਦੀ ਹੈ। ਪੋਲੀਓ ਦੀਆਂ ਦੋ ਬੂੰਦਾਂ ਤਾਂ ਘਰ-ਘਰ ਪਿਆਈਆਂ ਜਾਂਦੀਆਂ ਹਨ ਪਰ ਚਿੰਤਾ ਰੋਗ ਤੋਂ ਬਚਣ ਦੀ ਸਲਾਹ ਕੋਈ ਨਹੀਂ ਦਿੰਦਾ। ਵਹਿਮ ਦਾ ਇਲਾਜ ਲੁਕਮਾਨ ਹਕੀਮ ਕੋਲ ਵੀ ਨਹੀਂ ਸੀ। ਇਹ ਨਿਰੋਲ ਸਾਡੇ ਆਪਣੇ ਹੱਥ ਹੈ। ਚਿੰਤਾ ਨਾਲ ਤਣਾਅ ਅਤੇ ਘਬਰਾਹਟ ਪੈਦਾ ਹੁੰਦੀ ਹੈ। ਇਹ ਪੇਟ ਦੀਆਂ ਰਗਾਂ/ਨਸਾਂ 'ਤੇ ਸਿੱਧਾ ਅਸਰ ਪਾਉਂਦੀ ਹੈ, ਉਸ ਵਿਚ ਪੈਦਾ ਹੋਣ ਵਾਲੇ ਲਾਭਕਾਰੀ ਰਸਾਂ ਨੂੰ ਪ੍ਰਭਾਵਿਤ ਕਰ ਦਿੰਦੀ ਹੈ ਅਤੇ ਅੰਤੜੀਆਂ ਵਿਚ ਫੋੜੇ ਬਣਾ ਦਿੰਦੀ ਹੈ। ਪੇਟ ਦੇ ਫੋੜੇ ਇਸ ਨਾਲ ਨਹੀਂ ਹੁੰਦੇ ਕਿ ਤੁਸੀਂ ਕੀ ਖਾ-ਪੀ ਰਹੇ ਹੋ, ਬਲਕਿ ਇਸ ਨਾਲ ਹੁੰਦੇ ਹਨ ਕਿ ਤੁਹਾਨੂੰ ਅੰਦਰੋ-ਅੰਦਰੀ ਕੀ ਖਾ ਰਿਹਾ ਹੈ। ਡਰ, ਚਿੰਤਾ, ਈਰਖਾ, ਨਫ਼ਰਤ, ਸਵਾਰਥ, ਅਸਲੀਅਤ ਤੋਂ ਮੂੰਹ ਮੋੜਨਾ, ਬੀਤੇ ਸਮੇਂ ਬਾਰੇ ਝੂਰਨਾ ਆਦਿ ਸਾਨੂੰ ਅੰਦਰੋਂ ਥੋਥਾ ਕਰ ਦਿੰਦੇ ਹਨ। ਇਸ ਨਾਲ ਸਰੀਰ ਦੀ ਰੋਗਾਂ ਤੋਂ ਸੁਰੱਖਿਆ ਦੇਣ ਵਾਲੀ ਪ੍ਰਨਾਲੀ ਕਮਜ਼ੋਰ ਹੋ ਜਾਂਦੀ ਹੈ। ਵਿਗਿਆਨੀ ਮੰਨਦੇ ਹਨ ਕਿ ਮਨ ਅਤੇ ਸਰੀਰ ਇਕ ਹੀ ਹਨ। ਪੇਟ ਦੇ ਫੋੜੇ, ਬਦਹਜ਼ਮੀ, ਦਿਲ ਦੇ ਰੋਗ, ਨੀਂਦ ਦੀ ਕਮੀ, ਸਿਰ-ਪੀੜ, ਥਾਇਰਾਇਡ, ਵਾਲ ਚਿੱਟੇ ਹੋਣੇ ਅਤੇ ਝੜਨੇ, ਕਈ ਕਿਸਮ ਦੇ ਅਧਰੰਗ, ਗਠੀਆ, ਮਧੂਮੇਹ ਆਦਿ ਦੀਆਂ ਬਿਮਾਰੀਆਂ ਪਿੱਛੇ ਚਿੰਤਾ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਕਈ ਸਰੀਰਕ ਬਿਮਾਰੀਆਂ ਤੋਂ ਸੁਰੱਖਿਆ ਦੇਣ ਵਾਲੀਆਂ ਦਵਾਈਆਂ ਬਣ ਗਈਆਂ ਹਨ ਅਤੇ ਕੋਵਿਡ-19 ਤੋਂ ਸੁਰੱਖਿਆ ਪ੍ਰਦਾਨ ਕਰਨ ਵਾਲੀ ਵੈਕਸੀਨ ਤਿਆਰ ਕਰਨ ਲਈ ਅਰਬਾਂ/ਖਰਬਾਂ ਦੇ ਬਜਟ ਬਣ ਗਏ ਹਨ ਪਰ ਮਨ ਦੀ ਸਿਹਤ ਵੱਲ ਧਿਆਨ ਘੱਟ-ਵਧ ਹੀ ਦਿੱਤਾ ਜਾਂਦਾ ਹੈ।

ਚਿੰਤਾ ਤੋਂ ਮੁਕਤੀ ਅਤੇ ਸਾਕਾਰਾਤਮਿਕ ਸੋਚ ਦੇ ਚਮਤਕਾਰਾਂ ਦੇ ਤਿੰਨ ਸਿੱਖਿਆਦਾਇਕ ਉਦਾਹਰਨ ਪੇਸ਼ ਹਨ। ਹਬਸ਼ੀਆਂ ਨੂੰ ਗੁਲਾਮੀ ਤੋਂ ਮੁਕਤੀ ਦੇਣ ਲਈ ਅਮਰੀਕਾ ਵਿਚ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਅਗਵਾਈ ਵਿਚ ਚਲ ਰਹੇ ਗ੍ਰਹਿ ਯੁੱਧ (1861-65) ਦੇ ਆਖ਼ਰੀ ਦਿਨ ਸਨ। ਜਨਰਲ ਗ੍ਰਾਂਟ ਦੀ ਫ਼ੌਜੀ ਟੁਕੜੀ ਨੇ ਵਿਰੋਧੀ ਧਿਰ ਦੇ ਜਨਰਲ ਰਾਬਰਟ ਲੀ ਦੀ ਫ਼ੌਜ ਨੂੰ ਰਿਚਮੰਡ ਸ਼ਹਿਰ ਵਿਚ 9 ਮਹੀਨੇ ਘੇਰਾ ਪਾਈ ਰੱਖਿਆ। ਬਹੁਤ ਤਬਾਹੀ ਹੋਈ। ਹਰ ਪਾਸੇ ਅੱਗ ਦੀਆਂ ਲਾਟਾਂ। ਜਨਰਲ ਗ੍ਰਾਂਟ ਦੀ ਫ਼ੌਜ ਅੱਗੇ ਵਧ ਰਹੀ ਸੀ ਪਰ ਬਹੁਤ ਜ਼ਿਆਦਾ ਸਿਰ-ਪੀੜ ਨੇ ਉਸ ਨੂੰ ਇਕ ਕਿਸਾਨ ਦੇ ਘਰ ਰਾਤ ਕੱਟਣ 'ਤੇ ਮਜਬੂਰ ਕਰ ਦਿੱਤਾ। ਕਿਸਾਨ ਨੇ ਪੇਂਡੂ ਨੁਸਖ਼ੇ ਅਨੁਸਾਰ ਸਰੋਂ ਰਗੜ ਕੇ ਦੋਵਾਂ ਗੁੱਟਾਂ ਅਤੇ ਧੌਣ ਪਿੱਛੇ ਗਿੱਚੀ 'ਤੇ ਲਗਾ ਦਿੱਤੀ ਅਤੇ ਉਸ ਦੇ ਪੈਰ ਸਰੋਂ ਦੇ ਤੇਲ ਵਾਲੇ ਗਰਮ ਪਾਣੀ ਵਿਚ ਪਵਾ ਦਿੱਤੇ। ਕੁਝ ਆਰਾਮ ਮਿਲਣ 'ਤੇ ਗ੍ਰਾਂਟ ਸੌਂ ਤਾਂ ਗਿਆ ਪਰ ਜਦ ਅੱਖ ਖੁੱਲੀ ਤਾਂ ਸਿਰ ਪੀੜ ਉਵੇਂ ਦੀ ਉਵੇਂ ਅੱਖਾਂ ਚੀਰ ਰਹੀ ਸੀ। ਇੰਨੇ ਵਿਚ ਇਕ ਘੋੜ ਸਵਾਰ ਨੇ ਉਸ ਨੂੰ ਜਨਰਲ ਲੀ ਵਲੋਂ ਲਿਖੀ ਇਕ ਚਿੱਠੀ ਦਿੱਤੀ ਜਿਸ ਵਿਚ ਲੀ ਨੇ ਆਤਮ-ਸਮਰਪਣ ਦੀ ਪੇਸ਼ਕਸ਼ ਕੀਤੀ ਸੀ। ਜਨਰਲ ਗ੍ਰਾਂਟ ਨੇ ਆਪਣੀ ਆਤਮ-ਕਥਾ ਵਿਚ ਲਿਖਿਆ ਹੈ ਕਿ ਚਿੱਠੀ ਪੜ ਕੇ ਉਸ ਦੀ ਸਿਰ ਪੀੜ ਦੂਰ ਹੋਣ ਲੱਗਿਆਂ ਇਕ ਸਕਿੰਟ ਵੀ ਨਹੀਂ ਲੱਗਾ। ਚਿੰਤਾ ਅਤੇ ਡਰ ਖ਼ਤਮ, ਸਿਰ ਪੀੜ ਖ਼ਤਮ। ਇਹ ਜਾਦੂ ਕਈ ਹੋਰ ਤਕਲੀਫ਼ਾਂ ਵਿਚ ਵੀ ਹੋ ਜਾਂਦਾ ਹੈ।

ਦੂਜੀ ਉਦਾਹਰਨ ਇਕ ਅਮੀਰ ਉਦਯੋਗਪਤੀ ਦੀ ਹੈ। ਉਸ ਦੇ ਪੇਟ ਵਿਚ ਫੋੜੇ/ਜ਼ਖ਼ਮ ਹੋ ਗਏ ਸਨ। ਡਾਕਟਰਾਂ ਨੇ ਬਹੁਤ ਟੈਸਟ ਕੀਤੇ, ਮਹਿੰਗੀਆਂ ਦਵਾਈਆਂ ਦਿੱਤੀਆਂ ਪਰ ਕੋਈ ਫ਼ਰਕ ਨਾ ਪਿਆ। ਆਖ਼ਰ ਉਸ ਨੂੰ ਕੋਰਾ ਜਵਾਬ ਦੇ ਕੇ ਘਰ ਭੇਜ ਦਿੱਤਾ। ਸਦਮਾ ਹਜ਼ਮ ਕਰ ਕੇ ਉਸ ਨੇ ਚਿੰਤਾ ਅਤੇ ਮੌਤ ਦਾ ਡਰ ਮਨ ਵਿਚੋਂ ਕੱਢ ਦਿੱਤਾ। ਉਸ ਨੂੰ ਬੜੀ ਦੇਰ ਤੋਂ ਸਮੁੰਦਰਾਂ ਉਤੇ ਘੁੰਮ ਕੇ ਦੁਨੀਆ ਵੇਖਣ ਦੀ ਇੱਛਾ ਸੀ, ਪਰ ਕਾਰੋਬਾਰ ਦੀ ਭੱਜ-ਨੱਸ ਨੇ ਅਜਿਹਾ ਕਰਨ ਦਾ ਮੌਕਾ ਨਹੀਂ ਦਿੱਤਾ ਸੀ। ਉਸ ਨੇ ਸੋਚਿਆ ਕਿ ਮਰਨ ਤੋਂ ਪਹਿਲਾਂ ਦੁਨੀਆ ਤਾਂ ਘੁੰਮ ਲਈਏ ਅਤੇ ਇਕ ਆਮ ਸਮੁੰਦਰੀ ਜਹਾਜ਼ ਵਿਚ ਨਿਕਲ ਪਿਆ। ਸਭ ਦਵਾਈਆਂ ਛੱਡ ਦਿੱਤੀਆਂ, ਸਭ ਕੁਝ ਖਾਣਾ-ਪੀਣਾ ਅਤੇ ਮੁਸਾਫ਼ਿਰਾਂ ਨਾਲ ਨੱਚਣਾ ਗਾਉਣਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਤਕਲੀਫ਼ ਖ਼ਤਮ ਹੁੰਦੀ ਗਈ। ਛੇ ਮਹੀਨਿਆਂ ਬਾਅਦ ਜਦ ਵਾਪਸ ਆਪਣੇ ਦੇਸ਼ ਗਿਆ ਤਾਂ ਉਸ ਦਾ ਭਾਰ ਤੀਹ ਕਿਲੋ ਵਧ ਚੁੱਕਾ ਸੀ। ਟੈਸਟ ਕਰਵਾਏ, ਬਿਮਾਰੀ ਖ਼ਤਮ ਸੀ। ਕਾਰੋਬਾਰ ਦੀਆਂ ਚਿੰਤਾਵਾਂ ਨੇ ਬਿਮਾਰੀ ਲਾਈ ਸੀ। ਚਿੰਤਾ ਖ਼ਤਮ, ਬਿਮਾਰੀ ਖ਼ਤਮ।

ਰੋਗ/ਸਰੀਰਕ ਤਕਲੀਫ਼ ਤੋਂ ਨਿਜਾਤ ਪਾਉਣ ਵਿਚ ਦ੍ਰਿੜ ਇੱਛਾ ਸ਼ਕਤੀ ਦੇ ਯੋਗਦਾਨ ਦੀ ਇਕ ਉਦਾਹਰਨ ਮੌਰਿਸ ਗੁੱਡਮੈਨ ਦੀ ਕਿਤਾਬ 'ਇਕ ਚਮਤਕਾਰੀ ਆਦਮੀ, ਮਨੁੱਖੀ ਹੌਂਸਲੇ ਦੀ ਸੱਚੀ ਕਹਾਣੀ' ਵਿਚ ਮਿਲਦੀ ਹੈ। 1981 ਵਿਚ ਉਹ ਸ਼ੌਕੀਆ, ਛੋਟਾ ਜਿਹਾ ਜਹਾਜ਼ ਉਡਾ ਰਿਹਾ ਸੀ। ਉਦੋਂ ਇਸ ਦਾ ਇੰਜਣ ਅਚਾਨਕ ਬੰਦ ਹੋ ਗਿਆ। ਉਤਾਰਨ ਦੀ ਕੋਸ਼ਿਸ਼ ਵੇਲੇ ਜਹਾਜ਼ ਬਿਜਲੀ ਦੀਆਂ ਤਾਰਾਂ ਵਿਚ ਉਲਝ ਕੇ ਝਟਕੇ ਨਾਲ ਡਿੱਗ ਪਿਆ। ਉਸ ਦੀ ਰੀੜ ਦੀ ਹੱਡੀ ਦਬ ਗਈ ਅਤੇ ਗਰਦਨ ਦੇ ਦੋ ਮਣਕੇ ਹਿੱਲਣ ਨਾਲ ਅਧਰੰਗ ਹੋ ਗਿਆ। ਉਹ ਸਿਰਫ਼ ਅੱਖਾਂ ਝਪਕ ਸਕਦਾ ਸੀ। ਡਾਕਟਰਾਂ ਨੇ ਕਿਹਾ ਉਹ ਸਾਰੀ ਉਮਰ ਗਤੀਹੀਣ ਰਹੇਗਾ, ਪਰ ਗੁੱਡਮੈਨ ਨੇ ਆਪਣੇ ਮਨ 'ਚ ਤੰਦਰੁਸਤ ਹੋਣ ਦੀ ਠਾਣ ਲਈ। ਲੰਮੇ ਅਭਿਆਸ ਤੋਂ ਬਾਅਦ ਉਹ ਮਸ਼ੀਨ ਦੀ ਮਦਦ ਬਿਨਾਂ ਸਾਹ ਲੈਣ ਲੱਗ ਪਿਆ। ਬੋਲਣਾ ਸਿੱਖਣ ਦੇ ਕਰੜੇ ਅਭਿਆਸ ਨਾਲ ਉਸ ਨੇ ਪਹਿਲਾ ਸ਼ਬਦ 'ਮਾਮਾ' ਬੋਲਿਆ। ਬਹਾਲੀ ਵਾਲੇ ਕੇਂਦਰ ਵਿਚ ਉਸ ਨੇ ਭੋਜਨ ਖਾਣਾ ਅਤੇ ਤੁਰਨਾ ਸਿੱਖਣਾ ਸ਼ੁਰੂ ਕਰ ਦਿੱਤਾ।

ਬਾਕੀ ਸਫ਼ਾ 32 'ਤੇ

# ਮੁੱਦਾ ਖਾਲਿਸਤਾਨ ਦਾ : ਅਜਮੇਰ ਸਿੰਘ ਬਾਰੇ ਕਰਮਜੀਤ ਸਿੰਘ ਅਤੇ ਪ੍ਰਭਸ਼ਰਨਦੀਪ/ਬੀਰ ਸਿੰਘ ਦਾ ਵਿਵਾਦ ਬਹਿਸ ਲਈ

**- ਸਰਵਕਾਰ ਸਿੰਘ**

2016 ਤੋਂ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਅਜਮੇਰ ਸਿੰਘ ਉੱਤੇ ਇਹ ਇਲਜ਼ਾਮ ਲਗਾ ਰਹੇ ਹਨ ਕਿ ਅਜਮੇਰ ਸਿੰਘ ਦਾ ਇਕ ਮਹਾਂਦੋਸ਼ ਹੈ ਕਿ ਉਹ ਕੌਮ ਨੂੰ ਗੁਮਰਾਹ ਕਰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾ ਰਹੇ ਹਨ। ਯਾਦਵਿੰਦਰ ਕਰਫਿਊ ਨਾਲ ਇਕ ਚੈਨਲ ਉੱਤੇ ਹੋਈ ਇਕ ਮੁਲਾਕਾਤ ਨੂੰ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਆਪਣੀ ਇਸ ਦਲੀਲ ਦਾ ਆਧਾਰ ਬਣਾ ਇਹ ਇਲਜ਼ਾਮ ਅਜਮੇਰ ਸਿੰਘ ਉੱਤੇ ਲਗਾ ਰਹੇ ਹਨ। ਯਾਦਵਿੰਦਰ ਕਰਫਿਊ ਨਾਲ ਹੋਈ ਅਜਮੇਰ ਸਿੰਘ ਦੀ ਇਸ ਮੁਲਾਕਾਤ ਨੂੰ ਕਰਮਜੀਤ ਸਿੰਘ ਨੇ ਆਪ ਆਪਣੇ ਹੱਥੀਂ ਕਲਮਬੰਦ ਕੀਤਾ। ਕਲਮਬੰਦ ਕਰ ਪੰਥ ਦੇ ਸਾਰੇ ਹਿੱਸਿਆਂ ਤੱਕ ਪਹੁੰਚਦਾ ਕੀਤਾ। ਫੇਸਬੁੱਕ ਦੇ ਰਾਹੀ ਪ੍ਰਭਸ਼ਰਨਦੀਪ/ਬੀਰ ਸਿੰਘ, ਕਰਮਜੀਤ ਸਿੰਘ ਇਸ ਮੁਲਾਕਾਤ ਦੇ ਲਿਖਤੀ ਰੂਪ ਨੂੰ ਪ੍ਰਚਾਰਿਆ। ਪੋਸਟਾਂ ਰਾਹੀਂ, ਟਿੱਪਣੀਆਂ ਵਿਚ ਇਸ ਲੇਖ ਨੂੰ ਜਨਤਕ ਕੀਤਾ ਤੇ ਇਹ ਦੋਸ਼ ਲਗਾਇਆ ਕਿ ਅਜਮੇਰ ਸਿੰਘ ਖਾਲਿਸਤਾਨੀਆਂ ਨੂੰ disgusting ਘਿਨਾਉਣਾ ਕਿਹਾ ਤੇ ਖਾਲਿਸਤਾਨੀਆਂ ਨਾਲ 2 ਮਿੰਟ ਵੀ ਨਾ ਬੈਠ ਸਕਣ ਦਾ "ਐਲਾਨ ਕੀਤਾ'।

ਮੌਜੂਦਾ ਵੇਲੇ ਵਿਚ ਜਿਥੇ ਆਡੀਓ ਕਿਤਾਬਾਂ ਭਰਨ ਦਾ ਚੱਲਣ ਸ਼ੁਰੂ ਹੋ ਚੁੱਕਾ ਹੈ, ਉਸ ਵੇਲੇ ਵਿਚ ਕਰਮਜੀਤ ਸਿੰਘ ਨੂੰ ਅਜਮੇਰ ਸਿੰਘ ਦੀ ਮੁਲਾਕਾਤ ਨੂੰ ਲਿਖਤੀ ਰੂਪ ਦੇ ਰਹੇ ਹਨ ਤੇ ਭਾਈ ਪ੍ਰਭਸ਼ਰਨਦੀਪ / ਬੀਰ ਸਿੰਘ ਨਾਲ ਰਲ ਕੇ ਪ੍ਰਚਾਰ ਰਹੇ ਹਨ। ਆਖਿਰ ਕਰਮਜੀਤ ਸਿੰਘ ਨੂੰ ਅਜਿਹੀ ਕਿਹੜੀ ਜਰੂਰਤ ਪੈ ਗਈ ਕਿ ਉਹਨਾਂ ਨੂੰ ਇਸ ਮੁਲਾਕਾਤ ਦਾ ਲਿਖਤੀ ਰੂਪ ਕਰਕੇ ਪ੍ਰਚਾਰਨ ਲਈ ਮਜਬੂਰ ਹੋਣਾ ਪਿਆ। ਬਿਜਲੀ ਸੱਥ ਦਾ ਜ਼ਮਾਨਾ ਹੈ ਸਭ ਦੇ ਹੱਥਾਂ ਵਿਚ ਮੋਬਾਇਲ ਹਨ। ਹਰ ਇਕ ਦੀ ਪਹੁੰਚ ਵਿਚ ਅਜਮੇਰ ਦੀ ਇਹ ਮੁਲਾਕਾਤ ਹੈ ਤੇ ਉਹ ਯੂ-ਟਿਊਬ ਉੱਤੇ ਜਾਕੇ ਆਸਾਨੀ ਨਾਲ ਇਸ ਨੂੰ ਸੁਣ ਸਕਦਾ ਹੈ। ਪਰ ਜੇਕਰ ਅਜਿਹਾ ਹੁੰਦਾ ਤਾਂ ਜੋ ਝੂਠ ਦਾ ਮਾਹੌਲ ਸਿਰਜ ਕੇ ਨਿੱਜੀ ਕਿੜ ਕੱਢਣ ਦਾ ਮੌਕਾ ਹੁਣ ਮਿਲਿਆ ਹੈ ਸ਼ਾਇਦ ਉਹ ਨਹੀਂ ਮਿਲਣਾ ਸੀ। ਜਿਵੇ ਚਲਾਕੀ ਨਾਲ ਅਜਮੇਰ ਸਿੰਘ ਦੇ ਬੋਲਾਂ ਨੂੰ ਆਪਣੀ ਮਰਜ਼ੀ ਅਨੁਸਾਰ ਤੋੜ ਮਰੋੜ ਕੇ ਪੇਸ਼ ਕੀਤਾ ਤੇ ਆਪਣੀ ਮਨ ਮਰਜ਼ੀ ਦੇ ਅਰਥ ਦੇਕੇ ਪ੍ਰਚਾਰਿਆ ਗਿਆ। ਉਹ ਸਭ ਯੂ-ਟਿਊਬ ਦੀ ਵੀਡੀਓ ਸ਼ੇਅਰ ਕਰਕੇ ਬਿਲਕੁਲ ਵੀ ਨਹੀਂ ਹੋਣਾ ਸੀ। ਸੰਗਤ ਮੂਹਰੇ ਅਜਮੇਰ ਸਿੰਘ ਨੇ ਜੋ ਉਸ ਮੁਲਾਕਾਤ ਵਿਚ ਕਿਹਾ ਉਹ ਤੇ ਜੋ ਕਰਮਜੀਤ ਨੇ ਲਿਖਿਆ ਤੇ ਪ੍ਰਭਸ਼ਰਨਦੀਪ/ਬੀਰ ਸਿੰਘ ਨੇ ਪ੍ਰਚਾਰਿਆ ਪੇਸ਼ ਕਰ ਰਹੇ ਹਾਂ। ਇਸ ਤੋਂ ਇਲਾਵਾ ਅਜਮੇਰ ਸਿੰਘ ਦੀ ਵੀਡੀਓ ਦੇ ਉਹ ਅੰਸ਼ ਕੱਟ ਕੇ ਤੇ ਨਾਲ ਉਸ ਦਾ ਗ਼ਲਤ ਲਿਖਤੀ ਰੂਪ ਪੇਸ਼ ਕੀਤਾ ਗਿਆ। ਇਹ ਲੋਕ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਕਿਵੇਂ ਪਿਛਲੇ 4 ਸਾਲਾਂ ਤੋਂ ਲਗਾਤਾਰ ਝੂਠ ਨੂੰ ਆਧਾਰ ਬਣਾ ਅਜਮੇਰ ਸਿੰਘ ਉਤੇ ਇਲਜ਼ਾਮ ਲਗਾ ਉਹਨਾਂ ਦੀ ਕਿਰਦਾਰਕੁਸ਼ੀ ਕਰ ਰਹੇ ਹਨ।

**1) ਡਿਸਗਸਟਿੰਗ ਸ਼ਬਦ**

ਕਰਮਜੀਤ ਸਿੰਘ ਨੇ ਜੋ ਅਜਮੇਰ ਸਿੰਘ ਦੀ ਮੁਲਾਕਾਤ ਦਾ ਇਨ ਬਿਨ ਉਤਾਰਾ ਕੀਤਾ। ਉਸ ਵਿਚ ਡਿਸਗਸਟਿੰਗ ਸ਼ਬਦ ਨੂੰ ਆਪਣੇ ਅਨੁਸਾਰ ਗ਼ਲਤ ਲਿਖਿਆ, ਉਸ ਨੂੰ ਜਿਵੇ ਬੋਲਿਆ ਗਿਆ ਓਦਾਂ ਸਹੀ ਰੂਪ ਵਿਚ ਨਹੀਂ ਲਿਖਿਆ। ਇਸ ਸ਼ਬਦ ਉਤੇ ਚਰਚਾ ਕਰਨੀ ਬਣਦੀ ਹੈ ਕਿਉਂਕਿ ਇਸੇ ਸ਼ਬਦ ਉਤੇ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਨੇ ਆਪਣੀ ਸਾਰੀ ਸਿਧਾਂਤਕ ਬਹਿਸ ਟਿਕਾਈ ਹੈ। ਜੋ ਕਰਮਜੀਤ ਗ਼ਲਤ ਲਿਖਿਆ ਤੇ ਪ੍ਰਭਸ਼ਰਨਦੀਪ/ਬੀਰ ਸਿੰਘ ਗ਼ਲਤ ਨੂੰ ਹੀ ਅੱਗੇ ਪ੍ਰਚਾਰਿਆ:-

( ?) " ਹੁਣ ਅਸੀਂ ਅਸਲ ਨੁਕਤੇ ਵੱਲ ਆਉਂਦੇ ਹਾਂ। ਅਰਥਾਤ ਉਹਨਾਂ ਟਿੱਪਣੀਆਂ ਅਤੇ ਧਾਰਨਾਵਾਂ ਵੱਲ ਆਉਂਦੇ ਹਾਂ ਜੋ ਅਜਮੇਰ ਸਿੰਘ ਨੇ ਯਾਦਵਿੰਦਰ ਕਰਫਿਊ ਨਾਲ ਇੰਟਰਵਿਊ ਦੌਰਾਨ ਪੇਸ਼ ਕੀਤੀਆਂ। ਇਸ ਮੁਲਾਕਾਤ ਵਿਚ ਉਹਨਾਂ ਨੇ ਖ਼ਾਲਿਸਤਾਨੀਆਂ ਬਾਰੇ ਡਿਸਗਸਟਿੰਗ ਸ਼ਬਦ ਵਰਤਿਆ, ਜਿਸ ਦਾ ਡਿਕਸ਼ਨਰੀ ਮਤਲਬ ਹੈ: ਅੱਕ ਜਾਣਾ ਜਾਂ ਘਿਰਣਾ ਕਰਨਾ। ਦੂਜੇ ਸ਼ਬਦਾਂ ਵਿਚ ਉਹ ਖ਼ਾਲਿਸਤਾਨੀਆਂ ਤੋਂ ਅੱਕ ਚੁੱਕੇ ਹਨ ਤੇ ਉਹਨਾਂ ਨੂੰ ਘਿਰਣਾ ਦੀ ਨਿਗਾ ਨਾਲ ਦੇਖਦੇ ਹਨ।"

(ਅ) "ਖ਼ਾਲਿਸਤਾਨੀ ਉਹਨਾਂ ਲਈ 'ਡਿਸਗਸਟਿੰਗ' ਵਰਗ ਵਿਚ ਆ ਗਏ ਜਿਹਨਾਂ ਕੋਲ ਦੋ ਮਿੰਟ ਬੈਠਣ ਲਈ ਵੀ ਉਹਨਾਂ ਨੂੰ ਕਚਿਆਣ ਮਹਿਸੂਸ ਹੁੰਦੀ ਹੈ।"

( ?) " ਉਹਨਾਂ ਨੂੰ ਖਾਲਿਸਤਾਨੀਆਂ ਤੋਂ ਕਚਿਆਣ (ਡਿਸਗਸਟਿੰਗ) ਆਉਂਦੀ ਹੈ।" (ਦੂਜਾ ਲੇਖ)

ਕਰਮਜੀਤ ਸਿੰਘ ਨੇ ਡਿਕਸ਼ਨਰੀ ਵਿਚੋਂ ਇਸ ਸ਼ਬਦ ਦੇ ਦੋ ਮਤਲਬ ਲੱਭੇ ਤੇ ਦੋਵੇਂ ਹੀ ਇਕੋ ਵਾਕ ਵਿਚ ਵਰਤ ਲਏ ਭਾਵੇ ਸ਼ਬਦ ਅਜਮੇਰ ਸਿੰਘ ਵੱਲੋਂ ਇਕੋ ਵਾਰ ਵਰਤਿਆ ਗਿਆ ਸੀ। ਕਿਸੇ ਖਾਸ ਵਾਕ ਵਿਚੋਂ ਕਿਸੇ ਖਾਸ ਸ਼ਬਦ ਨੂੰ ਕੱਢਣ/ਪਾਉਣ ਨਾਲ ਅਤੇ ਪ੍ਰਸੰਗ ਬਦਲਣ ਨਾਲ ਅਰਥ ਓਹੀ ਰਹਿ ਜਾਂਦੇ ਹਨ ? ਕਰਮਜੀਤ ਸਿੰਘ ਵੱਲੋਂ ਹੀ ਅਜਮੇਰ ਸਿੰਘ ਦੀ ਮੁਲਾਕਾਤ ਦਾ ਜੋ ਇਨ ਬਿਨ ਉਤਾਰਾ ਕੀਤਾ ਗਿਆ ਹੈ ਉਹ ਦੁਬਾਰਾ ਪੜਨਾ ਚਾਹੀਦਾ ਹੈ।

ਜੋ ਅਜਮੇਰ ਸਿੰਘ ਨੇ ਅਸਲ ਵਿਚ ਜੋ ਵੀਡੀਓ ਵਿਚ ਬੋਲਿਆ:-

**ਅਜਮੇਰ ਸਿੰਘ :-** "ਇਕ ਇਹ ਸਟੇਜ ਵੀ ਆਉਂਦੀ ਹੁੰਦੀ ਬਈ ਜਦੋਂ ਤੁਹਾਨੂੰ ਪੁਰਾਣੀਆਂ ਗੱਲਾਂ ਅਗਜਸਟ ਹੋ ਚੁੱਕੀਆਂ ਹੁੰਦੀਆਂ ਨਵੀ ਦਾ ਕੋਈ ਅਜੇ ਸਾਹਮਣੇ ਉੱਭਰ ਕੇ ਨੀ ਆਇਆ ਹੁੰਦਾ... ਇਹੋ ਜਿਹੇ ਬੰਦੇ ਜਿਨਾਂ ਵਿਚ ਵਾਕਿਆ ਈ ਸਮਰੱਥਾ ਵੀ ਸੀ, ਅੰਦਰ ਜਜ਼ਬਾ ਵੀ ਸੀ, ਪਰ ਹੁਣ ਮੈਂ ਦੇਖ ਰਿਹਾ, ਹੁਣ ਉਹ ਕੁਝ ਵੀ ਨਵਾਂ ਨਹੀਂ ਕਰ ਰਹੇ, ਉਹੀ ਗੱਲਾਂ ਨੂੰ ਰਪੀਟ ਕਰ ਰਹੇ ਹਨ ਨੇ ਉਸੇ ਤਰਾਂ "

( ਨੋਟ:-ਪ੍ਰਭਸ਼ਰਨਦੀਪ/ਬੀਰ ਸਿੰਘ ਭਰਾਵਾਂ ਨੇ ਡਿਸਗਸਟਿੰਗ ਸ਼ਬਦ ਬਾਰੇ ਜੋ ਪੋਸਟ ਸਾਂਝੀਆਂ ਕੀਤੀਆਂ ਹਨ ਉਹਨਾਂ ਵਿਚੋਂ ਇਹ ਬੋਲ ਹਟਾ ਹੀ ਦਿੱਤੇ ਹਨ। ਤਾਂ ਕਿ ਸੰਗਤ ਪ੍ਰਸੰਗ ਨਾਲੋਂ ਟੁੱਟ ਕੇ ਇਸ ਡਿਸਗਸਟਿੰਗ ਸ਼ਬਦ ਨੂੰ ਦੇਖੇ)

**ਯਾਦਵਿੰਦਰ:-** ਖਾਲਿਸਤਾਨੀ ਧਿਰਾਂ ਵੀ ਉਹੀ ਗੱਲਾਂ ਨੂੰ ਰਪੀਟ ਕਰ ਰਹੀਆਂ ਹਨ ?

ਅਜਮੇਰ ਸਿੰਘ:- "ਬਿਲਕੁਲ ਖਾਲਿਸਤਾਨੀ ਤਾਂ ਕਾਫੀ ਹੱਦ ਤੱਕ ਬਹੁਤ ਡਿਸਗਸਟਿੰਗ ਹੱਦ ਤੱਕ ਉਹਦਾ ਤਾਂ, ਲੈਫਟ ਤੇ ਖਾਲਿਸਤਾਨੀ ਇਹ ਇੱਕੋ ਸਿੱਕੇ ਦੇ ਦੋ ਪਾਸੇ ਆ।"

ਸੰਗਤ ਆਪ ਖੁਦ ਫੈਸਲਾ ਕਰੇ:-

ਸੰਗਤ ਖੁਦ ਫੈਸਲਾ ਕਰੇ ਕਿ ਉਸ ਨੇ ਡਿਸਗਸਟਿੰਗ ਸ਼ਬਦ ਨੂੰ ਵਾਕ ਵਿਚ ਕਿੱਥੇ ਰੱਖ ਕੇ ਪੜਨਾ ਹੈ। ਉਸਨੇ ਜਵਾਬ ਨੂੰ ਸਵਾਲ ਨਾਲ ਜੋੜ ਕੇ ਵੇਖਣਾ ਹੈ ਕਿ ਨਹੀਂ। ਅਜਮੇਰ ਸਿੰਘ ਲਈ ਨਵਾਂ ਨਾ ਕਰਨਾ "ਓਹੀ ਗੱਲਾਂ ਉਸੇ ਤਰਾਂ' ਦੁਹਰਾਉਣਾ ਡਿਸਗਸਟਿੰਗ ਹੈ ਜਾ "ਖਾਲਿਸਤਾਨੀ ਡਿਸਗਸਟਿੰਗ" ਹਨ।

ਇੱਥੇ ਇੱਕ ਗੱਲ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ ਕਿ ਕਰਮਜੀਤ ਸਿੰਘ ਨੇ ਇੱਥੇ ਕੋਈ ਗਲਤ "ਇੰਟਰਪਰਟੇਸ਼ਨ" ਨਹੀਂ ਕੀਤੀ। ਬਲਕਿ ਉਹਨਾਂ ਪੂਰੀ ਦੀ ਪੂਰੀ ਗੱਲ ਹੀ "ਗਲਤ ਬਣਾ ਕੇ" ਲਿਖ ਦਿੱਤੀ। ਕਿਹਾ ਕੁਝ ਸੀ ਤੇ ਲਿਖ ਕੁਝ ਦਿੱਤਾ। ਅੱਜ ਤਾਂ ਲੋਕ ਲਿਖਤ ਨੂੰ ਬੋਲ ਵਿਚ ਭਰਦੇ ਨੇ। ਬੋਲਾਂ ਨੂੰ ਲਿਖਣ ਦੀ ਐਡੀ ਕੀ ਲੋੜ ਸੀ ਜੇ ਗੱਲ ਬਦਲਣੀ ਨਾ ਹੁੰਦੀ ? ਬਾਕੀ ਸੰਗਤ ਖੁਦ ਸਰਬ ਸਮਰੱਥ ਹੈ। ਉਹ ਸੁਹਿਰਦ ਹੋ ਬੋਲੇ ਬੋਲਾਂ ਤੇ ਇਹਨਾਂ ਵੱਲੋਂ ਦਿੱਤੀ ਲਿਖਤ ਮਿਲਾ ਕੇ ਵੇਖ ਲਵੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਣਾ ਹੈ।

**੨) ਨਾ ਬੈਠ ਸਕਾਂ :-**

ਕਰਮਜੀਤ ਸਿੰਘ ਦੇ ਲੇਖਾਂ ਵਿਚ ਸਭ ਤੋਂ ਵਧੇਰੇ ਵਾਰ ਇਹੋ ਜ਼ਿਕਰ ਆਇਆ ਹੈ ਤੇ ਪ੍ਰਭਸ਼ਰਨਦੀਪ/ਬੀਰ ਸਿੰਘ ਵੀ ਇਸ ਗੱਲ ਦਾ ਬਹੁਤ ਵਾਰ ਆਪਣੀਆਂ ਪੋਸਟਾਂ ਵਿਚ ਤੇ ਟਿੱਪਣੀਆਂ ਵਿਚ ਜ਼ਿਕਰ ਕਰਦੇ ਹਨ। ਕਰਮਜੀਤ ਸਿੰਘ ਜ਼ਿਕਰ ਕਰਦੇ ਹਨ ਕਿ:-

( ?) " ਉਹਨਾਂ ਨੇ ਸਭ ਹੱਦਾਂ ਟਪ ਕੇ ਇੱਥੋਂ ਤੱਕ ਕਹਿ ਦਿੱਤਾ ਕਿ, " ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦੇ, ਉਹਨਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾ।"

(ਅ) "ਅਜਮੇਰ ਸਿੰਘ ਨੇ ਖਾਲਿਸਤਾਨੀਆਂ ਪ੍ਰਤੀ ਦੋ ਮਿੰਟ ਨਾ ਬੈਠਣ ਵਾਲੇ ਗੁੱਸੇ ਦਾ ਤੋਹਫ਼ਾ ਸਾਰੇ ਖਾਲਿਸਤਾਨੀਆਂ ਨੂੰ ਬਰਾਬਰ-ਬਰਾਬਰ ਵੰਡਿਆ ਹੈ, ਨਾ ਕਿ ਇਕੱਲਾ ਮਾਨ ਦਲ ਦੇ ਖਾਲਿਸਤਾਨੀਆਂ ਨੂੰ।"

( ?) "ਆਖਿਰਕਾਰ ਇਸ ਵਿਦਵਾਨ ਨੂੰ ਖਾਲਿਸਤਾਨੀ ਵੀਰਾਂ ਨਾਲ ਦੋ ਮਿੰਟ ਵੀ ਬੈਠਣ ਵਿਚ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ?"

(ਸ) "ਫੇਰ ਵੀ ਅਜਮੇਰ ਸਿੰਘ ਨੂੰ ਜੇ ਦੋ ਮਿੰਟ ਵੀ ਉਹਨਾਂ ਨਾਲ ਬੈਠਣਾ ਠੀਕ ਨਹੀਂ ਲੱਗਦਾ।"

(ਹ) "ਮੈਂ ਖਾਲਿਸਤਾਨੀਆਂ ਨਾਲ ਸ਼ਾਇਦ ਦੋ ਮਿੰਟ ਵੀ ਨਾ ਬੈਠ ਸਕਾ " ਦੀ ਟਿੱਪਣੀ ਉਹਨਾਂ ਦੀ ਵਿਦਵਤਾ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਦਿਸ਼ਾ ਵੱਲ ਸਾਨੂੰ ਲੈ ਗਈ ਹੈ।"

(ਕ) "ਅਜਮੇਰ ਸਿੰਘ ਨੇ ਖਾਲਿਸਤਾਨ ਹਮਾਇਤੀਆਂ ਵਿਰੁੱਧ ਨਫਰਤ ਦਾ ਰਿਉੜੀ-ਪ੍ਰਸ਼ਾਦ ਬਿਨਾਂ ਕਿਸੇ ਵਿਤਕਰੇ ਤੋਂ ਸਾਰੇ ਖਾਲਿਸਤਾਨੀਆਂ ਨੂੰ ਬਰਾਬਰ ਵੰਡਿਆ ਹੈ।" (ਦੂਜਾ ਲੇਖ)

(ਖ) "ਅਜਮੇਰ ਸਿੰਘ ਦੀ ਇਸ ਟਿੱਪਣੀ ਉੱਤੇ ਰਤਾ ਮਾਸਾ ਵੀ ਕਿੰਤੂ ਨਹੀਂ ਕਰ ਰਹੇ ਕਿ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ।" (ਦੂਜਾ ਲੇਖ)

(ਨੋਟ:- ਇਹਨਾਂ ਨੁਕਤਿਆਂ ਨੂੰ ਪਹਿਲਾਂ ਕਰਮਜੀਤ ਸਿੰਘ ਵੱਲੋਂ ਹੀ ਮਿਹਨਤ ਕਰਕੇ ਹੂਬਹੂ ਲਿਖੀ ਗਈ ਅਜਮੇਰ ਸਿੰਘ ਦੀ ਮੁਲਾਕਾਤ ਦੇ ਉਸ ਹਿੱਸੇ ਨਾਲ ਮਿਲਾ ਕੇ ਵੇਖਣੀ ਬਣਦੀ ਹੈ, ਜਿੱਥੇ ਇਹ ਗੱਲ ਦਰਜ ਹੈ) ਅਜਮੇਰ ਸਿੰਘ ਜੋ ਅਸਲ ਵਿਚ ਬੋਲਿਆ:-

**ਅਜਮੇਰ ਸਿੰਘ:-** "ਉਹ ਸਾਰਾ ਰਿਸਪੋਸ ਫਰੈਸ਼ ਨਵੇਂ ਅਲੀਮੈਂਟ ਵੱਲੋਂ ਹੈ, ਪੁਰਾਣਿਆਂ ਕੋਲੋ ਮੈਨੂੰ ਕੋਈ ਉਮੀਦ ਨੀ, ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦੇ ਉਹਨਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾ।"

ਸੰਗਤ ਖੁਦ ਫੈਸਲਾ ਕਰੇ:-

ਸੰਗਤ ਮੂਹਰੇ ਬੇਨਤੀ ਹੈ ਕਿ ਉਹ ਇਸ ਵਾਕ ਨੂੰ ਕਿੱਥੋਂ ਪੜੇ, ਕਰਮਜੀਤ ਸਿੰਘ ਨੇ ਜੋ ਲਿਖਿਆ ਜਾਂ ਅਜਮੇਰ ਸਿੰਘ ਜੋ ਕਿਹਾ, ਦੋਵੇ ਰੂਪ ਸੰਗਤ ਦੇ ਸਾਹਮਣੇ ਹਨ।

"ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦਾ "ਪੜੇ ਜਾਂ " ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦੇ ਉਹਨਾਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾ " ਪੜੇ। ਦੋਵਾਂ ਭਾਵਾਂ ਦੇ ਫਰਕ ਦਾ ਅੰਦਾਜ਼ਾ ਸਾਧਾਰਨ ਬੰਦਾ ਵੀ ਕਰ ਸਕਦਾ ਹੈ।

ਇਸ ਬਾਰੇ ਸੰਗਤ ਲਈ ਕੁਝ ਹੋਰ ਨੁਕਤੇ :-

੧) ਨਵੀਂ ਉਮੀਦ ਦੇ ਪੱਖ ਤੋਂ ਪੁਰਾਣਿਆਂ ਅਤੇ ਨਵਿਆਂ ਬਾਰੇ ਅੱਜ ਦੇ ਪ੍ਰਸੰਗ ਨੂੰ ਛੱਡਣਾ, ਦੋਸ਼ ਕਿਸ ਦਾ ਹੈ ? ਅਜਮੇਰ ਸਿੰਘ ਨੂੰ ਪੁਰਾਣੇ ਖਾਲਿਸਤਾਨੀਆਂ ਤੋਂ ਕੋਈ ਉਮੀਦ ਨਹੀਂ। ( ਇੱਥੇ ਇਸ ਗੱਲ ਦਾ ਖਾਸ ਖਿਆਲ ਰੱਖਣਾ ਬਣਦਾ ਹੈ ਕਿ ਅਜਮੇਰ ਸਿੰਘ ਦੀ ਮੁਲਾਕਾਤ ਨੂੰ ਮਨ ਮਰਜ਼ੀ ਦੇ ਅਰਥ ਦੇਕੇ ਉਹਨਾਂ ਦਾ ਵਿਰੋਧ ਵੀ ਇਹ ਪੁਰਾਣੇ ਖਾਲਿਸਤਾਨੀਆ ਨੇ ਹੀ ਸ਼ੁਰੂ ਕੀਤਾ ਹੈ) ਉਹ ਨਵੀਂ ਨੌਜਵਾਨ ਖਾਲਿਸਤਾਨੀਆਂ ਤੋਂ ਉਮੀਦ ਰੱਖ ਰਹੇ ਹਨ ਤੇ ਉਹਨਾਂ ਨੂੰ ਸਾਰਾ ਰਿਸਪੋਸ ਨਵੇਂ ਨੌਜਵਾਨ ਖਾਲਿਸਤਾਨੀਆਂ ਤੋਂ ਹੀ ਮਿਲਣ ਦੀ ਆਸ ਹੈ। ਪਰ ਇਥੇ ਨਵੇਂ ਤੇ ਪੁਰਾਣੇ ਦੇ ਪ੍ਰਸੰਗ ਨੂੰ ਛੱਡਕੇ, "ਸਾਰੇ ਖਾਲਿਸਤਾਨੀਆਂ" ਨਾਲ ਜਾਣਕੇ ਜੋੜ ਦਿੱਤਾ ਗਿਆ।

2) "ਸ਼ਾਇਦ" ਸ਼ਬਦ ਨੂੰ ਖਾ ਲਿਆ।

3) ਲਹਿਰ ਦੇ ਬੰਦਿਆਂ ਦੀ ਥਾਂ "ਖਾਲਿਸਤਾਨੀਆਂ" ਕਰ ਦਿੱਤਾ।

ਕਰਮਜੀਤ ਸਿੰਘ ਨੇ ਜੋ ਅੱਜ ਦੇ ਹਾਲਾਤ ਦਾ "ਸ਼ਾਇਦ... ਨਾ ਬੈਠ ਸਕਾ " ਵਾਲਾ ਸ਼ੰਕਾ ਸੀ ਉਸਨੂੰ " ਕਦੇ ਵੀ ਨਹੀਂ ਬੈਠ ਸਕਦਾ " ਵਾਲਾ ਯਕੀਨ ਰੂਪ ਵਿਚ ਬਦਲ ਦਿੱਤਾ। ਸ਼ਬਦਾਇਕ ਹਿੰਸਾ ਹੋਰ ਕੀ ਚੀਜ਼ ਹੁੰਦੀ ਏ ?

ਪਰ ਜਦੋ ਕੋਈ ਬੰਦਾ ਲਹਿਰ ਕਹਿਕੇ ਗੱਲ ਕਰਦਾ ਹੈ ਤਾਂ ਉਸਦਾ ਸ਼ਬਦ ਬਦਲਕੇ "ਖਾਲਿਸਤਾਨੀ" ਕਰਨ ਵਿਚ ਭੇਦ ਹੈ ਕਿ ਲਹਿਰ ਦੇ ਬੰਦਿਆਂ ਦੀ ਗਿਣਤੀ ਹੁਣ ਇਤਿਹਾਸ ਦਾ ਹਿੱਸਾ ਹੋ ਗਈ ਹੈ। ਉਹਨਾਂ ਦੀ ਗਿਣਤੀ ਹੁਣ ਵੱਧ ਨਹੀਂ ਸਕਦੀ (ਭਾਵੇਂ ਬੰਦੇ ਜੀਂਦੇ ਹਨ)। ਦੂਜੇ ਪਾਸੇ ਖਾਲਿਸਤਾਨੀਆਂ ਦੀ ਗਿਣਤੀ ਵਧੀ ਹੈ ਤੇ ਹੋਰ ਵਧੇਗੀ। ਅਜਮੇਰ ਸਿੰਘ ਨੂੰ ਸਾਰੇ ਖਾਲਿਸਤਾਨੀਆਂ ਦੇ ਵਿਰੋਧ ਵਿਚ ਖੜਾ ਕਰਨਾ ਹੀ ਸ਼ਾਇਦ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਦਾ "ਉੱਚ ਪੱਧਰੀ ਬਹਿਸ" ਦੀ ਮੂਲ ਲੋੜ ਹੈ। ਜਿਸ ਵਾਕ ਨੂੰ ਕਰਮਜੀਤ ਸਿੰਘ ਸਭ ਤੋਂ ਵੱਧ ਤੋੜਿਆ ਉਸੇ ਵਾਕ ਨੂੰ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਸਭ ਤੋਂ ਵੱਧ ਪ੍ਰਚਾਰਿਆ। ਕੀ ਗੱਦਾਰ ਕਹਿਣ ਦੇ ਨਾਲ ਨਾਲ ਜੋ ਹੋਰ ਵਿਸ਼ਲੇਸ਼ਣ ਜੋੜ ਅਜਮੇਰ ਸਿੰਘ ਦਾ ਕਿਰਦਾਰ ਘੜਿਆ ਜਾ ਰਿਹਾ ਹੈ। ਉਸ ਨਾਲ ਕੀ ਉਹ ਹਲੇਮੀ ਰਾਜ ਦਾ ਨਵਾਂ ਮਾਡਲ ਘੜ ਰਹੇ ਹਨ ?

ਕਰਮਜੀਤ ਸਿੰਘ ਫੇਸਬੁੱਕ ਉਤੇ ਇਕ ਟਿੱਪਣੀ ਵਿਚ ਕਹਿ ਰਹੇ ਸਨ ਕਿ " ਮੈਨੂੰ ਮੇਰੇ ਦੁੱਖਾਂ ਦੀ ਦਾਸਤਾਂ ਸੁਣਾ ਲੈਣ ਦਿਓ....।" ਕਰਮਜੀਤ ਸਿੰਘ ਤੁਹਾਡੇ ਦੁੱਖਾਂ ਦੀ ਅਜਿਹੀ ਕਿਹੜੀ ਨਿੱਜੀ ਦਾਸਤਾਂ ਹੈ ਜੋ ਤੁਹਾਨੂੰ ਆਪਣਾ ਗੁੱਸਾ ਕੱਢਣ ਲਈ ਝੂਠ ਦੀ ਨੀਂਹ ਉੱਤੇ ਖੜੀ ਇਹ "ਸਿਧਾਂਤਕ ਬਹਿਸ" ਛੇੜਨੀ ਪੈ ਗਈ? ਪ੍ਰਭਸ਼ਰਨਦੀਪ/ਬੀਰ ਸਿੰਘ ਆਪਣੀ ਇਕ ਪੋਸਟ ਵਿਚ ਲਿਖਦੇ ਹਨ ਕਿ "ਅਜਮੇਰ ਸਿੰਘ ਦੇ ਹਮਾਇਤੀ ਉਸਾਰੂ ਬਹਿਸ ਕਰਨ ਤੋਂ ਭੱਜ ਰਹੇ ਹਨ।" ਭਾਈ ਸਾਹਿਬ ਜੀ ਤੁਹਾਡੇ ਵੱਲੋਂ ਸ਼ੁਰੂ ਕੀਤੀ ਬਹਿਸ ਕਿੰਨੀ ਕੁ ਉਸਾਰੂ ਤੇ ਸੱਚ ਉੱਤੇ ਖੜੀ ਏ। ਉਹ ਇਸ ਪੋਸਟ ਵਿਚ ਸਾਫ ਪਤਾ ਲੱਗ ਰਿਹਾ ਹੈ। ਸੰਗਤ ਹੁਣ ਖੁਦ ਫੈਸਲਾ ਕਰੇ ਕਿ ਆਪਣੇ ਵੱਲੋ ਦਿੱਤੇ ਝੂਠੇ ਨਤੀਜੇ ਤੇ ਆਪਣੀ ਹੀ ਝੂਠੀ ਵਿਆਖਿਆ ਦੇਕੇ ਕੀ ਕਰਮਜੀਤ ਸਿੰਘ, ਪ੍ਰਭਸ਼ਰਨਦੀਪ/ਬੀਰ ਸਿੰਘ ਦੇ ਜਵਾਬ ਮੰਗਣੇ ਜਾਇਜ਼ ਹਨ ? ਜੇ ਹੋਰਾਂ ਦਾ ਕਿਹਾ ਮੰਨਿਆ ਨਹੀਂ ਜਾਵੇਗਾ (ਕਿਉਂਕਿ ਜਵਾਬ ਸਿਰਫ ਅਜਮੇਰ ਸਿੰਘ ਕੋਲੋ ਹੀ ਮੰਗੇ ਜਾ ਰਹੇ ਹਨ) ਤਾਂ ਫਿਰ ਬਾਕੀਆਂ ਦੀ ਬਹਿਸ ਵਿਚ ਕੀ ਬਚਦਾ ਹੈ ?




# ਸੋਸ਼ਲ ਮੀਡੀਆ ਸਾਡੀ ਜੀਵਨ ਸ਼ੈਲੀ ਨੂੰ ਵੀ ਕਰ ਰਿਹਾ ਪ੍ਰਭਾਵਿਤ

**- ਨਵਨੀਤ ਕੌਰ**

ਇੱਕੀਵੀਂ ਸਦੀ ਦੇ ਸ਼ੁਰੂਆਤੀ ਦੌਰ ਤੋਂ ਹੀ ਸੋਸ਼ਲ ਮੀਡੀਆਂ ਸਾਡੀ ਜ਼ਿੰਦਗੀ ਦਾ ਅਹਿਮ ਅੰਗ ਬਣਿਆ ਹੋਇਆ ਹੈ ਅਤੇ ਇਸਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ ਹੈ। ਸੋਸ਼ਲ ਮੀਡੀਆਂ ਨੇ ਸਾਰੇ ਸੰਸਾਰ ਨੂੰ ਇੱਕ ਤਰਾਂ ਆਪਣੇ ਅਧੀਨ ਕਰ ਲਿਆ ਹੈ। ਕਿਉਂਕਿ ਇਹ ਸਾਡੀ ਜੀਵਨ ਸ਼ੈਲੀ ਨੂੰ ਵੀ ਬਹੁਤ ਹੱਦ ਤਕ ਪ੍ਰਭਾਵਿਤ ਕਰ ਰਿਹਾ ਹੈ। ਹਰ ਵਰਗ, ਹਰ ਤਬਕੇ ਦੇ ਲੋਕ ਇਸਦੀ ਪਕੜ ਵਿੱਚ ਹਨ। ਅੱਜ ਦੇ ਸਮੇਂ ਵਿੱਚ ਇਸ ਤੋਂ ਬਿਨਾਂ ਹਰੇਕ ਵਿਅਕਤੀ ਆਪਣੇ ਆਪ ਨੂੰ ਅਧੂਰਾ ਸਮਝਦਾ ਹੈ। ਬਹੁਤ ਸਾਰੇ ਕੰਮਾਂ-ਕਾਰਾਂ ਵਿੱਚ ਇਸਦੀ ਉਪਯੋਗੀ ਵਰਤੋਂ ਕੀਤੀ ਜਾਂਦੀ ਹੈ। ਹਰੇਕ ਚੀਜ਼ ਦੇ ਦੋ ਪਹਿਲੂ ਹੁੰਦੇ ਹਨ ਜਿਵੇਂ, ਚਾਕੂ ਅਸੀਂ ਆਪਣੇ ਕੰਮਾਂ-ਕਾਰਾਂ ਲਈ ਵੀ ਵਰਤਦੇ ਹਾਂ, ਤੇ ਦੂਸਰਾ ਕਿਸੇ ਉੱਤੇ ਹਮਲਾ ਕਰਨ ਲਈ ਹੀ। ਇਸੇ ਤਰਾਂ ਸੋਸ਼ਲ ਮੀਡੀਏ ਦੇ ਚੰਗੇ-ਮਾੜੇ ਪਹਿਲੂ ਪਾਏ ਜਾਂਦੇ ਹਨ। ਇਹ ਸਾਡੇ ਉੱਤੇ ਨਿਰਭਰ ਕਰਦਾ ਹੈ, ਕਿ ਅਸੀਂ ਕਿਹੋ-ਜਿਹੇ ਪੱਖਾਂ ਨੂੰ ਅਪਣਾਉਣਾ ਹੈ, ਤੇ ਕਿਹੋ ਜਿਹਿਆਂ ਦਾ ਤਿਆਗ ਕਰਨਾ ਹੈ, ਜਿਸ ਕਾਰਨ ਸਾਡੇ ਗਿਆਨ ਵਿੱਚ ਅਥਾਹ ਵਾਧਾ ਹੋ ਸਕੇ। ਇਹ ਵੀ ਸਾਡੇ 'ਤੇ ਨਿਰਭਰ ਹੈ ਕਿ ਅਸੀਂ ਕਿਹੋ ਜਿਹੇ ਗਿਆਨ ਵਿੱਚ ਵਾਧਾ ਕਰਾਨਾ ਹੈ।

ਇੰਟਰਨੈੱਟ ਪ੍ਰਣਾਲੀ ਸਸਤੀ ਹੋਣ ਕਰਕੇ ਲਗਭਗ ਹਰੇਕ ਵਿਅਕਤੀ ਇਸ ਨੂੰ ਖਰੀਦਣ ਦੇ ਸਮਰੱਥ ਹੋ ਗਿਆ। ਹੁਣ ਲੋਕ ਸੋਸ਼ਲ ਮੀਡੀਏ ਦੇ ਕਿਸੇ ਵੀ ਯੰਤਰ ਮੋਬਾਇਲ, ਕੰਪਿਊਟਰ, ਲੈਪਟਾਪ ਦੁਆਰਾ ਇਸਦੀ ਬੇਲੋੜੀ, ਬੇਵਕਤ, ਬੇਬੁਨਿਆਦ ਵਰਤੋਂ ਕਰਕੇ ਆਪਣਾ ਜ਼ਿਆਦਾਤਰ ਸਮਾਂ ਜ਼ਾਇਆ ਕਰ ਰਹੇ ਹਨ। ਇਸ ਕਾਰਨ 21 ਵੀ ਸਦੀ ਦੇ ਦੂਜੇ ਦਹਾਕੇ ਦੇ ਅੰਤ ਤਕ ਆਉਂਦੇ ਆਉਂਦੇ ਸਾਡੇ ਸਮਾਜ ਅੰਦਰ ਇਸਦੇ ਮਾੜੇ ਪਹਿਲੂ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਹੁਣ ਸੋਸ਼ਲ ਮੀਡੀਆ ਸਾਨੂੰ ਅਸਲੀ ਜ਼ਿੰਦਗੀ ਅਤੇ ਅਸਲੀ ਸਮਾਜ ਤੋਂ ਬਹੁਤ ਦੂਰ ਲੈ ਜਾਣ ਦਾ ਕੰਮ ਕਰਨ ਲੱਗ ਪਿਆ ਹੈ। ਅਸੀਂ ਸੁਪਨਿਆਂ ਦੀ ਹੀ ਦੁਨੀਆਂ ਵਿੱਚ ਜਿਊਣਾ ਸ਼ੁਰੂ ਕਰ ਦਿੰਦੇ ਹਾਂ ਅਤੇ ਇਹ ਸਾਨੂੰ ਝੂਠੇ ਮੁਸਕਾਨੀ ਭੁਲੇਖਿਆਂ ਵਿੱਚ ਪਾ ਕੇ ਦਿਮਾਗ਼ੀ ਤੌਰ'ਤੇ ਅਪਾਹਜ ਬਣਾ ਰਿਹਾ ਹੈ। ਜਦੋਂ ਅਸੀਂ ਇਸ ਤੋਂ ਦੂਰ ਹੋਣ ਲੱਗਦੇ ਹਾਂ ਤਾਂ ਸਾਨੂੰ ਆਪਣੀ ਵਰਤਮਾਨ ਸਥਿਤੀ ਦਾ ਗਿਆਨ ਹੁੰਦਾ ਹੈ। ਫੇਰ ਅਸੀਂ ਮਾਨਸਿਕ ਪ੍ਰੇਸ਼ਾਨੀਆਂ ਅਤੇ ਤਨਾਉ ਦਾ ਸ਼ਿਕਾਰ ਹੋ ਜਾਂਦੇ ਹਾਂ। ਭਾਵਨਾਤਮਿਕ ਤੌਰ 'ਤੇ ਅਸੀਂ ਆਪਣੇ ਆਪ ਨੂੰ ਕਮਜ਼ੋਰ ਤੇ ਅੰਦਰੋਂ ਖੋਖਲਾ ਮਹਿਸੂਸ ਕਰਨ ਲੱਗ ਪੈਂਦੇ ਹਾਂ। ਅਸੀਂ ਆਪਣੀਆਂ ਸੱਮਸਿਆਵਾਂ ਨਾਲ ਨਜਿੱਠਣ ਦੀ ਬਜਾਏ ਕਿਸੇ ਆਪਣੇ ਨਾਲ ਬੈਠਕੇ ਦੁੱਖ-ਸੁਖ ਵੰਡਣ ਤੇ ਹੌਸਲਾ ਦੇਣ ਦੀ ਬਜਾਏ ਸੋਸ਼ਲ ਸਾਈਟਸ ਦਾ ਸਹਾਰਾ ਲੈਣ ਵਿੱਚ ਵਿਅਸਤ ਹੋ ਜਾਂਦੇ ਹਾਂ। ਅਸੀਂ ਅਸਲੀ ਜ਼ਿੰਦਗੀ ਤੋਂ ਭੱਜਣਾ ਸ਼ੁਰੂ ਕਰ ਦਿੰਦੇ ਹਾਂ ਤੇ ਬਾਅਦ ਵਿੱਚ ਜਾ ਕੇ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਾਂ।

ਸਾਨੂੰ ਸੋਸ਼ਲ ਮੀਡੀਆਂ ਦੀ ਹੱਦੋਂ ਵੱਧ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਪੁਰਾਣੇ ਸਮਿਆਂ ਵਿੱਚ ਤਾਂ ਸਿਰਫ਼ ਟੈਲੀਵਿਜ਼ਨ ਹੋਣ ਕਰਕੇ ਸਾਰੇ ਪਰਿਵਾਰ ਦੇ ਮੈਂਬਰ ਇਕੱਠੇ ਬੈਠ ਕੇ ਟੀ.ਵੀ ਦੇਖਦੇ ਸੀ ਤੇ ਪਤਾ ਲੱਗਦਾ ਰਹਿੰਦਾ ਸੀ ਕਿ ਹਰੇਕ ਮੈਂਬਰ ਕਿਹੋ ਜਿਹੇ ਪ੍ਰੋਗਰਾਮ ਵੇਖ ਰਿਹਾ ਹੈ ਨਾਲੇ ਗੱਲਾਂਬਾਤਾਂ ਦੇ ਰਾਹੀਂ ਆਪਸੀ ਵਿਚਾਰ ਵਟਾਂਦਰਾ ਹੋ ਜਾਂਦਾ ਸੀ। ਪਰ ਅੱਜਕਲ ਬੱਚੇ-ਬੱਚੇ ਕੋਲ ਫੋਨ ਹੈ। ਇੰਟਰਨੈੱਟ ਦੀ ਸੁਵਿਧਾ ਹਰ ਇੱਕ ਨੂੰ ਆਸਾਨੀ ਨਾਲ ਮਿਲ ਰਹੀ ਹੈ। ਇਸਦੇ ਕੇਵਲ ਨੁਕਸਾਨ ਹੀ ਨਹੀਂ ਹਨ ਬਲਕਿ ਉਸਾਰੂ ਭੂਮਿਕਾ ਵੀ ਅਜੋਕੇ ਸਮੇਂ ਇਹ ਨਿਭਾ ਰਿਹਾ ਹੈ। ਅੱਜਕਲ ਦੀ ਪੜਾਈ ਦੌਰਾਨ ਬੱਚਿਆਂ ਨੂੰ ਸੋਸ਼ਲ ਮੀਡੀਆ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਖ਼ਾਸਕਰ ਜਿਵੇਂ ਅੱਜ ਕੱਲ ਕਰੋਨਾ ਵਿਸ਼ਵ ਮਹਾਂਮਾਰੀ ਕਰਕੇ ਹੋਈ ਤਾਲਾਬੰਦੀ ਦੌਰਾਨ ਦੇਸ਼ ਅੰਦਰ ਕਿ ਲਗਭਗ ਪੂਰੀ ਦੁਨੀਆਂ ਅੰਦਰ ਹੀ ਸਾਰੀਆਂ ਵਿੱਦਿਅਕ ਸੰਸਥਾਵਾਂ ਬੰਦ ਹਨ। ਭਾਵੇਂ ਉਹ ਸਕੂਲ ਹੋਣ, ਕਾਲਜ, ਚਾਹੇ ਵਿਸ਼ਵ ਵਿਦਿਆਲੇ। ਇਸ ਲਈ ਸਭ ਸੰਸਥਾਵਾਂ ਇੰਟਰਨੈੱਟ ਰਾਹੀਂ ਹੀ ਫੋਨ ਉੱਤੇ ਸੋਸ਼ਲ ਮੀਡੀਆ ਰਾਹੀਂ ਵਿਦਿਆਰਥੀਆਂ ਨੂੰ ਆਨਲਾਈਨ ਪੜਾਈ ਕਰਾ ਰਹੀਆਂ ਹਨ।

ਕੁਝ ਕੁ ਲੋਕਾਂ ਦੁਆਰਾ ਕੀਤੀ ਜਾਂਦੀ ਨਜਾਇਜ਼ ਵਰਤੋਂ ਕਰਕੇ, ਮਾੜੀ ਭਾਸ਼ਾ ਵਰਤਣ ਕਰਕੇ, ਕਿਸੇ ਇੱਕ ਧਰਮ, ਫਿਰਕੇ, ਖਿੱਤੇ ਦੇ ਲੋਕਾਂ ਪ੍ਰਤੀ ਫੈਲਾਈ ਜਾਂਦੀ ਨਫਰਤ ਕਰਕੇ ਅਸੀਂ ਸਮੁੱਚੇ ਸੋਸ਼ਲ ਮਾਧਿਅਮਾਂ ਨੂੰ ਮਾੜਾ ਨਹੀਂ ਕਹਿ ਸਕਦੇ, ਨਾ ਇਸ ਉੱਤੇ ਪਾਬੰਦੀ ਲਾ ਸਕਦੇ ਹਾਂ। ਪਰ ਇਸਦੀ ਵਰਤੋਂ ਸੰਜਮ, ਸਵੈ-ਵਿਵੇਕ, ਸੂਹਜਮਈ ਆਦਿ ਤਰੀਕੇ ਨਾਲ ਕੀਤੀ ਜਾਣੀ ਚਾਹੀਦੀ ਹੈ। ਇਸ ਬਾਰੇ ਖ਼ੁਦ ਵੀ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਤੇ ਦੂਜਿਆਂ ਨੂੰ ਵੀ ਜਾਗਰੂਕ ਕਰਨ ਦੀ ਜ਼ਰੂਰਤ ਹੈ। ਸੋਸ਼ਲ ਮੀਡੀਆ ਦੂਰ ਦੁਰਾਡੇ ਬੈਠੇ ਸਾਡੇ ਦੋਸਤਾਂ, ਸਾਥੀਆਂ, ਰਿਸ਼ਤੇਦਾਰਾਂ ਨਾਲ ਜੁੜਨ ਤੇ ਗੱਲਬਾਤ ਕਰਨ ਦਾ ਜ਼ਰੀਆ ਹੋਣਾ ਚਾਹੀਦਾ ਹੈ ਨਾ ਕਿ ਇਸਨੂੰ ਲੜਾਈ ਦਾ ਮੰਚ ਬਣਾ ਕੇ ਕਿਸੇ ਖਿਲਾਫ਼ ਵੀ ਜ਼ਹਿਰ ਉਗਲਣ ਤੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਾੜੀ ਕਿਸਮਤ ਨੂੰ ਅੱਜ ਕੱਲ ਅਜਿਹਾ ਹੀ ਜ਼ਿਆਦਾ ਦੇਖਣ ਨੂੰ ਮਿਲ ਰਿਹਾ ਹੈ, ਜਿਸ ਵਿੱਚ ਹਰ ਰੋਜ਼ ਕਿਸੇ ਉੱਤੇ ਨਿੱਜੀ ਹਮਲੇ ਤੋਂ ਲੈਕੇ ਵੱਖ-ਵੱਖ ਧਰਮਾਂ, ਵਿਚਾਰਧਾਰਾ, ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਦੂਜੀ ਧਿਰ ਨਾਲ ਉਲਝਦੇ ਤੇ ਇੱਕ ਦੂਜੇ ਨੂੰ ਨੀਵਾਂ ਦਿਖਾਉਂਦੇ ਨਜ਼ਰ ਆਉਂਦੇ ਹਨ।

ਕਿਸ਼ੋਰ ਅਵਸਥਾ 12 ਤੋਂ 19 ਸਾਲ ਤਕ ਬਚਪਨ ਦੀ ਆਖ਼ਰੀ ਸਟੇਜ 'ਤੇ ਹੁੰਦੀ ਹੈ। ਇਸ ਅਵਸਥਾ ਵਿੱਚ ਪਹੁੰਚਦੇ ਹੀ ਬੱਚੇ ਜ਼ਿਆਦਾ ਜਜ਼ਬਾਤੀ ਹੋ ਜਾਂਦੇ ਹਨ। ਉਹ ਨਿੱਕੀ-ਨਿੱਕੀ ਗੱਲ 'ਤੇ ਭੜਕ ਉੱਠਦੇ ਹਨ ਜਾਂ ਕਹਿ ਲਵੋ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਜਾਂਦੇ ਹਨ। ਅਕਸਰ ਇਸ ਉਮਰ ਜੋਸ਼ ਜ਼ਿਆਦਾ ਹੁੰਦਾ ਹੈ ਤੇ ਅਨੁਭਵ ਦੀ ਕਮੀ ਕਰਕੇ ਹੋਸ਼ ਘੱਟ ਹੁੰਦਾ ਹੈ। ਇਹ ਵੀ ਹੁੰਦਾ ਹੈ ਕਿ ਬਹੁਤ ਸਾਰੇ ਨੌਜਵਾਨ ਸਮਾਜ ਦੇ ਕਈ ਕੰਮਾਂ ਵਿੱਚ ਆਪਣਾ ਯੋਗਦਾਨ ਪਾਉਣ ਵੱਲ ਰੁਚਿਤ ਹੋ ਜਾਂਦੇ ਹਨ। ਅਤੇ ਕਈ ਵਾਹੋ-ਵਾਹ ਖੱਟਣ ਦੀ ਵਧੇਰੇ ਚੇਸ਼ਟਾ ਰੱਖਦੇ ਹਨ। ਇਹ ਸਭ ਕੁਦਰਤੀ ਵਰਤਾਰਾ ਹੈ। ਪਰਿਵਰਤਨ ਕੁਦਰਤ ਦਾ ਨਿਯਮ ਹੈ। ਇਸੇ ਅਵਸਥਾ ਵਿੱਚ ਉਨਾਂ ਨੂੰ ਝਿੜਕਣ ਦੀ ਬਜਾਏ ਜੇਕਰ ਸਾਡੇ ਮਾਪੇ, ਅਧਿਆਪਕ ਉਨਾਂ ਨੂੰ ਸਮਝਣ ਤੇ ਸਾਥ ਦਿੰਦੇ ਰਹਿਣ ਤਾਂ ਉਹ ਬੱਚੇ ਬਹੁਤ ਅੱਗੇ ਤਕ ਜਾਂਦੇ ਹਨ ਤੇ ਜ਼ਿੰਦਗੀ ਵਿੱਚ ਵੱਡੀਆਂ ਸਫਲਤਾਵਾਂ ਹਾਸਿਲ ਕਰਦੇ ਹਨ। ਇਸ ਉਮਰੇ ਕੁਝ ਕਰ ਸਕਣ ਦੀ ਚੇਟਕ ਬਹੁਤ ਤੀਖਣ ਅਵਸਥਾ ਵਿੱਚ ਹੁੰਦੀ ਹੈ। ਬੱਸ ਉਨਾਂ ਦੇ ਹੌਸਲਿਆਂ ਨੂੰ ਬੁਲੰਦ ਕਰਨ, ਉਨਾਂ ਦੇ ਖੰਭਾਂ ਵਿੱਚ ਪਰਵਾਜ਼ ਭਰਨ ਦੀ ਲੋੜ ਹੁੰਦੀ ਹੈ। ਜਦੋਂ ਅਜਿਹਾ ਮਾਹੌਲ ਬੱਚਿਆਂ ਨੂੰ ਨਹੀਂ ਮਿਲਦਾ ਤਾਂ ਉਹ ਇਕੱਲਾਪਨ ਮਹਿਸੂਸ ਕਰਦੇ ਹਨ। ਫੇਰ ਨਤੀਜਾ ਇਹੀ ਨਿਕਲਦਾ ਹੈ ਕਿ ਬੱਚਆਂ ਦਾ ਸੋਸ਼ਲ ਮੀਡੀਏ ਵੱਲ ਰੁਝਾਨ ਵਧੇਰੇ ਵਧ ਜਾਂਦਾ ਹੈ। ਇੰਟਰਨੈੱਟ ਦੀ ਹੱਦੋਂ ਵੱਧ ਵਰਤੋਂ ਕਰਨ ਨਾਲ ਬੱਚੇ ਮਾਨਸਿਕ ਤੌਰ 'ਤੇ ਹੋਰ ਵੀ ਪ੍ਰੇਸ਼ਾਨ ਹੋ ਜਾਂਦੇ ਹਨ ਅਤੇ ਉਹ ਆਪਣੀ ਸੁੱਧ-ਬੁੱਧ ਖੋ ਬੈਠਦੇ ਜਨ।

ਅਸੀਂ ਅਕਸਰ ਆਪਣੇ ਆਲੇ ਦੁਆਲੇ ਦੇਖਦੇ ਹਾਂ ਕਿ ਬਹੁਤ ਸਾਰੇ ਰਿਸ਼ਤਿਆਂ ਦਾ ਘਾਣ ਨਿੱਤ ਦਾ ਵਰਤਾਰਾ ਬਣ ਗਿਆ ਹੈ ਅਤੇ ਬਹੁਤ ਨੌਜਵਾਨ ਮਾਨਸਿਕ ਤੌਰ 'ਤੇ ਰਿਸ਼ਤਿਆਂ ਦੀ ਟੁੱਟ-ਭੱਜ ਤੋਂ ਪ੍ਰੇਸ਼ਾਨ ਹੋ ਕੇ ਆਤਮ-ਹੱਤਿਆ ਕਰ ਬੈਠਦੇ ਹਨ। ਇਹ ਹੀ ਸਾਡੇ ਸਮਾਜ ਦੀ ਤ੍ਰਾਸਦੀ ਹੈ। ਸਾਨੂੰ ਸੋਚਣਾ ਚਾਹੀਦਾ ਹੈ ਕਿ ਇਸ ਵਿੱਚ ਅਸਲ ਕਸੂਰ ਕਿਸਦਾ ਹੈ? ਇਕੱਲੇ ਨੌਜਵਾਨ ਬੱਚਿਆਂ ਨੂੰ ਹੀ ਜ਼ਿੰਮੇਵਾਰ ਤਾਂ ਨਹੀਂ ਠਹਿਰਾਇਆ ਜਾ ਸਕਦਾ? ਅਣਜਾਣੇ ਵਿੱਚ ਉਹ ਤਾਂ ਗਲਤ ਕਦਮ ਚੁੱਕ ਲੈਂਦੇ ਨੇ, ਜੇਕਰ ਉਨਾਂ ਨੂੰ ਅਜਿਹੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਦੀ ਹਿੰਮਤ ਦਿੱਤੀ ਜਾਵੇ, ਮੁੰਕਮਲ ਸਾਥ ਦਿੱਤਾ ਜਾਵੇ ਤਾਂ ਕਦੇ ਵੀ ਉਹ ਅਜਿਹੇ ਕਦਮ ਨਾ ਚੁੱਕਣ। ਪਰ ਅਫਸੋਸ, ਅਸੀਂ ਬਾਅਦ ਵਿੱਚ ਗੱਲਾਂ ਕਰਨ ਜੋਗੇ ਹੀ ਰਹਿ ਜਾਂਦੇ ਹਾਂ।

ਇਸ ਵਿਸ਼ੇ ਨਾਲ ਸੰਬੰਧਿਤ ਮੈਂ ਇੱਕ ਘਟਨਾ ਸਾਂਝੀ ਕਰਨੀ ਚਾਹਾਂਗੀ। ਮੈਂ ਆਪਣੇ ਵਿਹਲੇ ਸਮੇਂ ਵਿੱਚ ਬੱਚਿਆਂ ਨੂੰ ਟਿਊਸ਼ਨ ਪੜਾਉਂਦੀ ਹਾਂ। ਉਨਾਂ ਨੂੰ ਕੁਝ ਨਵਾਂ ਦੱਸਣ ਦੇ ਨਾਲ-ਨਾਲ ਮੈਨੂੰ ਵੀ ਬੜਾ ਕੁਝ ਉਨਾਂ ਤੋਂ ਸਿੱਖਣ ਨੂੰ ਮਿਲਦਾ ਰਹਿੰਦਾ ਹੈ। ਉਨਾਂ ਦੇ ਮਨਾਂ ਵਿੱਚ ਕੀ-ਕੀ ਚੱਲਦਾ ਹੈ, ਉਹ ਕੀ ਸੋਚਦੇ ਨੇ, ਆਦਿ। ਸਭ ਸਹੂਲਤਾਂ ਮਿਲਦੇ ਹੋਏ ਵੀ ਉਹ ਉਦਾਸ-ਉਦਾਸ ਕਿਉਂ ਰਹਿੰਦੇ ਹਨ। ਇਹ ਸਭ ਸਮਝਣ ਤੇ ਜਾਨਣ ਦੀ ਮੈਂ ਕੋਸ਼ਿਸ਼ ਕਰਦੀ ਰਹਿੰਦੀ ਹਾਂ। ਇਸੇ ਦੌਰਾਨ ਮੇਰੇ ਕੋਲ ਕੁਝ ਮਹੀਨੇ ਪਹਿਲੇ ਇੱਕ ਲੜਕੀ ਟਿਊਸ਼ਨ ਲਈ ਆਈ। ਮੈਂ ਉਹਦੇ ਨਾਲ ਉਹਦੇ ਬਾਰੇ ਹੀ ਕਈ ਗੱਲਾਂ ਕੀਤੀਆਂ। ਫੇਰ ਉਹ ਮੇਰੇ ਕੋਲੋਂ ਲੜੀਵਾਰ ਕਈ ਸਵਾਲ ਪੁੱਛਣ ਲੱਗ ਪਈ ਕਿ ਮੈਂ ਕਿਵੇਂ ਪੜਾਂ? ਮੇਰੇ ਨਾਲ ਦੀਆਂ ਕੁੜੀਆਂ ਜੋ ਮਹਿੰਗੇ ਪ੍ਰਾਈਵੇਟ ਸਕੂਲਾਂ ਤੋਂ ਪੜਕੇ ਆਈਆਂ ਹਨ ਉਹ ਮੇਰਾ ਮਜ਼ਾਕ ਉਡਾਉਂਦੀਆਂ ਨੇ। ਉਹਨਾਂ ਦੇ ਬਰਾਬਰ ਕਿਵੇਂ ਹੋ ਸਕਾਂ? ਮੇਰੀ ਬੜੀ ਰੀਝ ਹੈ ਮੈਂ ਬਹੁਤ ਪੜਾਂ ਤੇ ਆਪਣੇ ਘਰਦਿਆਂ ਦੇ ਅਰਮਾਨ ਪੂਰੇ ਕਰ ਸਕਾਂ। ਪਰ ਦੀਦੀ ਮੈਨੂੰ ਕੁਝ ਟੌਪਿਕ ਸਮਝ ਨਹੀਂ ਆ ਰਹੇ। ਕੀ ਮੈਂ ਤੁਹਾਡੇ ਜਿਨਾਂ ਪੜ ਸਕਾਂਗੀ? ਉਹ ਮੇਰਾ ਕੋਈ ਹਾਵ-ਭਾਵ ਨਾ ਵੇਖ ਕੇ ਫੇਰ ਬੋਲੀ, ਦੀਦੀ, ਮੈਂ ਤੁਹਾਡੇ ਜਿਨਾਂ ਪੜ ਸਕਾਂਗੀ?

ਮੈਂ ਆਪਣੇ-ਆਪ ਤੋਂ ਬਾਹਰ ਆਉਂਦਿਆਂ ਕਿਹਾ, ਤੂੰ ਪੜਾਈ ਪ੍ਰਤੀ ਇੰਨੀ ਸੁਚੇਤ ਹੈ। ਜੋ-ਜੋ ਤੈਨੂੰ ਪੁੱਛਿਆ, ਸਭ ਦੇ ਤੂੰ ਸਹੀ ਜਵਾਬ ਦਿੱਤੇ। ਰਾਜੇ ਤੂੰ ਤਾਂ ਅੱਗੇ ਤਕ ਜ਼ਰੂਰ ਹੀ ਪਹੁੰਚੇਗੀ। ਨਾਲੇ ਦੂਸਰਿਆਂ ਨਾਲ ਆਪਣੀ ਤੁਲਨਾ ਨਹੀਂ ਕਰਨੀ ਚਾਹੀਦੀ। ਮੈਂ ਆਪਣੀ ਪ੍ਰਸਥਿਤੀ ਨੂੰ ਯਾਦ ਕਰਦੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਅਸੀਂ ਮਾਨਸਿਕ ਤੌਰ 'ਤੇ ਜਦੋਂ ਪਰੇਸ਼ਾਨ ਹੋਈਏ ਤਾਂ ਦੂਸਰਿਆਂ ਨਾਲ ਤੁਲਨਾ ਕਰਕੇ ਹੋਰ ਪਰੇਸ਼ਾਨ ਹੋ ਜਾਂਦੇ ਹਾਂ। ਉਹਨੂੰ ਜਿਵੇਂ ਮੇਰੀਆਂ ਗੱਲਾਂ ਸੁਣ ਕੇ ਬਹੁਤ ਭਰੋਸਾ ਹੋ ਗਿਆ। ਕਹਿਣ ਲੱਗੀ, ਦੀਦੀ ਮੈਂ ਸਾਰੀਆਂ ਟੈਨਸ਼ਨਾਂ, ਸਾਰੇ ਕੰਮ ਛੱਡਕੇ ਸਿਰਫ਼ ਪੜਨਾ ਤੇ ਜ਼ਿਆਦਾ ਤੋਂ ਜ਼ਿਆਦਾ ਆਪਣੇ ਸਿਲੇਬਸ ਦੀ ਹੁਣ ਰਵੀਜ਼ਨ ਕਰਨੀ ਹੈ।

ਟੈਨਸ਼ਨ ਸ਼ਬਦ ਸੁਣ ਕੇ ਹੀ ਮੈਂ ਉਹਨੂੰ ਕਿਹਾ, ਤੇਰੇ ਆਲੇ-ਦੁਆਲੇ ਟੈਨਸ਼ਨ ਕਿਹੜੀ ਆ ਗਈ? ਪੜਾਈ ਵਿੱਚ ਤੂੰ ਮੈਨੂੰ ਕਮਜ਼ੋਰ ਲੱਗ ਨਹੀਂ ਰਹੀ। ਤੂੰ ਰਾਜੇ ਆਪਣੇ ਘਰਦਿਆਂ ਨਾਲ ਸਮਾਂ ਬਿਤਾ, ਥੋੜਾ ਦਿਮਾਗ਼ ਨੂੰ ਅਰਾਮ ਦੇ। ਜਦੋਂ ਮੇਰੀ ਲੋੜ ਹੋਵੇ, ਪੜਨ ਲਈ ਜ਼ਰੂਰ ਆਇਆ ਕਰ। ਪਰ ਮੇਰੇ ਕੋਲ ਸਮੇਂ ਦੀ ਘਾਟ ਹੋਣ ਕਰਕੇ ਮੈਂ ਹੋਰ ਬੱਚੇ ਨਹੀਂ ਲਗਾ ਸਕਦੀ।

ਜਵਾਬ ਦੇਣਾ ਬੜਾ ਔਖਾ ਲੱਗਿਆ ਸੀ ਪਰ ਉਹ ਮੇਰੀ ਮਜਬੂਰੀ ਸਮਝਦੀ ਸੀ। ਤੇ ਫੇਰ ਕਦੇ-ਕਦੇ ਉਹ ਆ ਜਾਂਦੀ ਤੇ ਮੇਰੇ ਕੋਲੋਂ ਬੜੇ ਸਵਾਲ ਪੁੱਛਦੀ ਰਹਿੰਦੀ।ਉਹ ਜਿੰਨੇ ਉਤਸ਼ਾਹ ਨਾਲ ਸਵਾਲ ਪੁੱਛਦੀ ਸੀ ਉਨੇ ਹੀ ਉਤਸ਼ਾਹ ਨਾਲ ਜਵਾਬ ਉਡੀਕਦੀ। ਮੈ ਉਹਦੇ ਤੋਂ ਹੋਰ ਗੱਲਾਂ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਤੇ ਖ਼ੁਦ ਦੱਸਣ ਲੱਗਿਆਸ਼ਾਇਦ ਉਹਨੂੰ ਵੀ ਝਿਜਕ ਸੀ। ਮੈਂ ਉਹਦੀ ਪਰੇਸ਼ਾਨੀ ਨੂੰ ਵੇਖਦਿਆਂ ਸਿਰਫ਼ ਪੜਨ ਲਈ ਕਹਿ ਦੇਣਾ। ਪਰ ਉਹਦੇ ਅੰਦਰ ਤਕ ਜਾਣ ਦੀ ਕਦੇ ਕੋਸ਼ਿਸ਼ ਹੀ ਨਾ ਕੀਤੀ।ਉਹੀ ਰਟਿਆ ਰਟਾਇਆ ਸਾਡਾ ਸਭ ਦਾ ਡਾਇਲਾਗ ਹੁੰਦਾ ਹੈ ਕਿ ਤੂੰ ਸਿਰਫ਼ ਪੜਨ ਵੱਲ ਧਿਆਨ ਦੇ, ਹਰੇਕ ਚੀਜ਼ ਦਾ ਇੱਕ ਸਹੀ ਵਕਤ ਹੁੰਦਾ ਹੈ। ਤੁਸੀਂ ਸਿਰਫ਼ ਆਪਣੇ ਭਵਿੱਖ ਵੱਲ ਧਿਆਨ ਦੇਵੋ। ਬਜਾਏ ਇਹਦੇ ਕਿ ਉਹਨੂੰ ਉਹਦੇ ਹਾਲਾਤ ਨਾਲ ਲੜਨਾ ਸਿਖਾਇਆ ਜਾਵੇ। ਮੇਰੇ ਨਾਲ ਕੁਝ ਇਸੇ ਤਰਾਂ ਵਾਪਰਿਆ। ਕੁਝ ਦਿਨ ਬਾਅਦ ਉਸ ਕੁੜੀ ਨੇ ਆਤਮ-ਹੱਤਿਆ ਕਰ ਲਈ। ਇਹ ਸੁਣਕੇ ਮੈਨੂੰ ਕਾਫ਼ੀ ਝਟਕਾ ਲੱਗਿਆ। ਜੇਮੈਂ ਉਹਦੀ ਪੜਾਈ ਤੋਂ ਇਲਾਵਾ ਹੋਰ ਗੱਲਾਂ ਵੱਲ ਵੀ ਧਿਆਨ ਦਿੰਦੀ, ਤਾਂ ਉਹ ਸਾਡੇ ਵਿਚਕਾਰ ਹੁੰਦੀ। ਕਾਰਨ ਸਿਰਫ਼ ਇਹ ਸੀ ਕਿ ਸੋਸ਼ਲ ਮੀਡੀਆ ਉੱਤੇ ਉਸਦੇ ਕਿਸੇ ਦੋਸਤ ਨੇ ਉਸਦੀ ਤਸਵੀਰ ਇੱਕ ਮੁੰਡੇ ਨਾਲ ਸਟੋਰੀ ਦੇ ਤੌਰ 'ਤੇ ਪਾ ਦਿੱਤੀ, ਜਿਸਦਾ ਉਹਦੇ ਘਰਦਿਆਂ ਨੂੰ ਪਤਾ ਲੱਗ ਗਿਆ। ਤੇ ਉਹਨੂੰ ਲੱਗਿਆ ਅੱਗੇ ਕਿ ਬਣੇਗਾ? ਘਰਦੇ, ਸਮਾਜ ਕੀਕਹੇਗਾ? ਇਸੇ ਡਰ ਕਰਕੇ ਆਪਣੀ ਜਾਨ ਗਵਾ ਲਈ। ਤਸਵੀਰ ਸਾਂਝੀ ਕਰਨ ਦੀ ਸਜ਼ਾ ਮਿਲੀ ਉਹਨੂੰ ਮੌਤ ਦੀ। ਇੱਕ ਤਸਵੀਰ ਦੇ ਸੋਸ਼ਲ ਮੀਡੀਆ ਉੱਤੇ ਪੈ ਜਾਣ ਦੇ ਕਾਰਨ, ਬਿਨਾਂ ਸੋਚੇ-ਸਮਝੇ ਉਹਨੇ ਇੱਡਾ ਵੱਡਾ ਕਦਮ ਚੁੱਕ ਲਿਆ। ਉਹਨੂੰ ਆਪਣੇ ਨਜ਼ਦੀਕ ਕੋਈ ਵੀ ਨਾ ਜਾਪਿਆ ਜਿਸ ਨਾਲ ਉਹ ਆਪਣਾ ਦਰਦ ਵੰਡ ਸਕੇ। ਫੋਟੋ ਵਿੱਚ ਕੁਝ ਗਲਤ ਨਹੀਂ ਸੀ, ਕਿ ਕੋਈ ਜਾਨ ਦੇਣ ਤਕ ਚਲਾ ਜਾਵੇ। ਸ਼ਾਇਦ ਉਸਦੇ ਘਰਦਿਆਂ ਨੇ ਵੀ ਸਮਝਿਆ ਨਹੀਂ। ਇਸ ਸਭ ਤੋਂ ਇਹੀ ਪ੍ਰਤੀਤ ਹੁੰਦਾ ਹੈ।

ਸਮਾਜ ਵਿੱਚ ਵਿਚਰਦਿਆਂ ਸਾਡੀ ਹਉਮੈ ਨੂੰ ਇਸ ਸਭ ਤੋਂ ਠੇਸ ਪਹੁੰਚਦੀ ਹੈ। ਪਰ ਅਜਿਹੀਆਂ ਸਥਿਤੀਆਂ ਵਿੱਚ ਹਉਮੈ ਤੋਂ ਜ਼ਿਆਦਾ ਕਿਸੇ ਦੀ ਜ਼ਿੰਦਗੀ ਜ਼ਰੂਰੀ ਹੁੰਦੀ ਹੈ। ਸਾਡੇ ਵੱਡੇ-ਵਡੇਰੇ ਸ਼ਾਇਦ ਭੁੱਲ ਜਾਂਦੇ ਹਨ ਕਿ ਵੀਹ ਸਾਲ ਦੀ ਉਮਰ ਤਕ ਤਾਂ ਆਪਣੇ ਬੱਚਿਆਂ ਨੂੰ ਸਮਝੋ ਤੇ ਉਹਨਾਂ ਦੀਆਂ ਗ਼ਲਤੀਆਂ ਸੁਧਾਰਨ ਵਿੱਚ ਉਨਾਂ ਦਾ ਸਾਥ ਦੇਵੋ। ਵੱਡੇ-ਵੱਡੇ ਅਪਰਾਧ ਕਰਨ ਵਾਲੇ ਅੱਜ ਬੇਖੌਫ਼ ਘੁੰਮ ਰਹੇ ਹਨ ਤੇ ਕੁਝ ਲੋਕ ਸਮਾਜ ਦੇ ਡਰ ਤੋਂ ਆਪਣੀ ਜਾਨ ਦੇਣ ਲਈ ਮਜਬੂਰ ਹੋ ਜਾਂਦੇ ਹਨ। ਸਾਡੇ ਸਮਾਜ ਵਿੱਚ ਇੱਕ ਸਕੂਲ ਪੜਦੀ ਕੁੜੀ ਦੀ ਮੁੰਡੇ ਨਾਲ ਫੋਟੋ, ਉਹ ਵੀ ਫੇਸਬੁੱਕ 'ਤੇ, ਗੱਲ ਤਾਂ ਵੱਡੀ ਹੈ ਪਰ ਪੱਛਮੀ ਸਮਾਜ ਲਈ ਇਹ ਬਹੁਤ ਸਧਾਰਨ ਗੱਲ ਹੋਣੀ ਸੀ। ਅਤੇ ਜੇਕਰ ਇੱਕ ਮੁੰਡੇ ਨੇ ਉਹਦੇ ਨਾਲ ਸਧਾਰਨ ਹਾਲਤ ਵਿੱਚ ਖਿੱਚੀ ਉਹਦੀ ਤਸਵੀਰ ਸੋਸ਼ਲ ਸਾਈਟ ਉੱਤੇ ਪਾ ਦਿੱਤੀ ਤਾਂ ਕੀ ਇਹ ਉਹਦੀ ਗਲਤੀ ਸੀ? ਜੇ ਮਾੜੀ ਮੋਟੀ ਗਲਤੀ ਤੁਹਾਨੂੰ ਭਾਰਤੀ ਸਮਾਜ ਵਿੱਚ ਪੈਦਾ ਹੋਣ ਕਰਕੇ ਜਾਪਦੀ ਵੀ ਹੈ ਤਾਂ ਉਹਦੀ ਸਜ਼ਾ ਆਤਮ ਹੱਤਿਆ? ਕੀ ਉਹ ਇਸਦੀ ਹੱਕਦਾਰ ਸੀ? ਅਜਿਹਾ ਮੁੰਡਿਆਂ ਨਾਲ ਕਿਉਂ ਨਹੀਂ ਹੁੰਦਾ? ਹੁਣ ਪਿੱਛੇ ਅਸੀਂ ਬਚਦੇ ਹਾਂ, ਅਖੌਤੀ ਸਮਝਦਾਰ ਤੇ ਇੱਜ਼ਤਦਾਰ ਸਮਾਜ ਵਾਸੀ। ਕੀ ਅਸੀਂ ਜਾਨਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਹ ਜਾਂ ਉਹਦੇ ਵਰਗੀਆਂ ਹਜ਼ਾਰਾਂ ਕੁੜੀਆਂ ਆਪਣੇ ਘਰਦਿਆਂ ਨਾਲ ਵੀ ਕੋਈ ਗੱਲ ਕਰਨ ਤੋਂ ਕਿਉਂ ਡਰ ਮਹਿਸੂਸ ਕਰਦੀਆਂ ਨੇ? ਕਿਉਂ ਉਹ ਐਨੀ ਇਕੱਲਤਾ ਮਹਿਸੂਸ ਕਰਦੀਆਂ ਹਨ ਕਿ ਆਪਣੀ ਦਿਲ ਦੀ ਰੀਝ ਨਹੀਂ ਦੱਸ ਪਾਉਂਦੀਆਂ?

ਜਦੋਂ ਦੋ ਮਰਦ ਜਾਂ ਔਰਤਾਂ ਆਪਸ ਵਿੱਚ ਲੜਦੇ ਹਨ, ਗਾਲ ਹਮੇਸ਼ਾ ਕਿਸੇ ਨਾ ਕਿਸੇ ਦੀ ਧੀ-ਭੈਣ ਜਾਂ ਮਾਂ ਨੂੰ ਦਿੱਤੀ ਜਾਂਦੀ ਹੈ, ਜਿਨਾਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ, ਜੋ ਉੱਥੇ ਹਾਜ਼ਰ ਵੀ ਨਹੀਂ ਹੁੰਦੀਆਂ। ਆਪਣੇ ਬੱਚਿਆਂ ਦਾ ਸਾਥ ਦੇਵੋ। ਜੇਕਰ ਉਹ ਵਾਰ-ਵਾਰ ਗਲਤੀ ਕਰ ਰਹੇ ਹਨ ਤਾਂ ਤੁਸੀਂ ਆਪਣੇ ਆਪ ਵੱਲ ਵੀ ਥੋੜਾ ਧਿਆਨ ਦੇਵੋ। ਆਪਣੇ ਘਰ ਦੇ ਮਾਹੌਲ 'ਤੇ ਨਜ਼ਰ ਮਾਰੋ। ਬੱਚਿਆਂ ਦੀ ਹਰ ਹਰਕਤ 'ਤੇ ਧਿਆਨ ਦੇਵੋ। 20-22 ਸਾਲ ਦੀ ਉਮਰ ਤਕ ਬੱਚਿਆਂ ਨੂੰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਪੂਰੇ ਸਹਿਯੋਗ ਦੀ ਜ਼ਰੂਰਤ ਹੁੰਦੀ ਹੈ। ਜਦੋਂ ਮਾਪੇ ਇਸ ਤੋਂ ਪੱਲਾ ਛੁਡਾਉਂਦੇ ਹਨ, ਅਤੇ ਬਰੀਕੀ ਨਾਲ ਅਜਿਹੀਆਂ ਘਟਨਾਵਾਂ ਨੂੰ ਨਹੀਂ ਸਮਝਦੇ, ਨਹੀਂ ਸਬਕ ਲੈਂਦੇ ਤਾਂ ਫਿਰ ਅਜਿਹੀਆਂ ਘਟਨਾਵਾਂ ਰੁਕਣ ਦੀ ਥਾਂ ਵਧਦੀਆਂ ਹਨ। ਐਵੇਂ ਹੀ ਜਦੋਂ ਮਾਪੇ ਆਪਣੀਆਂ ਜ਼ਿੰਮੇਵਾਰੀਆਂ ਭੁੱਲ ਕੇ ਵੱਡੀਆਂ ਆਸਾਂ ਲਾ ਬੈਠਦੇ ਹਨ ਤਾਂ ਅਕਸਰ ਉਦੋਂ ਵੀ ਬੱਚੇ ਮਾਪਿਆਂ ਦੀਆਂ ਆਸਾਂ ਦੇ ਬੋਝ ਥੱਲੇ ਦੱਬ ਜਾਂਦੇ ਹਨ। ਦਿਲ ਤਾਂ ਸਭ ਦਾ ਕਰਦਾ ਹੈ ਕਿ ਉਹ ਆਪਣਾ ਭਵਿੱਖ ਸੁਨਹਿਰੀ ਬਣਾ ਸਕੇ।

ਪੁਰਾਣੇ ਸਮਿਆਂ ਵਿੱਚ ਰਿਸ਼ਤਿਆਂ ਦਾ ਵਾਤਾਵਰਨ, ਆਸ-ਪਾਸ ਮਾਹੌਲ ਅੱਜ ਦੇ ਮਾਹੌਲ ਵਰਗਾ ਨਹੀਂ ਸੀ। ਇਸ ਲਈ ਮਜੂਦਾ ਪ੍ਰਸਥਿਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਨੂੰ ਸਭ ਨੂੰ ਆਪਣੇ ਆਪ ਵਿੱਚ ਬਦਲਾਓ ਲਿਆਉਣਾ ਚਾਹੀਦਾ ਹੈ। ਖੜੋਤ ਦੀ ਅਵਸਥਾ ਵਿੱਚ ਤਾਂ ਪਾਣੀ ਵੀ ਗੰਧਲਾ ਹੋ ਕੇ ਮੁਸ਼ਕ ਮਾਰਨ ਲੱਗ ਪੈਂਦਾ ਹੈ। ਇਸ ਲਈ ਲੋੜ ਹੈ ਅਜਿਹੀਆਂ ਅਵਸਥਾਵਾਂ ਵਿੱਚ ਮਾਪੇ ਤੇ ਅਧਿਆਪਕ ਬੱਚਿਆਂ ਨੂੰ ਬੇਝਿਜਕ ਸਿੱਖਿਆ ਤੇ ਸਾਥ ਦੇਣ, ਅਤੇ ਸਮੇਂ-ਸਮੇਂ 'ਤੇ ਸਮਝਾਉਣ। ਉਹਨਾਂ ਨਾਲ ਦੋਸਤਾਨਾ ਸਬੰਧ ਕਾਇਮ ਕਰਨ। ਸਕੂਲ ਪੜਦੇ ਬੱਚਿਆਂ ਨੂੰ ਸਮੇਂ-ਸਮੇਂ ਆਪਣੀ ਸੰਸਕ੍ਰਿਤੀ, ਸੱਭਿਆਚਾਰ ਤੇ ਨਾਮਵਰ ਹਸਤੀਆਂ ਨਾਲ ਰੂ-ਬ-ਰੂ ਕਰਵਾਉਂਦੇ ਰਹਿਣ ਕਿਉਂਕਿ ਇਸ ਉਮਰ ਵਿੱਚ ਬੱਚਿਆਂ ਉੱਤੇ ਪਿਆ ਪ੍ਰਭਾਵ ਸਥਾਈ ਰੂਪ ਗ੍ਰਹਿਣ ਕਰ ਲੈਂਦਾ ਹੈ। ਆਓ ਆਪਾਂ ਸੋਸ਼ਲ ਮੀਡੀਆ ਦੇ ਦੌਰ ਅੰਦਰ ਖ਼ੁਦ ਵੀ 'ਸੋਸ਼ਲ' ਹੋਈਏ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

## 30 ਜੂਨ ਮੀਰੀ-ਪੀਰੀ ਦਿਵਸ ‘ਤੇ

# ਮੀਰੀ ਪੀਰੀ ਦੇ ਮਾਲਕ:ਸ੍ਰੀ ਗੁਰੂ ਹਰਗੋਬਿੰਦ ਜੀ

**- ਰਮੇਸ਼ ਬੱਗਾ ਚੋਹਲਾ**

ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਲੋਕਾਈ ਨੂੰ ਮਿਆਰੀ,ਪਰਉਪਕਾਰੀ ਅਤੇ ਵਿਹਾਰੀ (ਅਮਲੀ) ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਹੈ,ਉੱਥੇ ‘ਸਿਰ ਤਲੀ ‘ਤੇ ਧਰ ਕੇ ਪ੍ਰੇਮ (ਰੱਬੀ) ਦੀ ਖੇਡ ਖੇਡਣ ਦੀ ਵੰਗਾਰ ਵੀ ਦਿੱਤੀ ਹੈ।’ ਇਸ ਖੇਡ ਨੂੰ ਖੇਡਣ ਲਈ ਸੰਤ ਸੁਭਾਅ ਦੇ ਨਾਲ-ਨਾਲ ਸਿਪਾਹੀਅਤ (ਜੂਝਾਰੂ ਬਿਰਤੀ) ਨੂੰ ਵੀ ਬਰਾਬਰ ਅਹਿਮੀਅਤ ਦਿੱਤੀ ਗਈ ਹੈ ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

**ਜੇ ਜੀਵੈ ਪਤਿ ਲੱਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥**

ਇਸ ਪਤਿ ਦੀ ਸਲਾਮਤੀ ਹਿੱਤ ਅਤੇ ਸਿੱਖੀ ਨੂੰ ਅਣਖ ਦੀ ਪਾਣ ਚੜਾਈ (ਸ਼ਸਤਰਧਾਰੀ ਹੋ ਕੇ) ਰੱਖਣ ਲਈ ਛੇਵੇਂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ ਜਿਸ ਨੂੰ ਸਿੱਖ ਇਤਿਹਾਸ ਵਿਚ ਮੀਰੀ ਅਤੇ ਪੀਰੀ ਦਾ ਨਾਮ ਦਿੱਤਾ ਗਿਆ ਹੈ।ਧਰਮ ਅਤੇ ਰਾਜਨੀਤੀ ਦੀ ਇਸ ਨਿਵੇਕਲੀ ਪਰ ਚਿਰਸਥਾਈ ਸਾਂਝ ਨਾਲ ਸਿੱਖ ਧਰਮ ਇਕ ਅਤਿ ਅਣਖੀਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

**ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ ॥**
**ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ ॥**
**ਚਲੀ ਪੀੜੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ ॥**
**ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ ॥**
(1-48-4)

ਪੀੜੀ ਭਾਵੇਂ ਸੋਢੀਆਂ ਦੀ ਹੀ ਸੀ ਅਤੇ ਹਾਕਮ ਵੀ ਪੰਚਮ ਪਾਤਸ਼ਾਹ ਦਾ ਹੀ ਵਰਤ ਰਿਹਾ ਸੀ ਪਰ ਅਭਿਆਸੀ ਰੂਪ ਵਿਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਕੇ ਜਿਥੇ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੀ ਸੰਤ ਬਲ ਅਤੇ ਰਾਜ ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਕਿਉਂਕਿ ਗੁਰੂ ਸਾਹਿਬ ਦਾ ਦ੍ਰਿੜ ਵਿਸ਼ਵਾਸ਼ ਸੀ ਕਿ ਗੁਰੂ ਨਾਨਕ ਦੇ ਘਰ ਵਿੱਚ ਸੰਤਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣਗੇ। ਭਾਵ ਇਕ ਚੰਗਾ ਸੰਤ ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਨਹੀਂ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਛੇਵੀਂ ਜੋਤ ਸ਼੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 19 ਜੂਨ 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ।

ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦਿਹਾੜੇ ਦੀਆਂ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨਾਂ ਦੋਖੀਆ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ ਜੋ ਪਰਿਵਾਰਕ ਤੌਰ ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ ਤੇ ਕਬਜਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤ ਬੰਦੀਆਂ ਕਰਨ ਲੱਗਾ। ਇਨਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ ਆਪ ਲਈ ਹੀ ਘਾਤਿਕ ਸਾਬਤ ਹੋ ਗਿਆ।ਇਸ ਤੋਂ ਬਾਅਦ ਪ੍ਰਿਥੀਏ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਫ਼ਨੀਅਰ ਸੱਪ ਨੂੰ ਛੱਡ ਦਿੱਤਾ ਪਰ ਹਰਿਗੋਬਿੰਦ ਜੀ (ਗੁਰੂ ਜੀ) ਉਸ ਵਾਰ ਤੋਂ ਵੀ ਬਚ ਗਏ।

ਗੁਰੂ ਅਰਜਨ ਦੇਵ ਜੀ ਜੋ ਸਰਬਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤ 1597 ਈ: ਨੂੰ ਵਡਾਲੀ ਗੁਰੂ ਕੀ ਵਿਖੇ ਆ ਗਏ।ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਵਿਖੇ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਤਾਂ ਕੁੱਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਵਾਰ ਉਹ ਥੋੜਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ ਤੇ ਤੀਸਰਾ ਹਮਲਾ ਕਰ ਦਿੱਤਾ।ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ: ਦੇ ਅਕਤੂਬਰ ਮਹੀਨੇ ਵਿਚ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵਲੋ ਵੱਖ-ਵੱਖ ਧਰਮਾਂ ਪ੍ਰਤੀ ਅਪਨਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਹਨਾਂ ਕੱਟੜ ਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਬਾਬਾ ਬੁੱਢਾ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੈ ਹਨ।

6 ਅਪ੍ਰੈਲ 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋਂ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪ੍ਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜ ਪੰਥੀਆਂ ਨੇ ਜਹਾਂਗੀਰ ਦੇ ਕੰਨਾ ਵਿਚ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਫੂਕ ਮਾਰ ਦਿੱਤੀ। ਜਹਾਂਗੀਰ ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਸੰਨ 1606 ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁੱਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜਿੰਮੇਵਾਰੀ ਸ਼੍ਰੀ ਗਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ।ਇਸ ਮੌਕੇ ਤੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ) ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਸ਼੍ਰੀ ਗੁਰੂ ਹਰਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥੱਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁੱਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ ਤੇ ਸਫ਼ਲਤਾ ਪੂਰਵਕ ਚੱਲਣ ਲਈ ਉਨਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ ਨਾਲ ਵਧੀਆ ਘੋੜੇ ਅਤੇ ਸ਼ਸਤਰ ਵੀ ਖ੍ਰੀਦ ਕੇ ਭੇਜਿਆ ਕਰਨ। ਇਸ ਤਰਾਂ ਸਿੱਖਾਂ ਕੋਲ ਜਿਥੇ ਘੋੜਿਆਂ ਦੀ ਗਿਣਤੀ ਵਿਚ ਵਾਧਾ ਹੋਇਆ ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗਿਆਂ ਸ਼ਸਤਰਾਂ ਨਾਲ ਭਰਪੂਰ ਹੋਣ ਲੱਗ ਪਿਆ।

ਘੋੜੇ ਅਤੇ ਹਥਿਆਰ ਜਮਾਂ ਕਰਨ ਦੇ ਨਾਲ-ਨਾਲ ਸਾਹਿਬ ਨੇ ਆਪਣੇ ਸਿਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵੱਧਣ ਲੱਗੀ।ਦੂਰੋਂ-ਨੇੜਿਓ ਕਈ ਗਭਰੂ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਮਾਰਸ਼ਲ ਆਰਟ ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਂਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰਾਤਮਕ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖਤਿਆਰ ਕਰ ਗਈ ਜਦੋਂ 1608 ਈ: ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ -ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ।

ਬਾਕੀ ਸਫ਼ਾ 32 ’ਤੇ

# ਪੰਜਾਬ ਦਾ ਪਵਿੱਤਰ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ

**- ਸੁਰਿੰਦਰਪਾਲ ਸਿੰਘ ਗੋਲਡੀ**

\ਅਨੰਦਪੁਰ ਦਾ ਸ਼ਾਬਦਿਕ ਅਰਥ ਪਰਮ ਸੁਖਾਂ ਦਾ ਸ਼ਹਿਰ। ਇਹ ਪੰਜਾਬ ਦੇ ਜ਼ਿਲੇ ਰੋਪੜ ਵਿਚ ਸ਼ਿਵਾਲਿਕ ਦੇ ਹੇਠਲੇ ਖੇਤਰ ਵਿਚ ਸਥਿਤ ਹੈ। ਇਹ ਸਿੱਖਾਂ ਦੇ ਸਭ ਤੋਂ ਮਹੱਤਵਪੂਰਨ ਤੀਰਥ ਕੇਂਦਰਾਂ ਵਿਚੋਂ ਇਕ ਹੋਣ ਕਰਕੇ ਇਸ ਨੂੰ ਸਤਿਕਾਰ ਨਾਲ ਸ੍ਰੀ ਅਨੰਦਪੁਰ ਸਾਹਿਬ ਕਿਹਾ ਜਾਂਦਾ ਹੈ। ਸਿੱਖਾਂ ਦੇ ਪੰਜਾਂ ਤਖ਼ਤਾਂ ਵਿਚੋਂ ਇਕ ਤਖ਼ਤ ਸ੍ਰੀ ਕੇਸਗੜ ਸਾਹਿਬ ਤੇ ਹੋਰ ਕਈ ਪਵਿੱਤਰ ਗੁਰਦੁਆਰੇ ਇਥੇ ਹਨ। ਇਸ ਨਾਲ ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਕਈ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਅਨੰਦਪੁਰ ਦਾ ਨੀਂਹ ਪੱਥਰ ਗੁਰੂ ਤੇਗ਼ ਬਹਾਦਰ (1621-75) ਨੌਵੇਂ ਨਾਨਕ ਨੇ 19 ਜੂਨ 1665 ਨੂੰ ਇਕ ਪੁਰਾਣੇ ਪਿੰਡ ਮਾਖੋਵਾਲ ਦੇ ਇਕ ਥੇਹ ਉੱਤੇ ਰੱਖਿਆ ਸੀ ਜਿਹੜਾ ਗੁਰੂ ਨੇ ਪਹਿਲਾਂ ਕਹਲੂਰ (ਬਿਲਾਸਪੁਰ) ਦੇ ਪਹਾੜੀ ਰਾਜਪੂਤ ਰਿਆਸਤ ਤੋਂ ਇਸੇ ਮਤਲਬ ਲਈ ਖਰੀਦਿਆ ਸੀ। ‘ਗੁਰ ਸੋਭਾ’ ਗ੍ਰੰਥ ਦਾ ਕਰਤਾ ਲਿਖਦਾ ਹੈ, ”ਮਾਖੋਵਾਲ ਸੁਹਾਵਣਾ ਸਤਿਗੁਰ ਕੋ ਅਸਥਾਨ।” ਇਸ ਨਗਰੀ ਦੀ ਨੀਂਹ ਨੌਂਵੇ ਪਾਤਸ਼ਾਹ ਨੇ ਬਾਬਾ ਬੁੱਢਾ ਜੀ ਦੇ ਪੋਤਰੇ ਬਾਬਾ ਗੁਰਦਿੱਤਾ ਜੀ ਪਾਸੋਂ ਰਖਵਾਈ ਸੀ। ਗੁਰੂ ਸਾਹਿਬ ਨੇ ਆਪਣੀ ਮਾਤਾ ਦੇ ਨਾਂ ਤੇ ਇਸ ਨਵੀਂ ਆਬਾਦੀ ਦਾ ਨਾਂ ਚੱਕ ਨਾਨਕੀ ਰੱਖਿਆ ਅਤੇ ਇਸਦੇ 8 ਕਿਲੋਮੀਟਰ ਦੱਖਣ ਵੱਲ ਕੀਰਤਪੁਰ ਤੋਂ ਆਪਣੇ ਪਰਿਵਾਰ ਸਮੇਤ ਇਥੇ ਗਏ। ਪਰੰਤੂ ਛੇਤੀ ਹੀ ਆਪ ਦੇਸ ਦੇ ਪੂਰਬੀ ਹਿੱਸਿਆਂ ਵੱਲ ਯਾਤਰਾਵਾਂ ਤੇ ਚੱਲ ਪਏ। ਇਸ ਲਈ ਚੱਕ ਨਾਨਕੀ ਦਾ ਵਿਕਾਸ 1672 ਤੱਕ ਉਹਨਾਂ ਦੇ ਵਾਪਸ ਆਉਣ ਤੱਕ ਰੁਕਿਆ ਰਿਹਾ। ਜਦੋਂ ਪੰਜਾਬ ਅਤੇ ਹੋਰ ਦੂਰ ਦੁਰੇਡੇ ਥਾਵਾਂ ਤੋਂ ਸ਼ਰਧਾਲੂ ਇਥੇ ਆਉਣ ਲੱਗੇ ਤਾਂ ਇਹ ਛੋਟੀ ਜਿਹੀ ਆਬਾਦੀ ਇਕ ਵਧਦੇ ਫੁਲਦੇ ਸ਼ਹਿਰ ਵਿਚ ਬਦਲ ਗਈ। ਜਿੱਥੇ ਮਈ 1675 ਵਿਚ ਕਸ਼ਮੀਰ ਤੋਂ ਪੰਡਤਾਂ ਦਾ ਇਕ ਜਥਾ ਆਪਣੀਆਂ ਤਕਲੀਫਾਂ ਦੱਸਣ ਲਈ ਗੁਰੂ ਤੇਗ ਬਹਾਦਰ ਜੀ ਕੋਲ ਆਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਰਨ ਆਏ ਕਸ਼ਮੀਰੀ ਪੰਡਤਾਂ ਦੀ ਧਾਰਮਿਕ ਆਜ਼ਾਦੀ ਲਈ 9 ਸਾਲ ਦੀ ਉਮਰ ਵਿਚ ਇੱਥੋਂ ਹੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹਾਦਤ ਦੇਣ ਲਈ ਦਿੱਲੀ ਵੱਲ ਤੋਰਿਆ ਸੀ।

ਸ੍ਰੀ ਅਨੰਦਪੁਰ ਸਾਹਿਬ ਨਾ-ਸਿਰਫ਼ ਖ਼ਾਲਸੇ ਦੀ ਜਨਮ ਭੂਮੀ ਹੋਣ ਕਾਰਨ ਹੀ ਸਿੱਖਾਂ ਲਈ ਪੂਜਣਯੋਗ ਹੈ, ਸਗੋਂ ਅਨੰਦਪੁਰ ਸਾਹਿਬ ਸਿੱਖੀ ਦਾ ਬੁਲੰਦ ਸੰਕਲਪ, ਇਕ ਫ਼ਲਸਫ਼ਾ ਅਤੇ ਸਿੱਖ ਦਰਸ਼ਨ ਦਾ ਇਕ ਸਥੂਲ ਅਮਲ ਵੀ ਹੈ। 1689 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ‘ਅਨੰਦਪੁਰ ਸਾਹਿਬ’ ਦਾ ਨਾਂਅ ਦਿੱਤਾ।

ਸ੍ਰੀ ਅਨੰਦਪੁਰ ਸਾਹਿਬ ਜਿਥੇ ਅਗੰਮੀ ਦ੍ਰਿਸ਼ਟੀਆਂ ਵਰਸਾਉਣ ਵਾਲਾ ਆਤਮਿਕ ਜਗਿਆਸੂਆਂ ਲਈ ਸੁਹਾਵਨਾ ਅਸਥਾਨ ਬਣਿਆ, ਉਥੇ ਇਹ ਰਾਜਨੀਤਕ ਤੌਰ ’ਤੇ ਵੀ ਦੇਸ਼ ਦੀ ਤਕਦੀਰ ਬਦਲਣ ਵਾਲਾ ਸਿਧਾਂਤ ਬਣ ਕੇ ਦੁਨੀਆ ਦੇ ਨਕਸ਼ੇ ’ਤੇ ਆਇਆ। ‘ਮੈਦਾਨ-ਏ-ਜੰਗ’ ਵਿਚ ਭਾਈ ਘਨੱਈਆ ਜੀ ਵਲੋਂ ਬਿਨਾਂ ਵਿਤਕਰਾ ਕੀਤਿਆਂ ਦੁਸ਼ਮਣ ਫ਼ੌਜਾਂ ਦੇ ਜ਼ਖ਼ਮੀ ਸਿਪਾਹੀਆਂ ਨੂੰ ਵੀ ਪਾਣੀ ਪਿਲਾ ਕੇ ਸਿੱਖ ਧਰਮ ਦਾ ”ਨਾ ਕੋ ਬੈਰੀ ਨਹੀ ਬਿਗਾਨਾ’ ਦਾ ਸੰਕਲਪ ਵੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੋਂ ਹੀ ਅਮਲੀ ਰੂਪ ਵਿਚ ਦੁਨੀਆ ਦੇ ਸਾਹਮਣੇ ਦ੍ਰਿਸ਼ਟਮਾਨ ਕੀਤਾ ਗਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਜਬਰ-ਜ਼ੁਲਮ ਦੇ ਖਿਲਾਫ਼ ਸੱਚ ਦੀ ਜੰਗ ਦੌਰਾਨ ‘ਪੰਜ ਕਿਲੇ’ ਬਣਾਏ। ਇਹ ਕਿਲੇ ਨਾ ਸਿਰਫ਼ ਸ੍ਰੀ ਅਨੰਦਪੁਰ ਸਾਹਿਬ ਦੀ ਦੁਸ਼ਮਣ ਦੇ ਹਮਲਿਆਂ ਤੋਂ ਹੀ ਰੱਖਿਆ ਕਰਦੇ ਸਨ, ਸਗੋਂ ਇਨਾਂ ਦੀ ਆਤਮਿਕ ਦ੍ਰਿਸ਼ਟੀ ਤੋਂ ਵੀ ਅਹਿਮੀਅਤ ਘੱਟ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ‘ਕੇਸਗੜ’ ਨੂੰ ਕੇਂਦਰ ਵਿਚ ਰੱਖ ਕੇ ਇਸ ਦੇ ਆਲੇ-ਦੁਆਲੇ ਪੰਜ ਕਿਲੇ ਉਸਾਰੇ। ਕੇਸਗੜ ਦੇ ਅਸਥਾਨ ’ਤੇ ‘ਪੰਜ ਪਿਆਰਿਆਂ’ ਦੀ ਚੋਣ ਕਰਕੇ ‘ਖ਼ਾਲਸਾ ਪੰਥ’ ਦੀ ਸਾਜਨਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਤੇ ਸਨਮਾਨ ਲਈ ਦੁਨੀਆ ਦਾ ਸਭ ਤੋਂ ਅਹਿਮ ਤੇ ਵੱਡਾ ਇਨਕਲਾਬ ਸੀ। ਭਾਈ ਨੰਦ ਲਾਲ ਜੀ ਮੁਤਾਬਕ “ਇਹ ਸਿੱਖ ਫ਼ਲਸਫ਼ੇ ਦੇ ਅਸੂਲ ਦਾ ਕੇਂਦਰ ਹੈ, ਇਸ ਕਰਕੇ ਇਸ ਨੂੰ ਕੇਸਗੜ ਆਖਿਆ ਜਾਂਦਾ ਹੈ।” ਕੇਸਗੜ ਤੋਂ ਹੀ ਦਸਮ ਪਿਤਾ ਨੇ 80 ਹਜ਼ਾਰ ਦੇ ਇਕੱਠ ਵਿਚੋਂ ਯੋਗਤਾ ਤੇ ਗੁਣਾਂ ਦੇ ਆਧਾਰ ’ਤੇ ‘ਪੰਜ ਪਿਆਰੇ’ ਸਜਾ ਕੇ ਸਿੱਖ ਕੌਮ ਨੂੰ ‘ਸਿਲੈਕਸ਼ਨ’ (ਗੁਣਤੰਤਰ) ਦਾ ਰਾਜਨੀਤਕ ਨਮੂਨਾ ਦਿੱਤਾ ਸੀ।

ਜਿਸ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ‘ਕੇਸਗੜ’ ਦੀ ਰੱਖਿਆ ਲਈ ਪੰਜ ਕਿਲੇ ਉਸਾਰੇ, ਉਸੇ ਤਰਾਂ ਹੀ ‘ਖ਼ਾਲਸਾ ਸਾਜਨਾ ਵੇਲੇ’ ਸਦੀਵੀ ਆਤਮਿਕ ਅਡੋਲਤਾ ਕਾਇਮ ਰੱਖਣ ਲਈ ਸਿੱਖ ਨੂੰ ਪੰਜ ਕਕਾਰੀ ਫ਼ਿਲਾਸਫ਼ੀ ਦਿੱਤੀ। ਦਸਮ ਪਿਤਾ ਦੇ ਹੁੰਦਿਆਂ ਸ੍ਰੀ ਅਨੰਦਪੁਰ ਸਾਹਿਬ ’ਤੇ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੇ ਜਿੰਨੇ ਵੀ ਹਮਲੇ ਹੋਏ, ਉਨਾਂ ਵਿਚ ਕਦੇ ਵੀ ਇਕੱਠੇ ਪੰਜ ਕਿਲਿਆਂ ਤੱਕ ਦੁਸ਼ਮਣ ਫ਼ੌਜਾਂ ਨਹੀਂ ਪਹੁੰਚ ਸਕੀਆਂ। ਜਦੋਂ ਤੱਕ ਪੰਜ ਕਿਲੇ ਨਹੀਂ ਜਿੱਤੇ ਜਾਂਦੇ, ਕੇਸਗੜ ਸਾਹਿਬ ਤੱਕ ਦੁਸ਼ਮਣ ਫ਼ੌਜਾਂ ਦਾ ਪੁੱਜਣਾ ਅਸੰਭਵ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਸਭ ਤੋਂ ਪਹਿਲਾ ਕਿਲਾ ‘ਅਨੰਦਗੜ ਸਾਹਿਬ’ ਹੀ ਉਸਾਰਿਆ ਸੀ। ਇਹ ਅਪ੍ਰੈਲ 1689 ਵਿਚ ਬਣਨਾ ਸ਼ੁਰੂ ਹੋਇਆ ਸੀ। ਇਹ ਕਿਲਾ ਸਭ ਤੋਂ ਮਜ਼ਬੂਤ ਤੇ ਉੱਚਾ ਮੰਨਿਆ ਜਾਂਦਾ ਸੀ, ਜਿਹੜਾ ਕਿ ਸ਼ਹਿਰ ਤੋਂ ਦੱਖਣ ਵੱਲ ਅੱਧ ਕੁ ਮੀਲ ਪਹਾੜੀ ਨੂੰ ਕੱਟ ਕੇ 150 ਫ਼ੁੱਟ ਦੇ ਕਰੀਬ ਉਚਾਈ ’ਤੇ ਬਣਾਇਆ ਗਿਆ ਸੀ। ਅਨੰਦਪੁਰ ’ਤੇ ਫ਼ਤਹਿ ਪਾਉਣ ਲਈ ਮੁਗਲਾਂ ਤੇ ਪਹਾੜੀ ਰਾਜਿਆਂ ਦਾ ਸਭ ਤੋਂ ਵੱਧ ਜ਼ੋਰ ਇਸ ਕਿਲੇ ਨੂੰ ਕਬਜ਼ੇ ਵਿਚ ਲੈਣ ’ਤੇ ਹੀ ਲੱਗਾ ਰਿਹਾ। ਸ੍ਰੀ ਅਨੰਦਪੁਰ ਸਾਹਿਬ ਦਾ ਇਤਿਹਾਸ ਸਾਨੂੰ ਵਾਰ-ਵਾਰ ਆਪਣੇ ਆਤਮਿਕ ‘ਅਨੰਦਗੜ’ ਨੂੰ ਮਜਬੂਤ ਤੇ ਕਾਇਮ ਰੱਖਣ ਦੀ ਹੀ ਸਿੱਖਿਆ ਦਿੰਦਾ ਹੈ।

ਪੰਜ ਕਿਲਿਆਂ ਵਿਚੋਂ ਕਿਲਾ ਲੋਹਗੜ ਖ਼ਾਸ ਅਹਿਮੀਅਤ ਰੱਖਦਾ ਸੀ। ਇਥੇ ਹੀ ਸਿੱਖ ਫ਼ੌਜਾਂ ਦਾ ਹਥਿਆਰ ਬਣਾਉਣ ਦਾ ਕਾਰਖਾਨਾ ਲੱਗਾ ਹੋਇਆ ਸੀ। ਇਸੇ ਕਿਲੇ ਦਾ ਮਜ਼ਬੂਤ ਦਰਵਾਜ਼ਾ ਤੋੜਨ ਲਈ ਪਹਾੜੀ ਫ਼ੌਜਾਂ ਨੇ ਸ਼ਰਾਬ ਪਿਲਾ ਕੇ ਇਕ ਮਸਤ ਹਾਥੀ ਨੂੰ ਭੇਜਿਆ ਸੀ, ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਣੀ ਬਰਛਾ ਮਾਰ ਕੇ ਮੋੜਿਆ।

ਇਹ ਕਿਲਾ ਸਿੱਖ ਫ਼ਲਸਫ਼ੇ ਨੂੰ ਰੂਪਮਾਨ ਕਰਦਾ ਹੈ ਕਿ, ਆਪਣੇ ਅਨੰਦਗੜ ਨੂੰ ਕਾਇਮ ਰੱਖਣ ਅਤੇ ਕੇਸਗੜ ਦੀ ਪ੍ਰਭੂਸੱਤਾ ਤੱਕ ਦੁਸ਼ਮਣ ਫ਼ੌਜ ਨੂੰ ਪਹੁੰਚਣ ਤੋਂ ਰੋਕਣ ਲਈ ਸਿੱਖ ਨੇ ”ਸਰਬ ਲੋਹ ਦੀ ਰਛਿਆ” ਦਾ ਅਕੀਦਾ ਨਹੀਂ ਛੱਡਣਾ। ਸਿੱਖ ਨੇ ਸਰਬਲੋਹ ਨੂੰ ‘ਅਕਾਲ’ ਦਾ ਪ੍ਰਤੀਕ ਸਮਝ ਕੇ ਅੰਗ-ਸੰਗ ਰੱਖਣਾ ਹੈ। ਲੋਹਗੜ ਸਿੱਖ ਵਿਚੋਂ ਕਾਇਰਤਾ ਦੇ ਬੁਜ਼ਦਿਲੀ ਨੂੰ ਖ਼ਤਮ ਕਰਨ ਦਾ ਸੁਨੇਹਾ ਦਿੰਦਾ ਹੈ। ਇਹ ਸਿੱਖ ਨੂੰ ਆਪਣਾ ਹੌਂਸਲਾ ਤੇ ਮਨੋਬਲ ਲੋਹੇ ਵਰਗਾ ਫ਼ੌਲਾਦੀ ਬਣਾਉਣ ਦੀ ਸਿੱਖਿਆ ਦਿੰਦਾ ਹੈ।

ਤੀਜੇ ਕਿਲੇ ਹੋਲਗੜ ਦਾ ਫ਼ਲਸਫ਼ਾ ਸਿੱਖ ਨੂੰ ਸਦਾ ਕਿਰਿਆਸ਼ੀਲ ਰਹਿਣ ਦਾ ਸੁਨੇਹਾ ਦਿੰਦਾ ਹੈ। ‘ਹੋਲ’ ਦਾ ਅਰਥ ਹੈ ‘ਹਮਲਾ’ ਅਤੇ ਇਹ ਸ਼ਬਦ ‘ਹੂਲ’ ਤੋਂ ਬਣਿਆ ਹੈ, ਜਿਸ ਦਾ ਭਾਵ ਹੈ ਨੇਕ ਅਤੇ ਭਲੇ ਕੰਮ ਲਈ ਜੂਝਣਾ। ਗੁਰੂ ਗੋਬਿੰਦ ਸਿੰਘ ਜੀ ਨੇ ‘ਹੋਲਗੜ’ ਦੇ ਸਥਾਨ ਤੋਂ ‘ਹੋਲੇ’ ਦੀ ਰੀਤ ਆਰੰਭ ਕੀਤੀ। ਸਿੱਖਾਂ ਵਿਚ ਸਰੀਰਕ ਰਿਸ਼ਟ-ਪੁਸ਼ਟਤਾ ਅਤੇ ਸ਼ਸਤਰ ਕਲਾਵਾਂ ਲਈ ਉਤਸ਼ਾਹ ਜਾਗਣ ਲੱਗਾ।

ਚੌਥਾ ਕਿਲਾ ਫ਼ਤਹਿਗੜ ਸਾਹਿਬ ਸਿੱਖ ਨੂੰ ਆਸ਼ਾਵਾਦੀ ਅਤੇ ਚੜਦੀ ਕਲਾ ਵਿਚ ਰਹਿਣ ਦਾ ਸੁਨੇਹਾ ਦਿੰਦਾ ਹੈ। ਸਿੱਖ ਫ਼ਲਸਫ਼ੇ ਦੀ ਅਗੰਮੀ ਸਥਿਰਤਾ ਤੇ ਬੁਲੰਦੀ ‘ਫ਼ਤਹਿ’ ਵਿਚ ਹੀ ਹੈ। ਸਿੱਖ ਹਰ ਵੇਲੇ ਵਾਹਿਗੁਰੂ ਦੀ ਓਟ ਮੰਗਦਾ ਹੈ ਅਤੇ ਜਦੋਂ ਉਹ ਇਸ ਓਟ ਵਿਚ ਦੁਸ਼ਮਣ ’ਤੇ ਜਿੱਤ ਹਾਸਲ ਕਰਦਾ ਹੈ ਤਾਂ ਆਪਣੀ ਨਹੀਂ, ਸਗੋਂ ‘ਵਾਹਿਗੁਰੂ ਕੀ ਜੀ ਫ਼ਤਹਿ।’ ਦਾ ਡੰਕਾ ਵਜਾਉਂਦਾ ਹੈ।

ਪੰਜਵਾਂ ਕਿਲਾ ਅਨੰਦਪੁਰ ਸਾਹਿਬ ਤੋਂ ਉੱਤਰ-ਪੂਰਬ ਵੱਲ ਤਕਰੀਬਨ 5 ਕਿਲੋਮੀਟਰ ਦੂਰ ‘ਤਾਰਾਗੜ’ ਸਿੱਖ ਨੂੰ ਭਗਤੀ-ਸ਼ਕਤੀ ਦੇ ਸੁਮੇਲ ਦੀ ਜਾਚ ਸਿੱਖਣ ਦਾ ਫ਼ਲਸਫ਼ਾ ਦਿੰਦਾ ਹੈ।

ਬਾਕੀ ਸਫ਼ਾ 32 ’ਤੇ

# ਪੰਜਾਬ ਵਿਚ ਬੇਰੁਜ਼ਗਾਰੀ ਤੇ ਕਿਰਤ ਦੀ ਲੁੱਟ ਦਾ ਮਸਲਾ

**- ਵਿਨੋਦ ਮਿੱਤਲ (ਡਾ.)**

ਬਦਲ ਰਹੀਆਂ ਜੀਵਨ ਹਾਲਤਾਂ ਅਨੁਸਾਰ ਮਨੁੱਖ ਦੀਆਂ ਜੀਵਨ ਲੋੜਾਂ ਵਿਚ ਵੀ ਵਾਧਾ ਹੋਇਆ ਹੈ ਜਿਵੇਂ ਰੋਟੀ, ਕੱਪੜਾ ਤੇ ਮਕਾਨ ਦੇ ਨਾਲ ਨਾਲ ਜੀਵਨ ਵਿਚ ਅੱਗੇ ਵਧਣ ਲਈ ਸੰਤੋਸ਼ਜਨਕ ਮੌਕੇ ਅਤੇ ਬਰਾਬਰਤਾ ਆਦਿ। ਪਰ ਅਫਸੋਸ, ਬਦਲ ਰਹੀ ਜੀਵਨ-ਜਾਚ ਨੇ ਸਾਡੀਆਂ ਜੀਵਨ ਲੋੜਾਂ ਵਿਚ ਵਾਧਾ ਤਾਂ ਕਰ ਦਿੱਤਾ ਹੈ ਪਰੰਤੂ ਇਹਨਾਂ ਨੂੰ ਪੂਰਾ ਕਰਨ ਲਈ ਸਾਧਨ ਜਾਂ ਤਾਂ ਬਹੁਤ ਸੀਮਿਤ ਕਰ ਦਿੱਤੇ ਗਏ ਹਨ ਜਾਂ ਖ਼ਤਮ ਕੀਤੇ ਜਾ ਰਹੇ ਹਨ। ਸਧਾਰਨ ਲੋਕਾਈ ਦੋ ਵਕਤ ਦੀ ਰੋਟੀ ਦੇ ਜੁਗਾੜ ਵਿਚ ਹੀ ਉਲਝੀ ਹੋਈ ਹੈ। ਰੁਜ਼ਗਾਰ ਦਾ ਮਸਲਾ ਬੇਸ਼ੱਕ ਪੂਰੇ ਭਾਰਤ ਵਿਚ ਵਿਆਪਕ ਹੈ ਪਰੰਤੂ ਭਾਰਤ ਦੇ ਹੁਣ ਤੱਕ ਖ਼ੁਸ਼ਹਾਲ ਮੰਨੇ ਜਾਂਦੇ ਸੂਬੇ ਪੰਜਾਬ ਵਿਚ ਹਾਲਾਤ ਬਦ ਤੋਂ ਬਦਤਰ ਹੋ ਚੁੱਕੇ ਹਨ। ਇਸਦੇ ਬਹੁਤ ਸਾਰੇ ਸਥਾਨਕ ਕਾਰਣ ਹਨ ਤੇ ਬਹੁਤ ਸਾਰੇ ਬਾਹਰੀ, ਜਿਸ ਪਿੱਛੇ ਜਨਸਧਾਰਨ ਦੀ ਪੇਤਲੀ ਸਮਝ ਵੱਡੀ ਭੂਮਿਕਾ ਨਿਭਾਉਂਦੀ ਹੈ। ਨਾਂਹ-ਪੱਖੀ ਰਾਜਨੀਤੀ ਤਹਿਤ ਇਹ ਮਸਲਾ ਸਮੁੱਚੇ ਪੰਜਾਬੀ ਜਗਤ ਨੂੰ ਨਿਗਲਣ ਲਈ ਇਕ ਅਦਿੱਖ ਦਾਨਵ ਵਾਂਗ ਮੂੰਹ ਅੱਡੀ ਖੜਾ ਹੈ।

ਹੇਠਲੀ ਮਜ਼ਦੂਰ ਜਮਾਤ ਵਿਚ ਬਹੁ-ਗਿਣਤੀ ਅਨਪੜ ਲੋਕਾਂ ਦੀ ਹੈ (ਭਾਵੇਂ ਇਸ ਵਿਚ ਲਗਾਤਾਰ ਪੜ੍ਹੇ-ਲਿਖੇ ਲੋਕ ਸ਼ਾਮਿਲ ਹੁੰਦੇ ਜਾ ਰਹੇ ਹਨ)। ਇਹ ਦਿਹਾੜੀਦਾਰ ਲੋਕ ਹਰ ਰੋਜ਼ ਤਾਜ਼ਾ ਕਮਾਉਂਦੇ ਅਤੇ ਤਾਜ਼ਾ ਖਾਂਦੇ ਹਨ। ਜਿਸ ਦਿਨ ਕੰਮ ਨਹੀਂ ਮਿਲਦਾ ਉਸ ਦਿਨ ਘਰ ਦਾ ਚੁੱਲਾ ਵੀ ਨਹੀਂ ਬਲਦਾ। ਪੰਜਾਬ ਦੇ ਪਿੰਡਾਂ ਵਿਚ ਲਗਭਗ ਇਹਨਾਂ ਲੋਕਾਂ ਦਾ ਸਾਰਾ ਪਰਿਵਾਰ ਵੱਡੇ ਜ਼ਿਮੀਦਾਰਾਂ ਦੇ ਖੇਤਾਂ ਅਤੇ ਘਰਾਂ ਵਿਚ ਕੰਮ ਕਰਦਾ ਹੈ। ਬਦਲੇ ਵਿਚ ਉਹ ਆਪਣਾ ਜਿਉਣ ਜੋਗਾ ਜੀਵਨ ਨਹੀਂ ਕਮਾ ਸਕਦੇ, ਕੇਵਲ ਪੇਟ ਦੀ ਅੱਗ ਹੀ ਬੁਝਦੀ ਹੈ। ਕੰਮ ਲੈਣ ਦੇ ਲਾਲਚ ਵਜੋਂ ਅਕਸਰ ਅਜਿਹੇ ਮਜ਼ਦੂਰਾਂ ਨੂੰ ਨਸ਼ੇ ਦੇ ਆਦੀ ਵੀ ਬਣਾ ਦਿੱਤਾ ਜਾਂਦਾ ਹੈ। ਪੇਟ ਭਰ ਖਾਣਾ ਤੇ ਲੋੜ ਅਨੁਸਾਰ ਪਹਿਨਣਾ ਪਿੰਡ ਦੇ ਹਰੇਕ ਮਜ਼ਦੂਰ ਨੂੰ ਹਾਸਿਲ ਨਹੀਂ ਹੁੰਦਾ। ਕਿਉਂਕਿ ਅਜਿਹੇ ਜ਼ਿਮੀਦਾਰਾਂ ਦੇ ਵੀ ਪਿੰਡ ਵਿਚ ਕੇਵਲ ਦੋ ਚਾਰ ਘਰ ਹੀ ਹੁੰਦੇ ਹਨ। ਬਹੁਤ ਸਾਰੇ ਮਜ਼ਦੂਰ ਵਿਹਲੇ ਘੁੰਮਦੇ ਹਨ ਜਾਂ ਮਹੀਨੇ ਵਿਚ ਕਿਸੇ ਨੂੰ ਦਸ ਦਿਨ ਕੰਮ ਮਿਲਦਾ ਹੈ ਤੇ ਕਿਸੇ ਨੂੰ ਪੰਦਰਾਂ ਦਿਨ।

ਹੇਠਲੇ ਪੱਧਰ ਦੇ ਕਿਸਾਨਾਂ ਦੀ ਪਿੰਡਾਂ ਵਿਚ ਬਹੁ-ਗਿਣਤੀ ਹੈ, ਉਹਨਾਂ ਕੋਲ ਬਹੁਤ ਥੋੜੀ ਜ਼ਮੀਨ ਹੁੰਦੀ ਹੈ ਤੇ ਸਮਾਜਿਕ ਸ਼ਰਮ ਕਰਕੇ ਉਹ ਕੋਈ ਹੋਰ ਕੰਮ ਵੀ ਨਹੀਂ ਕਰਦੇ। ਅਜਿਹਾ ਕਿਸਾਨ ਆਰਥਿਕ ਤੰਗੀ ਕਾਰਣ ਅਕਸਰ ਛੋਟੇ ਦੁਕਾਨਦਾਰ ਜਾਂ ਬੈਂਕ ਤੋਂ ਲਏ ਕਰਜ਼ੇ ਦੇ ਪੈਸੇ ਮੁੱਕਰਣ ਦੀ ਕੋਸ਼ਿਸ਼ ਕਰਦਾ ਹੈ। ਪਰ ਕਈ ਵਾਰ ਵੱਡੇ ਸ਼ਾਹੂਕਾਰ ਤੇ ਬੈਂਕ ਉਸਨੂੰ ਭੱਜਣ ਨਹੀਂ ਦਿੰਦੇ ਤੇ ਸ਼ਰਮ ਦੇ ਮਾਰੇ ਉਹ ਸਲਫਾਸ ਨਿਗਲ ਜਾਂਦਾ ਹੈ। ਅਜਿਹੇ ਪਰਿਵਾਰਾਂ ਦੇ ਨੌਜਵਾਨ ਮੁੰਡੇ ਕੁੜੀਆਂ ਜੋ ਆਪਣੇ ਅਤੇ ਪਰਿਵਾਰ ਦੇ ਜੀਵਨ ਨੂੰ ਪੜ-ਲਿਖ ਕੇ ਉੱਚਾ ਚੁੱਕਣ ਦੀ ਕੋਸ਼ਿਸ਼ ਵਿਚ ਹੁੰਦੇ ਹਨ ਆਰਥਿਕ ਤੰਗੀ ਕਾਰਣ ਅਕਸਰ ਪੜਾਈ ਵਿਚਕਾਰ ਹੀ ਛੱਡ ਦਿੰਦੇ ਹਨ ਤੇ ਜੇ ਕੋਈ ਹੱਡ ਭੰਨਵੀਂ ਮਿਹਨਤ ਤੋਂ ਬਾਅਦ ਪੜ ਵੀ ਜਾਂਦਾ ਹੈ ਤਾਂ ਪੜਾਈ ਤੇ ਬੇਰੁਜ਼ਗਾਰੀ ਕਾਰਣ ਚੜਿਆ ਕਰਜ਼ਾ ਉਸਨੂੰ ਨਸ਼ਿਆਂ ਤੇ ਡਿਪਰੈਸ਼ਨ ਵੱਲ ਧੱਕ ਦਿੰਦਾ ਹੈ।

ਸ਼ਹਿਰੀ ਮਜ਼ਦੂਰ ਦੀ ਮਾੜੀ ਹਾਲਤ ਦਾ ਅੰਦਾਜ਼ਾ ਕਸਬਿਆਂ ਤੇ ਸ਼ਹਿਰਾਂ ਵਿਚਲੇ ਲੇਬਰ ਚੌਂਕਾਂ ਤੋਂ ਹੀ ਲਗਾਇਆ ਜਾ ਸਕਦਾ ਹੈ ਜਿਥੇ ਹਰ ਰੋਜ਼ ਮਜ਼ਦੂਰਾਂ ਦੀ ਵੱਡੀ ਗਿਣਤੀ ਆਪਣੀ ਕਿਰਤ ਵੇਚਣ ਲਈ ਆਉਂਦੀ ਹੈ। ਇਹਨਾਂ ਵਿਚ ਸ਼ਹਿਰੀ ਮਜ਼ਦੂਰਾਂ ਦੇ ਨਾਲ ਨਾਲ ਪਿੰਡਾਂ ਦੇ ਬੇਰੁਜ਼ਗਾਰ ਮਜ਼ਦੂਰ ਵੀ ਸ਼ਾਮਿਲ ਹੁੰਦੇ ਹਨ। ਹਰ ਲੇਬਰ ਚੌਕ ਵਿਚ ਸਵੇਰ ਸਾਰ ਹੀ ਭੀੜ ਲੱਗ ਜਾਂਦੀ ਹੈ ਪਰੰਤੂ ਦੁਪਹਿਰ ਦੇ ਬਾਰਾਂ ਵਜੇ ਵੀ ਜੇਕਰ ਦੇਖੀਏ ਤਾਂ ਤੁਹਾਨੂੰ ਬਹੁਤ ਸਾਰੇ ਮਜ਼ਦੂਰ ਉਥੇ ਹੀ ਖੜੇ ਮਿਲਣਗੇ ਜਿਨਾਂ ਨੂੰ ਕੰਮ ਨਹੀਂ ਮਿਲਿਆ ਹੁੰਦਾ। ਉਹ ਹਾਲਿ ਵੀ ਉਡੀਕ ਕਰ ਰਹੇ ਹੁੰਦੇ ਹਨ ਕਿ ਸ਼ਾਇਦ ਉਹਨਾਂ ਨੂੰ ਕੋਈ ਰੋਟੀ ਬਦਲੇ ਹੀ ਛੋਟਾ ਮੋਟਾ ਕੰਮ ਮਿਲ ਜਾਵੇ। ਬਹੁਤਿਆਂ ਨੂੰ ਸ਼ਾਮੀਂ ਖਾਲੀ ਹੱਥ ਹੀ ਘਰ ਪਰਤਣਾ ਪੈਂਦਾ ਹੈ। ਇਸਤੋਂ ਇਲਾਵਾ ਸ਼ਹਿਰਾਂ ਵਿਚ ਉਹਨਾਂ ਮਰਦ, ਔਰਤ ਤੇ ਬੱਚਿਆਂ ਦੀ ਭਰਮਾਰ ਹੁੰਦੀ ਹੈ ਜਿਹਨਾਂ ਕੋਲ ਬੱਝਵਾਂ ਰੁਜ਼ਗਾਰ ਤਾਂ ਹੁੰਦਾ ਹੈ ਪਰ ਉਹਨਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਸੂਰਜ ਦੀ ਧੁੱਪ ਕੀ ਹੁੰਦੀ ਹੈ। ਉਹਨਾਂ ਨੂੰ ਸਾਰਾ ਦਿਨ ਫੈਕਰੀਆਂ ਤੇ ਵੱਡੇ ਵੱਡੇ ਸ਼ੋ-ਰੂਮਾਂ ਵਿਚ ਕੋਹਲੂ ਦੇ ਬੈਲ ਵਾਂਗ ਸੀਮਿਤ ਮਜ਼ਦੂਰੀ ਤੇ ਕੰਮ ਕਰਨਾ ਪੈਂਦਾ ਹੈ। ਇਹਨਾਂ ਵਾਂਗ ਹੀ ਸਫ਼ਾਈ ਕਰਮਚਾਰੀ, ਗੈਸ ਏਜੰਸੀ ਵਰਕਰ, ਮੋਚੀ, ਰਿਕਸ਼ਾ ਤੇ ਰੇਹੜੀ ਚਲਾਉਣ ਵਾਲੇ ਆਦਿ ਆਪਣੀ ਜੂਨ ਭੋਗ ਰਹੇ ਹਨ।

ਇਹਨਾਂ ਤੋਂ ਬਿਨਾਂ ਉਹ ਸ਼ਹਿਰੀ ਮਜ਼ਦੂਰ ਹਨ ਜੋ ਸਬਜ਼ੀ, ਫਰੂਟ ਜਾਂ ਚਾਹ ਦੀ ਰੇਹੜੀ ਜਾਂ ਖੋਖਾ ਲਗਾਉਂਦੇ ਹਨ। ਕੰਮ ਦੇ ਪੰਦਰਾਂ ਪੰਦਰਾਂ ਘੰਟੇ ਪਰ ਆਮਦਨ ਮਸਾਂ ਰੋਟੀ ਜੋਗੀ। ਇਸਤੋਂ ਥੋੜੇ ਉਪਰਲੇ ਪੱਧਰ ਤੇ ਆਉਂਦੇ ਹਨ ਛੋਟੇ ਦੁਕਾਨਦਾਰ ਜੋ ਰੋਜ਼ਾਨਾ ਜੀਵਨ ਦੀਆਂ ਲੋੜਾਂ ਦਾ ਨਿੱਕਾ ਮੋਟਾ ਸਮਾਨ ਵੇਚਦੇ ਹਨ ਜਿਵੇਂ ਰਾਸ਼ਨ ਵਾਲਾ, ਕੱਪੜੇ ਵਾਲਾ, ਸਬਜ਼ੀ ਵਾਲਾ, ਕਿਤਾਬਾਂ ਵਾਲਾ, ਜੁੱਤੀ ਵਾਲਾ, ਟੇਲਰ ਆਦਿ। ਉਹ ਸਾਰਾ ਸਾਰਾ ਦਿਨ ਆਪਣੀਆਂ ਦੁਕਾਨਦਾਰੀਆਂ ਉਪਰ ਮਜ਼ਦੂਰੀ ਕਰਦੇ ਹਨ। ਰਾਸ਼ਨ ਵਾਲਾ ਤਾਂ ਸਿੱਧੇ ਤੌਰ ਤੇ ਵੱਡੀਆਂ ਉਤਪਾਦਕ ਕੰਪਨੀਆਂ ਦਾ ਨੌਕਰ ਹੈ ਜੋ ਕੇਵਲ ਥੋੜੇ ਜਿਹੇ ਮੁਨਾਫੇ ਲਈ ਉਹਨਾਂ ਦੇ ਲੋੜੀਂਦੇ ਤੇ ਅਣਲੋੜੀਂਦੇ ਉਤਪਾਦਾਂ ਦੀ ਮਸ਼ਹੂਰੀ ਵੀ ਕਰਦਾ ਹੈ ਤੇ ਵੇਚਦਾ ਵੀ ਹੈ। ਇਹ ਲੋਕ ਛੋਟੇ ਕਿਸਾਨ ਵਾਂਗ ਹੀ ਆਪਣੇ ਮਿੱਥਕ ਸਮਾਜਿਕ ਰੁਤਬੇ ਨਾਲ ਬੁਰੀ ਤਰਾਂ ਜੁੜੇ ਹੁੰਦੇ ਹਨ। ਛੋਟਾ ਕਿਸਾਨ ਜਿਵੇਂ ਆਪਣੇ ਆਪ ਨੂੰ ਜ਼ਿਮੀਦਾਰ ਸਮਝਦਾ ਹੈ ਉਵੇਂ ਹੀ ਇਹ ਆਪਣੇ ਆਪ ਨੂੰ ਸ਼ਾਹੂਕਾਰ ਸਮਝਦੇ ਹਨ। ਹੇਠਲਾ ਗਰੀਬ ਤਬਕਾ ਇਹਨਾਂ ਛੋਟੇ ਕਿਸਾਨਾਂ ਤੇ ਦੁਕਾਨਦਾਰਾਂ ਨੂੰ ਲੋਟੂ ਜਮਾਤ ਸਮਝਦਾ ਰਹਿੰਦਾ ਹੈ ਅਤੇ ਦੂਜੇ ਪਾਸੇ ਛੋਟਾ ਕਿਸਾਨ ਛੋਟੇ ਦੁਕਾਨਦਾਰ ਨੂੰ ਤੇ ਛੋਟਾ ਦੁਕਾਨਦਾਰ ਛੋਟੇ ਕਿਸਾਨ ਨੂੰ ਕਿਉਂਕਿ ਅਸਲ ਲੋਟੂ ਸਰਮਾਏਦਾਰ ਇਹਨਾਂ ਲੋਕਾਂ ਦੀਆਂ ਨਜ਼ਰਾਂ ਅਤੇ ਬੁੱਧੀ ਦੀ ਪਕੜ ਤੋਂ ਅਕਸਰ ਦੂਰ ਹੁੰਦਾ ਹੈ।

ਅਗਲਾ ਹੈ ਪੜਿਆ-ਲਿਖਿਆ ਮਜ਼ਦੂਰ ਵਰਗ ਜੋ ਆਪਣੇ ਜੀਵਨ ਨੂੰ ਬਿਹਤਰ ਬਨਾਉਣ ਲਈ ਤਨ, ਮਨ, ਧਨ ਤੇ ਸਮਾਂ ਲਗਾ ਕੇ ਪੜਦਾ ਹੈ ਪਰੰਤੂ ਹਾਲਤ ਉਸਦੀ ਇਕ ਅਨਪੜ ਮਜ਼ਦੂਰ ਵਾਲੀ ਰਹਿੰਦੀ ਹੈ। ਇਸ ਵਿਚ ਹੇਠਲੇ ਮੱਧਵਰਗੀ ਪਰਿਵਾਰਾਂ ਦੀ ਗਿਣਤੀ ਵਧੇਰੇ ਹੈ। ਉਹ ਅਕਸਰ ਸੁਪਨਾ ਲੈ ਕੇ ਚੱਲਦਾ ਹੈ ਕਿ ਦੱਬ ਕੇ ਪੜਾਈ ਕਰੇਗਾ, ਸਰਕਾਰੀ ਨੌਕਰੀ ਕਰੇਗਾ ਜਿਸ ਨਾਲ ਉਹ ਆਪਣਾ, ਪਰਿਵਾਰ ਤੇ ਸਮਾਜ ਦਾ ਜੀਵਨ ਪੱਧਰ ਉੱਚਾ ਚੁੱਕ ਸਕੇਗਾ। ਪਰੰਤੂ ਮੌਜੂਦਾ ਹਾਲਤਾਂ ਵਿਚ ਸਭ ਕੁੱਝ ਉਸਦੀਆਂ ਇਛਾਵਾਂ ਦੇ ਵਿਰੁੱਧ ਹੁੰਦਾ ਹੈ। ਨੱਬੇਵਿਆਂ ਤੋਂ ਤੇਜ਼ੀ ਨਾਲ ਹੋਏ ਨਿਜੀਕਰਨ, ਇਨਫਰਮੇਸ਼ਨ ਤੇ ਤਕਨਾਲੋਜੀ ਦੇ ਵਿਕਾਸ ਨੇ ਸਧਾਰਨ ਤੇ ਗਰੀਬ ਆਦਮੀ ਨੂੰ ਰੋਲ ਦਿੱਤਾ ਹੈ ਕਿਉਂਕਿ ਇਸ ਵਿਕਾਸ ਨਾਲ ਗਰੀਬ ਦਾ ਸ਼ੋਸ਼ਣ ਕਰਨ ਲਈ ਸਰਮਾਏਦਾਰ ਕੋਲ ਹੋਰ ਔਜਾਰ ਉਪਲਬਧ ਹੋਏ ਹਨ। ਇਸ ਦੌਰਾਨ ਪੜੇ-ਲਿਖੇ ਗਰੀਬ ਤੇ ਮੱਧਵਰਗੀ ਲੋਕਾਂ ਲਈ ਰੁਜ਼ਗਾਰ ਵੱਡੀ ਸਮੱਸਿਆ ਬਣ ਗਿਆ ਹੈ। ਮੱਧਵਰਗੀ ਨੌਜਵਾਨ ਹਰ ਸਾਲ ਵੱਡੀ ਗਿਣਤੀ ਵਿਚ ਚੰਗੇ ਜੀਵਨ ਦੀ ਉਮੀਦ ਤਹਿਤ ਵਿਦੇਸ਼ਾਂ ਨੂੰ ਚਲੇ ਜਾਂਦੇ ਹਨ ਤੇ ਗਰੀਬ ਨੌਜਵਾਨਾਂ ਦੀ ਇਕ ਵੱਡੀ ਪੜੀ-ਲਿਖੀ ਮਜ਼ਦੂਰ ਜਮਾਤ ਇਥੇ ਹੋਂਦ ਵਿਚ ਆ ਚੁੱਕੀ ਹੈ।

ਪੰਜਾਬ ਦੇ ਬਹੁਤ ਸਾਰੇ ਸਰਕਾਰੀ ਮਹਿਕਮੇ ਆਖ਼ਰੀ ਸਾਹਾਂ ਉਪਰ ਹਨ ਜਿੱਥੇ ਲੰਮੇ ਸਮੇਂ ਤੋਂ ਭਰਤੀ ਨਹੀਂ ਹੋਈ ਅਤੇ ਬਹੁਤ ਸਾਰੇ ਮਹਿਕਮੇ ਅਜਿਹੇ ਹਨ ਜਿਥੇ ਭਰਤੀ ਤਾਂ ਹੋਈ ਹੈ ਪਰ ਬਹੁਤ ਹੀ ਸੀਮਿਤ ਤੇ ਕੱਚੀ। ਇਹਨਾਂ ਮੁਲਾਜ਼ਮਾਂ ਤੋਂ ਬਹੁਤ ਹੀ ਨਿਗੂਣੀਆਂ ਤਨਖ਼ਾਹਾਂ ਉਪਰ ਲੋੜ ਤੋਂ ਕਿਤੇ ਵੱਧ ਕੰਮ ਲਿਆ ਜਾਂਦਾ ਹੈ। ਲੰਮੇ ਸਮੇਂ ਤੋਂ ਮੁਲਾਜ਼ਮ ਪੱਕੇ ਹੋਣ ਤੇ ਪੂਰੀ ਤਨਖ਼ਾਹ ਮਿਲਣ ਦੀ ਉਡੀਕ ਵਿਚ ਹਨ।ਇਸ ਤਰਾਂ ਉਹ ਸਰੀਰਕ, ਮਾਨਸਿਕ ਤੇ ਆਰਥਿਕ ਗੁਲਾਮੀ ਹੰਢਾ ਰਹੇ ਹਨ। ਇਥੇ ਅਸੀਂ ਸੰਖੇਪ ਵਿਚ ਮਨੁੱਖ ਦੀ ਉਸਾਰੂ ਸਿਰਜਣਾ ਦੇ ਅਤਿ ਜ਼ਰੂਰੀ ਅੰਗ ਸਿੱਖਿਆ ਦੇ ਮਹਿਕਮੇ ਦੇ ਹਵਾਲੇ ਨਾਲ ਗੱਲ ਕਰਾਂਗੇ।

ਪੰਜਾਬ ਸਰਕਾਰ ਵੱਲੋਂ ਪਿਛਲੇ ਸਮਿਆਂ ਵਿਚ ਠੇਕੇ ਉਪਰ ਭਰਤੀ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਲੋਕ ਮਾਰੂ ਨੀਤੀਆਂ ਤਹਿਤ ਸਿੱਖਿਆ ਜਗਤ ਨੂੰ ਲਪੇਟਣਾ ਅਤਿ ਜ਼ਰੂਰੀ ਸੀ। ਇਸ ਤਹਿਤ ਸਕੂਲ ਮਾਸਟਰਾਂ ਨੂੰ ਅਲੱਗ ਅਲੱਗ ਵਰਗਾਂ ਵਿਚ ਵੰਡ ਕੇ ਬਹੁਤ ਹੀ ਨਿਗੂਣੀ ਉੱਕਾ-ਪੁੱਕਾ ਤਨਖਾਹ ਨਿਰਧਾਰਿਤ ਕੀਤੀ ਗਈ: ਚਾਰ ਹਜ਼ਾਰ, ਛੇ ਹਜ਼ਾਰ, ਅੱਠ ਹਜ਼ਾਰ ਆਦਿ। ਦਿਨ ਪ੍ਰਤੀ ਦਿਨ ਘੱਟ ਰਹੀਆਂ ਰੁਜ਼ਗਾਰ ਸੰਭਾਵਨਾਵਾਂ ਦੇ ਚਲਦੇ ਪੜੇ-ਲਿਖੇ ਪੰਜਾਬੀ ਇਹਨਾਂ ਤਨਖ਼ਾਹਾਂ ਉਪਰ ਕੰਮ ਕਰਨ ਲਈ ਮਜ਼ਬੂਰ ਹੋ ਗਏ ਕਿ ਚਲੋ ਕਿਸੇ ਦਿਨ ਤਾਂ ਸਰਕਾਰ ਉਹਨਾਂ ਨੂੰ ਪੂਰੀ ਤਨਖ਼ਾਹ ਤੇ ਪੱਕਾ ਕਰੇਗੀ। ਪਰੰਤੂ ਹਾਲਾਤ ਵਿਗੜਦੇ ਹੀ ਚਲੇ ਗਏ। ਕੱਚੇ ਰੱਖੇ ਗਏ ਅਧਿਆਪਕਾਂ ਦੇ ਅੱਜ ਐਨੇ ਵਰਗ ਮੌਜੂਦ ਹਨ ਕਿ ਯਾਦ ਰੱਖਣੇ ਵੀ ਔਖੇ ਹਨ। ਬਹੁਤ ਹੀ ਨਿਗੂਣੀ ਤਨਖ਼ਾਹ ਲੈ ਰਿਹਾ ਅਧਿਆਪਕ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਿਵੇਂ ਕਰੇਗਾ ਅਤੇ ਸਮਾਜ ਨੂੰ ਬਿਹਤਰ ਬਨਾਉਣ ਲਈ ਕੰਮ ਕਿਵੇਂ ਕਰੇਗਾ। ਇਸਦੇ ਨਾਲ ਹੀ ਕਹਿਰ ਟੁੱਟਦਾ ਹੈ ਕਿ ਸਰਕਾਰੀ ਤੌਰ ਤੇ ਭਰਤੀ ਕਰਮਚਾਰੀ ਦਾ ਪਰਖਕਾਲ ਇੱਕ ਸਾਲ ਤੋਂ ਵਧਾ ਕੇ ਤਿੰਨ ਸਾਲ ਕਰ ਦਿੱਤਾ ਗਿਆ ਹੈ ਤੇ ਇਸ ਦੌਰਾਨ ਉਸ ਕਰਮਚਾਰੀ ਨੂੰ ਕੇਵਲ ਬੇਸਿਕ ਤਨਖ਼ਾਹ ਹੀ ਦਿੱਤੀ ਜਾਂਦੀ ਹੈ।

ਉਚੇਰੀ ਸਿੱਖਿਆ ਵਿਚ ਅਸਿਸਟੈਂਟ ਪ੍ਰੋਫੈਸਰਾਂ ਦੀ ਲਗਭਗ ਦੋ ਦਹਾਕਿਆਂ ਤੋਂ ਭਰਤੀ ਨਹੀਂ ਹੋਈ। ਇਹਨਾਂ ਦੋ ਦਹਾਕਿਆਂ ਵਿਚ ਉਚੇਰੀ ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਸਮੇਂ ਦੀ ਬਲੀ ਚਾੜ ਦਿੱਤਾ ਗਿਆ ਹੈ। ਪੰਜਾਬ ਦੇ ਕਈ ਸਰਕਾਰੀ ਕਾਲਜਾਂ ਵਿਚ ਰੈਗੂਲਰ ਅਧਿਆਪਕ ਦੇ ਨਾਂ ਉਪਰ ਕੋਈ ਵਿਰਲਾ ਹੀ ਅਧਿਆਪਕ ਬਚਿਆ ਹੈ। ਸਾਰਾ ਕੰਮ ਐਡ ਹਾਕ, ਟੈਂਪਰੇਰੀ, ਗੈਸਟ ਫੈਕਲਟੀ, ਲੈਕਚਰ ਬੇਸਡ ਨਾਵਾਂ ਨਾਲ ਕੰਮ ਕਰਦੇ ਕੱਚੇ ਪ੍ਰੋਫੈਸਰਾਂ ਵੱਲੋਂ ਕੀਤਾ ਜਾ ਰਿਹਾ ਹੈ ਜਿਹਨਾਂ ਵਿਚ ਬਹੁਤਿਆਂ ਦੀ ਔਸਤ ਆਮਦਨ ਕੇਵਲ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਹੈ। ਇਹੋ ਹਾਲ ਪੰਜਾਬ ਦੀਆਂ ਜਨਤਕ ਯੂਨੀਵਰਸਿਟੀਆਂ ਦਾ ਹੈ ਜਿਥੇ ਪੜਾਉਣ ਦਾ ਬਹੁਤਾ ਕੰਮ ਰਿਸਰਚ ਸਕਾਲਰਾਂ, ਗੈਸਟ ਜਾਂ ਕੰਟਰੈਕਟ ਅਧਾਰਿਤ ਫੈਕਲਟੀ ਤੋਂ ਲਿਆ ਜਾ ਰਿਹਾ ਹੈ। ਇਹਨਾਂ ਨੂੰ ਨਿਗੂਣੀ ਅਦਾਇਗੀ ਵੀ ਲੰਮਾ ਸਮਾ ਲਟਕਾ ਕੇ ਕੀਤੀ ਜਾਂਦੀ ਹੈ। ਪ੍ਰਾਈਵੇਟ ਸਕੂਲਾਂ ਕਾਲਜਾਂ ਵਿਚ ਤਾਂ ਇਸ ਸ਼ੋਸ਼ਣ ਦਾ ਆਲਮ ਹੋਰ ਵੀ ਮਾੜਾ ਹੈ। ਕਈ ਵਾਰ ਸਾਲ ਭਰ ਇਕ ਅਧਿਆਪਕ ਤੋਂ ਕਲਰਕ, ਸੇਵਾਦਾਰ, ਪ੍ਰਚਾਰਕ ਤੇ ਮਜ਼ਦੂਰ ਦਾ ਕੰਮ ਲੈ ਕੇ ਵੀ ਉਸਦੀ ਸਾਲ ਸਾਲ ਭਰ ਦੀ ਤਨਖ਼ਾਹ ਦੱਬ ਲਈ ਜਾਂਦੀ ਹੈ। ਕੱਚੇ ਕਲਰਕਾਂ ਤੇ ਸੇਵਾਦਾਰਾਂ ਦੀ ਹਾਲਤ ਲੱਗਭਗ ਇਕੋ ਜਿਹੀ ਹੈ। ਉਹਨਾਂ ਨੂੰ ਵੀ ਕਈ ਕਈ ਮਹੀਨਿਆਂ ਬਾਅਦ ਨਿਗੂਣੀਆਂ ਤਨਖਾਹਾਂ ਦੇ ਕੇ ਬਾਰਾਂ ਬਾਰਾਂ ਘੰਟੇ ਕੰਮ ਲਿਆ ਜਾਂਦਾ ਹੈ ਤੇ ਵਾਰ ਵਾਰ ਰੈਗੂਲਰ ਅਤੇ ਸੀਨੀਅਰ ਅਧਿਕਾਰੀਆਂ ਵੱਲੋਂ ਝਿੜਕਿਆ ਜਾਂਦਾ ਹੈ। ਬਹੁਤੀਆਂ ਥਾਵਾਂ ਉਪਰ ਤਾਂ ਸੇਵਾਦਾਰ ਡੀ ਸੀ ਰੇਟ ਲਈ ਵੀ ਤਰਸ ਰਹੇ ਹਨ।

ਨਿੱਜੀਕਰਨ ਦੀਆਂ ਲੋਕਮਾਰੂ ਨੀਤੀਆਂ ਤਹਿਤ ਪਬਲਿਕ ਅਦਾਰਿਆਂ ਵਿਚ ਉਚ ਅਧਿਕਾਰੀ ਵੀ ਹੱਥਠੋਕੇ ਬਣੇ ਹੋਏ ਹਨ ਜੋ ਨਿਜੀ ਹਿੱਤਾਂ ਨੂੰ ਤਰਜੀਹ ਦਿੰਦਿਆਂ ਆਪੋ ਆਪਣੇ ਮਹਿਕਮਿਆਂ ਨੂੰ ਲੁੱਟਦੇ ਹੋਏ ਖ਼ਤਮ ਕਰ ਰਹੇ ਹਨ। ਉਹਨਾਂ ਵੱਲੋਂ ਇਸ ਕਿਰਤ ਦੀ ਲੁੱਟ ਖ਼ਿਲਾਫ ਆਵਾਜ਼ ਬੁਲੰਦ ਕਰਨਾ ਤਾਂ ਦੂਰ ਸਗੋਂ ਅੱਖਾਂ ਮੀਟ ਲਈਆਂ ਜਾਂਦੀਆਂ ਹਨ ਤੇ ਉਹ ਆਪਣੇ ਆਪ ਨੂੰ ਹੋਰ ਲੋਕ ਮਸਲਿਆਂ ਵਿਚ ਰੁਝੇ ਹੋਣ ਦਾ ਦਿਖਾਵਾ ਕਰਦੇ ਹੋਏ ਸ਼ੋਸ਼ਣ ਦੀ ਇਸ ਗੈਰ-ਮਨੁੱਖੀ ਮਸ਼ੀਨ ਨੂੰ ਤੇਲ ਦੇਣ ਦਾ ਕੰਮ ਕਰਦੇ ਹਨ। ਸਭ ਤੋਂ ਵੱਧ ਮੰਦਭਾਗੀ ਗੱਲ ਇਹ ਹੈ ਕਿ ਜਨਸਧਾਰਨ ਚੇਤੰਨ ਨਹੀਂ ਤੇ ਨਾ ਹੀ ਉਸਨੂੰ ਚੇਤੰਨ ਹੋਣ ਦਿੱਤਾ ਜਾਂਦਾ ਹੈ। ਇਥੇ ਮੁਲਾਜ਼ਮ, ਵਿਦਿਆਰਥੀ, ਤੇ ਸਮਾਜ ਵਿਚਕਾਰ ਵੱਡਾ ਪਾੜਾ ਹੈ।

ਚਾਹੀਦਾ ਹੈ ਕਿ ਪੰਜਾਬੀ ਜੋ ਜਿਉਣ ਜੋਗੀ ਜ਼ਿੰਦਗੀ ਤੋਂ ਕੋਹਾਂ ਦੂਰ ਹੋ ਚੁੱਕੇ ਹਨ ਮੁਫ਼ਤ ਆਟਾ, ਦਾਲ, ਬਿਜਲੀ ਦਾ ਖਹਿੜਾ ਛੱਡਦਿਆਂ ਚੰਗੀ ਸਿੱਖਿਆ, ਚੰਗੇ ਰੁਜ਼ਗਾਰ ਤੇ ਚੰਗੇ ਜੀਵਨ ਲਈ ਇੱਕ ਹੋ ਕੇ ਸੰਘਰਸ਼ ਕਰਨ।

# ਵਾਈਟ ਹਾਊਸ 'ਚ ਜੁਲਾਈ ਨੂੰ ਅਜ਼ਾਦੀ ਦਿਵਸ ਨੂੰ ਮਨਾਉਣ ਦੀਆਂ ਯੋਜਨਾਵਾਂ ਦੀ ਪੁਸ਼ਟੀ

**ਵਾਸ਼ਿੰਗਟਨ/ਰਾਜ ਗੋਗਨਾ:** ਰਾਸ਼ਟਰਪਤੀ ਡੋਨਾਲਡ ਟਰੰਪ ਦਾ 4 ਜੁਲਾਈ ਦਾ ਚੌਥਾ ਸਮਾਰੋਹ ਫੌਜੀਆਂ ਦੀ ਸ਼ਾਨੋ-ਸ਼ੌਕਤ ਨਾਲ ਭਰਿਆ ਹੋਇਆ ਹੋਵੇਗਾ ਅਤੇ ਹਾਲਾਤ ਦੂਜੇ ਸਾਲ ਵਾਂਗ ਗਹੀ ਵਾਪਸ ਪਰਤੇ ਹੋਣਗੇ।ਵਾਈਟ ਹਾਊਸ ਨੇ ਇਕ ਬਿਆਨ ਵਿਚ ਕਿਹਾ ਕਿ ਟਰੰਪ 4 ਜੁਲਾਈ ਨੂੰ ਵਾਈਟ ਹਾਊਸ ਵਿਖੇ '2020 ਸਲਿਊਟ ਅਮਰੀਕਾ ਦੀ ਮੇਜ਼ਬਾਨੀ ਕਰਨਗੇ, ਸੰਗੀਤ, ਫੌਜੀ ਪ੍ਰਦਰਸ਼ਨਾਂ ਅਤੇ ਜਨਤਾ ਦੀ ਹਾਜ਼ਰੀ ਨਾਲ ਸਮਾਗਮ ਭਰਿਆ ਜਾਵੇਗਾ। ਟਰੰਪ ਨੈਸ਼ਨਲ ਮਾਲ ਉੱਤੇ ਆਤਿਸ਼ਬਾਜ਼ੀ ਪ੍ਰਦਰਸ਼ਨੀ ਤੋਂ ਪਹਿਲਾਂ ਭਾਸ਼ਣ ਦੇਣ ਲਈ ਵੀ ਤਿਆਰ ਹਨ।ਯੋਜਨਾਬੱਧ ਤਿਉਹਾਰਾਂ ਦੀ ਖ਼ਬਰ ਮਈ ਦੇ ਅਖੀਰ ਵਿੱਚ ਪੋਲੀਟਿਕੋ ਦੀ ਰਿਪੋਰਟ ਦੀ ਪੁਸ਼ਟੀ ਕਰਦੀ ਹੈ ,ਕਿ ਰਾਸ਼ਟਰਪਤੀ ਸਥਾਨਕ ਰਾਜਨੇਤਾਵਾਂ ਦੇ ਵਿਰੋਧ ਦੇ ਬਾਵਜੂਦ ਦੂਜੇ ਸਾਲ ਸੁਤੰਤਰਤਾ ਦਿਵਸ ਦੇ ਇੱਕ ਉੱਚ ਪੱਧਰੀ ਸਮਾਗਮ ਬਾਰੇ ਵਿਚਾਰ ਕਰ ਰਹੇ ਸਨ।ਟਰੰਪ ਨੇ ਸਭ ਤੋਂ ਪਹਿਲਾਂ 4 ਜੁਲਾਈ, 2019 ਨੂੰ ਅਮਰੀਕਾ ਲਈ ਸਲੂਟ ਦੀ ਮੇਜ਼ਬਾਨੀ ਕੀਤੀ ਸੀ,ਜਿਸ ਨਾਲ ਦੇਸ਼ ਦੀ ਰਾਜਧਾਨੀ ਦੀਆਂ ਸੜਕਾਂ ਤੇ ਸੈਨਿਕ, ਟੈਂਕ, ਹੈਲੀਕਾਪਟਰ ਅਤੇ ਲੜਾਕੂ ਜਹਾਜ਼ ਲਿਆਦੇ ਗਏ।ਪਿਛਲੇ ਸਾਲ ਦੇ ਪ੍ਰੋਗਰਾਮ ਨੇ ਸਾਬਕਾ ਫੌਜੀ ਨੇਤਾਵਾਂ ਨੂੰ ਟਰੰਪ ਦੇ ਹਥਿਆਰਬੰਦ ਬਲਾਂ ਦੀ ਰਸਮੀ ਵਰਤੋਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਡੀ ਸੀ ਦੇ ਮੇਅਰ ਤੇ ਡੈਮੋਕਰੇਟਸ ਦਾ ਗੁੱਸਾ ਵੀ ਉਮੜਿਆ ਸੀ। ਪਰ ਟਰੰਪ ਦਾ ਵੱਖਰਾ ਅੰਦਾਜ਼ ਜਨਤਾ ਨੂੰ ਖੁਸ਼ ਕਰ ਗਿਆ ਸੀ। ਉਹੀ ਇਸ ਵਾਰ ਹੋਣ ਵਾਲਾ ਹੈ।ਜੁਲਾਈ ਦਾ ਚੌਥਾ ਸਮਾਗਮ, ਜਿਸ ਦਾਆਯੋਜਨ ਗ੍ਰਹਿ ਵਿਭਾਗ ਵੀ ਕਰੇਗਾ, ਨਵੇਂ ਦਿਸ਼ਾ ਦੇ ਵਿਚਕਾਰ ਆਇਆ ਹੈ।ਜੋ ਟਰੰਪ ਅਮਰੀਕੀ ਹਥਿਆਰਬੰਦ ਸੈਨਾਵਾਂ ਦਾ ਪ੍ਰਦਰਸ਼ਨ ਕਰ ਰਿਹਾ ਹੈ। ਇਸ ਮਹੀਨੇ ਦੇ ਅਰੰਭ ਵਿੱਚ ਲੈਫੇਟੈਟ ਸਕੁਆਇਰ ਤੋਂ ਪ੍ਰਦਰਸ਼ਨਕਾਰੀਆਂ ਨੂੰ ਜ਼ਬਰਦਸਤੀ ਹਟਾਉਣ ਲਈ ਰਾਸ਼ਟਰਪਤੀ ਦੀ ਅਲੋਚਨਾ ਕੀਤੀ ਗਈ ਸੀ ਤਾਂ ਕਿ ਐਸਪਰ ਅਤੇ ਜੁਆਇੰਟ ਚੀਫਸ ਦੇ ਚੇਅਰਮੈਨ ਜਨਰਲ ਮਾਰਕ ਮਿਲਿ ਦੇ ਨਾਲ ਇੱਕ ਜਦੋਂ ਫੋਟੋ ਖਿੱਚਣ ਲਈ ਸਾਹਮਣੇ ਆਏ, ਜਿਸ ਨੇ ਬਾਅਦ ਵਿੱਚ ਮੁਆਫੀ ਮੰਗ ਲਈ ਸੀ।ਰਾਸ਼ਟਰਪਤੀ ਪਿਛਲੇ ਹਫਤੇ ਵੈਸਟ ਪੁਆਇੰਟ ਦੀ ਮਿਲਟਰੀ ਅਕੈਡਮੀ ਦੇ ਗ੍ਰੈਜੂਏਸ਼ਨ ਸਮਾਰੋਹ ਵਿਚ ਸ਼ਾਮਲ ਹੋਏ ਸਨ, ਪਰੰਤੂ ਵੱਡੇ ਪੱਧਰ 'ਤੇ ਵਿਵਾਦ ਤੋਂ ਸਾਫ ਹੋ ਗਏ ਸਨ।ਇਸ ਸਾਲ ਅਮਰੀਕਾ ਦੀ ਯੋਜਨਾਬੱਧ ਸਲਾਮੀ ਦੇਣ ਤੋਂ ਇਕ ਦਿਨ ਪਹਿਲਾਂ, ਟਰੰਪ ਦੱਖਣੀ ਡਕੋਟਾ ਵਿਖੇ ਇਕ ਫੌਜੀ ਫਲਾਈਓਵਰ ਦੇਖਣ ਆਉਣਗੇ। ਸਾਊਥ ਡਕੋਟਾ ਦੀ ਸਰਕਾਰ ਕ੍ਰਿਸ਼ਟੀ ਨੋਮ ਨੇ ਕਿਹਾ ਕਿ 3 ਜੁਲਾਈ ਦੇ ਸਮਾਗਮ ਵਿੱਚ ਸਮਾਜਿਕ ਦੂਰੀਆਂ ਲਾਗੂ ਨਹੀਂ ਕੀਤੀਆਂ ਜਾਣਗੀਆਂ।ਆਸ ਹੈ ਕਿ ਚਾਰ ਜੁਲਾਈ ਅਜ਼ਾਦੀ ਸਮਾਗਮ ਵੱਖਰੀ ਛਾਪ ਛੱਡ ਜਾਵੇਗਾ, ਜਿਸ ਲਈ ਡੈਮੋਕਰੇਟ ਤੇ ਡੀਸੀ ਮੇਅਰ ਨਿਦੰਕ ਬਣੇ ਹੋਏ ਹਨ।

# ਤੂਰ ਅਤੇ ਕੈਲਾ ਪਰਿਵਾਰ ਨੂੰ ਭਾਰੀ ਸਦਮਾ ਬੀਬੀ ਰਤਨ ਕੌਰ ਤੂਰ ਨਹੀਂ ਰਹੇ

ਪਿੰਡ ਭਿੰਡਰਾਂ (ਮੋਗਾ) ਵਾਸੀ (ਪਿਛਲਾ ਪਿੰਡ-ਬੱਡੂਵਾਲ) ਸਰਦਾਰਨੀ ਰਤਨ ਕੌਰ ਤੂਰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਪ੍ਰਲੋਕ ਸਧਾਰ ਗਏ ਹਨ ।ਆਪ ਜੀ ਦੇ ਪਤੀ ਇੰਜਨੀਅਰ ਪ੍ਰਤਾਪ ਸਿੰਘ ਪਹਿਲਾਂ ਹੀ 1952 ਵਿਚ ਸਵਰਗਵਾਸ ਹੋ ਗਏ ਸਨ।ਆਪ ਜੀ ਦੇ ਪਿਤਾ ਲੈਫਟੀਨੈਟ ਰਾਮ ਸਿੰਘ ਬਹਾਦਰ (IOM-OBI-OBE) ਪਹਿਲੀ ਸੰਸਾਰ ਜੰਗ ਵਿਚ ਸਿੱਖ ਰਜਮੈਂਟ ਦੇ ਹੀਰੋ ਸਨ, ਜਿਨਾਂ ਦੀ ਫੋਟੋ ਕੇਦਰੀ ਸਿੱਖ ਅਜਾਇਬ ਘਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਅਤੇ ਦਰਬਾਰ ਸਾਹਿਬ ਦੇ ਹੈਡ ਗਿਆਨੀ ਜਗਤਾਰ ਸਿੰਘ ਜੀ ਵਲੋ ਸ਼ਸ਼ੋਭਤ ਕੀਤੀ ਗਈ ਹੈ । ਇਥੇ ਇਹ ਵੀ ਦੱਸਣਯੋਗ ਹੈ ਕਿ ਆਪ ਜੀ ਦੇ ਸਹੁਰਾ ਸਾਹਿਬ ਸਵਰਗੀ ਬਾਬੂ ਲਛਮਣ ਸਿੰਘ JE ਖਾਲਸਾ ਕਾਲਜ ਅੰਮ੍ਰਿਤਸਰ ਦੇ ਮੋਢੀ ਇਜਨੀਅਰ ਸਨ ।ਆਪ ਜੀ ਦੇ ਜੇਠ ਸ. ਹਰਬੰਸ ਸਿੰਘ (UK) group-Capt Hushiar Singh (LA) ਅਤੇ ਸਰਪੰਚ ਕਰਤਾਰ ਸਿੰਘ (Bakerfild) ਸਿੱਖਾ ਵਿੱਚ ਜਾਣੇ ਪਹਿਚਾਣੇ ਹਨ ।ਉਹ ਆਪਣੇ ਇਕਲੌਤੇ ਬੇਟੇ ਜੰਗਬਹਾਦਰ ਸਿੰਘ ਤੂਰ (559 824 1421) ਪਾਸ ਹੀ ਰਹਿੰਦੇ ਸਨ। ਸ. ਕਰਮਜੀਤ ਸਿੰਘ ਕੈਲਾ (Dallas USA) ਨੇ ਇਸ ਦੁੱਖ ਵਿੱਚ ਸ਼ਰੀਕ ਹੁੰਦਿਆਂ ਦੱਸਿਆ ਕਿ ਸਾਡੇ ਵੱਡਿਆਂ ਦੀ ਆਖਰੀ ਨਿਸ਼ਾਨੀ ਤੋਂ ਹੁਣ ਅਸੀਂ ਵਾਂਝੇ ਹੋ ਗਏ ਹਾਂ।

# ਕੋਰੋਨਾ ਬਾਰੇ ਹੁਣ ਤੱਕ ਦੀਆਂ ਖੋਜਾਂ ਦਾ ਨਿਚੋੜ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਸਵਾਲ-1 :- ਮਾਸਕ ਕਿਹੜਾ ਠੀਕ ਹੈ?

ਜਵਾਬ :- ਸੂਤੀ ਕਪੜੇ ਦਾ ਮਾਸਕ ਆਮ ਲੋਕਾਂ ਲਈ ਵਧੀਆ ਹੈ ਪਰ ਦੂਹਰੀ ਪਰਤ ਹੋਣੀ ਜ਼ਰੂਰੀ ਹੈ। ਆਮ ਹੀ ਚੁੰਨੀ ਜਾਂ ਜਾਲੀਦਾਰ ਮਾਸਕ ਲਾ ਕੇ ਲੋਕਾਂ ਨੇ ਮਾਸਕ ਨੂੰ ਖ਼ੂਬਸੂਰਤੀ ਦਾ ਚਿੰਨ੍ਹ ਬਣਾ ਲਿਆ ਹੈ। ਕੁੱਝ ਲੋਕ ਠੋਡੀ ਹੇਠਾਂ ਜਾਂ ਨੱਕ ਨੂੰ ਬਾਹਰ ਰੱਖ ਕੇ ਮਾਸਕ ਪਾ ਕੇ ਫਿਰਦੇ ਹਨ। ਕੁੱਝ ਐਨ-95 ਮਾਸਕ ਘਰਾਂ ਅੰਦਰ ਹੀ ਲਾਈ ਫਿਰਦੇ ਹਨ। ਇਹ ਸਾਰੇ ਹੀ ਰੁਝਾਨ ਗ਼ਲਤ ਹਨ। ਮਾਸਕ ਦਾ ਕੰਮ ਹੈ ਵਾਇਰਸ ਨੂੰ ਫੈਲਣ ਤੋਂ ਰੋਕਣਾ। ਇਕਹਰੀ ਪਰਤ ਵਾਇਰਸ ਨੂੰ ਫੈਲਣ ਤੋਂ ਰੋਕਣ ਤੋਂ ਅਸਮਰਥ ਹੈ ਕਿਉਂਕਿ ਉਸ ਰਾਹੀਂ ਵਾਇਰਸ ਆਰਾਮ ਨਾਲ ਆਰ-ਪਾਰ ਲੰਘ ਸਕਦੀ ਹੈ।

ਕਪੜੇ ਨੂੰ ਰੌਸ਼ਨੀ ਵੱਲ ਕਰਕੇ ਵੇਖ ਲਵੋ। ਜੇ ਵਿੱਚੋਂ ਆਰ-ਪਾਰ ਦਿਸ ਰਿਹਾ ਹੈ ਤਾਂ ਦੂਹਰਾ ਕਰਨ ਦੀ ਲੋੜ ਹੈ। ਜੇ ਦੂਹਰੇ ਵਿੱਚੋਂ ਵੀ ਸਾਫ਼ ਦਿਸ ਰਿਹਾ ਹੈ ਤਾਂ ਕਪੜਾ ਬਦਲ ਕੇ ਮੋਟਾ ਲੈ ਲੈਣਾ ਚਾਹੀਦਾ ਹੈ। ਇੱਕ ਮਾਈਕਰੋਮੀਟਰ ਤੋਂ ਵੀ ਬਰੀਕ ਵਾਇਰਸ ਤਾਂ ਮੋਟੇ ਮਾਸਕ ਦੇ ਪਾਸਿਆਂ ਵੱਲ ਬਚੀ ਵਿਰਲ ਰਾਹੀਂ ਵੀ ਸੌਖਿਆਂ ਅੰਦਰ ਲੰਘ ਸਕਦੀ ਹੈ। ਸੋ ਮਾਸਕ ਦਾ ਗੱਲਾਂ ਨਾਲ ਪੂਰੀ ਤਰ੍ਹਾਂ ਜੁੜੇ ਹੋਣਾ ਜ਼ਰੂਰੀ ਹੈ।

ਇਹ ਵੀ ਧਿਆਨ ਰੱਖਣਾ ਜ਼ਰੂਰੀ ਹੈ ਕਿ ਮਾਸਕ ਰਾਹੀਂ ਸੌਖਿਆਂ ਸਾਹ ਆਉਂਦਾ ਰਹੇ। ਇਸੇ ਲਈ ਆਮ ਲੋਕਾਂ ਵਾਸਤੇ ਕੌਟਨ ਦੇ ਕਪੜੇ ਦਾ ਦੂਹਰਾ ਮਾਸਕ ਬਹੁਤ ਵਧੀਆ ਰਹਿੰਦਾ ਹੈ।

ਸਵਾਲ-2 :- ਕੀ ਜ਼ਿੰਕ ਖਾਣ ਦੀ ਲੋੜ ਹੈ?

ਜਵਾਬ :- ਜ਼ਿੰਕ ਮਿਨਰਲ ਸੈੱਲਾਂ ਨੂੰ ਬੈਕਟੀਰੀਆ ਅਤੇ ਵਾਇਰਸ ਕੀਟਾਣੂਆਂ ਨਾਲ ਲੜਨ ਦੀ ਤਾਕਤ ਬਖ਼ਸ਼ਦਾ ਹੈ। ਇਹ ਸੈੱਲਾਂ ਦੇ ਜੈਨੇਟਿਕ ਤੱਤ ਡੀ.ਐਨ. ਏ. ਨੂੰ ਬਣਾਉਣ ਵਿਚ ਮਦਦ ਕਰਦਾ ਹੈ, ਜ਼ਖ਼ਮ ਭਰਨ ਵਿਚ ਮਦਦ ਕਰਦਾ ਹੈ, ਸੁੰਘਣ ਅਤੇ ਸੁਆਦ ਦੱਸਣ ਵਾਲੇ ਸੈੱਲਾਂ ਨੂੰ ਰਵਾਂ ਕਰਦਾ ਹੈ ਅਤੇ ਬੱਚਿਆਂ ਦੇ ਵੱਧਣ ਫੁੱਲਣ ਵਿਚ ਵੀ ਸਹਾਇਤਾ ਕਰਦਾ ਹੈ।

ਇੱਕ ਜਵਾਨ ਬੰਦੇ ਨੂੰ 11 ਮਿਲੀਗ੍ਰਾਮ ਜ਼ਿੰਕ ਰੋਜ਼ਾਨਾ ਚਾਹੀਦਾ ਹੁੰਦਾ ਹੈ ਅਤੇ ਔਰਤ ਨੂੰ 8 ਮਿਲੀਗ੍ਰਾਮ, ਗਰਭਵਤੀ ਔਰਤ ਨੂੰ 12 ਮਿਲੀਗ੍ਰਾਮ ਅਤੇ ਬੱਚਿਆਂ ਨੂੰ ਉਮਰ ਦੇ ਹਿਸਾਬ ਨਾਲ ਦੋ ਤੋਂ 11 ਮਿਲੀਗ੍ਰਾਮ।

ਆਮ ਤੌਰ ਉੱਤੇ ਰੋਜ਼ ਦੀ ਖ਼ੁਰਾਕ ਰਾਹੀਂ ਲੋੜੀਂਦਾ ਜ਼ਿੰਕ ਸਰੀਰ ਅੰਦਰ ਪਹੁੰਚ ਜਾਂਦਾ ਹੈ ਪਰ ਜੇ ਕਿਸੇ ਦਾ ਢਿੱਡ ਜਾਂ ਅੰਤੜੀਆਂ ਦਾ ਅਪਰੇਸ਼ਨ ਹੋਇਆ ਹੋਵੇ, ਵਾਧੂ ਸ਼ਰਾਬ ਪੀਤੀ ਜਾ ਰਹੀ ਹੋਵੇ, ਅੰਤੜੀਆਂ ਦੀ ਸੋਜ਼ਿਸ਼ ਹੋਵੇ, ਕਰੋਹਨ ਬੀਮਾਰੀ ਹੋਵੇ ਜਾਂ ਸ਼ੁੱਧ ਸ਼ਾਕਾਹਾਰੀ ਭੋਜਨ ਲੈ ਰਿਹਾ ਹੋਵੇ ਤਾਂ ਜ਼ਿੰਕ ਦੀ ਕਮੀ ਹੋ ਸਕਦੀ ਹੈ।

ਜ਼ਿੰਕ ਦੀ ਕਮੀ ਸਦਕਾ ਵਾਲ ਝੜਨੇ ਸ਼ੁਰੂ ਹੋ ਜਾਂਦੇ ਹਨ, ਟੱਟੀਆਂ ਲੱਗ ਸਕਦੀਆਂ ਹਨ, ਚਮੜੀ ਖੁਰਦਰੀ ਹੋ ਜਾਂਦੀ ਹੈ, ਭੁੱਖ ਮਰ ਜਾਂਦੀ ਹੈ ਤੇ ਵੀਰਜ ਵਿਚਲੇ ਸ਼ੁਕਰਾਣੂਆਂ ਉੱਤੇ ਵੀ ਅਸਰ ਪੈਂਦਾ ਹੈ।

ਚਮੜੀ ਨੂੰ ਵਾਇਰਸ ਤੇ ਬੈਕਟੀਰੀਆ ਕੀਟਾਣੂਆਂ ਤੋਂ ਬਚਾਉਣ ਵਿਚ ਜ਼ਿੰਕ ਮਦਦ ਕਰਦਾ ਹੈ ਤੇ ਕਿੱਲ ਮੁਹਾਂਸਿਆਂ ਤੋਂ ਵੀ ਬਚਾਉਂਦਾ ਹੈ। ਜ਼ੁਕਾਮ ਛੇਤੀ ਠੀਕ ਕਰਨ ਵਿਚ ਵੀ ਜ਼ਿੰਕ ਮਦਦ ਕਰਦਾ ਹੈ। ਅੱਖਾਂ ਵਿਚਲੇ ਪਰਦੇ ਨੂੰ ਸਹੀ ਰੱਖਣ ਵਿਚ ਵੀ ਜ਼ਿੰਕ ਦਾ ਰੋਲ ਲੱਭਿਆ ਗਿਆ ਹੈ।

ਜ਼ਿੰਕ ਲਾਲ ਮੀਟ, ਚਿਕਨ, ਫਲੀਆਂ, ਕੱਦੂ ਦੇ ਬੀਜ, ਕਾਜੂ, ਬਦਾਮ, ਛਾਣਬੂਰੇ ਵਾਲਾ ਆਟਾ, ਦੁੱਧ, ਪਨੀਰ, ਸ਼ੈੱਲ ਮੱਛੀ, ਦਾਲਾਂ, ਅੰਡੇ, ਸੀਪ, ਆਦਿ ਵਿਚ ਹੁੰਦਾ ਹੈ। ਸੀਪ ਵਿਚ 74 ਮਿਲੀਗ੍ਰਾਮ ਜ਼ਿੰਕ ਹੁੰਦਾ ਹੈ।

ਜੇ ਲੋੜੋਂ ਵੱਧ ਜ਼ਿੰਕ ਖਾ ਲਿਆ ਜਾਵੇ (40 ਮਿਲੀਗ੍ਰਾਮ ਤੋਂ ਵੱਧ) ਤਾਂ ਢਿੱਡ ਵਿਚ ਕੜਵੱਲ, ਸਿਰ ਪੀੜ, ਦਿਲ ਕੱਚਾ ਹੋਣਾ, ਇਮਿਊਨ ਸਿਸਟਮ ਦਾ ਘੱਟ ਕੰਮ ਕਰਨਾ, ਆਦਿ ਹੋ ਸਕਦਾ ਹੈ।

ਸਵਾਲ-3 :- ਹਲਦੀ ਕਿੰਨੀ ਅਸਰਦਾਰ ਹੈ?

ਜਵਾਬ :- ਲੋੜੋਂ ਵੱਧ ਹਲਦੀ ਦੇ ਮਾੜੇ ਅਸਰ ਹੁੰਦੇ ਹਨ। ਇਸੇ ਲਈ ਫਾਇਦਿਆਂ ਤੋਂ ਪਹਿਲਾਂ ਇਸ ਦੇ ਮਾੜੇ ਅਸਰਾਂ ਵੱਲ ਝਾਤ ਮਾਰ ਲੈਣੀ ਚਾਹੀਦੀ ਹੈ। ਭਾਵੇਂ ਸਦੀਆਂ ਤੋਂ ਜ਼ਖ਼ਮ ਭਰਨ ਅਤੇ ਖੰਘ ਜ਼ੁਕਾਮ ਲਈ ਹਲਦੀ ਅਸਰਦਾਰ ਸਾਬਤ ਹੋ ਚੁੱਕੀ ਹੈ ਪਰ ਇਸ ਵਿਚ ਦੋ ਫੀਸਦੀ ਓਗਜ਼ਾਲੇਟ ਹੁੰਦੇ ਹਨ ਜੋ ਲੋੜੋਂ ਵੱਧ ਮਾਤਰਾ ਵਿਚ ਗੁਰਦੇ ਦੀਆਂ ਪਥਰੀਆਂ ਬਣਨ ਵਿਚ ਮਦਦ ਕਰ ਦਿੰਦੇ ਹਨ। ਅੱਜ ਕੱਲ ਪੀਸੀ ਹੋਈ ਹਲਦੀ ਵਿਚ ਕਸਾਵਾ ਮਾਇਆ, ਬਾਜਰਾ, ਆਟਾ ਜਾਂ ਰਾਈ ਵੀ ਮਿਲਾ ਦਿੱਤੇ ਜਾਂਦੇ ਹਨ ਜੋ ਸੀਲੀਅਕ ਬੀਮਾਰੀ ਜਾਂ ਕਣਕ ਤੋਂ ਹੋ ਰਹੀ ਐਲਰਜੀ ਵਾਲਿਆਂ ਲਈ ਹਾਨੀਕਾਰਕ ਸਾਬਤ ਹੋ ਜਾਂਦੇ ਹਨ।

ਕੁੱਝ ਕਿਸਮ ਦੇ ਰੰਗ ਵੀ ਹਲਦੀ ਵਿਚ ਮਿਲਾਏ ਜਾਂਦੇ ਹਨ, ਜਿਵੇਂ 'ਏਸਿਡ ਪੀਲਾ 36' ਜਾਂ ਮੈਟਾਨਿਲ ਪੀਲਾ। ਇਸ ਦੀ ਵਰਤੋਂ ਅਮਰੀਕਾ ਤੇ ਯੂਰਪ ਵਿਚ ਪੂਰਨ ਰੂਪ ਵਿਚ ਬੰਦ ਕੀਤੀ ਗਈ ਹੈ ਕਿਉਂਕਿ ਇਹ ਕੈਂਸਰ ਕਰਦਾ ਹੈ ਅਤੇ ਦਿਮਾਗ਼ ਦੀਆਂ ਨਸਾਂ ਉੱਤੇ ਮਾੜਾ ਅਸਰ ਛੱਡਦਾ ਹੈ।

ਕੁੱਝ ਹਲਦੀ ਪਾਊਡਰਾਂ ਵਿਚ ਸਿੱਕਾ ਮਿਲਾਇਆ ਹੁੰਦਾ ਹੈ ਜੋ ਦਿਮਾਗ਼ ਦਾ ਬੇੜਾ ਗਰਕ ਕਰ ਦਿੰਦਾ ਹੈ।

ਜ਼ਿਆਦਾ ਹਲਦੀ ਖਾਣ ਨਾਲ ਢਿੱਡ ਅੰਦਰ ਅਫਾਰਾ, ਤੇਜ਼ਾਬ ਬਣਨਾ ਜਾਂ ਟੱਟੀਆਂ ਲੱਗਣੀਆਂ ਵੇਖੀਆਂ ਗਈਆਂ ਹਨ। ਅਜਿਹਾ 1000 ਮਿਲੀਗ੍ਰਾਮ ਹਲਦੀ ਖਾਣ ਨਾਲ ਹੁੰਦਾ ਹੈ।

ਕੁੱਝ ਜਣਿਆਂ ਨੂੰ 450 ਮਿਲੀਗ੍ਰਾਮ ਹਲਦੀ ਖਾਣ ਨਾਲ ਹੀ ਸਿਰ ਪੀੜ ਤੇ ਜੀਅ ਕੱਚਾ ਹੋਣ ਲੱਗ ਪੈਂਦਾ ਹੈ।

ਕੁੱਝ ਲੋਕਾਂ ਵਿਚ ਚਮੜੀ ਉੱਤੇ ਦਾਣੇ ਨਿਕਲੇ ਵੀ ਵੇਖੇ ਗਏ ਹਨ ਖ਼ਾਸ ਕਰ ਜਿਹੜੇ ਕੱਚੀ ਹਲਦੀ ਭਾਰੀ ਮਾਤਰਾ ਵਿਚ ਰੋਜ਼ ਖਾਂਦੇ ਰਹਿਣ।

ਚੂਹਿਆਂ ਵਿਚ 2600 ਮਿਲੀਗ੍ਰਾਮ ਪ੍ਰਤੀ ਕਿੱਲੋ ਖਾਣ ਨਾਲ ਜਾਨ ਨੂੰ ਖ਼ਤਰਾ ਵੀ ਹੋਇਆ ਲੱਭਿਆ ਕਿਉਂਕਿ ਜਿਗਰ ਦਾ ਵਧ ਜਾਣਾ, ਢਿੱਡ ਵਿਚ ਅਲਸਰ, ਅੰਤੜੀਆਂ ਤੇ ਜਿਗਰ ਦੇ ਕੈਂਸਰ ਵਰਗੀਆਂ ਬੀਮਾਰੀਆਂ ਚੂਹਿਆਂ ਨੂੰ ਹੋ ਗਈਆਂ।

ਇਸੇ ਲਈ ਥੋੜੇ ਦਿਨਾਂ ਲਈ ਹਲਦੀ ਵੱਧ ਖਾਣੀ ਤਾਂ ਮਨੁੱਖੀ ਸਰੀਰ ਜਰ ਸਕਦਾ ਹੈ, ਵਰਨਾ ਘੱਟ ਮਾਤਰਾ ਵਿਚ ਸਬਜ਼ੀ ਦਾਲ ਵਿਚ ਰੋਜ਼ ਖਾਂਦੇ ਰਹਿਣ ਨਾਲ ਕੋਈ ਨੁਕਸਾਨ ਹੁੰਦਾ ਨਹੀਂ ਦਿਸਿਆ। ਇਸ ਦਾ ਮਤਲਬ ਹੈ ਤਿੰਨ ਮਿਲੀਗ੍ਰਾਮ ਪ੍ਰਤੀ ਕਿੱਲੋ ਤੋਂ ਵੱਧ ਖਾਣੀ ਨੁਕਸਾਨਦੇਹ ਹੋ ਸਕਦੀ ਹੈ।

ਹਲਦੀ ਵਿਚਲਾ ਸਿਰਫ਼ ਤਿੰਨ ਫੀਸਦੀ ਹਿੱਸਾ ਕੁਰਕੁਮਿਨ ਹੁੰਦਾ ਹੈ ਜੋ ਸਾਰੇ ਫ਼ਾਇਦੇ ਦਿੰਦਾ ਹੈ-ਸੋਜ਼ਿਸ਼ ਘਟਾਉਣੀ, ਐਂਟੀਆਕਸੀਡੈਂਟ ਅਸਰ, ਬਲੱਡ ਪ੍ਰੈੱਸ਼ਰ ਘਟਾਉਣਾ, ਕੈਂਸਰ, ਐਲਜ਼ੀਮਰ ਆਦਿ। ਕੁਰਕੁਮਿਨ ਦੇ ਅਸਰ ਲੈਣ ਵਾਸਤੇ ਇਹ ਇਕ ਗ੍ਰਾਮ ਤੋਂ ਵੱਧ ਖਾਣੀ ਪੈਂਦੀ ਹੈ ਜੋ ਨਾਰਮਲ ਤਰੀਕੇ ਖਾਣੀ ਅਸੰਭਵ ਹੈ। ਕੁਰਕੁਮਿਨ ਸਾਡੀਆਂ ਅੰਤੜੀਆਂ ਰਾਹੀਂ ਪੂਰੀ ਹਜ਼ਮ ਨਹੀਂ ਹੁੰਦੀ। ਜੇ ਇਸ ਨਾਲ ਕਾਲੀ ਮਿਰਚ ਅਤੇ ਘਿਓ ਲਏ ਜਾਣ, ਤਾਂ ਹੀ ਅੰਤੜੀਆਂ ਰਾਹੀਂ ਹਜ਼ਮ ਹੁੰਦੀ ਹੈ।

ਦੋ ਕੱਪ ਪਾਣੀ ਵਿਚ 1 ਚਮਚ ਹਲਦੀ ਤੇ ਅੱਧਾ ਚਮਚ ਕਾਲੀ ਮਿਰਚ ਪਾ ਕੇ 10 ਮਿੰਟ ਹਲਕੀ ਅੱਗ ਉੱਤੇ ਉਬਾਲ ਕੇ ਉਸ ਵਿਚ ਨਿੰਬੂ ਤੇ ਸ਼ਹਿਦ ਪਾ ਕੇ ਪੀਤਾ ਜਾ ਸਕਦਾ ਹੈ।

ਕੱਚੀ ਹਲਦੀ ਨੂੰ ਪੀਹ ਕੇ ਵੀ ਖਾਧਾ ਜਾ ਰਿਹਾ ਹੈ। ਪੀਸੀ ਹੋਈ ਹਲਦੀ ਪਾਊਡਰ ਦੇ ਇੱਕ ਵੱਡੇ ਚਮਚ ਵਿਚ 200 ਮਿਲੀਗ੍ਰਾਮ ਹਲਦੀ ਹੁੰਦੀ ਹੈ। ਇਸਦਾ ਮਤਲਬ ਹੈ ਉਸ ਵਿਚ ਸਿਰਫ਼ 6 ਫੀਸਦੀ ਕੁਰਕੁਮਿਨ ਹੈ। ਸੋਜ਼ਿਸ਼ ਘਟਾਉਣ ਲਈ 500 ਤੋਂ 1,000 ਮਿਲੀਗ੍ਰਾਮ ਕੁਰਕੁਮਿਨ ਰੋਜ਼ ਖਾਣੀ ਪੈਂਦੀ ਹੈ। ਪੰਜ ਸੌ ਮਿਲੀਗ੍ਰਾਮ ਤੋਂ ਉੱਤੇ ਕੱਚੀ ਹਲਦੀ ਖਾਣ ਨਾਲ ਬਥੇਰਿਆਂ ਨੂੰ ਢਿੱਡ ਵਿਚ ਅਫਾਰਾ ਹੋਣ ਲੱਗ ਪੈਂਦਾ ਹੈ।

ਇਹ ਵੀ ਵੇਖਣ ਵਿਚ ਆਇਆ ਹੈ ਕਿ ਕੁਰਕੁਮਿਨ ਹਲਦੀ ਵਿੱਚੋਂ ਉਦੋਂ ਹੀ ਨਿਕਲ ਕੇ ਵੱਧ ਅਸਰ ਵਿਖਾਉਂਦੀ ਹੈ ਜਦੋਂ ਇਸ ਨੂੰ ਸਬਜ਼ੀ ਜਾਂ ਦਾਲ ਵਿਚ ਰਿੰਨ੍ਹ ਲਿਆ ਜਾਵੇ।

ਜੇ ਗੁਰਦੇ ਵਿਚ ਪੱਥਰੀ ਹੋਵੇ ਤਾਂ ਹਲਦੀ ਨੂੰ ਨਹੀਂ ਖਾਣਾ ਚਾਹੀਦਾ। ਜੋੜਾਂ ਦੇ ਦਰਦ ਦੇ ਮਰੀਜ਼ਾਂ ਵਿਚ 8 ਗ੍ਰਾਮ ਕੁਰਕੁਮਿਨ ਵੱਧੋ ਵੱਧ ਦੋ ਮਹੀਨਿਆਂ ਤੱਕ ਖੁਆਉਣ ਬਾਅਦ ਇਸਦੇ ਮਾੜੇ ਅਸਰ ਦਿਸਣੇ ਸ਼ੁਰੂ ਹੋ ਜਾਂਦੇ ਹਨ। ਇਸੇ ਲਈ ਥੋੜੀ ਮਾਤਰਾ ਵਿਚ ਰੋਜ਼ ਸਬਜ਼ੀਆਂ ਦਾਲਾਂ ਵਿਚ ਖਾਂਦੇ ਰਹਿਣਾ ਚਾਹੀਦਾ ਹੈ।

ਦੁੱਧ ਵਿਚ ਉਬਾਲ ਕੇ ਪੀਣ ਲਈ ਵੀ ਇੱਕ ਕੱਪ ਦੁੱਧ ਤੇ ਇੱਕ ਕੱਪ ਪਾਣੀ ਵਿਚ ਪੀਸੀ ਹਲਦੀ ਇੱਕ ਚਮਚ ਤੇ ਅੱਧਾ ਚਮਚ ਕਾਲੀ ਮਿਰਚ ਪਾ ਕੇ ਹਲਕੀ ਅੱਗ ਤੇ 20 ਮਿੰਟ ਉਬਾਲਣ ਬਾਅਦ ਹੀ ਫਾਇਦਾ ਲਿਆ ਜਾ ਸਕਦਾ ਹੈ। ਤੇਜ਼ ਅੱਗ 'ਤੇ ਉਬਾਲਣ ਨਾਲ ਕੁਰਕੁਮਿਨ ਖ਼ਤਮ ਹੋ ਜਾਂਦੀ ਹੈ।

ਕੈਪਸੂਲਾਂ ਰਾਹੀਂ 500 ਮਿਲੀਗ੍ਰਾਮ ਦੇ ਰੋਜ਼ ਚਾਰ ਕੈਪਸੂਲ ਖਾਣ ਲਈ ਕਿਹਾ ਜਾਂਦਾ ਹੈ ਜਿਸ ਨਾਲ ਬਹੁਤਿਆਂ ਵਿੱਚ ਚੱਕਰ, ਘਬਰਾਹਟ, ਟੱਟੀਆਂ ਲੱਗਣੀਆਂ, ਦਿਲ ਕੱਚਾ ਹੋਣਾ ਵੇਖਣ ਵਿਚ ਆਇਆ ਹੈ। ਸੋ ਬਿਹਤਰ ਹੈ ਸਬਜ਼ੀ ਦਾਲ ਵਿਚ ਬਣਾ ਕੇ ਹੀ ਲੈ ਲਈ ਜਾਵੇ। ਨਾ ਹੱਦੋਂ ਵੱਧ ਉਬਾਲਣੀ, ਰਿੰਨਣੀ ਤੇ ਨਾ ਹੀ ਉੱਕਾ ਕੱਚੀ ਖਾਣੀ।

ਸਵਾਲ-4 :- ਸੈਨੇਟਾਈਜ਼ਰ ਨੁਕਸਾਨਦੇਹ ਤਾਂ ਨਹੀਂ ਹਨ ?

ਜਵਾਬ :- ਅਮਰੀਕਾ ਵਿਚ ਐਫ.ਡੀ.ਏ ਨੇ ਵਾਰਨਿੰਗ ਜਾਰੀ ਕਰ ਦਿੱਤੀ ਹੈ ਕਿ ਬਹੁਤ ਸਾਰੇ ਸੈਨੇਟਾਈਜ਼ਰਾਂ ਵਿੱਚ ਮੀਥਾਨੋਲ ਪਾ ਕੇ ਉਸ ਨੂੰ 80 ਫੀਸਦੀ ਐਲਕੋਹਲ ਲਿਖ ਕੇ ਵੇਚਿਆ ਜਾ ਰਿਹਾ ਹੈ ਜੋ ਹੱਥਾਂ ਨੂੰ ਤਗੜਾ ਨੁਕਸਾਨ ਕਰਨ ਦੇ ਨਾਲ ਦਿੱਲ ਕੱਚਾ ਹੋਣਾ, ਸਿਰ ਪੀੜ, ਨਜ਼ਰ ਧੁੰਧਲੀ ਹੋਣੀ, ਨਿਗਾਹ ਘਟਣੀ, ਦੌਰੇ ਪੈਣੇ, ਅੰਨ੍ਹੇ ਹੋਣਾ, ਦਿਮਾਗੀ ਨਸਾਂ ਦਾ ਨੁਕਸਾਨ, ਆਦਿ ਕਰ ਸਕਦੇ ਹਨ। ਇਸੇ ਲਈ ਸਾਬਣ ਨਾਲ ਹੱਥ ਧੋਣੇ ਬਿਹਤਰ ਹਨ।

ਸਵਾਲ-5 :- ਦਿਨ ਵਿਚ ਕਿੰਨੀ ਵਾਰ ਫੱਟੇ, ਕੁਰਸੀਆਂ, ਮੇਜ਼ ਸਾਫ਼ ਕੀਤੇ ਜਾਣ?

ਜਵਾਬ :- ਰੋਜ਼ ਇੱਕ ਵਾਰ ਸਾਰੇ ਘਰ ਦੇ ਦਰਵਾਜ਼ੇ ਖਿੜਕੀਆਂ ਖੋਲ੍ਹ ਕੇ ਹਵਾ ਲੁਆ ਲੈਣੀ ਚਾਹੀਦੀ ਹੈ। ਝਾੜ ਪੂੰਝ, ਸਾਫ਼ ਸਫ਼ਾਈ ਰੋਜ਼ ਇੱਕ ਵਾਰ ਜ਼ਰੂਰ ਹੋਣੀ ਚਾਹੀਦੀ ਹੈ, ਖ਼ਾਸ ਕਰ ਬਾਹਰੋਂ ਆਉਣ ਲੱਗਿਆਂ ਹੈਂਡਲ, ਮੋਬਾਈਲ ਫੋਨ, ਆਦਿ ਜ਼ਰੂਰ ਇੱਕ ਵਾਰ ਸਾਫ਼ ਕਰ ਲੈਣੇ ਚਾਹੀਦੇ ਹਨ।

ਸਵਾਲ-6 :- ਕੋਰੋਨਾ ਤੋਂ ਠੀਕ ਹੋਣ ਤੋਂ ਬਾਅਦ ਕੀ ਧਿਆਨ ਰੱਖਿਆ ਜਾਵੇ?

ਜਵਾਬ :- ਹਸਪਤਾਲੋਂ ਛੁੱਟੀ ਹੋਣ ਮਿਲਣ ਬਾਅਦ ਬਹੁਤ ਸਾਰੇ ਮਰੀਜ਼ਾਂ ਨੂੰ ਸਰੀਰਕ ਕਮਜ਼ੋਰੀ ਮਹਿਸੂਸ ਹੋਣ ਲੱਗ ਪੈਂਦੀ ਹੈ। ਕਈਆਂ ਨੂੰ ਮਾਨਸਿਕ ਨਿਤਾਣਾਪਨ ਮਹਿਸੂਸ ਹੋਣ ਲੱਗ ਪੈਂਦਾ ਹੈ। ਇਸੇ ਲਈ ਇਨ੍ਹਾਂ ਨੂੰ ਮਨੋਵਿਗਿਆਨਿਕ ਡਾਕਟਰ ਦੀ ਸਲਾਹ ਲੈ ਲੈਣੀ ਚਾਹੀਦੀ ਹੈ ਤਾਂ ਜੋ ਛੇਤੀ ਨਾਰਮਲ ਰੁਟੀਨ ਵਿਚ ਪਹੁੰਚ ਸਕਣ।

ਸਵਾਲ-7 :- ਨੌਜਵਾਨਾਂ ਵਿਚ ਕੋਰੋਨਾ ਵਧਣ ਦਾ ਕੀ ਕਾਰਨ ਹੈ?

ਜਵਾਬ :- ਮਾਸਕ ਨਾ ਪਾ ਕੇ, ਇੱਕ ਦੂਜੇ ਤੋਂ ਪੂਰੀ ਵਿੱਥ ਨਾ ਰਖਣ ਅਤੇ ਘਰੋਂ ਬਾਹਰ ਨਿਕਲਦੇ ਰਹਿਣ ਕਾਰਨ ਨੌਜਵਾਨ (20 ਤੋਂ 39 ਸਾਲ ਦੇ) ਕੋਰੋਨਾ ਦੇ ਵੱਧ ਸ਼ਿਕਾਰ ਹੋਣ ਲੱਗ ਪਏ ਹਨ। ਇਸ ਵੇਲੇ ਅਮਰੀਕਾ ਦੇ 20 ਲੱਖ ਦੇ ਕਰੀਬ 18 ਤੋਂ 29 ਸਾਲਾਂ ਦੇ ਨੌਜਵਾਨ ਕੋਰੋਨਾ ਪੀੜਤ ਹਨ।

ਸਵਾਲ-8 :- ਕੀ ਕਾਰ ਵਿਚ ਮਾਸਕ ਪਾਉਣਾ ਚਾਹੀਦਾ ਹੈ?

ਜਵਾਬ :- ਜੇ ਕਾਰ ਵਿਚ ਹੋਰ ਅਣਜਾਣ ਬੰਦੇ ਹੋਣ ਤਾਂ ਪਾਉਣਾ ਬਿਹਤਰ ਹੈ। ਜੇ ਇਕੱਲੇ ਹੋ ਅਤੇ ਕਾਰ ਦੇ ਸ਼ੀਸ਼ੇ ਬੰਦ ਹਨ ਤਾਂ ਅਮਰੀਕਾ ਦੇ ਪਬਲਿਕ ਹੈਲਥ ਵਿਭਾਗ ਅਨੁਸਾਰ ਮਾਸਕ ਬਿਲਕੁਲ ਨਹੀਂ ਪਾਉਣਾ ਚਾਹੀਦਾ ਕਿਉਂਕਿ ਇਸ ਦੇ ਤਿਲਕਣ ਦੇ ਆਸਾਰ ਹੁੰਦੇ ਹਨ ਜੋ ਅੱਖਾਂ ਅੱਗੇ ਇਕਦਮ ਰੋਕ ਲਾ ਸਕਦੇ ਹਨ ਤੇ ਐਕਸੀਡੈਂਟ ਹੋ ਸਕਦਾ ਹੈ। ਇੰਜ ਹੀ ਇਸ ਨਾਲ ਐਨਕਾਂ ਦੇ ਸ਼ੀਸ਼ੇ ਧੁੰਧਲੇ ਹੋ ਸਕਦੇ ਹਨ।

ਸਵਾਲ-9 :- ਇਮਿਊਨਿਟੀ ਵਧਾਉਣ ਲਈ ਖ਼ੁਰਾਕ ਕਿਹੜੀ ਖਾਈਏ?

ਜਵਾਬ :- ਬੈਰੀਆਂ, ਹਦਵਾਣਾ, ਖੁੰਭਾਂ, ਪੁੰਗਰੀ ਕਣਕ, ਸਪਰੇਟੇ ਦੁੱਧ ਦਾ ਦਹੀਂ, ਪਾਲਕ, ਸ਼ਕਰਕੰਦੀ, ਬਰੌਕਲੀ (ਵਿਟਾਮਿਨ ਏ, ਸੀ. ਤੇ ਗਲੂਟਾਥਾਇਓਨ ਭਰਪੂਰ), ਗਾਜਰ, ਥੋਮ (ਕੱਚੀਆਂ ਤੁਰੀਆਂ ਵੀ ਲਈਆਂ ਜਾ ਸਕਦੀਆਂ ਹਨ), ਸੋਇਆਬੀਨ, ਮੁਰਗਾ, ਅਨਾਰ, ਅਦਰਕ (ਚਾਹ ਵਿਚ ਜਾਂ ਸਬਜ਼ੀ ਵਿਚ), ਕਾਜੂ, ਬਦਾਮ, ਆਦਿ।

ਸਵਾਲ-10 :- ਕੀ ਕੋਰੋਨਾ ਲਈ ਅਸਰਦਾਰ ਦਵਾਈ ਆ ਚੁੱਕੀ ਹੈ?

ਜਵਾਬ :- ਹੁਣ ਤਕ ਸਿਰਫ਼ ਉਹ ਦਵਾਈਆਂ ਵਰਤੀਆਂ ਜਾ ਰਹੀਆਂ ਹਨ ਜਿਹੜੀਆਂ ਕਿਸੇ ਹੋਰ ਬੀਮਾਰੀ ਲਈ ਪਹਿਲਾਂ ਵਰਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦਾ ਕੁੱਝ ਅਸਰ ਕਿਸੇ ਮਰੀਜ਼ ਉੱਤੇ ਵੱਧ ਤੇ ਕਿਸੇ ਉੱਤੇ ਘੱਟ ਨਜ਼ਰ ਆ ਰਿਹਾ ਹੈ। ਕੋਈ ਅਜਿਹੀ ਖੋਜ ਹਾਲੇ ਤੱਕ 100 ਫੀਸਦੀ ਅਸਰਦਾਰ ਹੋਣ ਦਾ ਦਾਅਵਾ ਨਹੀਂ ਕਰ ਸਕੀ ਕਿ ਕਿਹੜੀ ਦਵਾਈ ਹਰ ਮਰੀਜ਼ ਵਾਸਤੇ ਸਹੀ ਸਾਬਤ ਹੋਵੇਗੀ। ਸੋ ਹਾਲੇ ਤੱਕ ਕੋਈ ਇਕ ਦਵਾਈ ਪ੍ਰਮਾਣਿਤ ਨਹੀਂ ਕੀਤੀ ਜਾ ਸਕੀ ਕਿ ਇਹ ਇਕੱਲੀ ਹਰ ਤਰ੍ਹਾਂ ਦੇ ਕੋਰੋਨਾ ਦੇ ਮਰੀਜ਼ ਨੂੰ ਠੀਕ ਕਰ ਸਕਦੀ ਹੈ।

ਸਵਾਲ-11 :- ਸ਼ੱਕਰ ਰੋਗੀਆਂ ਤੇ ਕੋਵਿਡ ਦਾ ਕੀ ਅਸਰ ਪੈਂਦਾ ਹੈ?

ਜਵਾਬ :- ਸ਼ੱਕਰ ਰੋਗੀਆਂ ਉੱਤੇ ਕੋਰੋਨਾ ਵਾਇਰਸ ਮਾੜਾ ਅਸਰ ਪਾਉਂਦੀ ਹੈ। ਕੁੱਝ ਵਿੱਚ ਤਣਾਓ ਸਦਕਾ ਤੇ ਕੁੱਝ ਮਰੀਜ਼ਾਂ ਵਿਚ ਵਾਇਰਸ ਦੇ ਹੱਲੇ ਸਦਕਾ ਲਹੂ ਵਿਚ ਸ਼ੱਕਰ ਦੀ ਮਾਤਰਾ ਵੱਧ ਜਾਂਦੀ ਹੈ। ਪੈਨਕਰੀਆਜ਼ ਦੇ ਕੰਮ ਕਾਰ ਨੂੰ ਵੀ ਕੋਰੋਨਾ ਖ਼ਰਾਬ ਕਰ ਦਿੰਦੀ ਹੈ। ਇਸੇ ਲਈ ਜਿਨ੍ਹਾਂ ਨੂੰ ਪਹਿਲਾਂ ਤੋਂ ਹੀ ਸ਼ੱਕਰ ਰੋਗ ਹੋਵੇ, ਉਨ੍ਹਾਂ ਉੱਤੇ ਵੱਧ ਮਾਰੂ ਅਸਰ ਪੈਂਦਾ ਹੈ। ਜਿਹੜੇ ਪ੍ਰੀ-ਡਾਇਆਬਿਟਿਕ ਹੋਣ, ਉਨ੍ਹਾਂ ਉੱਤੇ ਵੀ ਮਾੜਾ ਅਸਰ ਦੇਖਿਆ ਗਿਆ ਹੈ।

ਸਵਾਲ-12 :- ਦਿਲ ਦੇ ਰੋਗੀਆਂ ਉੱਤੇ ਕੋਰੋਨਾ ਦਾ ਕੀ ਅਸਰ ਪੈਂਦਾ ਹੈ?

ਜਵਾਬ :- ਸੈਂਕੜੇ ਕੋਰੋਨਾ ਦੇ ਮਰੀਜ਼ਾਂ ਉੱਤੇ ਹੁਣ ਤੱਕ ਦੀ ਖੋਜ ਕਰਨ ਬਾਅਦ ਪਤਾ ਲੱਗਿਆ ਹੈ ਕਿ ਜਿਨ੍ਹਾਂ ਨੂੰ ਦਿਲ ਦੀ ਪਹਿਲਾਂ ਤੋਂ ਤਕਲੀਫ਼ ਹੋਵੇ, ਉਨ੍ਹਾਂ ਵਿਚ ਕੋਵਿਡ ਦੌਰਾਨ ਹਾਰਟ ਅਟੈਕ ਹੋਣ ਦਾ ਖ਼ਤਰਾ 10 ਗੁਣਾ ਵੱਧ ਹੁੰਦਾ ਹੈ। ਕਾਰਨ ਸਿਰਫ਼ ਦਿਲ ਦੇ ਰੋਗ ਨਹੀਂ ਹਨ, ਬਲਕਿ ਡਰ ਅਤੇ ਤਣਾਓ ਵੱਧ ਮਾਰੂ ਅਸਰ ਵਿਖਾਉਂਦੇ ਹਨ।

ਸਵਾਲ-13 :- ਕੀ ਇਕ ਵਾਰ ਕੋਰੋਨਾ ਦੀ ਬੀਮਾਰੀ ਤੋਂ ਬਾਅਦ ਦੁਬਾਰਾ ਕੋਰੋਨਾ ਹੱਲਾ ਬੋਲ ਸਕਦੀ ਹੈ?

ਜਵਾਬ :- ਚੀਨ ਦੇ ਹਸਪਤਾਲ ਵਿਚ ਹੋਈ ਖੋਜ ਅਨੁਸਾਰ ਕੋਵਿਡ 19 ਐਂਟੀਬਾਡੀਜ਼ ਸਰੀਰ ਅੰਦਰੋਂ 2 ਤੋਂ ਤਿੰਨ ਮਹੀਨਿਆਂ ਅੰਦਰ ਖ਼ਤਮ ਹੋ ਜਾਂਦੀਆਂ ਹਨ। ਖੋਜ ਵਿਚ ਅਜਿਹੇ 37 ਮਰੀਜ਼ ਚੁਣੇ ਗਏ ਜਿਨ੍ਹਾਂ ਨੂੰ ਕੋਵਿਡ ਬੀਮਾਰੀ ਹੋਈ ਪਰ ਲੱਛਣ ਨਹੀਂ ਸਨ ਅਤੇ 37 ਉਹ ਮਰੀਜ਼ ਲਏ ਜਿਨ੍ਹਾਂ ਨੂੰ ਸੀਰੀਅਸ ਬੀਮਾਰੀ ਸਦਕਾ ਹਸਪਤਾਲ ਦਾਖ਼ਲ ਕਰਨਾ ਪਿਆ ਸੀ।

ਅੱਠ ਹਫ਼ਤਿਆਂ ਬਾਅਦ 40 ਫੀਸਦੀ ਬਿਨ੍ਹਾਂ ਲੱਛਣਾਂ ਵਾਲਿਆ ਦੇ ਅਤੇ 13 ਫੀਸਦੀ ਲੱਛਣਾਂ ਵਾਲੇ ਮਰੀਜ਼ਾਂ ਦੀਆਂ ਐਂਟੀਬਾਡੀਜ਼ ਖ਼ਤਮ ਹੋ ਚੁੱਕੀਆਂ ਸਨ। ਇਹ ਖੋਜ 'ਨੇਚਰ' ਜਰਨਲ ਵਿਚ ਛਪ ਚੁੱਕੀ ਹੈ। ਇਸਦਾ ਮਤਲਬ ਇਹ ਹੋਇਆ ਕਿ ਕੋਰੋਨਾ ਦਾ ਹੱਲਾ ਦੁਬਾਰਾ ਹੋ ਸਕਦਾ ਹੈ।

ਸਾਰ :-

ਇਹ ਸਿਰਫ਼ ਜੂਨ 2020 ਤੱਕ ਹੋਈਆਂ ਖੋਜਾਂ ਦਾ ਨਿਚੋੜ ਹੈ। ਜੇ ਅੱਗੋਂ ਕੋਈ ਹੋਰ ਖੋਜ ਕੋਵਿਡ ਦੇ ਨਵੇਂ ਲੱਛਣ, ਕੋਰੋਨਾ ਵਾਇਰਸ ਦੀ ਨਵੀਂ ਕਿਸਮ, ਕੋਈ ਨਵੀਂ ਦਵਾਈ ਜਾਂ ਟੀਕੇ ਦੀ ਈਜਾਦ ਬਾਰੇ ਚਾਨਣਾ ਪਾਉਂਦੀ ਹੋਵੇਗੀ ਤਾਂ ਉਹ ਇਸ ਲੇਖ ਤੋਂ ਅਗਲੇ ਲੇਖ ਵਿਚ ਸ਼ਾਮਲ ਕਰ ਲਿਆ ਜਾਵੇਗਾ।

# ਮਨ ਦੀ ਸਹਿਜ ਅਵਸਥਾ ਦਾ ਨਾਮ 'ਸੁਖਮਨੀ'

**- ਡਾ. ਕੁਲਦੀਪ ਕੌਰ**

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ (1563-1606) ਬਹੁਪੱਖੀ ਸ਼ਖ਼ਸੀਅਤ ਦੇ ਧਾਰਨੀ ਸਨ। ਉਨਾਂ ਨੇ ਜਿੱਥੇ ਗੁਰੂ ਗ੍ਰੰਥ ਸਾਹਿਬ ਦੇ 30 ਰਾਗਾਂ ਵਿੱਚ ਸਭ ਤੋਂ ਵਧੀਕ ਬਾਣੀ ਦੀ ਰਚਨਾ ਕੀਤੀ, ਉੱਥੇ ਹੀ ਇੱਕ ਸੁਯੋਗ ਸੰਪਾਦਕ ਦੀ ਹੈਸੀਅਤ ਵਿੱਚ ਇਸ ਮਹਾਨ ਗ੍ਰੰਥ ਦਾ ਸੰਪਾਦਨ ਵੀ ਕੀਤਾ। ਉਨਾਂ ਨੂੰ ਬਾਣੀ ਦੇ ਬੋਹਿਥ, ਪ੍ਰਤੱਖ ਹਰਿ ਤੇ ਸਹਿਣਸ਼ੀਲਤਾ ਦੇ ਸਿਖ਼ਰ ਆਦਿ ਲਕਬਾਂ ਵਜੋਂ ਯਾਦ ਕੀਤਾ ਜਾਂਦਾ ਹੈ। ਉਨਾਂ ਦੀਆਂ ਬਾਣੀਆਂ ਵਿੱਚ ਸੁਖਮਨੀ, ਬਾਵਨ ਅੱਖਰੀ, ਬਾਰਾਮਾਹ ਮਾਝ ਤੇ ਵੱਖ-ਵੱਖ ਰਾਗਾਂ ਵਿੱਚ ਰਚੀਆਂ ਛੇ ਵਾਰਾਂ ਆਦਿ ਪ੍ਰਮੁੱਖ ਹਨ।

ਸੁਖਮਨੀ, ਜਿਸ ਨੂੰ ਸਤਿਕਾਰ ਵਜੋਂ ਸੁਖਮਨੀ ਸਾਹਿਬ ਵੀ ਕਿਹਾ ਜਾਂਦਾ ਹੈ, ਸਿੱਖ ਧਰਮ ਦੀਆਂ ਬਾਣੀਆਂ ਵਿੱਚੋਂ ਇੱਕ ਪ੍ਰਧਾਨ ਬਾਣੀ ਹੈ, ਜਿਸ ਦੀ ਰਚਨਾ ਗਉੜੀ ਰਾਗ ਵਿੱਚ ਕੀਤੀ ਗਈ ਹੈ। ਇਹ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 262 ਤੋਂ 296 ਉੱਤੇ ਸੁਭਾਇਮਾਨ ਹੈ। ਭਾਵੇਂ ਇਹ ਬਾਣੀ ਨਿਤਨੇਮ ਵਿੱਚ ਦਰਜ ਨਹੀਂ, ਤਾਂ ਵੀ ਕੁਝ ਗੁਰਮੁਖ ਇਸ ਦਾ ਪਾਠ ਨਿਤਨੇਮ ਵਜੋਂ ਕਰਦੇ ਹਨ। ਇਹ ਵੀ ਮਾਨਤਾ ਹੈ ਕਿ ਪ੍ਰਭਾਤ ਦੇ ਪਹਿਲੇ ਪਹਿਰ ਵਿੱਚ ਇਸ ਬਾਣੀ ਦਾ ਉਚਾਰਨ ਜਾਂ ਸ਼੍ਰਵਣ ਵਿਅਕਤੀ ਦੇ ਮਨ ਵਿੱਚ ਸ਼ਾਂਤੀ ਦੇ ਭਾਵ ਉਜਾਗਰ ਕਰਦਾ ਹੈ। ਡਾ. ਤਾਰਨ ਸਿੰਘ ਨੇ ਲਿਖਿਆ ਹੈ ਕਿ ਗਉੜੀ ਰਾਗ ਸਰਦੀਆਂ ਦੀ ਰੁੱਤ ਵਿੱਚ ਪ੍ਰਭਾਤ ਸਮੇਂ ਗਾਇਆ ਜਾਣ ਵਾਲਾ ਰਾਗ ਹੈ, ਪਰ ਸਿੱਖ ਜਗਤ ਵਿੱਚ ਇਸ ਬਾਣੀ ਦੇ ਉਚਾਰਨ ਲਈ ਕੋਈ ਵਿਸ਼ੇਸ਼ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ।

ਇਸ ਬਾਣੀ ਦੀ ਵਿਉਂਤਬੰਦੀ 24 ਅਸ਼ਟਪਦੀਆਂ ਵਿੱਚ ਹੋਈ ਹੈ। ਹਰੇਕ ਅਸ਼ਟਪਦੀ ਵਿੱਚ ਅੱਠ ਪਉੜੀਆਂ ਹਨ ਤੇ ਹਰ ਪਉੜੀ ਵਿੱਚ 10 ਪੰਕਤੀਆਂ ਹਨ। ਪਹਿਲੀ ਅਸ਼ਟਪਦੀ ਦੀ ਪਹਿਲੀ ਪਉੜੀ ਵਿੱਚ ਰਹਾਉ ਦੀਆਂ ਦੋ ਪੰਕਤੀਆਂ ਵਧੇਰੇ ਹਨ। ਹਰ ਅਸ਼ਟਪਦੀ ਦੇ ਆਰੰਭ ਵਿੱਚ ਇੱਕ ਸਲੋਕ ਅੰਕਿਤ ਹੈ, ਜੋ ਉਸ ਅਸ਼ਟਪਦੀ ਦੇ ਕੇਂਦਰੀ ਭਾਵ ਨੂੰ ਪ੍ਰਸਤੁਤ ਕਰਦਾ ਹੈ। ਇਸ ਪ੍ਰਕਾਰ ਸਲੋਕਾਂ ਦੀ ਗਿਣਤੀ ਵੀ 24 ਹੈ। (ਕੁਝ ਵਿਦਵਾਨਾਂ ਨੇ ਸਲੋਕਾਂ ਦੀ ਗਿਣਤੀ ਜ਼ਿਆਦਾ ਹੋਣ ਦਾ ਜ਼ਿਕਰ ਕੀਤਾ ਹੈ, ਪਰ ਇਹ ਸਹੀ ਨਹੀਂ ਹੈ।)

ਗੁਰਮਤਿ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਦੀ ਇਹ ਬਾਣੀ ਰਾਮਸਰ ਦੇ ਸਥਾਨ ਉੱਤੇ ਬੈਠ ਕੇ ਅੰਦਾਜ਼ਨ 1601-02 ਵਿੱਚ ਮੁਕੰਮਲ ਕੀਤੀ। ਗੁਰਮਤਿ ਸਾਹਿਤ ਵਿੱਚ ਇਸ ਬਾਣੀ ਦਾ ਮਹਾਤਮ ਇਸ ਪੱਖੋਂ ਵੀ ਹੈ ਕਿ ਅਧਿਆਤਮਕ ਸਾਹਿਤ ਵਿੱਚ ਕਿਸੇ ਮਹਾਂਪੁਰਖ ਵੱਲੋਂ ਰਚੀ ਗਈ ਇਹ ਸਭ ਤੋਂ ਲੰਮੀ ਵੱਡਆਕਾਰੀ ਰਚਨਾ ਹੈ।

ਇਸ ਬਾਣੀ ਦੀ ਇਹ ਵੀ ਵਿਲੱਖਣਤਾ ਹੈ ਕਿ ਇਸ ਵਿੱਚ ਮਨੁੱਖੀ ਜੀਵਨ ਦਾ ਨਾਸ਼ ਕਰਨ ਵਾਲੇ ਹਰ ਪਹਿਲੂ ਦੀ ਨਿਸ਼ਾਨਦੇਹੀ ਕਰਦਿਆਂ ਉਸ ਤੋਂ ਸਾਵਧਾਨ ਤੇ ਸੁਚੇਤ ਰਹਿਣ ਦੀ ਪ੍ਰੇਰਨਾ ਦੇ ਕੇ ਉਸ ਦਾ ਸੌਖਾ, ਸੰਭਵ ਤੇ ਭਰੋਸੇਯੋਗ ਹੱਲ ਵੀ ਸੁਝਾਇਆ ਗਿਆ ਹੈ।

ਸੁਖਮਨੀ ਦੀ ਰਚਨਾ ਸ਼ਾਂਤ ਰਸ ਵਿੱਚ ਹੋਈ ਹੈ ਤੇ ਇਸ ਵਿੱਚ ਸੁੱਖ ਦੇ ਮਾਰਗ ਬਾਰੇ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਵਿਸਮਾਦ ਦੀ ਸਥਿਤੀ ਸਰਵਉੱਚ ਤੇ ਸ੍ਰੇਸ਼ਟ ਹੈ। ਵਿਸਮਾਦ ਦੀ ਇਸ ਸਥਿਤੀ ਦੇ ਬਿਆਨ ਲਈ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੇ ਗੁਰੂ ਤੇਗ਼ ਬਹਾਦਰ ਜੀ ਨੇ ਕ੍ਰਮਵਾਰ ਜਪੁ, ਅਨੰਦੁ, ਅੰਮ੍ਰਿਤ, ਬਲ ਆਦਿ ਕੇਂਦਰੀ ਸੰਕਲਪਾਂ ਦੀ ਵਰਤੋਂ ਕੀਤੀ ਹੈ।ਗੁਰੂ ਅਰਜਨ ਦੇਵ ਜੀ ਨੇ ਇਸ ਕੇਂਦਰੀ ਸੰਕਲਪ ਦੀ ਵਿਆਖਿਆ ਸੁਖਮਨੀ ਦੇ ਮਾਧਿਅਮ ਰਾਹੀਂ ਕੀਤੀ ਹੈ।

ਪ੍ਰੋ. ਸਾਹਿਬ ਸਿੰਘ ਨੇ ਸੁਖਮਨੀ ਦੇ ਅਰਥ ਮਨ ਦੀ ਉਸ ਸਹਿਜ ਅਵਸਥਾ ਦੇ ਰੂਪ ਵਿੱਚ ਕੀਤੇ ਹਨ, ਜੋ ਕਦੇ ਵੀ ਭੰਗ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਇਸ ਅਵਸਥਾ ਨੂੰ ਪਰਿਭਾਸ਼ਿਤ ਕਰਦੇ ਹੋਏ ਫ਼ਰਮਾਉਂਦੇ ਹਨ:

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।।**
**ਭਗਤ ਜਨਾ ਕੈ ਮਨਿ ਬਿਸ੍ਰਾਮ।। ਰਹਾਉ।।**(ਪੰਨਾ 262)

ਪ੍ਰਭੂ ਦਾ ਨਾਮ ਹੀ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ ਤੇ ਇਹ ਭਗਤਾਂ, ਸੰਤਾਂ ਤੇ ਬ੍ਰਹਮ ਗਿਆਨੀਆਂ ਦੇ ਹਿਰਦੇ ਵਿੱਚ ਵਸਦਾ ਹੈ। ਸੁਖਮਨੀ ਵਿੱਚ ਸੁਖਦਾਤਾ ਪਰਮਾਤਮਾ ਨੂੰ ਮੰਨਿਆ ਗਿਆ ਹੈ। ਇਸ ਦੀ ਵਿਆਖਿਆ ਹਿਤ ਗੁਰੂ ਅਰਜਨ ਦੇਵ ਜੀ ਨੇ ਪਹਿਲੀ, ਦੂਜੀ ਤੇ ਤੀਜੀ ਅਸ਼ਟਪਦੀ ਵਿੱਚ ਇਸ ਭਾਵ ਨੂੰ ਕਾਵਿਬੱਧ ਕੀਤਾ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਹੋਰ ਸਾਰੇ ਧਾਰਮਿਕ ਕਾਰਜਾਂ ਨਾਲੋਂ ਸ੍ਰੇਸ਼ਟ ਹੈ। ਪ੍ਰਭੂ ਦਾ ਸਿਮਰਨ ਮਨ ਦੀਆਂ ਸਮੁੱਚੀਆਂ ਸ਼ਕਤੀਆਂ ਨੂੰ ਨਿਯੰਤ੍ਰਿਤ ਕਰਨ ਨਾਲ ਹੁੰਦਾ ਹੈ। ਸੁਖਮਨੀ ਦੀ ਪਹਿਲੀ ਅਸ਼ਟਪਦੀ ਦੀਆਂ ਆਰੰਭਕ ਪੰਕਤੀਆਂ ਸਿਮਰਨ ਦੇ ਮਹੱਤਵ ਨੂੰ ਪੂਰਨ ਸਫ਼ਲਤਾ ਸਹਿਤ ਦ੍ਰਿੜ ਕਰਾਉਂਦੀਆਂ ਹਨ। ਇਸ ਬਾਣੀ ਵਿੱਚ ਵੱਖ-ਵੱਖ ਥਾਵਾਂ 'ਤੇ 'ਹਰਿ ਨਾਮ' ਨੂੰ ਰੇਖਾਂਕਿਤ ਕੀਤਾ ਗਿਆ ਹੈ:

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।**
**ਕਲਿ ਕਲੇਸ ਤਨ ਮਾਹਿ ਮਿਟਾਵਉ।।**

ਸੰਸਾਰ ਵਿੱਚ ਵਿਚਰਦੇ ਮਨੁੱਖਾਂ ਦੀਆਂ ਬਹੁਤ ਸਾਰੀਆਂ ਇੱਛਾਵਾਂ ਹੁੰਦੀਆਂ ਹਨ। ਸਰੀਰਕ, ਪਦਾਰਥਕ, ਭੌਤਿਕ, ਮਾਨਸਿਕ ਤੇ ਬੌਧਿਕ ਪਰ ਸੁਖਮਨੀ ਵਿੱਚ ਜਿਸ ਆਨੰਦ ਦਾ ਵਰਣਨ ਹੈ, ਉਹ ਇਨਾਂ ਅਸਥਾਈ ਇੱਛਾਵਾਂ ਦੀ ਪੂਰਤੀ ਦਾ ਫ਼ਲ ਨਹੀਂ। ਸੁਖਮਨੀ ਵਿੱਚ ਉਸ ਮੂਲ ਤੇ ਸਦੈਵਕਾਲੀਨ ਅਧਿਆਤਮਕ ਸੁੱਖ ਦਾ ਵਰਣਨ ਹੈ, ਜਿਸ ਦਾ ਅਸਤਿੱਤਵ ਮਨੁੱਖ ਦੇ ਪਰਾਭੌਤਿਕ ਤੇ ਪਰਾਸਰੀਰਕ ਅਨੁਭਵਾਂ ਦਾ ਸਿੱਟਾ ਹੈ। ਸੁਖਮਨੀ ਦੀ ਚੌਥੀ, ਪੰਜਵੀਂ ਤੇ ਛੇਵੀਂ ਅਸ਼ਟਪਦੀ ਵਿੱਚ ਇਹ ਦ੍ਰਿੜ ਕਰਵਾਇਆ ਗਿਆ ਹੈ ਕਿ ਮਾਇਆ ਵਿੱਚ ਫਸੇ ਜੀਵ ਉੱਤੇ ਰੱਬ ਵੱਲੋਂ ਹੀ ਮਿਹਰ ਹੋਵੇ, ਤਾਂ ਹੀ ਉਸ ਨੂੰ ਰੱਬ ਦੀ ਦਾਤ ਮਿਲਦੀ ਹੈ। ਸੱਤਵੀਂ, ਅੱਠਵੀਂ ਤੇ ਨੌਵੀਂ ਅਸ਼ਟਪਦੀ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਸੰਗਤ ਵਿੱਚ ਬੈਠ ਕੇ ਨਾਮ ਦੀ ਬਰਕਤ ਹਾਸਲ ਕਰਦਾ ਹੈ। ਅਜਿਹੇ ਗੁਰਮੁਖ ਉੱਚੀ ਕਰਨੀ ਵਾਲੇ ਹੁੰਦੇ ਹਨ। 12ਵੀਂ, 13ਵੀਂ, 14ਵੀਂ ਤੇ 15ਵੀਂ ਅਸ਼ਟਪਦੀ ਵਿੱਚ ਮਨੁੱਖ ਨੂੰ ਜੀਵਨ ਦੇ ਵਿਹਾਰਕ ਪੱਖ 'ਚੋਂ ਗਿਆਨ ਦਿੱਤਾ ਗਿਆ ਹੈ। 16ਵੀਂ, 17ਵੀਂ ਤੇ 18ਵੀਂ ਅਸ਼ਟਪਦੀ ਵਿੱਚ ਪਰਮਾਤਮਾ ਦੇ ਗੁਣਵਾਚਕ ਨਾਵਾਂ ਦਾ ਵਰਣਨ ਕੀਤਾ ਗਿਆ ਹੈ ਜਿਵੇਂ, 'ਉਹ ਸਭ ਵਿੱਚ ਵਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ।' 23ਵੀਂ ਤੇ 24ਵੀਂ ਅਸ਼ਟਪਦੀ ਵਿੱਚ ਸੁਖਮਨੀ ਦਾ ਮਹਾਤਮ ਤੇ ਸਿੱਟਾ ਪੇਸ਼ ਕੀਤਾ ਗਿਆ ਹੈ। ਇਨਾਂ ਪਉੜੀਆਂ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਮਨੁੱਖ ਨੂੰ ਗਿਆਨ ਰੂਪੀ ਸੁਰਮਾ ਮਿਲਦਾ ਹੈ ਤਾਂ ਉਸ ਦੇ ਮਨ ਵਿੱਚ ਇਹ ਚਾਨਣ ਪੈਦਾ ਹੁੰਦਾ ਹੈ ਕਿ ਪ੍ਰਭੂ ਹਰ ਥਾਂ ਉੱਤੇ ਹੈ। ਇਸੇ ਲਈ ਉਸ ਦੇ ਨਾਮ ਨੂੰ ਸੁੱਖਾਂ ਦੀ ਮਣੀ ਜਾਂ 'ਸੁਖਮਨੀ' ਕਿਹਾ ਗਿਆ ਹੈ,

**ਸਭ ਤੇ ਊਚ ਤਾ ਕੀ ਸੋਭਾ ਬਨੀ।।**
**ਨਾਨਕ ਇਹ ਗੁਣਿ ਨਾਮੁ ਸੁਖਮਨੀ।।**(ਪੰਨਾ 296)

'ਸੁਖਮਨੀ' ਮਨ ਦੀ ਸਹਿਜ ਅਵਸਥਾ ਦਾ ਨਾਮ ਹੈ, ਜੋ ਰਜੋ, ਤਮੋ ਤੇ ਸਤੋ ਤੋਂ ਪ੍ਰਾਪਤ ਸੁੱਖਾਂ ਤੋਂ ਉਚੇਰੀ ਅਵਸਥਾ ਹੈ। ਇਸ ਰਚਨਾ ਵਿੱਚ ਗੁਰੂ ਅਰਜਨ ਦੇਵ ਜੀ ਨੇ ਮਨ ਨੂੰ ਗਿਆਨ ਤੇ ਕਰਮ ਇੰਦਰੀਆਂ ਦੇ ਪ੍ਰਭਾਵ ਤੋਂ ਬਚਾਉਣ ਲਈ ਇਸ ਨੂੰ ਸਿਮਰਨ, ਸਾਧ ਸੰਗਤ, ਸੇਵਾ ਤੇ ਗੁਰੂ ਦਾ ਹੁਕਮ ਮੰਨਣ ਆਦਿ ਦਾ ਆਦੇਸ਼ ਦਿੱਤਾ ਹੈ। ਸੁਖਮਨੀ ਵਿੱਚ ਮਿਲਦਾ ਸੁੱਖ ਭੌਤਿਕ ਲੱਛਣਾਂ ਦਾ ਧਾਰਨੀ ਨਹੀਂ ਹੈ, ਸਗੋਂ ਇਹ ਉਸ ਅਧਿਆਤਮਕ ਅਵਸਥਾ ਦਾ ਨਾਮ ਹੈ, ਜੋ ਸਦਾ ਸਥਿਰ ਰਹਿੰਦੀ ਹੈ। ਅੱਜ ਦੇ ਅਖੌਤੀ ਧਰਮਾਂ ਦੀ ਚਕਾਚੌਂਧ ਵਿੱਚ ਗੁਆਚੇ, ਪੀੜਤ ਤੇ ਦੁਖੀ ਮਨੁੱਖ ਲਈ ਸੁਖਮਨੀ ਹੀ ਸਹਿਜ ਅਵਸਥਾ ਵਜੋਂ ਇੱਕ ਅਮੋਲਕ ਖ਼ਜ਼ਾਨਾ ਹੈ। ਇਹ ਬਾਣੀ ਸਿਰਫ਼ ਸਿੱਖ ਜਗਤ ਵਿੱਚ ਹੀ ਨਹੀਂ, ਸਗੋਂ ਸਾਰੇ ਉੱਤਰੀ ਭਾਰਤ ਵਿੱਚ ਪਿਛਲੇ ਚਾਰ ਸੌ ਸਾਲਾਂ ਤੋਂ ਤਪਦੇ ਮਨਾਂ ਨੂੰ ਠਾਰਦੀ ਆਈ ਹੈ।

# ਸਾਧ ਜਨਾ ਕੀ ਸੇਵਾ ਲਾਗੈ

**- ਰਮੇਸ਼ ਬੱਗਾ ਚੋਹਲਾ**

ਮਨੁੱਖੀ ਜੀਵਨ ਦੀ ਦੀ ਗੱਡੀ ਨੂੰ ਰਵਾਂ-ਦਵਾਂ ਰੱਖਣ ਲਈ ਵੱਖ-ਵੱਖ ਕਿਸਮ ਦੇ ਪਦਾਰਥਾਂ ਦਾ ਮਹੱਤਵਪੂਰਨ ਰੋਲ ਹੈ। ਜ਼ਿੰਦਗੀ ਦੀਆਂ ਤਿੰਨ ਬੁਨਿਆਦੀ ਲੋੜਾਂ (ਕੁੱਲੀ,ਗੁੱਲੀ ਅਤੇ ਜੁੱਲੀ) ਦੀ ਪੂਰਤੀ ਵੀ ਪਦਾਰਥਾਂ ਦੀ ਪ੍ਰਾਪਤੀ 'ਤੇ ਹੀ ਨਿਰਭਰ ਕਰਦੀ ਹੈ।ਸਹੀ ਅਤੇ ਸੰਤੁਲਿਤ ਮਾਤਰਾ ਵਿਚ ਮਿਲਣ ਵਾਲੇ ਪਦਾਰਥ ਜਿਥੇ ਜੀਵਨ ਰੂਪੀ ਪਤੰਗ ਨੂੰ ਉਡਾਈ ਰੱਖਦੇ ਹਨ ਉਥੇ ਨਾਲ ਹੀ ਸੰਸਾਰਿਕ ਸੁੱਖਾਂ ਦਾ ਸਬੱਬ ਵੀ ਬਣਾਈ ਰੱਖਦੇ ਹਨ।ਬਾਬੇ ਦੀ ਬਾਣੀ ਬੇਸ਼ੱਕ ਸੰਸਾਰਿਕ ਸੁੱਖ ਅਤੇ ਦੁੱਖ਼ ਨੂੰ ਬਰਾਬਰ ਮੰਨਦੀ ਹੋਈ ਇਨਾਂ ਨੂੰ ਪਹਿਨਣ ਵਾਲੇ ਕਪੜਿਆਂ ਨਾਲ ਤੁਲਨਾਉਂਦੀ ਹੈ ਪਰ ਪੂਜਾ-ਪਾਠ ਅਤੇ ਅਰਦਾਸ-ਬੇਨਤੀ ਸਿਰਫ਼ ਸੁੱਖਾਂ ਦੇ ਪ੍ਰਕਾਸ਼ ਅਤੇ ਦੁੱਖਾਂ ਦੇ ਨਾਸ ਵਾਸਤੇ ਹੀ ਕੀਤੀ ਜਾਂਦੀ ਹੈ। ਮਾਇਆ ਦੇ ਪ੍ਰਭਾਵ ਕਾਰਨ ਮਨੁੱਖ ਕੇਵਲ ਸੁੱਖਾਂ ਨੂੰ ਲੋੜਦਾ ਹੀ ਨਹੀਂ ਸਗੋਂ ਉਨਾਂ ਨੂੰ (ਪਦਾਰਥਾਂ ਦੇ ਰੂਪ ਵਿਚ) ਜੋੜਦਾ ਵੀ ਹੈ।ਪਦਾਰਥਾਂ ਦਾ ਇਹ ਜੋੜਜਾਮਾ ਉਸ ਦੀਆਂ ਭਵਿੱਖ/ਅਦਿੱਖ ਮੁੱਖੀ ਯੋਜਨਾਵਾਂ ਦਾ ਅਹਿਮ ਹਿੱਸਾ ਹੁੰਦਾ ਹੈ। ਜਾਗਤ-ਜੋਤ ਕਰਕੇ ਸਵੀਕਾਰੇ ਅਤੇ ਸਤਿਕਾਰੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਪਦਾਰਥਾਂ ਦਾ ਜਿਕਰ ਕੀਤਾ ਗਿਆ ਹੈ ਜਿਨਾਂ ਦੀ ਉਪਲੱਬਤਾ ਮਨੁੱਖੀ ਜੀਵਨ ਨੂੰ ਸੰਤੁਲਿਤਾ ਅਤੇ ਸੰਪੂਰਨਤਾ ਬਖ਼ਸ਼ਦੀ ਹੈ। ਇਹ ਚਾਰ ਪਦਾਰਥ ਹਨ:-

1. ਧਰਮ 2. ਅਰਥ 3. ਕਾਮ 4. ਮੋਖ (ਮੋਕਸ਼)

ਇਨਾਂ ਪਦਾਰਥਾਂ ਵਿਚੋਂ ਪਹਿਲੇ ਤਿੰਨਾਂ ਦਾ ਸੰਬੰਧ ਮਨੁੱਖ ਦੀ ਦੁਨਿਆਵੀ ਬਿਰਤੀ ਅਤੇ ਚੌਥੇ ਦਾ ਰੂਹਾਨੀ ਬਿਰਤੀ ਨਾਲ ਹੈ। ਜਦੋਂ ਦੁਨਿਆਵੀ ਬਿਰਤੀ ਭਾਰੂ ਹੁੰਦੀ ਹੈ ਤਾਂ ਉਸ ਸਮੇਂ ਮਨੁੱਖ ਦਾ ਰੁਝਾਨ ਧਰਮ,ਅਰਥ ਅਤੇ ਕਾਮ ਦੀ ਤਿੱਕੜੀ ਵੱਲ ਵਧੇਰੇ ਹੁੰਦਾ ਹੈ ਪਰ ਜਦੋਂ ਰੂਹਾਨੀ ਬਿਰਤੀ ਭਰਪੂਰ ਹੁੰਦੀ ਹੈ ਤਾਂ ਉਸ ਵਕਤ ਮਨੁੱਖ ਮੋਖ ਦੁਆਰਿਆਂ ਵੱਲ ਪਰਤਣ ਲੱਗ ਪੈਂਦਾ ਹੈ।ਆਉ ! ਗੁਰਬਾਣੀ ਦੀ ਰੋਸ਼ਨੀ ਵਿਚ ਇਨਾਂ ਚਾਰ ਪਦਾਰਥਾਂ ਨੂੰ ਸਮਝਣ ਦਾ ਜਤਨ ਕਰੀਏ।

ਧਰਮ:-ਧਰਮ ਦਾ ਅਰਥ ਕੇਵਲ ਬਾਹਰੀ ਪ੍ਰਗਟਾਵਾ ਹੀ ਨਹੀਂ ਸਗੋਂ ਸੱਚ ਨਾਲ ਜੁੜ ਕੇ ਸੱਚ ਨੂੰ ਕਮਾਉਣਾ ਭਾਵ ਸਚਿਆਰ ਬਣਨਾ ਹੈ। ਸਿੱਖੀ ਦਾ ਪਹਿਲਾ ਪ੍ਰਸ਼ਨ ਹੈ ਕਿ-

**ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ ॥**

ਸਿੱਖੀ ਦੇ ਸਫ਼ਰ ਦੀ ਆਰੰਭਤਾ ਇਸ ਪ੍ਰਸ਼ਨ ਨਾਲ ਹੀ ਹੁੰਦੀ ਹੈ। ਇਸ ਗਾਡੀ ਰਾਹ 'ਤੇ ਤੁਰੇ ਕਦਮ ਲਗਾਤਾਰ ਸਚਿਆਰ ਬਣਨ ਦੀ ਮੰਜ਼ਿਲ ਤੱਕ ਪਹੁੰਚਣ ਲਈ ਜਤਨਸ਼ੀਲ ਰਹਿੰਦੇ ਹਨ ਪਰ ਇਸ ਪਹੁੰਚ ਨੂੰ ਅਪਹੁੰਚ ਬਣਾਉਣ ਹਿੱਤ ਹਿਰਦੇ ਰੂਪੀ ਵੇਹੜੇ ਵਿਚ ਇੱਕ ਕੂੜ ਦੀ ਕੰਧ ਉਸਰੀ ਹੋਈ ਹੈ।ਹਉਮੈ ਰੂਪੀ ਗ਼ਾਰਾ ਇਸ ਕੰਧ ਨੂੰ ਮਜ਼ਬੂਤ ਬਣਾਈ ਰੱਖਦਾ ਹੈ।ਇਸ ਕੰਧ ਨੂੰ ਤੋੜਨਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਰਹਿ ਜਾਂਦੀ।ਇਹ ਦੀਵਾਰ ਹਰੇਕ ਧਰਮ ਦੇ ਮਾਰਗ ਵਿਚ ਮੌਜੂਦ ਹੁੰਦੀ ਹੈ ਪਰ ਇਸ ਨੂੰ ਢਾਹੁਣ ਦੀਆਂ ਜੁਗਤਾਂ ਵੱਖਰੀਆਂ-ਵੱਖਰੀਆਂ ਦੱਸੀਆਂ ਜਾਂਦੀਆਂ ਹਨ। ਸਿੱਖੀ ਸਿਧਾਂਤ ਵਿਚ ਇਸ ਦੀਵਾਰ ਨੂੰ ਢਾਹੁਣ ਦੀ ਹਾਮੀ ਜਗਤ ਬਾਬੇ ਨੇ ਇੰਝ ਭਰੀ ਹੈ-

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥**

ਧਰਮ ਮਨੁੱਖ ਨੂੰ ਧਰਮੀ/ਸਚਿਆਰ ਬਣਾ ਕੇ ਇਸ ਮਜ਼ਬੂਤ ਦੀਵਾਰ ਨੂੰ ਢਾਹੁਣ ਵਿਚ ਅਹਿਮ ਭੂਮਿਕਾ ਨਿਭਉਂਦਾ ਅਤੇ ਉਸ ਦੀ ਰਜ਼ਾ ਵਿਚ ਰਹਿਣਾ ਸਿਖਾਉਂਦਾ ਹੈ। ਜਿਹੜਾ ਜੀਵ ਉਸ ਦੀ ਰਜ਼ਾ ਵਿਚ ਰਹਿਣਾ ਸਿੱਖ ਜਾਂਦਾ ਹੈ ਉਸ ਦੀ ਸੋਚਣੀ ਸਰਬਤ ਦੇ ਭਲੇ ਵਾਲੀ ਹੋ ਜਾਂਦੀ ਹੈ।ਤੇ ਇਹ ਸੋਚ ਹੀ ਸਿੱਖ ਧਰਮ ਦਾ ਹਾਸਲ ਹੈ। ਜਿਨਾਂ ਨੂੰ ਇਹ ਹਾਸਲ ਹੋ ਜਾਂਦਾ ਹੈ ਉਨਾਂ ਦੇ ਕਰਮ ਨਿਰਮਲ ਤੇ ਕਲਿਆਣਕਾਰੀ ਹੋ ਜਾਂਦੇ ਹਨ। ਇਸ ਧਰਮ ਤੇ ਕਰਮ ਦੀ ਪਹਿਚਾਣ ਪੰਚਮ ਪਾਤਸ਼ਾਹ ਸ੍ਰੀ ਗੁਰੁ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 266 ਉਪਰ ਇੰਝ ਕਰਵਾਉਂਦੇ ਹਨ-

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਇਸ ਤਰਾਂ ਪਹਿਲਾ ਪਦਾਰਥ ਧਰਮ ਪ੍ਰਭੂ ਮਿਲਾਪ ਦੀ ਉਹ ਪੌੜੀ ਹੈ ਜਿਸ ਦੇ ਡੰਡੇ ਨਿਰਮਲ ਕਰਮਾਂ ਸੰਗ ਬਣਦੇ ਹਨ। ਇਨਾਂ ਡੰਡਿਆਂ ਦੀ ਬਾਦੌਲਤ ਹੀ ਪਰਮੇਸ਼ਵਰੀ ਪਿਆਰ ਦਾ ਪਾਤਰ ਬਣਿਆ ਜਾ ਸਕਦਾ ਹੈ।ਪਰ ਇਹ ਪਾਤਰ ਵਿਰਲੇ-ਟਾਵੇਂ ਹੀ ਬਣਦੇ ਹਨ। ਗੁਰੂ ਫ਼ੁਰਮਾਨ ਹੈ:-

**ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥**

ਅਰਥ:-ਹਯਾਤੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਾਲਾ ਇਹ ਪਦਾਰਥ ਧੰਨ-ਦੌਲਤ ਨਾਲ ਜੁੜਿਆ ਹੋਇਆ ਹੈ।ਮਨੁੱਖੀ ਜੀਵਨ ਦੇ ਬਹੁਤੇ ਸੁੱਖ ਇਸ ਪਦਾਰਥ ਦੇ ਇਰਦ-ਗ਼ਿਰਦ ਹੀ ਘੁੰਮਦੇ ਹਨ।ਗੁਰਬਾਣੀ ਅਨੁਸਾਰ ਇਸ ਪਦਾਰਥ ਦਾ ਦਾਤਾ ਉਹ ਅਕਾਲ-ਪੁਰਖ ਆਪ ਹੈ।ਉਹ ਆਪਣੇ ਪਿਆਰਿਆਂ ਨੂੰ ਬੇਅੰਤ ਦਾਤਾਂ ਨਾਲ ਨਿਵਾਜ਼ਦਾ ਹੈ ਅਤੇ ਇਸ ਨਾਲ ਉਸ ਨੂੰ ਕੋਈ ਘਾਟਾ ਵੀ ਨਹੀਂ ਸਹਿਣ ਕਰਨਾ ਪੈਂਦਾ।

**ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥**
**ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥**

ਵੱਡੇ ਵੱਡੇ ਰਾਜੇ-ਮਹਾਰਾਜੇ ਵੀ ਉਸ ਦੇ ਦਰ ਦੇ ਭਿਖਾਰੀ ਹਨ,ਕਿਉਂਕਿ ਇਹ ਸਾਰੇ ਉਸ ਸਿਰਜਣਹਾਰ ਦੀ ਸਿਰਜਣਾ ਦਾ ਹੀ ਹਿੱਸਾ ਹਨ। ਗੁਰੂ ਫ਼ੁਰਮਾਨ ਹੈ:-

**ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ ॥**
**ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ ॥**

ਕਾਮ:-ਇਸ ਤੀਸਰੇ ਪਦਾਰਥ ਦੇ ਘੇਰੇ ਵਿਚ ਜੀਵਨ ਦੀਆਂ ਉਹ ਇਛਾਵਾਂ/ਕਾਮਨਾਵਾਂ ਆਉਂਦੀਆਂ ਹਨ,ਜਿਨਾਂ ਦੀ ਪੂਰਤੀ ਉਚਿਤ ਢੰਗ ਨਾਲ ਕਰਕੇ ਜੀਵਨ ਨੂੰ ਸੁਖੀ ਅਤੇ ਖ਼ੁਸ਼ਹਾਲ ਬਣਾਇਆ ਜਾ ਸਕਦਾ ਹੈ।ਸੁਖ ਅਤੇ ਖ਼ੁਸ਼ਹਾਲੀ ਦੇਣ ਵਾਲਾ ਇਹ ਪਦਾਰਥ ਵੀ ਉਸ ਕਰਤਾਪੁਰਖ ਦੇ ਹੀ ਅਧੀਨ ਹੈ।ਇਸ ਪਦਾਰਥ ਤਹਿਤ ਆਉਣ ਵਾਲੇ ਨਿੱਕ-ਸੁੱਕ ਦੀ ਪ੍ਰਾਪਤੀ ਦੀ ਆਸ ਉਸ ਪਰਮ ਪਿਤਾ ਕੋਲੋਂ (ਅਰਦਾਸ ਰਾਹੀਂ) ਇੰਝ ਕੀਤੀ ਜਾ ਸਕਦੀ ਹੈ:-

**ਜਨ ਕੋ ਪ੍ਰਭ ਸੰਗੇ ਅਸਨੇਹੁ ॥ ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥ ਰਹਾਉ ॥**
**ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥**

**ਭਗਤ ਕਬੀਰ ਜੀ ਵੀ ਇਸ ਪਦਾਰਥ ਅਧੀਨ ਆਉਣ ਵਾਲੀਆਂ ਵਸਤਾਂ ਨੂੰ ਜੀਵਨ ਦਾ ਆਧਾਰ ਮੰਨਦੇ ਹੋਏ ਲਿਖਦੇ ਹਨ-**

**ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥**
**ਹਉ ਮਾਂਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥ (1)**
**ਮਾਧੋ ਕੈਸੀ ਬਨੈ ਤੁਮ ਸੰਗੇ ॥ ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥**

ਮੋਖ (ਮੋਕਸ਼):-ਉਪਰੋਕਤ ਤਿੰਨ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਤੋਂ ਬਾਅਦ ਇਸ ਚੌਥੇ ਅਤੇ ਅਹਿਮ ਪਦਾਰਥ ਦੀ ਪ੍ਰਾਪਤੀ ਵੀ ਜ਼ਰੂਰੀ ਹੈ ਜੋ ਕਿ ਮਨੁੱਖੀ ਜੀਵਨ ਦਾ ਅਸਲੀ ਅਤੇ ਅੰਤਿਮ ਉਦੇਸ਼ ਹੈ ਪਰ ਸਬਰ ਦੀ ਸੀਮਾ ਨਾ ਹੋਣ ਕਰਕੇ ਬਹੁ ਗਿਣਤੀ ਦੁਨਿਆਵੀ ਪਦਾਰਥਾਂ ਦੇ ਦਾਇਰੇ ਵਿਚ ਹੀ ਘੁੰਮਦੀ ਰਹਿੰਦੀ ਹੈ।ਲਾਲਚੀ-ਲੀਹ 'ਤੇ ਚੱਲਣ ਵਾਲੇ ਇਹ ਬਸ਼ਰ ਇਸ ਪਦਾਰਥ ਤੋਂ ਪਾਸਾ ਵੱਟ ਕੇ ਸਿਰਫ ਧਰਮ.ਅਰਥ ਅਤੇ ਕਾਮ ਦੀ ਹੀ ਤਿਕੋਣ ਬਣਾਉਂਦੇ ਰਹਿੰਦੇ ਹਨ।ਅਜਿਹੀ ਲੀਹ 'ਤੇ ਚੱਲਣ ਵਾਲਿਆਂ ਬਾਰੇ ਗੁਰਬਾਣੀ ਦੀ ਗਵਾਹੀ ਹੈ:-

**ਦਸ ਬਸਤੂ ਲੇ ਪਾਛੈ ਪਾਵੈ ।ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥**
**ਏਕ ਭੀ ਨ ਦੇਇ ਦਸ ਭੀ ਹਰਿ ਲੇਇ ।ਤਉ ਮੂੜਾ ਕਹੁ ਕਹਾ ਕਰੇਇ ॥**

ਮੋਖ ਦਾ ਅਰਥ ਹੈ ਦੁਨੀਆਦਾਰੀ ਦੇ ਬੰਧਨਾਂ ਤੋਂ ਮੁਕਤੀ ਭਾਵ ਜਨਮ-ਮਰਨ ਦੇ ਗੇੜ ਤੋਂ ਰਹਿਤ ਹੋ ਜਾਣਾ।ਜਿਉਂਦੇ ਜੀਅ ਇਸ ਆਵਾਗਵਨ ਦੇ ਚੱਕਰ ਤੋਂ ਮੁਕਤ ਹੋ ਜਾਣ ਨੂੰ ਹੀ ਮੋਖ ਜਾਂ ਮੋਕਸ਼ ਪਦ ਨੂੰ ਪ੍ਰਾਪਤ ਹੋ ਜਾਣਾ ਕਿਹਾ ਜਾਂਦਾ ਹੈ।ਇਸ ਪਦਾਰਥ ਦੀ ਯਾਚਨਾ ਗੁਰਬਾਣੀ ਵਿਚ ਇਸ ਤਰਾਂ ਕੀਤੀ ਗਈ ਹੈ:-

**ਮਾਂਗਉ ਰਾਮ ਤੇ ਇਕੁ ਦਾਨੁ ॥**
**ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥1 ॥**

ਸਿੱਖ ਧਰਮ ਇੱਕ ਸੰਸਾਰਿਕ ਸਰੋਕਾਰਾਂ ਵਾਲਾ ਧਰਮ ਹੈ,ਇਸ ਲਈ ਇਹ ਚਾਰੇ ਪਦਾਰਥਾਂ ਦੀ ਅਹਿਮੀਅਤ ਨੂੰ ਪ੍ਰਵਾਨ ਕਰਦਾ ਹੈ। ਇਸ ਪ੍ਰਵਾਨਗੀ ਦੀ ਪੁਸ਼ਟੀ ਸ਼ਹੀਦਾਂ ਦੇ ਸਿਰਤਾਜ਼ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਪਾਵਨ ਬਾਣੀ 'ਸੁਖਮਨੀ ਸਾਹਿਬ' ਵਿਚ ਇਸ ਤਰਾਂ ਕਰ ਰਹੇ ਹਨ:-

**ਚਾਰਿ ਪਦਾਰਥ ਜੇ ਕੋ ਮਾਗੈ ॥ ਸਾਧ ਜਨਾ ਕੀ ਸੇਵਾ ਲਾਗੈ ॥**

ਚੌਥੇ ਨਾਨਕ ਸ੍ਰੀ ਗੁਰੂ ਰਾਮਦਾਸ ਜੀ ਇਨਾਂ ਚਾਰ ਪਦਾਰਥਾਂ ਦਾ ਸੋਮਾ ਪ੍ਰਮਾਤਮਾ ਦੇ ਨਾਮ ਨੂੰ ਮੰਨਦੇ ਹੋਏ ਰਾਗ ਬਿਲਾਵਲ ਵਿਚ ਲਿਖਦੇ ਹਨ:-

**ਰਾਮ ਨਾਮੁ ਰਸੁ ਰਾਮ ਰਸਾਇਣ ਹਰਿ ਸੇਵਹੁ ਸੰਤ ਜਨਹੁ ॥**
**ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥**

. ਇਨਾਂ ਚਾਰ ਪਦਾਰਥਾਂ ਦਾ ਮਾਲਕ ਪ੍ਰਮੇਸ਼ਰ ਨੂੰ ਮੰਨਦੇ ਹੋਏ ਭਗਤ ਕਬੀਰ ਜੀ ਲਿਖਦੇ ਹਨ:-

**ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥**

ਉਪਰੋਕਤ ਚਰਚਾ ਤੋਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਜਿਥੇ ਮਨੁੱਖ ਦੇ ਲੋਕ ਨੂੰ ਸੰਵਾਰਨ ਹਿੱਤ ਤਿੰਨ ਪਦਾਰਥ ਆਪਣੀ ਇੱਕ ਵਿਸ਼ੇਸ਼ ਮਹੱਤਤਾ ਰੱਖਦੇ ਹਨ,ਉੱਥੇ ਚੌਥਾ ਪਦਾਰਥ (ਮੋਖ) ਵੀ ਉਸ ਦੇ ਪ੍ਰਲੋਕ ਨੂੰ ਸੰਵਾਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

# ਸਿੱਖ ਸਿਆਸਤ, ਅਕਾਲ ਚੈਨਲ ਅਤੇ ਕੇ.ਟੀ.ਵੀ. ਗਲੋਬਲ ਅਤੇ ਟੀ.ਵੀ.84 ਦੇ ਯੂ-ਟਿਊਬ ਵੈਬਸਾਈਟ ਰੋਕਣ ਵਾਲੀਆਂ ਇੰਟਰਨੈਟ ਕੰਪਨੀਆਂ ਨੂੰ ਸ਼ਿਕਾਇਤ ਭੇਜੀ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਇੰਟਰਨੈੱਟ ਰਾਹੀਂ ਚੱਲਦੇ ਵੱਖ ਵੱਖ ਖਬਰ ਅਦਾਰੇ ਸਿੱਖ ਸਿਆਸਤ ਤੋਂ ਇਲਾਵਾ ਅਕਾਲ ਚੈਨਲ ਅਤੇ ਕੇ.ਟੀ.ਵੀ. ਗਲੋਬਲ ਅਤੇ ਉੱਤਰੀ-ਅਮਰੀਕਾ ਤੋਂ ਚੱਲਦੇ ਟੀ.ਵੀ.84 ਦੇ ਯੂ-ਟਿਊਬ ਲੰਘੀ 6 ਜੂਨ ਤੋਂ ਪੰਜਾਬ ਅਤੇ ਭਾਰਤ ਵਿੱਚ ਵੱਖ-ਵੱਖ ਇੰਟਰਨੈੱਟ ਕੰਪਨੀਆਂ ਵੱਲੋਂ ਰੋਕੇ ਜਾ ਰਹੇ ਹਨ। ਸਿੱਖ ਸਿਆਸਤ ਦੇ ਸੰਪਾਦਕ ਪਰਮਜੀਤ ਸਿੰਘ ਨੇ ਕਿਹਾ ਕਿ ਅਸੀਂ ਸਾਰੇ ਸਬੂਤ ਅਤੇ ਤਕਨੀਕੀ ਜਾਣਕਾਰੀ ਇਕੱਤਰ ਕਰਕੇ ਹੁਣ ਸਿੱਖ ਸਿਆਸਤ ਵੱਲੋਂ ਵੈਬਸਾਈਟ ਰੋਕਣ ਵਾਲੀਆਂ ਪ੍ਰਮੁੱਖ ਇੰਟਰਨੈਟ ਕੰਪਨੀਆਂ ਨੂੰ ਚਿੱਠੀਆਂ ਜਾਰੀ ਕੀਤੀਆਂ ਗਈਆਂ ਹਨ ਅਤੇ ਵੈਬਸਾਈਟ ਨੂੰ ਰੋਕਣ ਦੀ ਕਾਰਵਾਈ ਤੁਰੰਤ ਬੰਦ ਕਰਨ ਲਈ ਕਿਹਾ ਗਿਆ ਹੈ। ਪਰਮਜੀਤ ਸਿੰਘ ਨੇ ਕਿਹਾ ਕਿ ਉਨਾਂ ਦਾ ਅਦਾਰਾ ਸਾਲ 2006 ਤੋਂ ਖਬਰਾਂ ਤੇ ਮੀਡੀਆ ਦੇ ਖੇਤਰ ਵਿੱਚ ਸਰਗਰਮ ਹੈ ਅਤੇ 'ਸਿੱਖ ਸਿਆਸਤ ਡਾਟ ਨੈੱਟ' ਸਾਲ 2009 ਵਿੱਚ ਸ਼ੁਰੂ ਕੀਤੇ ਜਾਣ ਤੋਂ ਬਾਅਦ ਹੁਣ ਤੱਕ ਨਿਰੰਤਰ ਅੰਗਰੇਜ਼ੀ ਵਿੱਚ ਖਬਰਾਂ ਅਤੇ ਲੇਖਾਂ ਦੀ ਸੇਵਾ ਮੁਹੱਈਆ ਕਰਵਾ ਰਹੀ ਹੈ। ਉਨਾਂ ਕਿਹਾ ਕਿ ਲੰਘੀ 6 ਜੂਨ ਨੂੰ ਅਚਾਨਕ ਪੰਜਾਬ ਅਤੇ ਭਾਰਤ ਵਿੱਚ ਕੁਝ ਪ੍ਰਮੁੱਖ ਇੰਟਰਨੈੱਟ ਕੰਪਨੀਆਂ ਵੱਲੋਂ ਸਿੱਖ ਸਿਆਸਤ ਦੀ ਵੈਬਸਾਈਟ ਰੋਕ ਦਿੱਤੀ ਗਈ, ਜਦਕਿ ਬਾਕੀ ਸਾਰੇ ਸੰਸਾਰ ਵਿੱਚ ਇਹ ਵੈਬਸਾਈਟ ਬਿਨਾ ਕਿਸੇ ਦਿੱਕਤ ਦੇ ਖੁੱਲ ਰਹੀ ਹੈ। ਪਰਮਜੀਤ ਸਿੰਘ ਨੇ ਕਿਹਾ ਕਿ ਉਨਾਂ ਨੂੰ ਕਿਸੇ ਵੀ ਸਰਕਾਰੀ ਅਦਾਰੇ ਜਾਂ ਕਮੇਟੀ, ਜਾਂ ਕਿਸੇ ਵੀ ਇੰਟਰਨੈਟ ਕੰਪਨੀ ਵੱਲੋਂ ਇਸ ਰੋਕ ਬਾਰੇ ਕਿਸੇ ਵੀ ਤਰਾਂ ਦਾ ਨੋਟਿਸ ਨਹੀਂ ਮਿਲਿਆ ਇਸ ਕਰਕੇ ਉਹ ਮੰਨਦੇ ਹਨ ਕਿ ਵੈਬਸਾਈਟ ਅਣਅਧਿਕਾਰਤ ਤਰੀਕੇ ਨਾਲ ਰੋਕੀ ਜਾ ਰਹੀ ਹੈ। ਉਨਾਂ ਕਿਹਾ ਕਿ ਅਸੀਂ ਬੀ.ਐੱਸ.ਐਨ.ਐਲ., ਜੀਓ, ਕੁਨੈਕਟ ਅਤੇ ਏਅਰਟੈਲ ਸਮੇਤ ਵੱਡੀਆਂ ਕੰਪਨੀਆਂ, ਜੋ ਕਿ ਸਾਡੀ ਵੈਬਸਾਈਟ ਨੂੰ ਰੋਕ ਰਹੀਆਂ ਹਨ, ਨੂੰ ਪੱਤਰ ਲਿਖ ਕੇ ਤਿੰਨ ਦਿਨਾਂ ਦੇ ਵਿੱਚ-ਵਿੱਚ ਵੈਬਸਾਈਟ ਬਹਾਲ ਕਰਨ ਲਈ ਕਿਹਾ ਹੈ। ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਜੇਕਰ ਉਹ ਮੰਨਦੇ ਹਨ ਕਿ ਰੋਕ ਕਾਨੂੰਨੀ ਤੌਰ ਉੱਤੇ ਲਾਈ ਜਾ ਰਹੀ ਹੈ ਤਾਂ ਉਹ ਇਸ ਰੋਕ ਦਾ ਕਾਨੂੰਨੀ ਅਧਾਰ ਦੱਸਣ ਤੇ ਉਸ ਦੇ ਦਸਤਾਵੇਜ਼ ਮੁਹੱਈਆ ਕਰਵਾਉਣ। ਪਰਮਜੀਤ ਸਿੰਘ ਨੇ ਕਿਹਾ ਕਿ ਜੇਕਰ ਕੰਪਨੀਆਂ ਅਜਿਹਾ ਕਰਨ ਵਿੱਚ ਨਾਕਾਮ ਰਹਿੰਦੀਆਂ ਹਨ ਤਾਂ ਉਨਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਸਾਲ 2015 ਵਿੱਚ 'ਸਿੱਖ ਸਿਆਸਤ ਡਾਟ ਨੈੱਟ' ਨੂੰ ਪੰਜਾਬ ਅਤੇ ਭਾਰਤ ਵਿੱਚ ਬੰਦ ਕਰਵਾਉਣ ਲਈ ਕੇਂਦਰ ਦੇ ਅਦਾਰੇ 'ਈ-ਸਕਿਓਰਟੀ ਅਤੇ ਸਾਈਬਰ ਲਾਅ ਗਰੁੱਪ' ਕੋਲ ਪਹੁੰਚ ਕੀਤੀ ਗਈ ਸੀ। ਪਰ ਗਰੁੱਪ ਵੱਲੋਂ ਸਿੱਖ ਸਿਆਸਤ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਅਤੇ ਉਨਾਂ ਵੱਲੋਂ ਪੱਖ ਰੱਖੇ ਜਾਣ ਉੱਤੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਦਾ ਸਿੱਖ ਸਿਆਸਤ ਡਾਟ ਨੈੱਟ ਉੱਤੇ ਰੋਕ ਲਵਾਉਣ ਦਾ ਮਨਸੂਬਾ ਨਾਕਾਮ ਹੋ ਗਿਆ ਸੀ ਪਰ ਇਸ ਵਾਰ ਉਨਾਂ ਨੂੰ ਨਾ ਰੋਕ ਲਾਉਣ ਤੋਂ ਪਹਿਲਾਂ ਅਤੇ ਨਾ ਬਾਅਦ ਵਿੱਚ ਕੋਈ ਵੀ ਜਾਣਕਾਰੀ ਨਹੀਂ ਦਿੱਤੀ ਗਈ। ਪਰਮਜੀਤ ਸਿੰਘ ਨੇ ਦੋਸ਼ ਲਾਇਆ ਕਿ ਕਿਸੇ ਸਾਜਿਸ਼ ਤਹਿਤ ਮਿੱਥ ਕੇ ਸਿੱਖ ਖਬਰ ਅਦਾਰਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿ ਕਿਉਂਕਿ 6 ਜੂਨ ਨੂੰ ਸਿੱਖ ਸਿਆਸਤ ਦੀ ਵੈਬਸਾਈਟ ਤੋਂ ਇਲਾਵਾ ਇੰਗਲੈਂਡ ਤੋਂ ਚੱਲਦੇ ਅਕਾਲ ਚੈਨਲ ਅਤੇ ਕੇ.ਟੀ.ਵੀ. ਗਲੋਬਲ ਅਤੇ ਉੱਤਰੀ-ਅਮਰੀਕਾ ਤੋਂ ਚੱਲਦੇ ਟੀ.ਵੀ.84 ਦੇ ਯੂ-ਟਿਊਬ ਅਤੇ ਫੇਸਬੁੱਕ ਸਫੇ ਵੀ ਪੰਜਾਬ ਅਤੇ ਭਾਰਤ ਵਿੱਚ ਰੋਕੇ ਜਾ ਰਹੇ ਹਨ। ਪਰਮਜੀਤ ਸਿੰਘ ਨੇ ਕਿਹਾ ਕਿ ਸਿੱਖ ਸਿਆਸਤ ਉੱਤੇ ਲਾਈ ਜਾ ਰਹੀ ਅਣਅਧਿਕਾਰਤ ਰੋਕ ਵਿਰੁਧ ਉਹ ਤਕਨੀਕੀ, ਪ੍ਰਚਾਰ ਅਤੇ ਕਾਨੂੰਨੀ ਹਰ ਮੁਹਾਜ਼ ਉੱਪਰ ਯਤਨ ਕਰ ਰਹੇ ਹਨ ਅਤੇ ਆਸਵੰਦ ਹਨ ਕਿ ਇਸ ਦਾ ਹੱਲ ਕੱਢ ਲਿਆ ਜਾਵੇਗਾ। 'ਅਸੀਂ ਸਿੱਖ ਸਿਆਸਤ ਦੀ ਆਈ-ਫੋਨ ਐਪ ਵਿੱਚ ਤਕਨੀਕੀ ਸੁਧਾਰ ਕਰਕੇ ਇਸ ਨੂੰ ਇੰਟਰਨੈਟ ਕੰਪਨੀਆਂ ਵੱਲੋਂ ਲਾਈ ਜਾ ਰਹੀ ਰੋਕ ਤੋਂ ਮੁਕਤ ਕਰਾ ਲਿਆ ਹੈ। ਅਸੀਂ ਛੇਤੀ ਹੀ ਸਿੱਖ ਸਿਆਸਤ ਦੀ ਐਂਡਰਾਇਡ ਐਪ ਨੂੰ ਨਵਿਆਉਣ ਜਾ ਰਹੇ ਹਾਂ ਜਿਸ ਨਾਲ ਸਾਡੇ ਪਾਠਕ ਬੇਰੋਕ ਤਰੀਕੇ ਨਾਲ ਸਿੱਖ ਸਿਆਸਤ ਦੀਆਂ ਸਾਰੀਆਂ ਸੇਵਾਵਾਂ ਤੱਕ ਪੰਜਾਬ ਅਤੇ ਭਾਰਤ ਵਿੱਚੋਂ ਵੀ ਪਹੁੰਚ ਬਣਾ ਸਕਣਗੇ', ਪਰਮਜੀਤ ਸਿੰਘ ਨੇ ਕਿਹਾ। ਉਨਾਂ ਕਿਹਾ ਕਿ ਬਿਨਾ ਜਾਣਕਾਰੀ ਦਿੱਤੇ ਇ/ਕਪਾਸੜ ਤਰੀਕੇ ਨਾਲ ਮੀਡੀਆ ਅਦਾਰਿਆ ਉੱਤੇ ਥੋਕ ਵਿੱਚ ਰੋਕ ਲਾਉਣੀ ਸਰਾਸਰ ਗਲਤ ਕਾਰਵਾਈ ਹੈ ਅਤੇ ਇਹ ਪੱਤਰਕਾਰਤਾ ਦੀ ਅਜ਼ਾਦੀ ਉੱਤੇ ਹੱਲਾ ਹੈ ਜਿਸ ਵਿਰੁਧ ਸਮੁੱਚੇ ਖਬਰਖਾਨੇ ਨੂੰ ਇਕ ਜੁਟ ਹੋਣਾ ਚਾਹੀਦਾ ਹੈ।

# ਭਾਰਤ ਨੂੰ ਕਰਤਾਰਪੁਰ ਕੋਰੀਡੋਰ ਖੋਲ ਦੇਣਾ ਚਾਹੀਦੈ : ਸਿੱਖਸ ਆਫ ਅਮਰੀਕਾ

***ਸੰਗਤਾਂ ਦੀ ਭਾਵਨਾ ਨੂੰ ਦੇਖਦਿਆਂ ਲਾਂਘਾ ਖੋਲਿਆ ਜਾਵੇ ਤੇ ਸਿਹਤ ਹਦਾਇਤਾਂ ਦੀ ਵੀ ਕੀਤੀ ਜਾਵੇ ਪਾਲਣਾ : ਜੱਸੀ***

**ਵਾਸ਼ਿੰਗਟਨ ਡੀ. ਸੀ./ਗਿੱਲ:** ਕੋਰੋਨਾਵਾਇਰਸ ਦੀ ਮਹਾਮਾਰੀ ਕਾਰਨ ਭਾਰਤ ਤੇ ਪਾਕਿਸਤਾਨ ਨੇ ਆਰਜ਼ੀ ਤੌਰ ਤੇ ਕਰਤਾਰਪੁਰ ਕੋਰੀਡੋਰ ਬੰਦ ਕਰ ਦਿੱਤਾ ਸੀ। ਹੁਣ ਜਦੋਂ ਸੰਸਾਰ ਦੀ ਆਰਥਿਕ ਮੰਦੀ ਨੂੰ ਦੇਖਦੇ ਹੋਏ ਸਾਰੇ ਮੁਲਕ ਹੀ ਸਾਵਧਾਨੀਆਂ ਵਰਤਣ ਉਪਰੰਤ ਖੋਲ ਰਹੇ ਹਨ ਤਾਂ ਭਾਰਤ ਨੂੰ ਵੀ ਕਰਤਾਰਪੁਰ ਕੋਰੀਡੋਰ ਖੋਲਣਾ ਚਾਹੀਦਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਮਹਿਮੂਦ ਕੁਰੇਸ਼ੀ ਨੇ ਕਿਹਾ ਹੈ ਕਿ ਉਹ ਕਰਤਾਰਪੁਰ ਕੋਰੀਡੋਰ ਖੋਲਣ ਲਈ ਤਿਆਰ ਹਨ। ਇਸ ਸਬੰਧੀ ਉਨਾਂ ਭਾਰਤ ਨੂੰ ਵੀ ਸੂਚਿਤ ਕਰ ਦਿੱਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 29 ਜੂਨ ਤੇ ਕਰਤਾਰਪੁਰ ਕੋਰੀਡੋਰ ਦਾ ਰਸਤਾ ਖੋਲਿਆ ਜਾਵੇਗਾ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਂਘੇ ਨੂੰ ਖੋਲਣ ਦਾ ਸਵਾਗਤ ਕੀਤਾ ਹੈ।

ਇਸ ਮੌਕੇ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖ ਸੰਗਤਾਂ ਦੀ ਭਾਵਨਾ ਦਾ ਖਿਆਲ ਰੱਖਦਿਆਂ ਕਰਤਾਰਪੁਰ ਕੋਰੀਡੋਰ ਖੋਲ ਦੇਣਾ ਚਾਹੀਦਾ ਹੈ, ਪਰ ਹਰ ਸ਼ਰਧਾਲੂ ਨੂੰ ਮੈਡੀਕਲ ਤੌਰ ਤੇ ਚੈੱਕ ਕੀਤਾ ਜਾਣਾ ਚਾਹੀਦਾ ਹੈ ,ਤਾਂ ਜੋ ਬਿਮਾਰੀ ਤੋਂ ਵੀ ਬਚਿਆ ਜਾਵੇ। ਮਾਸਕ, ਸੈਨੇਟਾਈਜ਼ਰ ਤੇ ਸੋਸ਼ਲ ਡਿਸਟੈਂਸਿੰਗ ਦੀ ਪਾਲਣਾ ਜ਼ਰੂਰ ਕੀਤੀ ਜਾਵੇ, ਪੂਰੀਆ ਸਿਹਤ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

ਰਾਮ ਸਿੰਘ ਪਾਕਿਸਤਾਨ ਸੇਵਾ ਸੁਸਾਇਟੀ ਦੇ ਫਾਊਂਡਰ ਨੇ ਕਿਹਾ ਕਿ 16 ਮਾਰਚ ਨੂੰ ਭਾਰਤ ਵਲੋਂ ਕੋਰੀਡੋਰ ਬੰਦ ਕੀਤਾ ਗਿਆ ਸੀ। ਹੁਣ ਦੋਵਾਂ ਸਰਕਾਰਾਂ ਚਾਹੁੰਦੀਆਂ ਹਨ ਕਿ ਇਹ ਰਸਤਾ ਸੰਗਤਾਂ ਲਈ ਖੋਲਿਆ ਜਾਵੇ। ਰਾਮ ਸਿੰਘ ਨੇ ਕਿਹਾ ਕਿ ਸੈਨੇਟਾਈਜ਼ਰ, ਮਾਸਕ ਤੇ ਦੂਰੀ ਸਬੰਧੀ ਸੇਵਾਵਾਂ ਸਰਕਾਰ ਮੁਹੱਈਆ ਕਰੇਗੀ ਤਾਂ ਜੋ ਕਿਸੇ ਨੂੰ ਕੋਈ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਸਿੱਖਸ ਆਫ ਅਮਰੀਕਾ ਚਾਹੁੰਦਾ ਹੈ ਕਿ ਸਾਵਧਾਨੀਆਂ ਨੂੰ ਪੂਰੀ ਤਰਾਂ ਲਾਗੂ ਕਰਨ ਲਈ ਦੋਵੇਂ ਸਰਕਾਰਾਂ ਸਖਤੀ ਨਾਲ ਪੇਸ਼ ਆਉਣ ਤੇ ਰਸਤਾ ਖੋਲ ਦੇਣ।ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਦੀ ਅਹਿਮੀਅਤ ਸਿੱਖਾਂ ਵਿੱਚ ਖ਼ਾਸ ਹੈ। ਜਿਸ ਤੇ ਪਾਕਿਸਤਾਨ ਦੀ ਸਰਕਾਰ ਨੇ ਪਹਿਲ ਕਦਮੀ ਕਰਦੇ ਹੋਏ ਰਸਤੇ ਨੂੰ ਦੁਬਾਰਾ ਸੰਗਤਾ ਲਈ ਖੋਲਣ ਦਾ ਫੈਸਲਾ ਲਿਆ ਹੈ। ਜੋ ਕਾਬਲੇ ਤਾਰੀਫ਼ ਹੈ। ਸੰਗਤਾਂ ਦੀਆਂ ਅਰਦਾਸਾਂ ਕਰੋਨਾ ਵਾਇਰਸ ਨੂੰ ਮਾਤ ਪਾਉਣ ਲਈ ਕਾਰਗਰ ਸਾਬਤ ਹੋਣਗੀਆਂ ।ਮਹਿਮੂਦ ਕੁਰੈਸ਼ੀ ਵਿਦੇਸ਼ ਮੰਤਰੀ ਪਾਕਿਸਤਾਨ ਦੇ ਫ਼ੈਸਲੇ ਦੀ ਹਰ ਪੱਖੋਂ ਤਾਰੀਫ਼ ਕੀਤੀ ਜਾ ਰਹੀ ਹੈ। ਸਾਜਿਦ ਤਰਾਰ ਦਾ ਕਹਿਣਾ ਹੈ ਕਿ ਧਾਰਮਿਕ ਥਾਵਾਂ ਦੀ ਆਸਥਾ ਮਨੁੱਖਤਾ ਦੇ ਭਲੇ ਲਈ ਹੈ।

ਜਿਸ ਤੇ ਪਾਬੰਦੀਆਂ ਲਾਉਣਾ ਸਹੀ ਨਹੀਂ ਹੈ। ਉਹਨਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਦੂਰ -ਅੰਦੇਸ਼ੀ ਤੇ ਆਸਥਾ ਦਾ ਸਵਾਗਤ ਕੀਤਾ ਹੈ।

ਮੋਦੀ ਸਰਕਾਰ ਨੂੰ ਇਸ ਤੇ ਸਹਿਮਤੀ ਪ੍ਰਗਟਾਉਣੀ ਚਾਹੀਦੀ ਹੈ। ਹੈਲਥ ਸਾਵਧਾਨੀਆਂ ਤੇ ਹੈਲਥ ਚੈੱਕ-ਅਪ ਨਾਲ ਕਰਤਾਰਪੁਰ ਕੋਰੀਡੋਰ ਦੀ ਆਵਾਜਾਈ ਖੋਲ ਦੇਣੀ ਚਾਹੀਦੀ ਹੈ। ਆਸ ਹੈ ਕਿ ਭਾਰਤ ਇਸ ਲਈ ਢੁਕਵੇਂ ਕਦਮ ਚੁੱਕ ਕੇ ਰਸਤੇ ਨੂੰ ਖੋਲ ਦੇਵੇਗਾ।

# ਲੱਦਾਖ 'ਚ ਬਿਹਾਰ ਰੈਜੀਮੈਂਟ ਦੇ ਹੋਏ ਨੁਕਸਾਨ ਤੇ ਭਾਰਤ ਸਰਕਾਰ ਨਿਰਪੱਖਤਾ ਨਾਲ ਸਵੈ ਪੜਚੋਲ ਕਰੇ:ਜਥੇਦਾਰ ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਲੱਦਾਖ ਬਾਰਡਰ ਤੇ ਭਾਰਤੀ ਫੌਜ ਦੀ 16 ਬਿਹਾਰ ਰੈਜੀਮੈਂਟ ਦੇ ਜਵਾਨਾਂ ਦੀ ਦਰਦਨਾਕ ਮੌਤ ਦੇ ਕਾਰਣਾਂ ਦੀ ਸਵੈ ਪੜਚੋਲ ਕਰਣ ਦਾ ਸੁਝਾਵ ਸਰਬੱਤ ਖਾਲਸਾ ਦੇ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਅਗਵਾਈ ਹੇਠ ਕਾਰਜਸ਼ੀਲ ਕਮੇਟੀ ਨੇ ਭਾਰਤ ਸਰਕਾਰ ਨੂੰ ਦਿੱਤਾ ਹੈ। ਕਮੇਟੀ ਆਗੂਆਂ ਨੇ ਕਿਹਾ ਕਿ 3 ਸਿੱਖ ਘਾਤਕ ਪਲਟਨ ਦੇ ਜਵਾਨਾਂ ਨੇ ਬਿਹਾਰ ਰੈਜੀਮੈਂਟ ਦੇ ਹੋਏ ਵੱਡੇ ਨੁਕਸਾਨ ਨੂੰ ਨਾ ਸਹਾਰਦੇ ਹੋਏ ਬੇਮਿਸਾਲ ਬਹਾਦੁਰੀ ਦੇ ਜੌਹਰ ਦਿਖਾਏ ਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਚੀਨ ਦੀ ਫੌਜ ਤੇ ਸ਼ੇਰਾਂ ਵਾਂਗ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਗਾਲਵਾਨ ਘਾਟੀ ਵਿਖੇ ਸ਼ਹੀਦ ਹੋਏ ਗੁਰਤੇਜ ਸਿੰਘ ਦੀ ਬਹਾਦੁਰੀ ਵਿਸ਼ੇਸ਼ ਤੌਰ ਤੇ ਜਿਕਰਯੋਗ ਹੈ ਜਿਸਨੇ 12 ਚੀਨੀ ਫੌਜੀਆਂ ਨੂੰ ਮਾਰ ਮੁਕਾਇਆ ਸੀ। ਸਿੱਖਾਂ ਵਲੋ ਸ਼ਸਤਰਧਾਰੀ ਹੋਣ ਤੇ ਇਤਰਾਜ ਕਰਨ ਵਾਲੀ ਸਰਕਾਰ ਨੂੰ ਇਹ ਸਮਝ ਆ ਜਾਣਾ ਚਾਹੀਦੀ ਹੈ ਕਿ ਸ਼ਹੀਦ ਗੁਰਤੇਜ ਸਿੰਘ ਅੰਮ੍ਰਿਤਧਾਰੀ ਸੀ ਤੇ ਉਸਨੇ ਗੁਰੂ ਗੋਬਿੰਦ ਸਿੰਘ ਵੱਲੋਂ ਬਖ਼ਸ਼ੀ ਕਿਰਪਾਨ ਦੀ ਵਰਤੋਂ ਕਰਕੇ ਵੱਡੀ ਗਿਣਤੀ ਵਿੱਚ ਚੀਨੀ ਮਾਰ ਗਿਰਾਏ ਸਨ। ਪਰ ਅਫ਼ਸੋਸ ਭਾਰਤੀ ਖੁਫੀਆ ਏਜੰਸੀਆ ਸਿੱਖਾਂ ਦੀ ਇਸ ਕਿਰਪਾਨ ਦੀ ਦੁਸ਼ਮਣ ਬਣੀਆ ਹਨ ਤੇ ਨਿਆਰੇਪਣ ਨੂੰ ਖਤਮ ਕਰਣ ਲਈ ਵਿਉਤਾਂ ਗੁੰਧ ਰਹੀਆਂ ਹਨ। ਕਮੇਟੀ ਆਗੂਆਂ ਨੇ ਭਾਰਤ ਦੀ ਕਾਂਗਰਸ ਅਤੇ ਭਾਜਪਾ ਸਰਕਾਰਾਂ ਨੂੰ ਸਾਵਧਾਨ ਕਰਦਿਆਂ ਕਿਹਾ ਕਿ ਸ਼ਹੀਦ ਗੁਰਤੇਜ ਸਿੰਘ ਵਿੱਚ ਜਜ਼ਬਾ ਕਿਸੇ ਧੋਤੀ ਵਾਲੇ ਦੀ ਦੇਣ ਨਹੀਂ ਸੀ ਇਹ ਤਾਂ ਗੁਰੂ ਸਾਹਿਬ ਦੇ ਧਾਪੜੇ ਦੀ ਖੇਡ ਸੀ।

ਉਸ ਧਾਪੜੇ ਨਾਲ ਹਜ਼ਾਰਾਂ ਗੁਰਤੇਜ ਸਿੰਘ ਗੁਰੂ ਸਿਰਜ ਸਕਦਾ ਹੈ। ਆਗੂਆਂ ਨੇ ਕਿਹਾ ਕਿ 16 ਬਿਹਾਰ ਰੈਜੀਮੈਟ ਦੇ ਕਰਨਲ ਸਨਤੋਸ਼ ਬਾਬੂ ਅਤੇ 20 ਭਾਰਤੀ ਫੌਜੀਆਂ ਦਾ ਚੀਨੀ ਫ਼ੌਜ ਹੱਥੋਂ ਮਾਰੇ ਜਾਣ ਦੇ ਬਾਦ ਹੁਣ ਤੱਕ ਇਸਦੇ ਕਾਰਣਾਂ ਦੀ ਸਵੈ ਪੜਚੋਲ ਸਰਕਾਰ ਅਤੇ ਫੌਜ ਦੇ ਹੁਕਮਰਾਨਾਂ ਨੂੰ ਕਰ ਲੈਣੀ ਚਾਹੀਦੀ ਸੀ। ਉਨਾਂ ਚੇਤੇ ਕਰਾਇਆ ਕਿ ਜੂਨ 1984 ਵਿੱਚ ਭਾਰਤੀ ਹਕੂਮਤ ਨੇ ਜੱਦ ਸ੍ਰੀ ਦਰਬਾਰ ਸ਼ਹਿਬ ਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਢਾਹਿਆਂ ਸੀ ਤਾਂ ਉਸ ਵੇਲੇ ਸਬਤੋਂ ਪਹਿਲਾਂ ਬਿਹਾਰ ਰੈਜੀਮੈਂਟ ਨੇ ਜੁੱਤੀਆਂ - ਬੀੜੀਆਂ ਸਮੇਤ ਦਾਖਲ ਹੋਕੇ ਮਨੁੱਖਤਾ ਦੇ ਸਾਂਝੇ ਇਬਾਦਤ ਘਰ ਦੀ ਪਵਿੱਤਰਤਾ ਨੂੰ ਮਿੱਥ ਕੇ ਭੰਗ ਕੀਤਾ ਸੀ ਅਤੇ ਹਜ਼ਾਰਾਂ ਮਾਸੂਮ ਬੱਚਿਆ, ਔਰਤਾਂ, ਬਜ਼ੁਰਗਾਂ ਨੂੰ ਬੇਰਹਿਮੀ ਨਾਲ ਗੋਲ਼ੀਆਂ ਨਾਲ ਮਾਰ ਦਿੱਤਾ ਸੀ।

ਬਾਕੀ ਸਫ਼ਾ 31 'ਤੇ

# ਦਲ ਖ਼ਾਲਸਾ ਵੱਲੋਂ ਖ਼ਾਲਿਸਤਾਨ ਬਾਰੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਦਾ ਮੋੜਵਾਂ ਜਵਾਬ

ਦਲ ਖ਼ਾਲਸਾ ਨੇ ਕੈਪਟਨ ਅਮਰਿੰਦਰ ਸਿੰਘ ਦੇ ਉਸ ਬਿਆਨ ਕਿ 'ਕੋਈ ਵੀ ਸਿੱਖ ਨਹੀਂ ਚਾਹੁੰਦਾ ਖ਼ਾਲਿਸਤਾਨ' ਦਾ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਉਹ ਸੱਚਾ ਸਿੱਖ ਹੀ ਨਹੀਂ, ਜੋ ਖ਼ਾਲਿਸਤਾਨ ਨਹੀਂ ਚਾਹੁੰਦਾ । ਜਥੇਬੰਦੀ ਵੱਲੋਂ ਜਾਰੀ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਦਾ ਇਹ ਅਧਿਕਾਰ-ਖੇਤਰ ਹੀ ਨਹੀਂ ਹੈ ਕਿ ਉਹ ਪੂਰੀ ਕੌਮ ਵੱਲੋਂ ਖ਼ਾਲਿਸਤਾਨ ਦੇ ਇਤਿਹਾਸਕ ਸੰਕਲਪ ਨੂੰ ਰੱਦ ਕਰਨ।

ਜਥੇਬੰਦੀ ਦਾ ਮੰਨਣਾ ਹੈ ਕਿ ਇਹ ਅਧਿਕਾਰ ਕੇਵਲ ਅਕਾਲ ਤਖ਼ਤ ਸਾਹਿਬ ਕੋਲ ਹੀ ਹੈ ਜੋ ਸਿੱਖ ਕੌਮ ਦੀ ਸਰਵਉੱਚ ਸੰਸਥਾ ਹੈ ਅਤੇ ਜਿਸ ਦਾ ਜਥੇਦਾਰ ਹੀ ਕੌਮ ਦੇ ਬੁਲਾਰੇ ਵਜੋਂ ਸਿੱਖਾਂ ਦੀ ਸਾਂਝੀ ਭਾਵਨਾਵਾਂ ਦੀ ਤਰਜ਼ਮਾਨੀ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ 6 ਜੂਨ ਨੂੰ ਕਿਹਾ ਸੀ ਕਿ 'ਹਰ ਸਿੱਖ ਚਾਹੁੰਦਾ ਹੈ ਖ਼ਾਲਿਸਤਾਨ ਅਤੇ ਜੇਕਰ ਭਾਰਤ ਸਰਕਾਰ ਉਨਾਂ ਨੂੰ ਦੇਵੇਗੀ ਤਾਂ ਉਹ ਇਸ ਵਾਰ ਜ਼ਰੂਰ ਲੈਣਗੇ।'




ਗਿਆਨੀ ਹਰਪ੍ਰੀਤ ਸਿੰਘ ਦੇ ਇਸ ਬਿਆਨ ਦੇ ਜਵਾਬ ਵਿੱਚ ਬੀਤੇ ਕਲ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੋਈ ਸਿੱਖ ਨਹੀਂ ਚਾਹੁੰਦਾ ਖ਼ਾਲਿਸਤਾਨ ਜਦ ਕਿ ਦਲ ਖ਼ਾਲਸਾ ਜਥੇਬੰਦੀ ਦਾ ਮੰਨਣਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਸਿੱਖ ਅਜ਼ਾਦੀ ਸੰਘਰਸ਼ ਉੱਤੇ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੈ।

ਕੈਪਟਨ ਅਮਰਿੰਦਰ ਸਿੰਘ ਨੂੰ ਕਰਾਰੇ ਹੱਥੀਂ ਲੈਂਦਿਆਂ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਕੇਵਲ ਆਪਣੀ ਗੱਲ ਕਰ ਸਕਦੇ ਹਨ, ਉਹ ਕੌਮ ਵੱਲੋਂ ਗੱਲ ਕਰਨ ਲਈ ਅਧਿਕਾਰਤ ਨਹੀਂ ਹਨ। ਉਹਨਾਂ ਕਿਹਾ ਕਿ ਸਿੱਖਾਂ ਅੰਦਰ ਆਪਣੀ ਕਿਸਮਤ ਦੇ ਮਾਲਕ ਬਣਨ ਦੀ ਇੱਛਾ ਪ੍ਰਬਲ ਅਤੇ ਜਿਉਂਦੀ ਹੈ। ਇਤਿਹਾਸਕ, ਰਾਜਨੀਤਿਕ ਅਤੇ ਧਾਰਮਿਕ ਤੌਰ 'ਤੇ ਸਿੱਖ ਆਪਣਾ ਕੌਮੀ ਸੁਤੰਤਰ ਘਰ ਲੈਣ ਲਈ ਪੂਰੀ ਤਰਾਂ ਹੱਕਬਜਾਨਬ ਹਨ। ਉਹਨਾਂ ਕੈਪਟਨ ਅਮਰਿੰਦਰ ਸਿੰਘ ਅਤੇ ਉਹਨਾਂ ਵਰਗੇ ਭਾਰਤੀ ਮੁੱਖ ਧਾਰਾ 'ਚ ਸੱਤਾ ਦਾ ਸੁੱਖ ਮਾਣਦੇ ਰਾਜਨੀਤਿਕ ਲੋਕਾਂ ਨੂੰ ਸਵਾਲ ਕਰਦੇ ਪੁੱਛਿਆ ਕਿ 'ਕੀ ਸਿੱਖ ਸਵੇਰੇ-ਸ਼ਾਮ 'ਰਾਜ ਕਰੇਗਾ ਖ਼ਾਲਸਾ' ਦਾ ਦੋਹਰਾ ਕੇਵਲ ਪੜਨ ਲਈ ਪੜਦੇ ਹਨ'। ਦਲ ਖ਼ਾਲਸਾ ਦੇ ਆਗੂ ਨੇ ਭਾਰਤੀ ਲੀਡਰਸ਼ਿਪ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਸਵੈ-ਨਿਰਣੇ ਦਾ ਹੱਕ ਦੇਣ ਤੋਂ ਮੁਨਕਰ ਹਨ। ਉਹਨਾਂ ਕੈਪਟਨ ਅਮਰਿੰਦਰ ਸਿੰਘ ਨੂੰ ਸੰਬੋਧਿਨ ਹੁੰਦਿਆਂ ਕਿਹਾ ਕਿ ਜਿਸ ਦਿਨ ਭਾਰਤ ਸਰਕਾਰ ਯੂ.ਐੱਨ.ਓ. ਦੀ ਅਗਵਾਈ ਹੇਠ ਪੰਜਾਬ ਅੰਦਰ ਰੈਫਰੇਂਡਮ ਕਰਵਾਏਗੀ ਉਸ ਦਿਨ ਤੁਹਾਡਾ ਭਰਮ-ਭੁਲੇਖਾ ਦੂਰ ਹੋ ਜਾਏਗਾ ਕਿ 'ਕਿੰਨੇ ਸਿੱਖ ਖ਼ਾਲਿਸਤਾਨ ਚਾਹੁੰਦੇ ਹਨ'।



# ਅਸੀਂ ਤਾਂ ਸਿਆਸਤ ਕਰਨੀ ਆਂ ਆਫ਼ਤਾਂ ਦੀ ਗੱਲ ਪਵੇ ਢੱਠੇ ਖੂਹ ਵਿੱਚ

## - ਗੁਰਮੀਤ ਸਿੰਘ ਪਲਾਹੀ

ਤੇਲ ਦੀਆਂ ਕੀਮਤਾਂ ਵਿੱਚ ਲਗਾਤਾਰ 15ਵੇਂ ਦਿਨ ਵਾਧਾ ਦਰਜ ਕੀਤਾ ਗਿਆ। ਪਿਛਲੇ 15 ਦਿਨ ਵਿੱਚ ਇਹ ਵਾਧਾ ਦਿੱਲੀ ਵਿੱਚ 7.62 ਰੁਪਏ ਪ੍ਰਤੀ ਲਿਟਰ ਅਤੇ ਡੀਜ਼ਲ ਵਿੱਚ ਇਹ ਵਾਧਾ 8.30 ਰੁਪਏ ਪ੍ਰਤੀ ਲਿਟਰ ਹੋਇਆ। ਹੁਣ ਪੈਟਰੋਲ ਦੀ ਕੀਮਤ 78.88 ਰੁਪਏ ਅਤੇ ਡੀਜ਼ਲ ਦੀ ਕੀਮਤ 77.67 ਰੁਪਏ ਹੋ ਗਈ ਹੈ। ਕੋਰੋਨਾ ਨਾਲ ਪੀੜਤ ਲੋਕਾਂ ਦੀ ਗਿਣਤੀ ਦੇਸ਼ ਭਰ ਵਿੱਚ ਇਸੇ ਦਿਨ 4 ਲੱਖ 10 ਹਜ਼ਾਰ ਤੋਂ ਉੱਪਰ ਟੱਪ ਗਈ ਹੈ। ਬਿਹਾਰ ਸਮੇਤ ਦੇਸ਼ ਦੇ ਹੋਰ ਸੂਬਿਆਂ ਵਿੱਚ ਭਵਿੱਖ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਭਾਜਪਾ ਨੇ ਕਮਰਕੱਸੇ ਕਰ ਲਏ ਹਨ। ਭਾਜਪਾ ਨੇਤਾਵਾਂ ਨੇ ਚੋਣ ਸਰਗਰਮੀਆਂ ਵਿੱਚ ਵਾਧਾ ਕਰਦਿਆਂ ਵਰਚੂਅਲ ਰੈਲੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀਡੀਓ ਕਾਨਫਰੰਸ ਰਾਹੀਂ ਗਰੀਬ ਕਲਿਆਣ ਰੁਜ਼ਗਾਰ ਅਭਿਆਨ ਦਾ ਉਦਘਾਟਨ ਕੀਤਾ ਹੈ, ਜਿਸ ਤਹਿਤ 50 ਹਜ਼ਾਰ ਕਰੋੜ ਦੀ ਰੁਜ਼ਗਾਰ ਯੋਜਨਾ ਤਹਿਤ 6 ਰਾਜਾਂ, ਬਿਹਾਰ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਝਾਰਖੰਡ, ਉੜੀਸਾ ਅਤੇ ਰਾਜਸਥਾਨ ਦੇ 125 ਦਿਨਾਂ ਲਈ ਰੁਜ਼ਗਾਰ ਮਿਲਣ ਦੀ ਗੱਲ ਪ੍ਰਚਾਰੀ ਜਾ ਰਹੀ ਹੈ। ਇਹ ਯੋਜਨਾ ਚੋਣਾਵੀ ਸੂਬੇ ਬਿਹਾਰ ਦੇ ਖਗੜੀਆਂ ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਪਰ ਦੇਸ਼ ਦੀ ਸਰਕਾਰ ਤੇਲ ਦੀਆਂ ਕੀਮਤਾਂ ਵਿੱਚ ਕੀਤੇ ਜਾ ਰਹੇ ਵਾਧੇ ਬਾਰੇ ਹੱਥ 'ਤੇ ਹੱਥ ਧਰਕੇ ਬੈਠੀ ਹੋਈ ਹੈ। ਹੈਰਾਨੀ ਦੀ ਗੱਲ ਇਹ ਵੀ ਹੈ ਕਿ ਵਿਰੋਧੀ ਧਿਰਾਂ ਇਸ ਤੇਲ ਕੀਮਤਾਂ ਦੇ ਵਾਧੇ ਬਾਰੇ ਚੁੱਪੀ ਧਾਰੀ ਬੈਠੀਆਂ ਹਨ। ਕੋਈ ਵਿਰੋਧੀ ਪਾਰਟੀ, ਕੋਈ ਕਿਸਾਨ ਜਥੇਬੰਦੀ, ਕੋਈ ਸਮਾਜ ਸੇਵਕ ਜਥੇਬੰਦੀ ਆਪਣਾ ਸੰਘਰਸ਼ ਵਿੱਢਣ ਲਈ ਤਿਆਰ ਨਹੀਂ। ਇਵੇਂ ਜਾਪਦਾ ਹੈ ਕਿ ਆਰਥਿਕ ਮੰਦੀ ਦੇ ਇਸ ਦੌਰ ਵਿੱਚ ਸਰਕਾਰ ਅਤੇ ਵਿਰੋਧੀ ਧਿਰਾਂ ਦੇ ਨੇਤਾਵਾਂ ਨੇ ਲੋਕਾਂ ਨੂੰ ਆਪਣੇ ਰਹਿਮੋਕਰਮ ਉੱਤੇ ਛੱਡ ਦਿੱਤਾ ਹੈ।

ਕਿਸੇ ਸਮੇਂ ਜਦੋਂ ਤੇਲ ਦੀਆਂ ਅੰਤਰਰਾਸ਼ਟਰੀ ਕੀਮਤ ਪ੍ਰਤੀ ਬੈਰਲ 100 ਡਾਲਰ ਸੀ ਤਾਂ ਡੀਜ਼ਲ ਤੇ ਪੈਟਰੋਲ ਦੀ ਕੀਮਤ 70 ਅਤੇ 80 ਰੁਪਏ ਲੀਟਰ ਸੀ। ਹੁਣ ਜਦ ਪ੍ਰਤੀ ਬੈਰਲ 40 ਡਾਲਰ ਕੀਮਤ ਹੈ ਤਾਂ ਭਾਅ 77 ਤੇ 78 ਰੁਪਏ ਹੈ, ਜਿਸ ਵਿੱਚ ਕੇਂਦਰ ਵਲੋਂ ਐਕਸਾਈਜ਼ ਡਿਊਟੀ 32 ਰੁਪਏ ਅਤੇ ਸੂਬਿਆਂ ਵਲੋਂ 20-22 ਰੁਪਏ ਲਿਟਰ ਵੱਖਰਾ ਵੈਟ ਹੈ। ਅਸਲ ਵਿੱਚ ਸਰਕਾਰਾਂ ਨੇ ਕੰਪਨੀਆਂ ਨੂੰ ਲੁੱਟ ਦੀ ਖੁੱਲੀ ਛੁੱਟੀ ਦੇ ਰੱਖੀ ਹੈ।

ਦੇਸ਼ ਇਸ ਵੇਲੇ ਭਾਰੀ ਬੇਰੁਜ਼ਗਾਰੀ ਦੇ ਨਾਲ-ਨਾਲ ਤਬਾਹ ਹੋ ਚੁੱਕੀ ਅਰਥ-ਵਿਵਸਥਾ ਨਾਲ ਲੜ ਰਿਹਾ ਹੈ। ਮਹਾਂਮਾਰੀ ਕਾਰਨ ਜਿੱਥੇ ਦੇਸ਼ ਦਾ ਹਰ ਵਰਗ ਪੀੜਤ ਹੋਇਆ ਹੈ, ਉੱਥੇ ਦੇਸ਼ ਵੱਚ ਲੱਖਾਂ ਗਰੀਬ ਬੱਚਿਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਤਾਲਾਬੰਦੀ ਦੌਰਾਨ ਸਕੂਲ ਬੰਦ ਹੋਣ ਨਾਲ ਸਰਕਾਰੀ ਸਕੂਲਾਂ ਵਿੱਚ ਜਾਣ ਵਾਲੇ ਬੱਚਿਆਂ ਨੂੰ ਹੁਣ ਮੁਫ਼ਤ ਅਤੇ ਗਰਮ ਪੱਕਿਆ ਭੋਜਨ ਨਹੀਂ ਮਿਲ ਰਿਹਾ, ਜੋ ਉਹਨਾਂ ਨੂੰ ਹਰ ਦਿਨ ਮਿਲਦਾ ਸੀ। ਸਾਡੇ ਦੇਸ਼ ਵਿੱਚ ਬੱਚਿਆਂ ਦੀ ਆਬਾਦੀ 47.2 ਕਰੋੜ ਹੈ, ਜੋ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਹੈ। ਇਹ ਵੀ ਇੱਕ ਸਚਾਈ ਹੈ ਕਿ ਦੇਸ਼ ਵਿੱਚ ਦੁਨੀਆ ਦੇ ਸਭ ਤੋਂ ਭੁੱਖੇ ਅਤੇ ਕੁਪੋਸ਼ਿਤ ਬੱਚੇ ਇੱਥੇ ਭਾਰਤ ਵਿੱਚ ਹਨ। ਇਹਨਾਂ ਵਿੱਚੋਂ 5 ਸਾਲ ਦੇ ਬੱਚਿਆਂ ਦੀ ਹਾਲਤ ਚਿੰਤਾਜਨਕ ਹੈ ਕਿਉਂਕਿ ਤਾਲਾਬੰਦੀ ਕਾਰਨ ਇਹਨਾਂ ਬੱਚਿਆਂ ਲਈ ਟੀਕਾਕਰਨ ਬੰਦ ਹੋ ਗਿਆ, ਭੋਜਨ ਦੀ ਸੁਵਿਧਾ ਬੰਦ ਹੋ ਗਈ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਸ਼ੁਰੂ ਕੀਤਾ ਗਿਆ ਰਾਸ਼ਟਰੀ ਪੋਸ਼ਣ ਮਿਸ਼ਨ ਪਟੜੀ ਤੋਂ ਉੱਤਰ ਗਿਆ ਹੈ। ਬਾਵਜੂਦ ਦੇਸ਼ ਦੀ ਸੁਪਰੀਮ ਕੋਰਟ ਦੇ ਇਹਨਾਂ ਹੁਕਮਾਂ ਦੇ ਕਿ ਬੱਚਿਆਂ ਦੇ ਪੋਸ਼ਣ ਆਹਾਰ ਲਈ ਦੇਸ਼ ਭਰ ਵਿੱਚ ਇੱਕੋ ਜਿਹੀ ਨੀਤੀ ਅਪਨਾਈ ਜਾਵੇ, ਇਹਨਾਂ ਬੱਚਿਆਂ ਦੇ ਪੋਸ਼ਣ ਆਹਾਰ ਅਤੇ ਨਰਸਿੰਗ ਆਦਿ ਦੀਆਂ ਯੋਜਨਾਵਾਂ ਠੁੱਸ ਹੋ ਕੇ ਰਹਿ ਗਈਆਂ ਹਨ। ਪਰ ਇਸ ਸਭ ਕੁਝ ਦੇ ਦਰਮਿਆਨ ਦੇਸ਼ ਵਿੱਚ ਸਿਆਸੀ ਸਰਗਰਮੀਆਂ ਦਾ ਦੌਰ ਉਹਨਾਂ ਮਸਲਿਆਂ ਉੱਤੇ ਚਲਾਇਆ ਜਾ ਰਿਹਾ ਹੈ, ਜਿੱਥੋਂ ਹਾਕਮ ਧਿਰ ਨੂੰ ਵੋਟਾਂ ਮਿਲਣੀਆਂ ਹਨ ਜਾਂ ਵੋਟਾਂ ਮਿਲਣ ਦੀ ਆਸ ਬੱਝਣੀ ਹੈ। ਕੀ ਗਰੀਬ ਕਲਿਆਣ ਯੋਜਨਾ ਜਿਹੀਆਂ ਯੋਜਨਾਵਾਂ ਇਸੇ ਕਰਮ ਦਾ ਹਿੱਸਾ ਨਹੀਂ ਹਨ? ਦੇਸ਼ ਵਿੱਚ ਕੁਲ 545 ਲੋਕ ਸਭਾ ਸੀਟਾਂ ਅਤੇ 4120 ਵੱਖੋ-ਵੱਖਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਸੀਟਾਂ ਹਨ। ਬਿਹਾਰ ਵਿੱਚ 243 ਸੀਟਾਂ ਲਈ ਨਵੰਬਰ 2020 ਵਿੱਚ, ਪੌਂਡੀਚੇਰੀ ਵਿੱਚ 30 ਸੀਟਾਂ ਲਈ ਜੂਨ 2020 ਵਿੱਚ, ਪੱਛਮੀ ਬੰਗਾਲ ਵਿੱਚ 294 ਸੀਟਾਂ ਲਈ ਮਈ 2021 ਵਿੱਚ, ਤਾਮਿਲਨਾਡੂ ਵਿੱਚ 234 ਸੀਟਾਂ ਲਈ ਮਈ 2021 ਵਿੱਚ, ਕੇਰਲਾ ਵਿੱਚ 140 ਸੀਟਾਂ ਲਈ ਮਈ 2021 ਵਿੱਚ ਅਸਾਮ ਵਿੱਚ 126 ਸੀਟਾਂ ਲਈ ਮਈ 2021 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਾਲ 2022 ਵਿੱਚ ਗੋਆ, ਗੁਜਰਾਤ, ਹਿਮਾਚਲ ਪ੍ਰਦੇਸ਼ ਮਨੀਪੁਰ, ਪੰਜਾਬ, ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਹੋਣਗੀਆਂ। ਮੱਧ ਪਰਦੇਸ਼ ਦੀਆਂ 24 ਵਿਧਾਨ ਸਭਾ ਸੀਟਾਂ ਉੱਤੇ ਉਪ ਚੋਣਾਂ ਵੀ ਜਲਦੀ ਹੋ ਸਕਦੀਆਂ ਹਨ। ਪਰ ਇਹਨਾਂ ਸੂਬਿਆਂ ਦੀਆਂ ਚੋਣਾਂ ਲਈ ਚੋਣ ਕਮਰਕੱਸੇ ਹੁਣ ਤੋਂ ਹੀ ਹਾਕਮ ਧਿਰ ਵਲੋਂ ਇਸ ਯੋਜਨਾ ਤਹਿਤ ਆਰੰਭੇ ਜਾ ਚੁੱਕੇ ਹਨ। ਭਾਜਪਾ ਪੂਰੇ ਦੇਸ਼ ਵਿੱਚ ਹੇਠਲੇ ਪੱਧਰ ਤੋਂ ਉੱਪਰਲੇ ਪੱਧਰ 'ਤੇ ਹਰ ਥਾਂ ਆਪਣਾ ਰਾਜ ਭਾਗ ਕਾਇਮ ਕਰਨ ਦੀ ਤਾਕ ਵਿੱਚ ਹੈ। ਇਹ ਵੱਖਰੀ ਗੱਲ ਹੈ ਕਿ ਕੋਈ ਹਰਿਆ ਬੂਰ ਰਹਿਓ ਗੀ। ਪੱਛਮੀ ਬੰਗਾਲ ਦੀ ਮਮਤਾ ਬੈਨਰਜੀ, ਬਾਵਜੂਦ ਉੱਪਰਲੇ ਹਾਕਮਾਂ ਵਲੋਂ ਉਹਨਾਂ ਦੀ ਕੰਨੀਂ ਗੋਡਾ ਦੇਣ ਦੇ ਹਾਲੀ ਤਕ ਨਿਡਰ ਖੜੀ ਨਜ਼ਰ ਆਉਂਦੀ ਹੈ ਭਾਵੇਂ ਕਿ ਉਹ ਦੀ ਮਨਸ਼ਾ ਵੀ ਅਗਲੀਆਂ ਚੋਣਾਂ ਜਿੱਤਣ ਦੀ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਿਸੇ ਸਿਆਸਤਦਾਨ ਦੀ ਪਹਿਲ ਨਹੀਂ ਜਾਪਦਾ।

ਕਰਨਾਟਕ, ਛੱਤੀਸਗੜ, ਮੱਧ ਪ੍ਰਦੇਸ਼, ਨਾਗਾਲੈਂਡ ਵਿੱਚ ਸਾਲ 2018 ਵਿੱਚ ਚੋਣਾਂ ਹੋਈਆਂ। ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਹਰਿਆਣਾ, ਉੜੀਸਾ, ਸਿਕਮ ਵਿੱਚ ਚੋਣਾਂ 2019 ਵਿੱਚ ਹੋਈਆਂ। ਹਰਿਆਣਾ, ਮਹਾਰਾਸ਼ਟਰ, ਛੱਤੀਸਗੜ, ਰਾਜਸਥਾਨ, ਦਿੱਲੀ ਵਿੱਚ ਹੋਈਆਂ ਚੋਣਾਂ ਵਿੱਚ ਭਾਜਪਾ ਨੂੰ ਇਹ ਆਸ ਸੀ ਕਿ ਉਹ ਚੋਣਾਂ ਜਿੱਤ ਜਾਏਗੀ, ਪਰ ਹਰਿਆਣਾ ਵਿੱਚ ਉਸ ਨੂੰ ਆਪਣੇ ਧੁਰ-ਵਿਰੋਧੀ ਨਾਲ ਗੱਠਜੋੜ ਬਣਾਉਣਾ ਪਿਆ। ਮਹਾਰਾਸ਼ਟਰ ਵਿੱਚ ਉਸ ਨੂੰ ਸ਼ਿਵ ਸੈਨਾ ਨਾਲੋਂ ਗੱਠਜੋੜ ਤੋੜਨਾ ਪਿਆ। ਰਾਜਸਥਾਨ, ਕਾਂਗਰਸ ਜੇਤੂ ਬਣ ਗਈ, ਮੱਧ ਪ੍ਰਦੇਸ਼ ਵਿੱਚ ਉਸ ਨੂੰ ਕਾਂਗਰਸ ਨੇ ਹਾਰ ਦੇ ਦਿੱਤੀ ਤੇ ਆਪਣੀ ਸਰਕਾਰ ਬਣਾ ਲਈ, ਜਿਸਨੂੰ ਕੋਰੋਨਾ ਕਾਲ ਦੇ ਦੌਰਾਨ, ਕਾਂਗਰਸ ਦੇ ਮੈਂਬਰ ਖਰੀਦ ਕੇ ਭਾਜਪਾ ਨੇ ਸਰਕਾਰ ਤੋੜ ਦਿੱਤੀ ਅਤੇ ਮੁੜ ਆਪਣਾ ਮੁੱਖ ਮੰਤਰੀ ਬਣਾ ਲਿਆ। ਰਾਜਸਥਾਨ ਵਿਚਲੀ ਕਾਂਗਰਸ ਸਰਕਾਰ ਨੂੰ ਤੋੜਨ ਲਈ ਭਾਜਪਾ ਹਰ ਹਰਬਾ ਵਰਤ ਰਹੀ ਹੈ। ਰਾਜ ਸਭਾ ਦੇ 19 ਸੀਟਾਂ ਲਈ ਜੋ ਚੋਣ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ, ਮਨੀਪੁਰ, ਝਾਰਖੰਡ ਵਿੱਚ ਹੋਈ, ਉਸ ਵਿੱਚ 8 ਸੀਟਾਂ ਉੱਤੇ ਭਾਜਪਾ ਜਿੱਤੀ, 4 ਉੱਤੇ ਕਾਂਗਰਸ ਜਦਕਿ ਬਾਕੀ 7 ਸੀਟਾਂ ਹੋਰ ਪਾਰਟੀਆਂ ਨੇ ਪ੍ਰਾਪਤ ਕੀਤੀਆਂ।

ਰਾਜ ਸਭਾ ਦੀਆਂ ਕੁਲ 244 ਸੀਟਾਂ ਵਿੱਚੋਂ 86 ਸੀਟਾਂ ਭਾਜਪਾ ਕੋਲ ਹਨ। ਇਹਨਾਂ ਚੋਣਾਂ ਵਿੱਚ ਵੀ ਭਾਜਪਾ ਨੇ ਰਾਜਸਥਾਨ ਵਿੱਚ ਕਾਂਗਰਸ ਤੋਂ ਉਹਨਾਂ ਦੇ ਵਿਧਾਇਕ ਖਰੀਦਕੇ ਸੀਟਾਂ ਖੋਹਣ ਦਾ ਯਤਨ ਕੀਤਾ, ਪਰ ਕਾਮਯਾਬੀ ਹੱਥ ਨਹੀਂ ਲੱਗੀ। ਬਿਨਾਂ ਸ਼ੱਕ ਕਮਜ਼ੋਰ ਵਿਰੋਧੀ ਧਿਰਾਂ ਕਾਰਨ ਨਰੇਂਦਰ ਮੋਦੀ ਨੇ ਦੇਸ਼ ਵਿੱਚ ਦੂਜੀ ਵੇਰ ਚੋਣ ਜਿੱਤਣ ਵਿੱਚ ਕਾਮਯਾਬੀ ਹਾਸਲ ਕੀਤੀ, ਪਰ ਦੇਸ਼ ਦੇ ਲੋਕਾਂ ਦਾ ਦਿਲ ਜਿੱਤਣ ਅਤੇ ਦੇਸ਼ ਦੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਉਸ ਵਲੋਂ ਕੀਤੇ ਯਤਨ ਸਲਾਹੁਣਯੋਗ ਨਹੀਂ ਰਹੇ। ਕੁਝ ਵਿਵਾਦਿਤ ਕਾਨੂੰਨ ਬਣਾਉਣ ਉਪਰੰਤ ਉਸਦੀ ਸਰਕਾਰ ਘੱਟ ਗਿਣਤੀ ਲੋਕਾਂ ਤੋਂ ਆਪਣਾ ਵਿਸ਼ਵਾਸ ਗੁਆ ਬੈਠੀ ਹੈ। ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਜਾਰੀ ਕਰਕੇ, ਉਹ ਕਿਸਾਨਾਂ ਤੋਂ ਵੀ ਟੁੱਟ ਚੁੱਕੀ ਹੈ। ਕੋਲੇ ਦੀਆਂ ਖਾਣਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਸ਼ੁਰੂਆਤ ਇਸ ਸਰਕਾਰ ਨੂੰ ਮਜ਼ਦੂਰਾਂ ਤੋਂ ਦੂਰ ਕਰ ਰਹੀ ਹੈ। ਕਾਰਪੋਰੇਟ ਸੈਕਟਰ ਨੂੰ ਦੇਸ਼ ਦਾ ਧੰਨ ਲੁਟਾ ਕੇ ਪਹਿਲਾਂ ਹੀ ਇਸ ਸਰਕਾਰ ਨੇ ਗਰੀਬ ਵਿਰੋਧੀ ਹੋਣ ਦਾ ਕਾਲਾ ਟਿੱਕਾ ਆਪਣੇ ਸਿਰ ਲੁਆ ਲਿਆ ਹੈ।

ਦੇਸ਼ ਵਿੱਚ 6 ਲੱਖ ਤੋਂ ਜ਼ਿਆਦਾ ਪਿੰਡ ਹਨ। ਇਸਦੀ ਦੋ ਤਿਹਾਈ ਆਬਾਦੀ ਲਗਭਗ 80-85 ਕਰੋੜ ਲੋਕ ਪਿੰਡਾਂ ਵਿੱਚ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ 'ਘਰ ਦੇ ਨਜ਼ਦੀਕ ਰੁਜ਼ਗਾਰ' ਦੀ ਯੋਜਨਾ ਬਾਰੇ ਬੋਲਦਿਆਂ ਜਦੋਂ ਕਿਹਾ ਕਿ ਮਜ਼ਦੂਰ ਪਹਿਲਾਂ ਸ਼ਹਿਰਾਂ ਦਾ ਵਿਕਾਸ ਕਰ ਰਹੇ ਸਨ, ਹੁਣ ਉਹ ਪਿੰਡਾਂ ਦਾ ਵਿਕਾਸ ਕਰਨਗੇ, ਬਾਰੇ ਹੈਰਾਨੀ ਨਹੀਂ ਹੋਈ, ਕਿਉਂਕਿ ਹਾਕਮਾਂ ਦਾ ਅਜੰਡਾ ਕਦੇ ਵੀ ਦੇਸ਼ ਦੇ ਪਿੰਡ, ਪਿੰਡਾਂ ਵਿੱਚ ਰਹਿਣ ਵਾਲੇ ਗਰੀਬ ਲੋਕ, ਪਿੰਡਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਪਿੰਡਾਂ ਲਈ ਸਿਹਤ, ਸਿੱਖਿਆ ਸਹੂਲਤਾਂ ਨਹੀਂ ਰਹੇ ਸਗੋਂ ਪਿੰਡ ਤੇ ਪਿੰਡਾਂ ਦੇ ਲੋਕ ਤਾਂ ਸਿਰਫ਼ ਉਹਨਾਂ ਲਈ 'ਇੱਕ ਵੋਟ' ਹਨ, ਜਿਹਨਾਂ ਨੂੰ 5 ਵਰਿਆਂ ਬਾਅਦ ਦਿਲ ਖਿੱਚਵੇਂ ਨਾਹਰਿਆਂ ਨਾਲ ਭਰਮਿਤ ਕਰ ਲਿਆ ਜਾਂਦਾ ਹੈ। ਉਂਜ ਵੀ ਇਹ ਪ੍ਰਵਾਸੀ ਮਜ਼ਦੂਰ, ਜਿਹਨਾਂ ਬਾਰੇ ਕੇਂਦਰੀ ਸਰਕਾਰ ਹੇਜ ਦਿਖਾਉਂਦੀ ਨਜ਼ਰ ਆ ਰਹੀ ਹੈ, ਸ਼ਹਿਰਾਂ ਵਿੱਚ ਸਦਾ ਪਰਾਏ ਅਤੇ ਬੇਗਾਨੇ ਬਣਾ ਕੇ 6 ਜਾਂ 8 ਫੁੱਟ ਦੇ ਕੋਠੜਿਆਂ ਵਿੱਚ ਰਹਿੰਦੇ ਹਨ, ਜਿਹਨਾਂ ਨੂੰ ਸ਼ਹਿਰਾਂ ਵਿੱਚ ਘੱਟ ਉਜਰਤ ਤੇ ਅਣਮਨੁੱਖੀ ਹਾਲਤਾਂ ਵਿੱਚ ਕੰਮ ਕਰਨਾ ਪੈਂਦਾ ਹੈ। ਕੀ ਸਰਕਾਰ ਨੇ ਕਦੇ ਉਹਨਾਂ ਦੀਆਂ ਸਮੱਸਿਆਵਾਂ ਜਾਣੀਆਂ, ਖ਼ਾਸ ਕਰਕੇ ਹੁਣ, ਜਦੋਂ ਸ਼ਹਿਰਾਂ ਤੋਂ ਉਪਰਾਮ ਹੋ ਕੇ ਪੈਦਲ ਹੀ ਉਹ ਘਰਾਂ ਨੂੰ ਤੁਰੇ, ਕਈ ਰਸਤਿਆਂ ਵਿੱਚ ਜ਼ਿੰਦਗੀ ਗੁਆ ਬੈਠੇ। ਜਿਹੜੇ ਆਪਣੇ ਪਿੰਡੀਂ ਪਹੁੰਚੇ, ਉੱਥੇ ਉਹ ਆਪਣਿਆਂ ਵਿੱਚ ਵੀ ਬੇਗਾਨੇ ਬਣ ਕੇ ਰਹਿ ਰਹੇ ਹਨ ਕਿਉਂਕਿ ਇੱਕ ਪਾਸੇ ਤਾਂ ਉਹਨਾਂ ਨੂੰ ਸ਼ਹਿਰ ਦੀ ਚਮਕ-ਦਮਕ ਦਿਸਦੀ ਸੀ, ਹੁਣ ਦੂਜੇ ਪਾਸੇ ਉਜਾੜੇ, ਮਾੜੀਆਂ-ਮੋਟੀਆਂ ਸਹੂਲਤਾਂ ਤੋਂ ਵੀ ਸੱਖਣੇ ਪਿੰਡ ਦਿਸਦੇ ਹਨ।

ਬਾਕੀ ਸਫ਼ਾ 31 'ਤੇ

# ਸਾਇਬਰ ਅਟੈਕ ਦੇ ਖਤਰੇ ਤੋਂ ਕਿਵੇਂ ਬਚੀਏ

## ਆਖਿਰ ਹੈਕਰ ਸਾਡੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਕਿਵੇਂ ਕਰਦੇ ਹਨ ਹੈਕ



## - ਚਾਨਣ ਦੀਪ ਸਿੰਘ ਔਲਖ

ਅੱਜ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਹਰ ਕੋਈ ਕੰਪਿਊਟਰ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰ ਰਿਹਾ ਹੈ।ਸਮਾਰਟਫੋਨ ਤਾਂ ਹਰ ਇੱਕ ਦੀ ਜ਼ਿੰਦਗੀ ਦਾ ਅੰਗ ਹੀ ਬਣ ਗਿਆ ਹੈ। ਹੁਣ ਸਿਰਫ਼ ਗੱਲਬਾਤ ਹੀ ਨਹੀਂ ਬਲਕਿ ਵੀਡੀਓ ਗੱਲਬਾਤ , ਈ-ਮੇਲ ਸੁਨੇਹਾ ਭੇਜਣ, ਈ-ਬੈਕਿੰਗ ਲੈਣ-ਦੇਣ, ਸੋਸ਼ਲ ਮੀਡੀਆ 'ਤੇ ਜੁੜਨ ਆਦਿ ਕਾਰਜਾਂ ਲਈ ਕੰਪਿਊਟਰ ਦੇ ਨਾਲ ਨਾਲ ਸਮਾਰਟ ਫੋਨ ਦੀ ਵਰਤੋਂ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ।

ਜਿੱਥੇ ਇਨਾਂ ਉਪਕਰਨਾਂ ਦੀ ਵਰਤੋਂ ਵਧੀ ਹੈ ਉਥੇ ਇਨਾਂ ਨਾਲ ਸਬੰਧਤ ਚੋਰੀਆਂ, ਠੱਗੀਆਂ ਅਤੇ ਧੋਖਾਧੜੀਆਂ ਨੇ ਵੀ ਜਨਮ ਲਿਆ ਹੈ। ਜਿਨਾਂ ਨੂੰ ਸਾਇਬਰ ਅਪਰਾਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਏ ਦਿਨ ਇਸ ਤਰਾਂ ਦੀਆਂ ਅਨੇਕਾਂ ਘਟਨਾਵਾਂ ਪੜਨ-ਸੁਣਨ ਨੂੰ ਮਿਲਦੀਆਂ ਹਨ। ਲਾਕਡਾਉਨ ਦੌਰਾਨ ਇਨਾਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਭਾਰਤ ਦੇ ਚੀਨ ਨਾਲ ਛਿੜੇ ਤਤਕਾਲੀ ਤਣਾਅ ਤੋਂ ਬਾਅਦ ਚੀਨੀ ਹੈਕਰਾਂ ਵੱਲੋਂ ਭਾਰਤ ਵਿੱਚ ਸਾਇਬਰ ਅਟੈਕ ਦੀਆਂ ਖਬਰਾਂ ਆ ਰਹੀਆਂ ਹਨ। ਪਿਛਲੇ ਕੁਝ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਇਬਰ ਅਟੈਕ ਦੇ ਮਾਮਲੇ ਸੁਣਨ ਨੂੰ ਮਿਲੇ ਹਨ। ਇਨਾਂ ਖਬਰਾਂ ਵਿੱਚ ਕਿੰਨੀ ਸੱਚਾਈ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਸਾਨੂੰ ਚੌਕੰਨੇ ਜਰੂਰ ਹੋ ਜਾਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁਤੇ ਕੰਪਿਊਟਰ ਅਤੇ ਸਮਾਰਟ ਫੋਨ ਵਰਤੋਂਕਾਰ ਨਿਸਚਿਤ ਤੌਰ ਤੇ ਇਸ ਤੋਂ ਅਣਜਾਣ ਹੋਣਗੇ।

ਇਸ ਲਈ ਸਾਨੂੰ ਇਹ ਜਾਣਕਾਰੀ ਹੋਣਾ ਜਰੂਰੀ ਹੈ ਕਿ ਆਖਿਰ ਹੈਕਰ ਸਾਡੇ ਕੰਪਿਊਟਰ ਜਾਂ ਸਮਾਰਟ ਫੋਨ ਨੂੰ ਕਿਵੇਂ ਹੈਕ ਕਰ ਲੈਂਦੇ ਹਨ ਅਤੇ ਸਾਇਬਰ ਅਟੈਕ ਕਿਵੇਂ ਕਰਦੇ ਹਨ। ਸਾਧਾਰਨ ਭਾਸ਼ਾ ਵਿੱਚ ਜਿਵੇਂ ਮੱਛੀ ਨੂੰ ਫੜਨ ਲਈ ਜਾਲ ਜਾਂ ਕੁੰਡੀ ਤੇ ਮੱਛੀ ਦੀ ਮਨਪਸੰਦ ਚੀਜ਼ ਲਗਾਈ ਜਾਂਦੀ ਹੈ ਜਿਸ ਨਾਲ ਮੱਛੀ ਆਪਣੇ-ਆਪ ਉਸ ਜਾਲ ਵੱਲ ਖਿੱਚੀ ਆਉਂਦੀ ਹੈ ਅਤੇ ਜਾਲ ਵਿੱਚ ਫਸ ਜਾਂਦੀ ਹੈ। ਬਿਲਕੁਲ ਉਸੇ ਤਕਨੀਕ ਦੀ ਵਰਤੋਂ ਇਹਨਾਂ ਹੈਕਰਾਂ ਵੱਲੋਂ ਉਪਕਰਨਾਂ ਨੂੰ ਹੈਕ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਹੈਕਰ ਵਰਤੋਂਕਾਰਾਂ ਦੇ ਸਾਹਮਣੇ ਚਾਰੇ ਦੇ ਰੂਪ ਵਿੱਚ ਕੁਝ ਲੁਭਾਵਣੀਆਂ ਚੀਜ਼ਾਂ ਦੀ ਨੁਮਾਇਸ਼ ਕਰਦਾ ਹੈ ਤਾਂ ਜੋ ਉਹ ਛੇਤੀ ਨਾਲ ਆਕਰਸ਼ਿਤ ਹੋ ਜਾਣ । ਜਿਵੇਂ ਉਹ ਕੁਝ ਆਕਰਸ਼ਕ ਆਫਰ ਰੱਖਦਾ ਹੈ ਜਾਂ ਉਹ ਮੈਸੇਜ ਭੇਜਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੈਂਕ ਤੋਂ ਤੁਹਾਨੂੰ ਇਨਾ ਕੈਸਬੈਕ ਮਿਲ ਰਿਹਾ ਹੈ ਜਾਂ ਤੁਸੀਂ ਇੰਨੇ ਲੱਖ ਰੁਪਏ ਜਾਂ ਡਾਲਰ ਜਿੱਤ ਲਏ ਹਨ। ਜਿਸ ਨੂੰ ਕਲੇਮ ਕਰਨ ਲਈ ਇਸ ਲਿੰਕ ਤੇ ਕਲਿਕ ਕਰੋ ਜਾਂ ਇਹ ਐਪ ਡਾਉਨਲੋਡ ਕਰੋ। ਮੈਸੇਜ ਜਾਂ ਈ-ਮੇਲ ਇਸ ਤਰਾਂ ਤਿਆਰ ਕੀਤੀ ਗਈ ਹੁੰਦੀ ਹੈ ਕਿ ਉਹ ਕਿਸੇ ਅਸਲੀ ਬੈਂਕ ਜਾਂ ਦਫ਼ਤਰ ਵਲੋਂ ਭੇਜੀ ਗਈ ਹੋਵੇ। ਕੋਈ ਵੀ ਵਿਅਕਤੀ ਉਸ ਨੂੰ ਪੜ ਕੇ ਫਟਾਫਟ ਉਸ ਲਿੰਕ ਨੂੰ ਖੋਲਦਾ ਹੈ ਜਾਂ ਐਪ ਡਾਉਨਲੋਡ ਕਰ ਕੇ ਹਰ ਤਰਾਂ ਦੀ ਪਰਮੀਸ਼ਨ ਅਲਾਓ ਕਰ ਦਿੰਦਾ ਹੈ, ਜਿਵੇਂ ਕਾਲ, ਮੈਸਜ, ਲੋਕੇਸ਼ਨ, ਕੈਮਰਾ, ਸਟੋਰੇਜ ਅਨੁਮਤੀ ਆਦਿ । ਕਈ ਲੋਕ ਪੇਡ ਐਪਲੀਕੇਸ਼ਨ/ ਸਾਫਟਵੇਅਰ ਨੂੰ ਮੁਫ਼ਤ ਵਿੱਚ ਇਸਤੇਮਾਲ ਕਰਨ ਲਈ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਡਾਊਨਲੋਡ ਕਰ ਲੈਂਦੇ ਹਨ ਜੋ ਕਿ ਭਰੋਸੇਯੋਗ ਨਹੀਂ ਹੁੰਦੇ। ਜਦੋਂ ਅਸੀਂ ਇਨਾਂ ਐਪਸ ਜਾਂ ਸਾਫਟਵੇਅਰਾਂ ਨੂੰ ਹਰ ਤਰਾਂ ਦੀਆਂ ਬਹੁਤ ਸਾਰੀਆਂ ਅਨੁਮਤੀਆਂ ਦੇ ਦਿੰਦੇ ਹਾਂ ਤਾਂ ਸਾਡਾ ਸਮਾਰਟ ਫੋਨ ਜਾਂ ਕੰਪਿਊਟਰ ਹੈਕ ਹੋ ਜਾਂਦਾ ਹੈ ਭਾਵ ਉਸ ਦਾ ਹਰ ਤਰਾਂ ਦਾ ਕੰਟਰੋਲ ਹੈਕਰ ਦੇ ਹੱਥ ਵਿੱਚ ਆ ਜਾਂਦਾ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਦਾ। ਇਸ ਤਰਾਂ ਦੀਆਂ ਐਪਸ ਨੂੰ ਸਪਾਈਵੇਅਰ ਐਪਸ ਜਾਂ ਸਪਾਈ ਸਾਫਟਵੇਅਰ ਕਿਹਾ ਜਾਂਦਾ ਹੈ ਅਤੇ ਈ-ਮੇਲ ਮੈਸਜ ਦੁਆਰਾ ਭੇਜੇ ਜਾਂਦੇ ਲਿੰਕ ਨੂੰ ਸਪੈਮ ਕਿਹਾ ਜਾਂਦਾ ਹੈ। ਇੱਕ ਵਾਰ ਜੇਕਰ ਹੈਕਰ ਕਿਸੇ ਵੀ ਤਰੀਕੇ ਨਾਲ ਤੁਹਾਡੇ ਫੋਨ ਜਾਂ ਕੰਪਿਊਟਰ ਵਿੱਚ ਇਹ ਸਪਾਈਵੇਅਰ ਇੰਸਟਾਲ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਉਹ ਇੰਟਰਨੈੱਟ ਦੀ ਮਦਦ ਨਾਲ ਘਰ ਬੈਠਾ ਤੁਹਾਡੇ ਫੋਨ ਨੂੰ ਰਿਮੋਟਲੀ ਨਿਯੰਤਰਿਤ




ਕਰ ਸਕਦਾ ਹੈ। ਉਹ ਤੁਹਾਡੇ ਫੋਨ ਤੋਂ ਕਾਲ ਕਰ ਸਕਦਾ ਹੈ, ਤੁਹਾਡੀ ਕਾਲ ਰਿਕਾਰਡ/ਸੁਣ ਸਕਦਾ ਹੈ, ਤੁਹਾਡੇ ਮੈਸਜ/ ਈ-ਮੇਲ ਪੜ ਸਕਦਾ ਹੈ , ਕਿਸੇ ਨੂੰ ਵੀ ਭੇਜ ਸਕਦਾ ਹੈ , ਕੈਮਰਾ ਵਰਤ ਸਕਦਾ ਹੈ। ਕਈ ਪ੍ਰਸਥਿਤੀਆਂ ਵਿੱਚ ਤੁਹਾਨੂੰ ਇਸ ਵਰਤਾਰੇ ਦੀ ਭਿਣਕ ਵੀ ਨਹੀਂ ਲੱਗੇਗੀ।

ਹੁਣ ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੇਕਰ ਹੈਕਰ ਨੇ ਤੁਹਾਡੇ ਕੰਪਿਊਟਰ ਜਾਂ ਸਮਾਰਟ ਫੋਨ ਦਾ ਕੰਟਰੋਲ ਹਾਸਲ ਕਰਨਾ ਹੈ ਤਾਂ ਉਸ ਨੂੰ ਤੁਹਾਡੇ ਉਪਕਰਨਾਂ ਵਿੱਚ ਕੋਈ ਸਪਾਈਵੇਅਰ ਸਾਫਟਵੇਅਰ ਇੰਸਟਾਲ ਕਰਨਾ ਲਾਜ਼ਮੀ ਹੈ ਇਸ ਤੋਂ ਬਿਨਾਂ ਉਸ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਿਰ ਅਸੀਂ ਆਪਣੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਹੈਕ ਹੋਣ ਤੋਂ ਕਿਵੇਂ ਬਚਾਅ ਸਕਦੇ ਹਾਂ ? ਇਸਦਾ ਜਵਾਬ ਉਪਰੋਕਤ ਚਰਚਾ ਦੇ ਵਿੱਚ ਹੀ ਛੁਪਿਆ ਹੋਇਆ ਹੈ। ਬਸ ਹੈਕਰ ਆਪਣੇ ਜਾਲ ਵਿੱਚ ਫਸਾਉਣ ਲਈ ਜੋ ਜੋ ਕਦਮ ਚੁੱਕਦਾ ਹੈ ਉਨਾਂ ਤੋਂ ਸਾਨੂੰ ਸਾਵਧਾਨ ਰਹਿਣਾ ਹੈ ਜਿਵੇਂ ਕਿ ਕਿਸੇ ਵੀ ਤਰਾਂ ਦੇ ਮੋਡੀਫਾਈਡ ਜਾਂ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ। ਜੇਕਰ ਤੁਹਾਨੂੰ ਅਜਿਹਾ ਮੈਸਜ ਜਾਂ ਈ-ਮੇਲ ਆਵੇ ਜਿਸ ਵਿੱਚ ਕੋਈ ਲਾਲਚ ਦਿੱਤਾ ਗਿਆ ਹੋਵੇ ਕਿ ਤੁਸੀਂ ਏਨੇ ਪੈਸੇ ਜਿੱਤ ਗਏ ਹੋ ਉਸ ਨੂੰ ਕਲੇਮ ਕਰਨ ਲਈ ਲਿੰਕ ਨੂੰ ਕਲਿਕ ਕਰੋ ਜਾਂ ਬੈਂਕ ਸਬੰਧੀ ਜਾਣਕਾਰੀ ਦਿਓ ਅਜਿਹਾ ਕਰਨ ਦੀ ਗਲਤੀ ਕਦੇ ਵੀ ਨਾ ਕਰੋ। ਇਸ ਦੇ ਨਾਲ ਹੀ ਜਦੋਂ ਅਸੀਂ ਆਪਣੇ ਸਮਾਰਟ ਫੋਨ ਵਿਚ ਕੋਈ ਐਪ ਪਲੇਅ ਸਟੋਰ ਜਾਂ ਐਪ ਸਟੋਰ ਤੋਂ ਡਾਉਨਲੋਡ ਕਰ ਕੇ ਇੰਸਟਾਲ ਕਰਦੇ ਹਾਂ ਤਾਂ ਉਹ ਕਈ ਕਿਸਮ ਦੀਆਂ ਅਨੁਮਤੀਆਂ ਦੀ ਮੰਗ ਕਰਦੀ ਹੈ ਅਸੀਂ ਬਿਨਾਂ ਪੜੇ ਸਾਰੀਆਂ ਅਨੁਮਤੀਆਂ ਦੀ ਆਗਿਆ ਦੇ ਦਿੰਦੇ ਹਾਂ। ਅਜਿਹਾ ਕਰਨਾ ਬਹੁਤ ਭਾਰੀ ਪੈ ਸਕਦਾ ਹੈ ਇਸ ਨਾਲ ਆਪਣੇ ਫੋਨ ਵਿਚਲੀ ਜਾਣਕਾਰੀ ਚੋਰੀ ਹੋ ਸਕਦੀ ਹੈ ਅਤੇ ਫੋਨ ਹੈਕ ਹੋ ਸਕਦਾ ਹੈ। ਹਮੇਸ਼ਾ ਚੰਗੀ ਤਰਾਂ ਪੜਕੇ ਹੀ ਪਰਮੀਸ਼ਨ ਦੇਣੀ ਚਾਹੀਦੀ ਹੈ। ਖਾਸ ਕਰ ਥਰਡ ਪਾਰਟੀ ਐਪਸ ਜਾਂ ਮੋਡੀਫਾਈਡ ਐਪਸ ਨੂੰ ਬਿਨਾਂ ਲੋੜੀਂਦੀਆਂ ਪਰਮੀਸ਼ਨਜ ਨਹੀਂ ਦੇਣੀਆਂ ਚਾਹੀਦੀਆਂ ਅਤੇ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ। ਹੈਕਰ ਤੁਹਾਡੇ ਉਪਕਰਨਾਂ ਨੂੰ ਹੈਕ ਕਰਕੇ ਹਰ ਤਰਾਂ ਦੀ ਜਾਣਕਾਰੀ ਜਿਵੇਂ ਕਾਲ ਡਿਟੇਲ, ਮੈਸਜ, ਪਰਸਨਲ ਫੋਟੋਆਂ, ਈ-ਮੇਲ, ਬੈਂਕ ਜਾਣਕਾਰੀ, ਪਾਸਵਰਡ ਆਦਿ ਡਾਟਾ ਚੁਰਾ ਕੇ ਤੁਹਾਡਾ ਬੈਂਕ ਖਾਤਾ ਖਾਲੀ ਕਰ ਸਕਦਾ ਹੈ ਜਾਂ ਤੁਹਾਨੂੰ ਹੋਰ ਕਈ ਤਰਾਂ ਦੀਆਂ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਸ ਤਰਾਂ ਦੇ ਸਾਇਬਰ ਅਟੈਕ ਤੋਂ ਬਚਣ ਲਈ ਹਮੇਸ਼ਾ ਸੁਚੇਤ ਅਤੇ ਚੌਕੰਨਾ ਰਹਿਣਾ ਚਾਹੀਦਾ ਹੈ। ਜਦੋਂ ਵੀ ਕੋਈ ਐਪਲੀਕੇਸ਼ਨ ਜਾਂ ਸਾਫਟਵੇਅਰ ਡਾਊਨਲੋਡ ਕਰਨਾ ਹੋਵੇ ਤਾਂ ਭਰੋਸੇਯੋਗ ਵੈਬਸਾਈਟ ਜਾਂ ਐਪ ਸਟੋਰ ਤੋਂ ਹੀ ਡਾਉਨਲੋਡ ਕਰਨੀ ਚਾਹੀਦੀ ਹੈ , ਥਰਡ ਪਾਰਟੀ ਐਪਲੀਕੇਸ਼ਨਾ ਜਾਂ ਕਰੈਕ ਸਾਫਟਵੇਅਰਾਂ ਨੂੰ ਇੰਸਟਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਫਾਲਤੂ ਦੇ ਲਾਲਚਨੁਮਾ ਲਿੰਕਾਂ ਨੂੰ ਕਦੇ ਨਹੀਂ ਖੋਲਣਾ ਚਾਹੀਦਾ।

ਭਾਗ 2

# ਅਗਾਂਹ ਵੱਲ ਨੂੰ ਤੁਰਦਿਆਂ

## ਵੱਲੋਂ : ਸੰਵਾਦ

ਗੁਰੂ ਮਹਾਰਾਜ ਜੀਓ ਦੇ ਰੂਹਾਨੀ ਨਿਜਾਮ ਦੇ ਵਿੱਚ ਹੀ ਸਿੱਖ-ਸੰਗਤ ਪੁਰਾਤਨ ਸਮਿਆਂ ਤੋਂ ਕਝੁ ਪ੍ਰਮੁਖ ਕਾਰਜਾਂ ਨੂੰ ਨੇਪਰੇ ਚਾੜਨ ਲਈ ਗੁਰੂ ਮਹਾਰਾਜ ਜੀਓ ਦੀ ਹੀ ਆਗਿਆ ਨਾਲ ਜਥੇ ਸਾਜਦੀ ਰਹੀ ਹੈ, ਜਿਨਾਂ ਦੀ ਕੁਲ ਹੋਂਦ ਗੁਰੂ ਖਾਲਸਾ ਪੰਥ ਦੀ ਜਥੇਬੰਦੀ ਤੋਂ ਵੱਖਰੀ ਨਹੀਂ ਹੁੰਦੀ। ਜਥੇ ਸਮੇਂ ਸਮੇਂ ਤੇ ਇੱਕ ਦੂਜੇ ਤੋਂ ਵੱਖ ਅਤੇ ਇਕੱਠੇ ਹੁੰਦੇ ਰਹੇ ਹਨ।

ਪਰ ਵਰਤਮਾਨ ਸਮੇਂ ਵਿੱਚ ਸਿੱਖ-ਸੰਗਤ ਵਿੱਚ ਸੈਕੂਲਰ ਪੱਛਮੀ ਫਲਸਫੇ ਦੀ ਤਰਜ 'ਤੇ ਅਧਾਰਤ ਦਰਜਾ-ਬ-ਦਰਜਾ ਅਹੁਦੇਦਾਰੀਆਂ ਵਾਲੀਆਂ ਬਣਤਰਾਂ ਦਾ ਚਲਣ ਹੋ ਗਿਆ ਹੈ। ਇਸ ਵਿੱਚ ਗੁਣ ਅਧਾਰਤ ਸ਼ਖਸੀਅਤ ਦੀ ਬਜਾਏ ਅਹੁਦੇਦਾਰੀ ਨੂੰ ਹੀ ਪ੍ਰਮੁਖਤਾ ਹੈ।

ਇਸ ਕਿਸਮ ਦੀਆਂ ਰਾਜਸੀ ਸਿੱਖ ਜਥੇਬੰਦੀਆਂ ਸਿੱਖ ਪਰਪੰਰਾਵਾਂ ਅਤੇ ਸੰਸਥਾਵਾਂ ਨੂੰ ਮਜਬੂਤ ਕਰਨ ਦੀ ਬਜਾਏ ਵੋਟ-ਤੰਤਰ ਅਧੀਨ ਵੱਖ-ਵੱਖ ਪੱਧਰ ਦੀਆਂ ਚੋਣਾਂ ਜਿੱਤਣ ਦੀ ਰਣਨੀਤੀ ਤਹਿਤ ਗੁਰਮਤਿ ਨੂੰ ਤਿਲਾਂਜਲੀ ਦਿੰਦੀਆਂ ਜਾ ਰਹੀਆਂ ਹਨ।

**ੲ) ਆਗੂ ਚੁਣਨ ਦੀ ਪੰਥਕ ਰਵਾਇਤ**

ਗੁਰੂ ਖਾਲਸਾ ਪੰਥ ਵਿੱਚ ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੇ ਸਮੇਂ ਤੋਂ ਹੀ ਆਗੂ ਚੁਣਨ ਦੀ ਰਵਾਇਤ ਗੁਣ ਅਧਾਰਤ ਰਹੀ ਹੈ। ਸੇਵਾ ਅਤੇ ਸਿਰੜ ਰਾਹੀਂ ਆਪਣੇ ਆਪ ਉਚੀਆਂ ਸ਼ਖਸੀਅਤਾਂ ਪ੍ਰਤੱਖ ਨਿੱਤਰ ਆਉਦੀਆਂ ਹਨ। ਵੋਟਾਂ ਦੇ ਜਰੀਏ ਬਹੁਗਿਣਤੀ ਨਾਲ ਆਗੂ ਥਾਪਣ ਦੀ ਪ੍ਰਥਾ ਨਹੀਂ ਹੈ। ਗੁਰੂ ਖਾਲਸਾ ਪੰਥ ਅੰਦਰ ਅਗਵਾਈ ਦੀ ਪੰਚ-ਪ੍ਰਧਾਨੀ ਪ੍ਰਣਾਲੀ ਦੀ ਪਰੰਪਰਾ ਹੈ। ਸਮੁੱਚੇ ਖਾਲਸਾ ਪੰਥ ਜਾਂ ਕਿਸੇ ਇੱਕ ਜਥੇ ਦਾ ਜਥੇਦਾਰ ਪ੍ਰਬੰਧਕ (Convenor) ਦੀ ਹੈਸੀਅਤ ਵਿੱਚ ਹੀ ਵਿਚਰਦਾ ਹੈ ਨਾ ਕਿ ਮਾਲਕ ਬਣਕੇ।

ਗੁਰੂ ਖਾਲਸਾ ਪੰਥ ਜਾਂ ਕਿ ਸੇ ਇੱਕ ਜਥੇ ਦੇ ਸਭ ਫੈਸਲੇ ਸਾਂਝੇ ਰੂਪ ਵਿੱਚ ਪੰਜ ਸਿੰਘ ਸਾਹਿਬਾਨ ਵਲੋਂ ਹੀ ਲਏ ਜਾਂਦੇ ਹਨ। ਜਥੇ ਦੇ ਪੱਧਰ ਉਤੇ ਅਗਵਾਈ ਵਿੱਚ ਸ਼ਬਦ ਦੇ ਅਭਿਆਸੀ-ਬਾਣੀ ਦੇ ਰਸੀਏ, ਪੰਥ ਦਰਦੀ ਤੇ ਦੁਨਿਆਵੀ ਗੁਣਾਂ ਵਿੱਚ ਮਾਹਰ ਸ਼ਖਸੀਅਤ ਦਾ ਤਵਾਜਨ ਹੋਣਾ ਚਾਹੀਦਾ ਹੈ।

**ਸ) ਫੈਸਲੇ ਲੈਣ ਦੀ ਵਿਧੀ**

ਗੁਰੂ ਖਾਲਸਾ ਪੰਥ ਵਿੱਚ ਫੈਸਲੇ ਲੈਣ ਲਈ 'ਗੁਰਮਤਾ' ਸੰਸਥਾ ਦੀ ਪ੍ਰਣਾਲੀ ਪ੍ਰਚਲਤ ਹੈ। ਗੁਰਮਤਾ, ਖਾਲਸਾ ਜਥੇਬੰਦੀ ਦੇ ਜਜ਼ਬੇ ਦਾ ਸੰਸਥਾਗਤ ਪ੍ਰਗਟਾਵਾ ਹੈ। ਗੁਰਮਤਾ, ਸਰਬਤ ਗੁਰ-ਸੰਗਤਿ ਦਾ ਕਿਸੇ ਖਾਸ ਵਿਸ਼ੇ ਸੰਬੰਧੀ ਸਪਸ਼ਟ ਨਜਰੀਆ ਹੈ। ਇਹ ਦੈਵੀ ਮੰਡਲ ਵਿੱਚ ਵਿਚਰ ਰਹੀਆਂ ਰੂਹਾਂ ਦਾ ਸਾਂਝਾ ਸਵੈ-ਪ੍ਰਗਟਾਵਾ ਹੈ, ਜਿਸ ਰਾਹੀਂ ਸਰਬਤ ਖਾਲਸਾ ਜੀਓ ਇੱਕ ਜੋਤ-ਇੱਕ ਸਰੀਰ ਦੇ ਤੌਰ 'ਤੇ ਵਿਚਾਰ ਅਤੇ ਅਮਲ ਦਾ ਜਲਵਾਗਰ ਕਰਦਾ ਹੈ।

ਗੁਰਮਤਾ ਅਤੇ ਪੱਛਮੀ ਤਰਜ ਦੀ ਸਰਬ-ਸੰਮਤੀ ਜਾਂ ਆਮ ਸਹਿਮਤੀ ਦੇ ਮਤੇ ਵਿਚ ਅਨੇਕਾ ਭਾਂਤੀ ਫਰਕ (ਵਖਰੇਵਾਂ) ਹੈ। ਪੱਛਮੀ ਤਰਜ ਦੀ ਸਰਬ-ਸੰਮਤੀ ਬਣਾਉਣ ਲਈ ਸਭਾ ਵਿੱਚ ਇੱਕਤਰ ਮਨੁੱਖ ਆਪਣੀ ਨਿੱਜ-ਹੋਂਦ ਨੂੰ ਸਭਾ ਦੀ ਸਾਂਝੀ ਹੋਂਦ ਵਿੱਚ ਜਜ਼ਬ ਨਹੀਂ ਕਰਦੇ ਸਗੋਂ ਵਿਅਕਤੀਗਤ ਰਾਵਾਂ ਨੂੰ ਥੋੜਾ ਵਧਾ ਘਟਾ ਕੇ ਆਮ ਸਹਿਮਤੀ ਬਣਾਈ ਜਾਂਦੀ ਹੈ, ਜਦਕਿ ਗੁਰਮਤੇ ਵਿੱਚ ਹਾਜਰ ਸਰਬਤ ਸਿੰਘ ਆਪਣੀ ਨਿੱਜ ਹੋਂਦ ਤੋਂ ਉਪਰ ਉਠਕੇ ਆਤਮਕ ਤੌਰ ਤੇ ਇਕਮਿਕ ਅਵਸਥਾ ਵਿੱਚ ਹੁੰਦੇ ਹਨ।

ਗੁਰੂ ਖਾਲਸਾ ਪੰਥ ਵਿੱਚ ਫੈਸਲੇ ਸੰਗਤੀ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਚ-ਪ੍ਰਧਾਨੀ ਅਗਵਾਈ ਪ੍ਰਣਾਲੀ ਤਹਿਤ ਕੀਤੇ ਜਾਂਦੇ ਹਨ। ਗੁਰੂ ਖਾਲਸਾ ਪੰਥ ਦੀ ਪਰੰਪਰਾ ਵਿੱਚ ਪੰਜ ਸਿੰਘ ਸਾਹਿਬ ਗੁਰ-ਸੰਗਤਿ ਦੇ ਵਿਚਾਰ ਸੁਣਦੇ ਹਨ। ਗੁਰਬਾਣੀ ਅਤੇ ਤਵਾਰੀਖ ਦੀ ਅੰਤਰ-ਦ੍ਰਿਸ਼ਟੀ ਨਾਲ ਨਤੀਜੇ ਉਪਰ ਪਹੁੰਚਦੇ ਹਨ। ਪੰਜ ਸਿੰਘ ਸਾਹਿਬਾਨ ਦਾ ਹੁਕਮ ਅੰਤਿਮ ਹੁੰਦਾ ਹੈ। ਫੈਸਲਾ ਲੈਣ ਵਿੱਚ ਸਿਰਫ ਵਿਚਾਰ ਵਟਾਂਦਰਾ ਹੀ ਆਖਰੀ ਪਹਿਲੂ ਨਹੀਂ ਹੁੰਦਾ ਸਗੋਂ ਅਕਾਲਪੁਰਖ ਦੀ ਰਜਾ ਉਤੇ ਭਰੋਸਾ ਅਹਿਮ ਹੁੰਦਾ ਹੈ। ਕਿਉਂਕਿ ਪੰਜਾਂ ਪਿਆਰਿਆਂ ਨੂੰ ਅਕਾਲਪੁਰਖ ਦਾ ਰੂਪ ਮੰਨਿਆ ਜਾਂਦਾ ਹੈ। ਫੈਸਲਾ ਲੈਣ ਵਾਲੇ ਪੰਜ ਸਿੰਘ ਸਾਹਿਬ ਮੌਕੇ ਤੇ ਹੀ ਸੰਗਤ ਵਿੱਚੋਂ ਚੁਣੇ ਜਾਂਦੇ ਹਨ। ਅੰਤਮ ਫੈਸਲਾ ਲੈਣ ਤੋਂ ਬਾਅਦ ਮੁੜ ਸੰਗਤ ਦਾ ਹੀ ਹਿੱਸਾ ਬਣ ਜਾਂਦੇ ਹਨ। ਹੁਣ ਦੇ ਸਮੇਂ ਵਿੱਚ ਗੁਰੂ ਮਹਾਰਾਜ ਦੀ ਛਤਰ ਛਾਇਆ ਹੇਠ ਸੰਗਤੀ ਰੂਪ ਵਿੱਚ ਸਾਂਝੇ ਮਤੇ, ਗੁਰਮਤੇ ਕਰਨ ਦੀ ਬਜਾਏ ਵਿਅਕਤੀ ਵਿਸ਼ੇਸ਼ ਦੀ ਮਨ ਦੀ ਮਤ ਅਨੁਸਾਰ ਫੈਸਲੇ ਲੈਣ ਦੀ ਪ੍ਰਥਾ ਸਥਾਪਤ ਕੀਤੀ ਜਾ ਰਹੀ ਹੈ

ਸੰਸਾਰ ਵਿੱਚ ਖਾਲਸਾ ਪੰਥ ਦੀ ਭੂਮਿਕਾ ਅਤੇ ਅਮਲ ਗੁਰੂ ਖਾਲਸਾ ਪੰਥ ਦਾ ਮੂਲ ਦਾਅਵਾ 'ਪਾਤਿਸਾਹੀ ਦਾਅਵਾ' ਹੈ ਜੋ ਉਸ ਨੂੰ ਧਰੁ ਦਰਗਾਹ ਤੋਂ ਮਿਲਿਆ ਹੈ।

ਗੁਰੂ ਖਾਲਸਾ ਪੰਥ ਸਰਬ-ਬਿਆਪੀ ਅਤੇ ਸਦੈਵ ਨਿਆਂਕਾਰ ਹੈ। ਇਹ ਪੱਛਮੀ ਨੇਸ਼ਨਜ ਵਾਂਗੂੰ (ਪਰੰਪਰਕ ਸਭਿਆਚਾਰਕ) ਪਛਾਣਾਂ ਦੇ ਘੇਰਿਆਂ ਵਿੱਚ ਬੰਨਿਆ ਹੋਇਆ ਨਹੀਂ ਹੈ।

ਗੁਰੂ ਖਾਲਸਾ ਪੰਥ ਦਾ ਪਾਤਿਸਾਹੀ ਦਾਅਵਾ ਬ੍ਰਹਿਮੰਡੀ ਹੈ, ਦੁਨਿਆਵੀ ਤੌਰ ਤੇ ਮੁਕੰਮਲ ਖੇਤਰਾਂ ਵਿੱਚ ਫੈਲਿਆ ਹੋਇਆ ਹੈ। ਭਾਵ ਇਹ ਰੂਹਾਨੀ ਮੰਡਲ ਦੇ ਨਾਲ-ਨਾਲ ਰਾਜਸੀ, ਸਮਾਜੀ, ਆਰਥਕ, ਗਿਆਨ ਪ੍ਰਬੰਧ ਆਦਿ ਤੱਕ ਫੈਲਿਆ ਹੋਇਆ ਹੈ। ਕੋਈ ਵੀ ਦੁਨਿਆਵੀ ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ ਸਰਬਤ ਦੇ ਭਲੇ ਦੇ ਸਿਧਾਂਤ ਦੇ ਅਨੁਸਾਰੀ ਨਹੀਂ ਹੈ ਉਸ ਪ੍ਰਬੰਧ ਨੂੰ ਸੁਧਾਰਨ ਜਾਂ ਸੋਧਣ (ਖਤਮ) ਦੇ ਅਮਲ ਵਿੱਚ ਖਾਲਸਾ ਪੰਥ ਦੀ ਭੂਮਿਕਾ ਅਟੱਲ ਹੈ।

ਗੁਰੂ ਖਾਲਸਾ ਪੰਥ ਦੀ ਜਿੰਮੇਵਾਰੀ ਹੈ ਕਿ ਜਰਵਾਣੇ ਕੀ ਭੱਖਿਆ-ਗਰੀਬ ਕੀ ਰੱਖਿਆ ਅਤੇ ਰੱਬੀ ਹੁਕਮ ਤੋਂ ਆਕੀ ਪ੍ਰਬੰਧਾਂ ਨੂੰ ਸੋਧਣ ਦਾ ਉਦਮ ਕਰੇ। ਸੋ, ਪੰਜਾਬ ਤੋਂ ਬਾਹਰ ਵੀ ਸਿੱਖ-ਸੰਗਤ ਜਿਸ ਸਮਾਜ ਵਿੱਚ ਰਹਿ ਰਹੀ ਹੈ ਉੱਥੇ ਉਨਾਂ ਦੀ ਸੰਕਟ ਅਤੇ ਆਮ ਸਮਾਜਕ ਹਾਲਤਾਂ ਵਿੱਚ ਭੂਮਿ ਕਾ ਗੁਰਮਤਿ ਅਧਾਰਤ ਸਰਬਤ ਦੇ ਭਲੇ ਵਾਲੀ ਹੋਣੀ ਚਾਹੀਦੀ ਹੈ।

ਸਿੱਖ-ਸੰਗਤ ਦਾ ਵਿਦੇਸ਼ਾਂ ਵਿੱਚ ਸਮਾਜੀ ਤੇ ਰਾਜਸੀ ਪਿੜ ਵਿੱਚ ਬੁਲੰਦ ਮੁਕਾਮ ਹੈ ਅਤੇ ਧਾਰਮਕ ਤੌਰ 'ਤੇ ਨਿਆਰੀ ਪਛਾਣ ਹੈ। ਇਹ ਮੁਕਾਮ ਸ੍ਰੀ ਗੁਰੂ ਨਾਨਕ ਸੱਚੇ ਪਾਤਿਸਾਹ ਹਜੂਰ ਦੀ ਕ੍ਰਿਪਾ ਸਦਕਾ, ਸੰਕਟ ਦੀਆਂ ਹਾਲਤਾਂ ਅਤੇ ਔਖੀਆਂ ਘੜੀਆਂ ਵਿੱਚ ਨਿਤਾਣੀ ਲੋਕਾਈ ਨਾਲ ਖੜਨ ਕਰ ਕੇ ਹਾਸਲ ਹੋਇਆ ਹੈ। ਇਹ ਗੱਲ ਧਿਆਨਯੋਗ ਹੈ ਕਿ ਬਾਹਰਲੇ ਦੇਸ਼ਾਂ ਵਿੱਚ ਸਮਾਜ ਸੇਵਾ ਤੇ ਰਾਜਸੀ ਪਹਿਲਕਦਮੀ ਖਾਲਸਾ ਜੀਓ ਦੇ ਪਾਤਿਸਾਹੀ ਦਾਅਵੇ ਨੂੰ



ਵਿਸਾਰ ਕੇ ਹੋ ਰਹੀ ਹੈ। ਖਾਲਸਾ ਜੀਓ ਦਾ ਪਾਤਿਸਾਹੀ ਦਾਅਵਾ ਅਤਿ ਜਰੂਰੀ ਹੈ ਕਿਉਂਕਿ ਇਸ ਤੋਂ ਬਿਨਾ ਸੁਤੰਤਰ ਵਿਚਰਨ ਦੀ ਅਣਹੋਂਦ ਖਾਲਸਾ ਪੰਥ ਦੀ ਹਸਤੀ ਹਕੂਮਤ ਦੇ ਅਧੀਨ ਸਿਰਫ ਇੱਕ ਸਭਿਆਚਾਰਕ ਘਟਗਿਣਤੀ ਤੱਕ ਸੀਮਤ ਹੋ ਜਾਂਦੀ ਹੈ। ਪਾਤਿਸਾਹੀ ਦਾਅਵੇ ਤੋਂ ਬਿਨਾਂ ਖਾਲਸਾ ਪੰਥ ਦਾ ਮੁਕੰਮਲ ਤੌਰ ਤੇ ਜਲੌ ਪ੍ਰਗਟ ਨਹੀਂ ਹੋ ਸਕਦਾ ਅਤੇ ਸਰਬਤ ਦੇ ਭਲੇ ਦਾ ਸਿਧਾਂਤ ਠੋਸ ਰੂਪ ਵਿੱਚ ਅਮਲ ਵਿੱਚ ਨਹੀਂ ਆ ਸਕਦਾ। ਹਰ ਸਿੱਖ ਲਈ ਜਰੂਰੀ ਹੈ ਕਿ ਉਹ ਗੁਰੂ ਪੰਥ ਅਤੇ ਗੁਰਮਤਿ ਦੇ ਸਰਬੱਤ ਦੇ ਭਲੇ ਦੇ ਨੇਮ ਮੁਤਾਬਿਕ ਕੰਮ ਕਰੇ ਨਾ ਕਿ ਸਮੇਂ ਦੀਆਂ ਹਕੂਮਤਾਂ ਦੇ ਅਨੁਸਾਰੀ ਹੋ ਕੇ।

ਦੱਖਣ ਏਸ਼ੀਆ ਅਤੇ ਦਿੱਲੀ ਤਖਤ ਅਧੀਨ ਖਿੱਤੇ ਵਿੱਚ ਗੁਰੂ ਖਾਲਸਾ ਪੰਥ ਦੀ ਭੂਮਿਕਾ

**ੳ) ਇਸ ਖਿੱਤੇ ਵਿੱਚ ਪੰਜਾਬ ਦਾ ਮਹੱਤਵ:**

*** ਪੰਜਾਬ ਦੀ ਭੂਗੋਲਿਕ ਸਥਿਤੀ:**

ਪੰਜਾਬ ਸਰਬੱਤ ਕਾਇਨਾਤ ਦੇ ਭਲੇ ਦੇ ਸਮਰੱਥ ਗੁਰਮਤਿ ਨੂੰ ਸਮਾਜੀ-ਰਾਜਸੀ ਰਪੂ ਵਿੱਚ ਲਾਗੂ ਕਰਨ ਵਾਲੀ ਤਵਾਰੀਖੀ ਧਰਤੀ ਹੈ। ਖਾਲਸਾ ਪੰਥ ਦੇ ਕੇਂਦਰੀ ਅਸਥਾਨ ਇਸ ਧਰਤ 'ਤੇ ਸੋਭ ਰਹੇ ਹਨ। ਪੰਜਾਬ ਗੁਰੂ ਖਾਲਸਾ ਪੰਥ ਦੇ ਅਮਲ ਦੀ ਧਰਤ ਹੈ, ਜਿਸ ਦੀ ਜਰਵਾਣਿਆਂ ਦੀ ਭੱਖਿਆ ਅਤੇ ਗਰੀਬ ਦੀ ਰੱਖਿਆ ਲਈ ਯੁੱਧ ਕਰਨ ਦੀ ਸ਼ਾਨਾਮੱਤੀ ਤਵਾਰੀਖ ਹੈ।

ਪੰਜਾਬ ਕੁਦਰਤੀ ਤੌਰ ਤੇ ਬਿਹਤਰੀਨ ਜਲ ਸਰੋਤਾਂ, ਮਿੱਟੀ ਅਤੇ ਮੌਸਮ ਨਾਲ ਨਵਾਜੀ ਹੋਈ ਧਰਤੀ ਹੈ ਜਿਸ ਕਾਰਨ ਇਹ ਪੂਰੇ ਖਿੱਤੇ ਵਿੱਚ ਖੇਤੀ ਉਪਜ ਦੀ ਬਹੁਲਤਾ ਵਾਲਾ ਇੱਕੋ-ਇੱਕ ਦੇਸ ਹੈ।

**ਦੱਖਣ ਏਸ਼ੀਆ ਅਤੇ ਸੰਸਾਰ ਦੀ ਭੂ-ਸਿਆਸਤ ਵਿੱਚ ਸਥਾਨ:**

ਮੌਜੂਦਾ ਰਾਜਸੀ ਪ੍ਰਬੰਧ ਅਨੁਸਾਰ ਪਰਮਾਣੂ ਹਥਿਆਰਾਂ ਨਾਲ ਲੈਸ ਦੋ ਮੁਲਕਾਂ ਦੇ ਵਿਚਕਾਰ ਸਥਿਤ ਹੋਣ ਕਾਰਨ ਪੰਜਾਬ ਦੀ ਭੂਗੋਲਿਕ ਸਥਿਤੀ ਅਹਿਮ ਹੈ।

ਆਲਮੀ ਪੱਧਰ ਤੇ ਵਿਵਾਦਤ ਰਾਜਸੀ ਧਰਤੀ ਤਸਲੀਮ ਕੀਤੇ ਗਏ ਕਸ਼ਮੀਰ ਦਾ ਸੌਖਾ ਜਮੀਨੀ ਲਾਂਘਾ ਸਾਂਝੇ ਪੰਜਾਬ ਵਿੱਚੋਂ ਹੋ ਗੁਜ਼ਰਦਾ ਹੈ।

ਰੂਸ, ਮੱਧ ਏਸ਼ੀਆ ਅਤੇ ਚੀਨ ਵਰਗੇ ਮੁਲਕਾਂ ਦੀ ਗਰਮ ਪਾਣੀ ਦੇ ਸਮੁੰਦਰੀ ਤੱਟ ਤੱਕ ਪਹੁੰਚ ਸਾਂਝੇ ਪੰਜਾਬ ਰਾਹੀਂ ਹੈ।

ਪੱਛਮ ਦੀ ਖੜੋਤ ਅਤੇ ਪੂਰਵ ਦੇ ਉਭਾਰ ਕਾਰਨ ਜੋ ਟਕਰਾਅ ਦੇ ਹਲਾਤ ਬਣਦੇ ਜਾ ਰਹੇ ਹਨ, ਉਹ ਇਸ ਖਿੱਤੇ ਨੂੰ ਵੀ ਪ੍ਰਭਾਵਤ ਕਰਨਗੇ ।

* ਦੱਖਣ ਏਸ਼ੀਆ ਦੇ ਵਪਾਰ ਵਿੱਚ ਪੰਜਾਬ ਦਾ ਸਥਾਨ:

ਦੱਖਣ ਏਸ਼ੀਆ ਤੋਂ ਮੱਧ ਏਸ਼ੀਆ ਤੱਕ ਅਤੇ ਅਰਬ ਮੁਲਕਾਂ ਨਾਲ ਵਪਾਰ ਦੇ ਲਾਂਘੇ ਪੰਜਾਬ ਤੋਂ ਸ਼ੁਰੂ ਹੁੰਦੇ ਸਨ। ੪੭੮ ਨਾਨਕਸ਼ਾਹੀ (੧੯੪੭ ਈ) ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਸ਼ਹਿਰ ਏਸ਼ੀਆ ਦੀ ਅਹਿਮ ਖੁਸ਼ਕ-ਬੰਦਰਗਾਹ ਸੀ।

ਚੀਨ ਵੱਲੋਂ 'ਇੱਕ ਖਿੱਤਾ-ਇੱਕ ਲਾਂਘਾ' ਦੀ ਨੀਤੀ ਅਧੀਨ 'ਚੀਨ-ਪਾਕਿਸਤਾਨ ਆਰਥਕ ਲਾਂਘੇ' ਦੇ ਮੁਕੰਮਲ ਹੋ ਜਾਣ ਨਾਲ ਸੰਸਾਰ-ਵਪਾਰ ਵਿੱਚ ਨਵੀਂ ਪੈੜ ਪਏਗੀ। ਚੜਦੇ ਪੰਜਾਬ ਉਤੇ ਵੀ ਇਸ ਦਾ ਅਸਰ ਪਏਗਾ।




# ਸਰੂ ਦਾ ਰੁੱਖ ਜਸਵੰਤ ਸਿੰਘ ਕੰਵਲ

**- ਸਰਵਣ ਸਿੰਘ**

ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਹੈ। ਉਹਦਾ ਜਨਮ 27 ਜੂਨ 1919 ਨੂੰ ਸ. ਮਾਹਲਾ ਸਿੰਘ ਗਿੱਲ ਦੇ ਘਰ ਢੁੱਡੀਕੇ ਦੀ ਕਪੂਰਾ ਪੱਤੀ ਵਿਚ ਹੋਇਆ ਸੀ। ਉਹ ਪੰਜ ਕੁ ਸਾਲ ਦਾ ਸੀ ਜਦੋਂ ਉਸ ਦੇ ਪਿਤਾ ਜੈਤੋ ਦੇ ਮੋਰਚੇ ਵਿਚ ਗਏ। ਉਹ ਤਿੰਨ ਭਰਾ ਸਨ। ਵੱਡਾ ਭਰਾ ਗਿਆਨੀ ਕਰਤਾਰ ਸਿੰਘ ਡਿਸਟ੍ਰਿਕ ਬੋਰਡ ਦਾ ਮੈਂਬਰ ਸੀ ਜੋ ਚਿਰੋਕਣਾ ਚਲਾਣਾ ਕਰ ਚੁੱਕੈ। ਛੋਟਾ ਭਰਾ ਹਰਬੰਸ ਸਿੰਘ ਵੀ ਇਸ ਸਾਲ ਗੁਜ਼ਰ ਗਿਐ। ਦੋਵੇਂ ਪਤਨੀਆਂ ਤੇ ਚਾਰ ਧੀਆਂ 'ਚੋਂ ਤਿੰਨ ਧੀਆਂ ਗੁਜ਼ਰ ਗਈਆਂ। ਪੁੱਤਰ ਸਰਬਜੀਤ ਘਰ ਬਾਰ ਸੰਭਾਲਦੈ।

ਉਨਾਂ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਹੀ ਹਾਸਲ ਕੀਤੀ ਸੀ। ਮਗਰੋਂ ਗਿਆਨੀ ਪਾਸ ਕੀਤੀ। ਕੰਵਲ ਜੀ ਦੱਸਦੇ ਹੁੰਦੇ ਸਨ ਕਿ ਉਨਾਂ ਨੂੰ ਲਿਖਣ ਦੀ ਚੇਟਕ ਮਲਾਇਆ ਦੇ ਜੰਗਲਾਂ ਵਿਚ ਲੱਗੀ ਸੀ। ਉੱਥੇ ਜਾਗੇ ਦੀ ਨੌਕਰੀ ਕਰਦੇ ਨੂੰ ਮੀਨਾ ਨਾਂ ਦੀ ਚੀਨਣ ਨੇ ਫਾਹੁਣਾ ਚਾਹਿਆ ਪਰ ਮੀਨਾ ਨਾਲ ਪੂਰਨ ਦੀ ਸੁੰਦਰਾਂ ਵਾਲੀ ਹੋਈ। ਉਹਦਾ ਜ਼ਿਕਰ ਉਸ ਨੇ 'ਚਿੱਕੜ ਦੇ ਕੰਵਲ' ਪੁਸਤਕ ਦੀ ਕਹਾਣੀ 'ਪਹਿਲੀ ਮੁਹੱਬਤ' ਵਿਚ ਕੀਤਾ। ਪਰਵਾਸ ਨੇ ਉਹਦੇ ਅੰਦਰ ਸਾਹਿਤਕ ਚੇਟਕ ਲਾ ਦਿੱਤੀ। ਇਹੀ ਵਜਾ ਹੈ ਕਿ ਉਹ ਆਪਣੀ ਲਿਖਣ ਕਲਾ ਨੂੰ ਮਲਾਇਆ ਦੀ ਸੌਗਾਤ ਆਖਿਆ ਕਰਦੇ ਸਨ। ਤੇ ਵੀਹ ਸਾਲ ਦੀ ਉਮਰ ਵਿਚ 'ਜੀਵਨ ਕਣੀਆਂ' ਛਪਵਾ ਕੇ ਲੇਖਕ ਬਣ ਗਿਆ।ਉਨਾਂ ਨੇ ਮਲਾਇਆ ਵਿਚ ਨੌਕਰੀ ਕੀਤੀ ਸੀ। ਮਗਰੋਂ ਆਪਣੇ ਪਿੰਡ ਆ ਕੇ ਖੇਤਾਂ ਵਿਚ ਛੋਟੇ ਭਰਾ ਨਾਲ ਹੱਥ ਵਟਾਉਣ ਲੱਗੇ ਸਨ।

ਫਿਰ ਉਨਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰੂ ਰਾਮਦਾਸ ਦੀ ਨਗਰੀ ਵਿਚ ਕਲਰਕੀ ਦੀ ਨੌਕਰੀ ਮਿਲ ਗਈ। ਇਹ ਨੌਕਰੀ ਉਨਾਂ ਲਈ ਵਰਦਾਨ ਸਾਬਤ ਹੋਈ ਕਿਉਂਕਿ ਉਹ ਆਪਣੀ ਸਾਹਿਤਕ ਭੁੱਖ ਪੂਰੀ ਕਰਨ ਲਈ ਬਾਕੀ ਬਚਦਾ ਸਮਾਂ ਸ਼੍ਰੋਮਣੀ ਕਮੇਟੀ ਦੀ ਲਾਇਬ੍ਰੇਰੀ ਵਿਚ ਹੀ ਬਿਤਾਉਂਦੇ ਸਨ। ਇਸੇ ਦੌਰਾਨ ਇਕ ਪ੍ਰਕਾਸ਼ਕ ਨੇ ਉਨਾਂ ਨੂੰ ਨਾਵਲ ਲਿਖਣ ਲਈ ਪ੍ਰੇਰਿਤ ਕੀਤਾ। ਜਸਵੰਤ ਸਿੰਘ ਕੰਵਲ ਦਾ ਪਹਿਲਾ ਨਾਵਲ 'ਸੱਚ ਨੂੰ ਫਾਂਸੀ' 1944 ਵਿਚ ਪ੍ਰਕਾਸ਼ਿਤ ਹੋਇਆ ਸੀ। ਉਸ ਤੋਂ ਬਾਅਦ ਉਹ ਦਿਨ ਵੀ ਆਏ ਜਦ ਪਾਠਕ ਉਨਾਂ ਦੇ ਨਾਵਲ ਦੇ ਆਉਣ ਦਾ ਬੇਸਬਰੀ ਨਾਲ ਇੰਤਜ਼ਾਰ ਕਰਦੇ ਸਨ। ਜਦੋਂ 'ਕਹਿ' ਨਾਵਲ ਬਾਜ਼ਾਰ ਵਿਚ ਆਇਆ ਤਾਂ ਉਹ ਹੱਥੋ-ਹੱਥ ਵਿਕ ਗਿਆ। ਉਂਜ ਕੰਵਲ ਸਾਹਿਬ ਦਾ ਸਾਹਿਤਕ ਸਫ਼ਰ ਮਲਾਇਆ ਤੋਂ ਹੀ ਸ਼ੁਰੂ ਹੋ ਗਿਆ ਸੀ। ਉੱਥੇ ਉਨਾਂ 1941-42 ਵਿਚ ਵਾਰਤਕ ਦੀ ਪਹਿਲੀ ਪੁਸਤਕ 'ਜੀਵਨ ਕਣੀਆਂ' ਲਿਖੀ ਸੀ ਜਿਸ ਦੇ ਸਾਹਮਣੇ ਆਉਂਦਿਆ ਹੀ ਉਨਾਂ ਦੀ ਸਾਹਿਤ ਦੇ ਖੇਤਰ ਵਿਚ ਇਕ ਤਰਾਂ ਨਾਲ ਚਰਚਾ ਛਿੜ ਗਈ ਸੀ। ਉਹ ਦੱਸਦੇ ਸਨ ਕਿ ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਨੇ ਉਨਾਂ ਨਾਲ ਇਕ ਵਾਰ ਗੁਰੂ ਰਾਮਦਾਸ ਦੀ ਨਗਰੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਖੇ ਮੁਲਾਕਾਤ ਕੀਤੀ ਸੀ। ਉਹ ਦੱਸਦੇ ਸਨ ਕਿ ਮੈਂ ਦਫ਼ਤਰ ਵਿਚ ਬੈਠਾ ਸੀ ਕਿ ਪਿੱਛਿਓਂ ਕਿਸੇ ਨੇ ਆ ਕੇ ਮੇਰੇ ਮੋਢਿਆਂ 'ਤੇ ਦੋਵੇਂ ਹੱਥ ਰੱਖ ਦਿੱਤੇ। ਮੈਂ ਇਕਦਮ ਘਬਰਾ ਕੇ ਪਿੱਛੇ ਵੇਖਿਆ ਤਾਂ ਸਾਹਮਣੇ ਨਾਨਕ ਸਿੰਘ ਖੜੇ ਸਨ। ਉਹ ਕਹਿਣ ਲੱਗੇ ਕਿ ਮੈਂ ਤੈਨੂੰ ਸਿਰਫ਼ ਇਹੀ ਕਹਿਣ ਆਇਆ ਹਾਂ ਕਿ ਤੂੰ ਬਹੁਤ ਵਧੀਆ ਲਿਖਦਾ ਏਂ, ਲਿਖਣਾ ਨਾ ਛੱਡੀਂ। ਉਨਾਂ ਨੇ 70ਵਿਆਂ ਵਿਚ ਪੰਜਾਬ ਦੇ ਹਾਲਾਤ ਦੇ ਮੱਦੇਨਜ਼ਰ 'ਲਹੂ ਦੀ ਲੋਅ' ਨਾਵਲ ਲਿਖਿਆ। ਸੰਨ 1971 ਤੋਂ 1972 ਤਕ ਉਨਾਂ ਨੇ ਇਸ ਨਾਵਲ ਦੇ ਖਰੜੇ ਤਿਆਰ ਕੀਤੇ। ਮਗਰੋਂ ਦੇਸ਼ ਵਿਚ ਐਮਰਜੈਂਸੀ ਲੱਗ ਗਈ। ਜਿਹੜੇ ਪ੍ਰਕਾਸ਼ਕ ਕਦੇ ਨਾਵਲ ਛਾਪਣ ਲਈ ਮਗਰ-ਮਗਰ ਫਿਰਦੇ ਸਨ, ਉਹ 'ਲਹੂ ਦੀ ਲੋਅ' ਨੂੰ ਛਾਪਣੋਂ ਕੰਨੀ ਕਤਰਾਉਂਦੇ ਨਜ਼ਰ ਆਉਣ ਲੱਗੇ। ਆਖ਼ਰਕਾਰ ਉਹ ਨਾਵਲ ਸਿੰਗਾਪੁਰ ਵਿਚ ਛਪਿਆ ਅਤੇ ਸਭ ਤੋਂ ਪਹਿਲਾਂ ਪਰਵਾਸੀ ਪੰਜਾਬੀਆਂ ਵਿਚ ਪੜਿਆ ਗਿਆ। ਕੁਝ ਕਾਪੀਆਂ ਪੰਜਾਬ ਵਿਚ ਵੀ ਸਮਗਲ ਹੋ ਕੇ ਪੁੱਜੀਆਂ ਸਨ ਜੋ ਹੱਥੋ-ਹੱਥ ਵਿਕ ਗਈਆਂ। ਉਨਾਂ ਦੇ ਨਾਵਲ 'ਤੌਸ਼ਾਲੀ ਦੀ ਹੰਸੋ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਸੀ। ਕੰਵਲ ਸਾਹਿਬ ਦਾ ਆਪਣਾ ਪਸੰਦੀਦਾ ਨਾਵਲ 'ਤੌਸ਼ਾਲੀ ਦੀ ਹੰਸੋ' ਹੀ ਸੀ। ਉਹ ਕਹਿੰਦੇ ਸਨ ਕਿ ਇਹ ਨਾਵਲ ਲਿਖ ਕੇ ਹੀ ਮੈਨੂੰ ਰੂਹ ਦਾ ਰੱਜ ਮਿਲਿਆ।

ਇਕੇਰਾਂ ਕੰਵਲ ਤੇ ਮੈਂ ਡਾ. ਸਰਦਾਰਾ ਸਿੰਘ ਜੌਹਲ ਨੂੰ ਮਿਲਣ ਲੁਧਿਆਣੇ ਗਏ। ਮੁੜਦਿਆਂ ਮੈਂ ਕੰਵਲ ਤੋਂ ਉਮਰ ਪੁੱਛ ਬੈਠਾ। ਉਸ ਨੇ 77 ਸਾਲ ਦੱਸੀ। ਜਨਮ ਦਿਨ ਪੁੱਛਿਆ ਤਾਂ ਸਬੱਬੀਂ ਉੱਦਣ ਹੀ ਉਹਦਾ ਜਨਮ ਦਿਨ ਸੀ। ਮੈਂ ਆਖਿਆ, ਚਲੋ ਅੱਜ ਢੁੱਡੀਕੇ ਚੱਲ ਕੇ ਤੁਹਾਡਾ ਜਨਮ ਦਿਨ ਮਨਾਵਾਂਗੇ। ਉਸ ਨੇ ਕਿਹਾ, ਅੱਗੇ ਤਾਂ ਕਦੇ ਮਨਾਇਆ ਨੀ। ਮੈਂ ਕਿਹਾ, ਅੱਗੇ ਪਤਾ ਨਹੀਂ ਸੀ, ਅੱਜ ਪਤਾ ਲੱਗ ਗਿਐ। ਅਸੀਂ ਜਗਰਾਓਂ ਅੱਪੜੇ ਤਾਂ ਇਕ ਰੇੜੀ 'ਤੇ ਦਸਹਿਰੀ ਅੰਬ ਪਏ ਵੇਖੇ। ਕੰਵਲ ਨੇ ਕਿਹਾ, ਇਹ ਅੰਬ ਤਾਂ ਡਾਕਟਰ ਵੀ ਪਸੰਦ ਕਰੂ ਪਰ ਚੂਪੂ ਇਕ ਈ। ਉਹਦਾ ਮਤਲਬ ਡਾ. ਜਸਵੰਤ ਗਿੱਲ ਸੀ ਜੋ ਉਸ ਦੀ ਪ੍ਰੇਮਿਕਾ-ਪਤਨੀ ਬਣ ਕੇ ਬਾਹਰਲੇ ਘਰ ਰਹਿ ਰਹੀ ਸੀ। ਕੰਵਲ ਦੇ ਬੱਚੇ ਉਸ ਨੂੰ ਮਾਸੀ ਕਹਿੰਦੇ ਸਨ। ਇਕੱਠੇ ਰਹਿਣ ਤੋਂ ਪਹਿਲਾਂ ਦੋਹਾਂ ਜਸਵੰਤ ਗਿੱਲਾਂ ਨੇ ਫੈਸਲਾ ਕਰ ਲਿਆ ਸੀ ਕਿ ਉਹ ਕੋਈ ਬੱਚਾ ਪੈਦਾ ਨਹੀਂ ਕਰਨਗੇ।

ਮੈਂ ਰੇੜੀ ਤੋਂ ਅੰਬ ਲੈਣ ਲੱਗਾ ਤਾਂ ਕੰਵਲ ਨੇ ਕਿਹਾ, ਅੰਬ ਮੈਂ ਖਰੀਦਾਂਗਾ, ਜਨਮ ਦਿਨ ਮੇਰਾ ਐ। ਉਸ ਨੇ ਦਸ ਬਾਰਾਂ ਅੰਬ



ਚੁਣੇ ਜੋ ਦੋ ਕਿੱਲੋ ਬਣੇ। ਮੈਂ ਆਖਿਆ, ਕੰਵਲ ਸਾਹਿਬ, ਇੰਨੇ ਅੰਬਾਂ ਨਾਲ ਨੀ ਸਰਨਾ। 77ਵਾਂ ਜਨਮ ਦਿਨ ਮਨਾਉਣ ਲੱਗੇ ਆਂ, ਘੱਟੋ ਘੱਟ 77 ਅੰਬ ਤਾਂ ਹੋਣ! ਕੰਵਲ ਨੇ ਰੇੜੀ ਵਾਲੇ ਨੂੰ ਪੈਸੇ ਦਿੱਤੇ ਤੇ ਮੈਨੂੰ ਜਵਾਬ ਦਿੱਤਾ, ਬੱਲੇ ਓਏ ਤੇਰੇ! ਤੇਰੇ ਵਰਗਿਆਂ ਦੇ ਆਖੇ ਲੱਗ ਕੇ ਮੈਂ ਝੁੱਗਾ ਨੀ ਚੌੜ ਕਰਾਉਣਾ। ਮੈਂ ਤਾਂ ਫੇਰ ਵੀ ਦੋ ਕਿੱਲੋ ਲੈ-ਲੇ। ਜਾ ਸੇਖੋਂ ਤੋਂ ਕਿੱਲੋ ਅੰਬ ਈ ਲੈ ਕੇ ਦਿਖਾਦੇ! ਮੈਂ ਮਨ ਵਿਚ ਕਿਹਾ, ਬੱਲੇ ਓਏ ਪੰਜਾਬੀ ਸਾਹਿਤ ਦੇ ਸਰੂਓ ਤੇ ਬੋਹੜੋ! ਨਈਂ ਰੀਸਾਂ ਥੋਡੀਆਂ!

ਰਾਹ ਵਿਚ ਕੰਵਲ ਕਹਿਣ ਲੱਗਾ, ਮੇਰਾ ਜੀਅ ਕਰਦੈ 84 ਸਾਲ ਜੀਵਾਂ, ਨਾਲੇ ਚੁਰਾਸੀ ਕੱਟੀ ਜਾਊ। ਉਦੋਂ ਉਸ ਨੂੰ ਦਿਲ ਦੀ ਤਕਲੀਫ਼ ਹੋਈ ਸੀ। ਉਸ ਨੂੰ ਲੱਗਦਾ ਸੀ ਕਿ ਉਹ ਬਹੁਤੇ ਸਾਲ ਨਹੀਂ ਜੀਵੇਗਾ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। 2009 ਵਿਚ ਉਸਦਾ 91ਵਾਂ ਜਨਮ ਦਿਨ ਢੁੱਡੀਕੇ ਦੇ ਮੇਲੇ ਵਿਚ ਮਨਾਇਆ ਗਿਆ। ਮੈਂ ਮੇਲੀਆਂ ਨੂੰ ਕਿਹਾ, ਆਓ ਸ਼ੁਭ ਇਛਾਵਾਂ ਦੇਈਏ ਬਈ ਇਸ ਮੇਲੇ ਦਾ ਬਾਨੀ ਬਾਈ ਕੰਵਲ ਸੌ ਸਾਲ ਜੀਵੇ।

ਉਹਨੀਂ ਦਿਨੀਂ ਉਹਦੇ ਕੋਲ ਬਲਰਾਜ ਸਾਹਨੀ ਆਉਂਦਾ ਹੁੰਦਾ ਸੀ। ਬਲਰਾਜ ਸਾਹਨੀ ਕੋਲ ਛੋਟਾ ਟਾਈਪ ਰਾਈਟਰ ਹੁੰਦਾ ਸੀ ਜਿਸ ਉੱਤੇ ਉਸ ਨੇ ਆਪਣੇ ਸਫ਼ਰਨਾਮੇ ਕੰਵਲ ਦੇ ਘਰ ਬੈਠ ਕੇ ਟਾਈਪ ਕੀਤੇ। ਉਹਦੀ ਗੁਰਮੁਖੀ ਹੱਥਲਿਖਤ ਵੀ ਸੋਹਣੀ ਸੀ ਜੋ ਮੈਂ ਉਸ ਦੀਆਂ ਚਿੱਠੀਆਂ ਤੋਂ ਵੇਖੀ ਸੀ। ਉਸ ਦੇ ਰੂਸੀ ਸਫ਼ਰਨਾਮੇ ਨੂੰ ਸੋਵੀਅਤ ਦੇਸ ਨਹਿਰੂ ਪੁਰਸਕਾਰ ਮਿਲਿਆ ਤਾਂ ਉਸ ਨੇ ਪੁਰਸਕਾਰ ਵਿਚ ਮਿਲੇ ਪੈਸੇ ਢੁੱਡੀਕੇ ਕਾਲਜ ਨੂੰ ਦਾਨ ਕਰ ਦਿੱਤੇ ਜੋ ਕਾਲਜ ਦੀ ਦਾਨ ਸ਼ਿਲਾ 'ਤੇ ਉੱਕਰੇ ਗਏ। ਬਲਰਾਜ ਦੇ ਪੁੱਤਰ ਪ੍ਰੀਕਸ਼ਤ ਸਾਹਨੀ ਨੇ ਬਾਪ ਨੂੰ ਦੱਸੇ ਬਿਨਾਂ ਵਿਆਹ ਕਰਵਾਇਆ ਸੀ ਤੇ ਉਸ ਦੀ ਵਧਾਈ ਦੀ ਤਾਰ ਬਲਰਾਜ ਨੂੰ ਕੰਵਲ ਦੇ ਅੰਦਰਲੇ ਘਰ ਮਿਲੀ ਸੀ।

ਪੰਜਾਬੀ ਸੂਬੇ ਲਈ ਮੋਰਚੇ ਬੇਸ਼ਕ ਅੰਮ੍ਰਿਤਸਰੋਂ ਲੱਗਦੇ ਰਹੇ ਪਰ ਨਿਰੋਲ ਭਾਸ਼ਾ ਦੇ ਆਧਾਰ 'ਤੇ ਸੈਕੂਲਰ ਪੰਜਾਬੀ ਸੂਬੇ ਦਾ ਮਤਾ ਕੰਵਲ ਦੇ ਸੱਦੇ 'ਤੇ ਢੁੱਡੀਕੇ ਵਿਚ ਪਾਸ ਹੋਇਆ ਸੀ। ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੀ ਮੰਗ ਸਿੱਖ ਬਹੁਗਿਣਤੀ ਵਾਲੇ ਸੂਬੇ ਨਾਲ ਰਲਗੱਡ ਕੀਤੀ ਹੋਈ ਸੀ। ਗ੍ਰਹਿ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਕੂਟਨੀਤਕ ਚਾਲ ਚੱਲਦਿਆਂ ਸਿੱਖ ਬਹੁਗਿਣਤੀ ਵਾਲਾ ਸੂਬਾ ਤਾਂ ਬਣਾ ਦਿੱਤਾ ਪਰ ਪੰਜਾਬੀ ਬੋਲਦੇ ਕੁਝ ਇਲਾਕੇ ਪੰਜਾਬੀ ਸੂਬੇ ਤੋਂ ਬਾਹਰ ਰੱਖ ਲਏ। ਲੰਗੜਾ ਪੰਜਾਬੀ ਸੂਬਾ ਬਣਾਉਣ ਵਿਚ ਕਸੂਰ ਦੋਹਾਂ ਧਿਰਾਂ ਦਾ ਸੀ।

ਕੰਵਲ ਵਾਲੀਬਾਲ ਦਾ ਚੰਗਾ ਖਿਡਾਰੀ ਸੀ। ਮਿੰਟਗੁਮਰੀ ਦੇ ਚੱਕਾਂ ਵਿਚ ਉਸ ਦੇ ਨਾਨਕੇ ਸਨ ਜਿੱਥੇ ਉਹਦੇ ਨਾਲ ਇਕ ਨੌਜੁਆਨ ਵਾਲੀਬਾਲ ਖੇਡਦਾ ਹੁੰਦਾ ਸੀ ਜੋ ਉਹਦੇ ਪਹਿਲੇ ਨਾਵਲ 'ਸੱਚ ਨੂੰ ਫਾਂਸੀ' ਦਾ ਨਾਇਕ ਬਣਿਆ। ਕੰਵਲ ਨੇ 'ਸੱਚ ਨੂੰ ਫਾਂਸੀ' ਤੇ 'ਪਾਲੀ' ਨਾਵਲ ਪਾਕਿਸਤਾਨ ਬਣਨ ਤੋਂ ਪਹਿਲਾਂ ਲਿਖੇ ਅਤੇ 'ਰਾਤ ਬਾਕੀ ਹੈ' ਤੇ 'ਪੂਰਨਮਾਸ਼ੀ' ਵੰਡ ਤੋਂ ਪਿੱਛੋਂ, ਜਿਨਾਂ ਨੇ ਉਹਦੀ ਗੁੱਡੀ ਅਸਮਾਨੇ ਚੜਾ ਦਿੱਤੀ। ਦੇਸ਼ ਵੰਡ ਤੋਂ ਪਹਿਲਾਂ ਉਹ ਗੱਡੀ ਚੜ ਕੇ ਲਾਹੌਰ ਕਿਤਾਬਾਂ ਖਰੀਦਣ ਜਾਂਦਾ ਤੇ ਅਨਾਰਕਲੀ ਦਾ ਗੇੜਾ ਕੱਢਦਾ। ਉਦੋਂ ਰੇਲ ਗੱਡੀ ਦਾ ਭਾੜਾ ਕੁਝ ਆਨੇ ਹੀ ਸੀ। ਡੇਢ ਦੋ ਰੁਪਇਆਂ ਦੀਆਂ ਦਸ ਪੰਦਰਾਂ ਕਿਤਾਬਾਂ ਆ ਜਾਂਦੀਆਂ ਜੋ ਦੋ ਢਾਈ ਮਹੀਨੇ ਲੰਘਾ ਦਿੰਦੀਆਂ। ਦੇਸ਼ ਦੀ ਵੰਡ ਵੇਲੇ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਸੀ ਜਿਸ ਦੇ ਜ਼ਿੰਮੇ ਲਹਿੰਦੇ ਪੰਜਾਬ ਦੇ ਹਿੰਦੂ ਸਿੱਖਾਂ ਨੂੰ ਸੁਰੱਖਿਅਤ ਲਿਆਉਣ ਦੀ ਡਿਊਟੀ ਲੱਗੀ ਸੀ। ਉਸਦਾ ਵਾਹ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨਾਲ ਪੈਂਦਾ ਰਹਿੰਦਾ ਸੀ। ਪੰਜਾਬ ਦੀ ਵੰਡ ਦਾ ਦਰਦ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ। ਉਸ ਨੇ ਢੁੱਡੀਕੇ ਦੇ ਮੁਸਲਮਾਨਾਂ ਨੂੰ ਜਾਨ ਹੂਲ ਕੇ ਸਿੱਖ ਜਨੂੰਨੀਆਂ ਤੋਂ ਬਚਾਇਆ ਤੇ ਕਾਫਲੇ ਵਿਚ ਪੁਚਾਇਆ।

ਕੰਵਲ ਨਾਲ ਮੇਰੀ ਪਹਿਲੀ ਮਿਲਣੀ 1958 ਵਿਚ ਹੋਈ। ਮੈਂ ਉਦੋਂ ਐੱਮ. ਆਰ. ਕਾਲਜ ਫਾਜ਼ਿਲਕਾ ਵਿਚ ਪੜਦਾ ਸਾਂ। ਸਾਡੀ ਸਭਾ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਲਈ ਉਸ ਨੂੰ ਸੱਦਿਆ ਸੀ। ਉਸ ਕਵੀ ਦਰਬਾਰ ਵਿਚ ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਸੰਤੋਖ ਸਿੰਘ ਧੀਰ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਕਈ ਕਵੀ ਆਏ ਸਨ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। 1960 ਤੋਂ ਮੈਂ ਉਸ ਦਾ ਪਾਠਕ ਬਣਿਆ। ਕਾਲਜ ਦੀ ਲਾਇਬਰੇਰੀ ਵਿੱਚੋਂ ਨਾਵਲ 'ਪੂਰਨਮਾਸ਼ੀ' ਕਢਵਾ ਕੇ ਜਮਾਤ ਵਿਚ ਪਿਛਲੇ ਬੈਂਚ 'ਤੇ ਜਾ ਬੈਠਾ। ਨਾਵਲ ਨੇ ਐਸਾ ਬੰਨਿਆਂ ਪਈ ਪਤਾ ਈ ਨਾ ਲੱਗਾ ਪ੍ਰੋਫੈਸਰ ਕੀ ਪੜਾਉਂਦੇ ਗਏ ਤੇ ਪੀਰੀਅਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੇਤਾਂ, ਮੱਦੋਕੇ ਦੇ ਗੁਰਦਵਾਰੇ, ਕਿਲੀ ਚਹਿਲਾਂ ਦੇ ਮੇਲੇ, ਕਪੂਰੇ, ਤਖਾਣਵੱਧ, ਦਾਉਧਰ ਦੇ ਸੂਏ, ਬੁੱਟਰ ਦੇ ਛੱਪੜ ਤੇ ਟਾਂਗੇ ਵਾਲੇ ਦਿਆਲੇ ਅਮਲੀ ਸੰਗ ਵਿਚਰ ਰਿਹਾ ਸਾਂ। ਉੱਥੇ ਚੰਨੋ ਸੀ, ਸ਼ਾਮੋ ਸੀ, ਜਗੀਰ ਸੀ, ਰੂਪ ਸੀ ਤੇ ਗਿਆਨੀ ਬਣਿਆ ਕੰਵਲ ਆਪ ਸੀ। 'ਕੇਰਾਂ ਕੰਵਲ ਨੇ ਮੇਰੇ ਕੋਲ ਭੇਤ ਖੋਲਿਆ, ਮੈਨੂੰ ਲੋਕਾਂ ਨੇ ਜੁਆਨੀ ਚੜਦੇ ਨੂੰ ਈ ਗਿਆਨੀ ਕਹਿਣਾ ਸ਼ੁਰੂ ਕਰਤਾ ਸੀ। ਊਂ ਮੈਂ ਗਿਆਨੀ ਗਿਊਨੀ ਕੋਈ ਨੀ। ਜੇ ਮੇਰੇ ਨਾਂ ਨਾਲ ਗਿਆਨੀ ਨਾ ਜੁੜਦਾ ਤਾਂ ਮੈਂ ਵੀ ਐਸ਼ਾਂ ਕਰਨੀਆਂ ਸੀ। ਦੂਜੇ ਕਮਰੇ ਵਿਚ ਡਾ. ਜਸਵੰਤ ਗਿੱਲ ਬੈਠੀ ਸੀ। ਮੈਂ ਮਨ ਵਿਚ ਕਿਹਾ, ਘੱਟ ਤਾਂ ਕੰਵਲ ਸਾਹਿਬ ਆਪਾਂ ਗਿਆਨੀ ਬਣ ਕੇ ਵੀ ਨਹੀਂ ਗੁਜ਼ਾਰੀ!

'ਪੂਰਨਮਾਸ਼ੀ' ਵਿਚਲਾ ਪਾਤਰ ਰੂਪ, ਕੌਲੂ ਪੱਤੀ ਦਾ ਗੁਲਜ਼ਾਰਾ ਸੀ ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਸ ਦੇ ਪੁੱਤਰ ਮੈਥੋਂ ਪੜਦੇ ਰਹੇ, ਜੋ ਹੁਣ ਕੈਨੇਡਾ ਵਿਚ ਹਨ। 'ਰਾਤ ਬਾਕੀ ਹੈ' ਨੇ ਜਿੰਨੇ ਮੁੰਡੇ ਕਮਿਊਨਿਸਟ ਬਣਾਏ, ਉਨੇ ਸ਼ਾਇਦ ਕਮਿਊਨਿਸਟ ਪਾਰਟੀ ਨੇ ਵੀ ਨਾ ਬਣਾਏ ਹੋਣ। ਕੰਵਲ ਦੀ ਪਹਿਲੀ ਪ੍ਰਸਿੱਧੀ ਕਾਮਰੇਡ ਲੇਖਕ ਕਰਕੇ ਸੀ ਤੇ ਸੀ. ਪੀ. ਆਈ. ਉਸ ਨੂੰ ਆਪਣਾ ਬੰਦਾ ਸਮਝਦੀ ਸੀ। ਕਦੇ ਕੰਵਲ ਨਕਸਲਬਾੜੀਆਂ ਦੀ ਪਿੱਠ 'ਤੇ ਆਇਆ, ਕਦੇ ਖਾੜਕੂਆਂ ਦੀ ਪਿੱਠ ਥਾਪੜੀ। ਕਦੇ ਹੁਸਨ ਇਸ਼ਕ ਦੀਆਂ ਬਾਤਾਂ ਪਾਈਆਂ, ਕਦੇ ਕਿਸਾਨਾਂ ਦੀ ਹੋ ਰਹੀ ਲੁੱਟ ਖਸੁੱਟ ਦੇ ਮਸਲੇ ਉਭਾਰੇ। ਕਦੇ ਪੰਜਾਬ ਨਾਲ ਹੋਏ ਧੱਕਿਆਂ ਦੀ ਬੂ ਪਾਹਰਿਆ ਕੀਤੀ। ਕਦੇ ਸੈਕੂਲਰ ਹੋਇਆ, ਕਦੇ ਪੰਥਕ। ਕਦੇ ਇਨਕਲਾਬੀ, ਕਦੇ ਸੁਧਾਰਕ। ਕਦੇ ਕਾਮਰੇਡਾਂ ਨਾਲ, ਕਦੇ ਅਕਾਲੀਆਂ ਨਾਲ ਤੇ ਕਦੇ ਮਨਪ੍ਰੀਤ ਬਾਦਲ ਨਾਲ। ਉਹ ਆਪਣੇ ਆਪ ਨੂੰ ਕਿਸੇ ਪਾਰਟੀ ਦਾ ਨਹੀਂ, ਲੋਕਾਂ ਦਾ ਲੇਖਕ ਕਹਿੰਦਾ ਹੈ। ਪੰਜਾਬ ਅਤੇ ਕਿਸਾਨੀ ਦਾ ਦਰਦ ਉਹਦੇ ਦਿਲੋਂ ਬੋਲਦੈ। ਉਸਦੀਆਂ ਅਜੋਕੀਆਂ ਕਿਤਾਬਾਂ ਦੇ ਨਾਂ ਪੜੋ 'ਪੰਜਾਬੀਓ! ਜੀਣਾ ਐ ਕਿ ਮਰਨਾ?' 'ਕੌਮੀ ਲਲਕਾਰ' ਤੇ 'ਪੰਜਾਬ! ਤੇਰਾ ਕੀ ਬਣੂੰ?' ਉਹਦੀ ਅਜੋਕੀ ਲਿਖਤ ਦੇ ਨਮੂਨੇ ਵੇਖੋ:

– ਹੁਣ ਪੰਜਾਬ ਦੇ ਕਾਂਗਰਸੀ ਕੇਂਦਰ ਦੇ ਗ਼ੁਲਾਮ, ਜਿੱਥੇ ਮਰਜ਼ੀ ਅੰਗੂਠੇ ਲੁਆਉਣ, ਹੁੱਤ ਨਹੀਂ ਕਰਨਗੇ। ਅਕਾਲੀ ਤੇਰੇ ਪੈ ਗਏ ਜਨ ਸੰਘੀਆਂ ਦੀ ਝੋਲੀ, ਦੋਵੇਂ ਭੁੱਖੇ ਬਘਿਆੜ, ਪੰਜਾਬ ਕਿਵੇਂ ਬਚੇਗਾ? ਨੀਅਤ ਦੇ ਚੋਰਾਂ, ਪੰਜਾਬ ਦੇ ਦੁੱਧ ਤੋਂ ਤਰਦੀ ਤਰਦੀ ਮਲਾਈ ਲਾਹ ਲਈ; ਲੱਸੀ ਵੀ ਕੋਈ ਕਰਮਾਂ ਵਾਲਾ ਪੀ ਲਵੇ ਵਾਹ ਭਲੀ, ਨਹੀਂ ਹਾਲ ਕੋਈ ਨਹੀਂ। ਰਾਜਸੀ ਦਵੜ ਸੱਟ ਇਸ ਤਰਾਂ ਹੀ ਰਹੀ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਬੋਲੋ ਰਾਮ ਹੋ ਚੁੱਕਾ ਸਮਝੋ। ਜਿਸ ਪੰਜਾਬ ਵਿਚ ਦਰਿਆਵਾਂ ਦੀਆਂ ਲਹਿਰਾਂ ਝੱਲੀਆਂ ਨਹੀਂ ਸਨ ਜਾਂਦੀਆਂ, ਹਾੜ ਬੋਲਣ ਵਾਲਾ ਹੈ। ਮੈਨੂੰ ਦੋਸ਼ ਕਾਹਤੋਂ ਦੇਂਦਾ ਏਂ, ਆਪਣੇ ਦੋਸ਼ੀ ਕਾਂਗਰਸੀਆਂ, ਅਕਾਲੀਆਂ ਤੇ ਜਨ ਸੰਘੀਆਂ ਨੂੰ ਧੌਣੋਂ ਫੜ।

– ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਤਾਂ ਅੱਗਾ ਪਿੱਛਾ ਦੁਸ਼ਮਣਾਂ ਜੜਾਂ ਤਕ ਛਾਂਗ ਸੁੱਟਿਆ। ਤੇਰਾਂ ਲੱਖ ਟਿਊਬਬੈੱਲਾਂ, ਤੇਰੀ ਤਾਂ ਅੱਡੀਆਂ ਤਕ ਰੱਤ ਚੂਸ ਲਈ। ਕਾਂਗਰਸੀ ਤਾਂ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਸ਼ਾਨਾਂ ਮਾਨਾਂ ਨਿਰਾਲੀਆਂ ਹੀ ਹੋਣਗੀਆਂ। ਕਿੱਥੇ ਹੈ ਉਹ ਚੜਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਅੱਤ ਮੰਦੜਾ ਹਾਲ ਵੇਖ, ਮੇਰੀ ਕਲਮ ਦਾ ਸਾਹ-ਸਤ ਰੁਕਿਆ ਪਿਆ ਹੈ। ਤੇਰਾ ਹੁਣ ਕੀ ਬਣੂੰ ਭਾਨਿਆਂ?

ਉਹਦੇ ਨਾਵਲ 'ਲਹੂ ਦੀ ਲੋਅ' ਦੀ ਬੜੀ ਚਰਚਾ ਹੋਈ ਸੀ ਜਿਸ ਨੂੰ ਐਮਰਜੈਂਸੀ ਦੇ ਦਿਨੀਂ ਲੁਕੋ ਛੁਪੋ ਕੇ ਸਿੰਘਾਪੁਰ ਦੇ ਇਕ ਛਾਪੇਖਾਨੇ ਵਿੱਚੋਂ ਛਪਾਇਆ ਗਿਆ ਸੀ। ਕੀਮਤ ਸੀ ਤੀਹ ਰੁਪਏ। ਕਿਤਾਬ ਮਸੀਂ ਮਿਲਦੀ ਸੀ, ਜੋ ਇਕ-ਇਕ ਕਾਪੀ ਸੌ-ਸੌ ਜਣਿਆਂ ਨੇ ਪੜੀ। ਐਮਰਜੈਂਸੀ ਹਟੀ ਤਾਂ ਨਵਯੁਗ ਪਬਲਿਸ਼ਰਜ਼ ਨੇ ਦੂਜੀ ਛਾਪ ਛਾਪੀ ਤੇ ਕੀਮਤ ਰੱਖੀ ਪੰਦਰਾਂ ਰੁਪਏ। ਜ਼ਰਾਇਤੀ ਯੂਨੀਵਰਸਿਟੀ ਦੇ ਮੇਲੇ ਵਿਚ ਲਹੂ ਦੀ ਲੋਅ ਖਰੀਦਣ ਲਈ ਲਾਈਨਾਂ ਲੱਗ ਗਈਆਂ। ਪਾਠਕ ਤੀਹਾਂ ਰੁਪਈਆਂ ਦੀ ਥਾਂ ਕੀਮਤ ਪੰਦਰਾਂ ਰੁਪਏ ਸੁਣਦੇ ਤਾਂ ਪੁੱਛਦੇ, ਅੱਧੇ ਮੁੱਲ ਦੀ ਇਹ 'ਲਹੂ ਦੀ ਲੋਅ' ਕਿਤੇ ਨਕਲੀ ਤਾਂ ਨੀ!

'ਲਹੂ ਦੀ ਲੋਅ' ਨੂੰ ਮਿਲਿਆ ਇਨਾਮ ਕੰਵਲ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਜਿਸ ਸਰਕਾਰ ਨੇ ਨਕਸਲੀ ਮੁੰਡੇ ਮਾਰੇ ਹਨ ਮੈਂ ਉਸ ਸਰਕਾਰ ਦਾ ਇਨਾਮ ਨਹੀਂ ਲੈ ਸਕਦਾ। ਪਿੱਛੋਂ ਸ਼੍ਰੋਮਣੀ ਸਾਹਿਤਕਾਰ ਦਾ ਸਭ ਤੋਂ ਵੱਡਾ ਸਰਕਾਰੀ ਇਨਾਮ ਲੈ ਵੀ ਲਿਆ। ਉਸ ਨੇ 'ਸਾਹਿਤ ਟ੍ਰਸਟ ਢੁੱਡੀਕੇ' ਬਣਾ ਕੇ ਡੇਢ ਦੋ ਸੌ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਅਤੇ ਡਾ. ਜਸਵੰਤ ਗਿੱਲ ਯਾਦਗਾਰੀ ਪੁਰਸਕਾਰ ਦਿੱਤੇ ਹਨ। ਉਹ ਸਖੀ ਵੀ ਹੈ ਤੇ ਸੂਮ ਵੀ। ਇਕ ਹੱਥ ਨਾਲ ਦਿੰਦੈ, ਦੂਜੇ ਨਾਲ ਲੈ ਵੀ ਲੈਂਦੈ। ਉਹ ਵਾਰਤਾਕਾਰ ਵੀ ਹੈ ਤੇ ਕਵੀ ਵੀ:

ਸੱਜਣ ਵਸੇਂਦੇ ਪਾਰ ਓ ਯਾਰ, ਸੱਜਣ ਵਸੇਂਦੇ ਪਾਰ!
ਜਾਣੇ ਕਿਹੜਾ ਹਾਲ ਮਨਾਂ ਦੇ, ਪੁੱਠੇ ਚਾਲੇ ਇਸ ਝਨਾਂ ਦੇ,
ਡੋਬੇ ਅੱਧ ਵਿਚਕਾਰ ਓ ਯਾਰ, ਸੱਜਣ ਵਸੇਂਦੇ ਪਾਰ ਓ ਯਾਰ!
ਆਸ਼ਕ ਵੇਖੋ ਮੁੜੇ ਨਾ ਮੋੜੇ, ਸਿਦਕ ਉਹਨਾਂ ਦਾ ਸੂਲੀ ਤੋੜੇ,
ਪੀੜਾਂ ਰਹਿਣ ਉਰਾਰ ਓ ਯਾਰ, ਸੱਜਣ ਵਸੇਂਦੇ ਪਾਰ ...।

ਉਹ ਭਾਵੇਂ ਦਸਵੀਂ ਵਿਚ ਅੜ ਗਿਆ ਸੀ ਪਰ ਲਿਖਣ ਵਿਚ ਇੰਨਾ ਅੱਗੇ ਵਧਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਅਤੇ ਭਾਰਤੀ ਸਾਹਿਤ ਅਕਾਡਮੀ ਨੇ ਆਪੋ ਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਪਿੰਡ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਅਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਕਾਨਫਰੰਸ ਕਰਾਉਣ ਵਿਚ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਅਤੇ ਪੰਜਾਬੀ ਸ਼ਬਦਾਵਲੀ ਨੂੰ ਹਿੰਦੀ ਸੰਸਕ੍ਰਿਤ ਦੀ ਪਾਹ ਚਾੜਨੋਂ ਬਚਾਇਆ। ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟ੍ਰਸਟ ਢੁੱਡੀਕੇ ਤਾਂ ਹੈ ਹੀ ਉਹਦਾ। ਅਨੂਪ ਵਿਰਕ ਉਹਦੇ ਬਾਰੇ ਲਿਖਦੈ:

**ਉਹ ਚੰਨ ਚਾਨਣੀ ਰਾਤ ਜਿਹਾ**
**ਔੜਾਂ ਵਿਚ ਹੋਈ ਬਰਸਾਤ ਜਿਹਾ**
**ਉਹ ਸੁਪਨਾ ਸਾਹਿਤ ਸਮੁੰਦਰ ਦਾ**
**ਉਹ ਅਕਾਸ਼ ਦੀ ਖੁੱਲੀ ਕਿਤਾਬ ਜਿਹਾ**
**ਉਹ ਇਸ਼ਟ ਜਿਹਾ ਉਹ ਇਸ਼ਕ ਜਿਹਾ**
**ਮੇਰੇ ਸੀਨੇ ਦੇ ਵਿਚ ਲਿਸ਼ਕ ਰਿਹਾ।**

ਇਕ ਅੰਦਾਜ਼ੇ ਮੁਤਾਬਕ ਸਾਹਿਤ ਦੇ ਇਸ ਨੇ 36 ਨਾਵਲ, ਦਸ ਕਹਾਣੀ ਸੰਗ੍ਰਹਿ, ਚਾਰ ਨਿਬੰਧ ਸੰਗ੍ਰਹਿ, ਇਕ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਇਕ ਹੋਰ ਤਫਸੀਲ ਅਨੁਸਾਰ ਜਸਵੰਤ ਸਿੰਘ ਕੰਵਲ ਦੀਆਂ ਕੁੱਲ ਪੁਸਤਕਾਂ 101 ਹਨ। ਉਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਦੇ ਵੱਖ-ਵੱਖ ਭਾਸ਼ਾਵਾਂ ਵਿਚ ਤਰਜਮੇ ਹੋ ਚੁੱਕੇ ਹਨ। ਇਕ ਫਰਵਰੀ 2020 ਨੂੰ ਸਵੇਰੇ ਜਿਵੇਂ ਹੀ ਪਤਾ ਲੱਗਾ ਕਿ ਜਸਵੰਤ ਸਿੰਘ ਕੰਵਲ ਨਹੀਂ ਰਹੇ ਤਾਂ ਮਨ ਗ਼ਮ ਵਿਚ ਡੁੱਬ ਗਿਆ।

# ਪੰਜਾਬ ਦੇ ਪੁਨਰ-ਨਿਰਮਾਣ ਦਾ ਏਜੰਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ 3

**- ਅਮਰਜੀਤ ਸਿੰਘ ਗਰੇਵਾਲ**

ਖੇਤੀ ਪ੍ਰਧਾਨ ਸਮਾਜ ਵਿਚ ਪੈਦਾਵਾਰ ਅਤੇ ਖ਼ੁਸ਼ਹਾਲੀ ਦਾ ਆਧਾਰ ਜ਼ਮੀਨ ਸੀ। ਉਦਯੋਗਿਕ ਕ੍ਰਾਂਤੀ ਦੇ ਆਉਣ ਨਾਲ ਜ਼ਮੀਨ ਦੀ ਥਾਂ ਪੂੰਜੀ ਪੈਦਾਵਾਰ ਅਤੇ ਖ਼ੁਸ਼ਹਾਲੀ ਦਾ ਪ੍ਰਮੁਖ ਸਾਧਨ ਬਣ ਗਈ। ਸੇਵਾ ਸੈਕਟਰ ਵਿਚ ਸੂਚਨਾ ਪ੍ਰਧਾਨ ਸੀ। ਅੱਜ ਅਸੀਂ ਗਿਆਨ ਆਰਥਿਕਤਾ ਦੇ ਜਿਸ ਨਵੇਂ ਦੌਰ ਵਿਚੋਂ ਲੰਘ ਰਹੇ ਹਾਂ, ਉਸ ਅੰਦਰ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ, ਨਵੀਆਂ ਸੰਭਾਵਨਾਵਾਂ ਦੇ ਨਿਰਮਾਣ ਅਤੇ ਖ਼ੁਸ਼ਹਾਲ ਜੀਵਨ ਦਾ ਆਧਾਰ ਤਕਨਾਲੋਜੀ ਨਹੀਂ, ਮਾਨਵ ਹੈ। ਨਵੀਂ ਤਕਨਾਲੋਜੀ, ਸਿਰਜਣਾ, ਆਜ਼ਾਦੀ, ਬਰਾਬਰੀ, ਦਇਆ ਅਤੇ ਆਪਸੀ ਸਹਿਯੋਗ ਨਾਲ ਭਰਪੂਰ ਮਾਨਵੀ ਵਸੀਲੇ ਹੀ ਆਉਣ ਵਾਲੇ ਸਮਿਆ ਵਿਚ ਖ਼ੁਸ਼ਹਾਲੀ ਦਾ ਆਧਾਰ ਹੋਣਗੇ। ਇਸ ਨੂੰ ਤੁਸੀਂ ਉਤਰ-ਪੂੰਜੀਵਾਦ, ਉਨਤ-ਪੂੰਜੀਵਾਦ, ਬੌਧਿਕ ਪੂੰਜੀਵਾਦ, ਮਾਨਵ-ਪੂੰਜੀਵਾਦ, ਕੋਈ ਵੀ ਨਾਮ ਦੇ ਸਕਦੇ ਹੋ। ਹੈ ਇਹ ਪੂੰਜੀਵਾਦ ਦਾ ਵਿਕਸਤ ਰੂਪ ਹੀ। ਪੂੰਜੀਵਾਦ ਦੇ ਪੁਰਾਣੇ ਦੌਰ ਵਿਚ ਆਜ਼ਾਦੀ, ਬਰਾਬਰੀ, ਦਇਆ, ਸਹਿਯੋਗ ਅਤੇ ਸਿਰਜਣਾ ਵਰਗੀਆਂ ਜਿਨਾਂ ਮਾਨਵੀ ਸਕਤੀਆਂ ਅਤੇ ਕਦਰਾਂ ਕੀਮਤਾਂ ਦੀ ਬਹਾਲੀ ਲਈ ਅਸੀਂ ਸੰਘਰਸ਼ ਕਰਦੇ ਰਹੇ ਹਾਂ, ਉਨਾਂ ਸ਼ਕਤੀਆਂ ਅਤੇ ਕਦਰਾਂ ਕੀਮਤਾਂ ਨੂੰ ਹੀ ਹੁਣ ਪੂੰਜੀਵਾਦ ਨੇ ਆਪਣੇ ਵਿਸਤਾਰ ਦਾ ਮਾਧਿਅਮ ਬਣਾ ਲਿਆ ਹੈ।

ਇਹ ਪ੍ਰਭਾਵ ਲਗਭਗ ਸਰਬ-ਪ੍ਰਵਾਨਿਤ ਹੁੰਦਾ ਜਾ ਰਿਹਾ ਹੈ ਕਿ ਸਮਾਜਕ ਨਾਬਰਾਬਰੀ, ਜਲਵਾਯੂ ਦੀ ਤਬਦੀਲੀ ਤੇ ਬੇਰੁਜ਼ਗਾਰੀ ਵਰਗੀਆਂ ਅਤੀ ਮੁਸ਼ਕਿਲ ਚੁਣੌਤੀਆਂ ਸਮੇਤ, ਮਾਨਵਤਾ ਨੂੰ ਦਰਪੇਸ਼ ਤਮਾਮ ਸਮੱਸਿਆਵਾਂ, ਕੇਵਲ ਤਕਨਾਲੋਜੀ ਦੇ ਸਹੀ ਉਪਯੋਗ ਰਾਹੀਂ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ। 'ਦ ਨੈੱਟ ਡਲਿਊਯਨ' ਦੇ ਲੇਖਕ ਇਵਜੀਨੀ ਮਾਰੋਜ਼ੋਵ ਨੇ ਇਸ ਸੰਭਾਵਨਾ ਨੂੰ ਇੰਟਰਨੈਟ ਆਜ਼ਾਦੀ ਦਾ ਹਨੇਰਾ ਪੱਖ ਆਖਦੇ ਹੋਏ ਇਸ ਨੂੰ ਰੱਦ ਕੀਤਾ ਹੈ। ਉਸ ਅਨੁਸਾਰ ਡਿਜੀਟਲ ਤਕਨਾਲੋਜੀ ਇਨਾਂ ਤਮਾਮ ਮਰਜ਼ਾਂ ਦੀ ਦਵਾ ਹੋ ਸਕਦੀ ਹੈ। ਪਰ, ਉਨਾਂ ਦੇ ਕਹਿਣ ਮੁਤਾਬਕ, ਖਤਰਾ ਇਸ ਗੱਲ ਦਾ ਹੈ ਕਿ ਅਖੀਰ ਵਿਚ ਇਹ ਸਾਰੀ ਵਿਵਸਥਾ ਪੂੰਜੀਵਾਦ ਦੇ ਹੱਕ ਵਿਚ ਹੀ ਭੁਗਤ ਜਾਂਦੀ ਹੈ। ਮਾਨਵਤਾ, ਆਜ਼ਾਦੀ ਤੇ ਬਰਾਬਰੀ ਵਰਗੀਆਂ ਭਾਵਨਾਵਾਂ ਵੀ 'ਟੈਕਨੋ-ਡਿਟਰਮਨਿਜ਼ਮ' ਦਾ ਸ਼ਿਕਾਰ ਹੋ ਕੇ ਪੂੰਜੀ ਦੀ ਸੇਵਾ ਵਿਚ ਲੱਗ ਜਾਂਦੀਆਂ ਹਨ। ਇਸ ਵਿਵਸਥਾ ਅਧੀਨ ਮਾਨਵਤਾ ਨੂੰ ਮਾਨਵਤਾ ਲਈ ਨਹੀਂ, ਮੁਨਾਫੇ ਵਿਚ ਵਾਧੇ ਲਈ ਬਚਾਇਆ ਜਾ ਰਿਹਾ ਹੈ। ਇਹ ਮੰਨ ਲੈਣ ਬਾਅਦ ਕਿ ਸਮੱਸਿਆਵਾਂ ਤਾਂ ਹੁਣ ਤਕਨਾਲੋਜੀ ਦੇ ਸਹੀ ਉਪਯੋਗ ਰਾਹੀਂ ਹੀ ਹੱਲ ਹੋਣਗੀਆਂ, ਸੁਆਲ ਪੈਦਾ ਹੁੰਦਾ ਹੈ ਕਿ ਜਟਿਲ ਸਮੱਸਿਆਵਾਂ ਦੇ ਹੱਲ ਲਈ ਸਹੀ ਤਕਨਾਲੋਜੀ ਦੀ ਚੋਣ, ਅਡੈਪਟੇਸ਼ਨ ਅਤੇ ਉਸਦਾ ਕਰਿਟੀਕਲ ਉਪਯੋਗ ਕਰਨ ਵਾਲੇ ਬੰਦੇ ਕਿਵੇਂ ਪੈਦਾ ਕਰਨੇ ਹਨ। ਸਿੱਧਾ ਜੁਆਬ ਹੈ: ਤਕਨਾਲੋਜੀ ਦੀ ਸਿਖਿਆ ਤੇ ਟਰੇਨਿੰਗ ਰਾਹੀਂ। ਹਰ ਕਿਸੇ ਨੂੰ ਇਸ ਤਰਾਂ ਦੀ ਸਿਖਿਆ ਅਤੇ ਟਰੇਨਿੰਗ ਦਿੱਤੀ ਜਾਵੇ ਕਿ ਉਹ ਇਕ ਤਕਨੀਕੀ ਮਾਹਿਰ ਵਾਂਗ ਖੋਜ ਕਰੇ, ਉਦਮੀ ਔਂਟਰਪਰਿਨਿਉਰ ਵਾਂਗ ਸੋਚੇ।

ਜੇਕਰ ਪੰਜਾਬ/ ਭਾਰਤ ਦੀ ਗੱਲ ਕਰੀਏ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਸਾਡੇ ਲੋਕਾਂ ਦੀ ਅਜਿਹੀ ਸਿਖਿਆ ਅਤੇ ਟਰੇਨਿੰਗ ਤੱਕ ਪਹੁੰਚ ਹੀ ਨਹੀਂ ਹੈ, ਜਿਸ ਰਾਹੀਂ ਉਹ ਡਿਜੀਟਲ ਅਰਥਚਾਰੇ/ ਉਦਯੋਗ ਵਿਚ ਸਿਰਜਣਾਤਮਕ ਕੰਮ ਕਰ ਸਕਣ। ਕੇਂਦਰੀ ਸਰਕਾਰ, ਰਾਜ ਸਰਕਾਰਾਂ, ਕੰਪਨੀਆਂ, ਸਿਖਿਆ ਸੰਸਥਾਵਾਂ, ਗੈਰ-ਸਰਕਾਰੀ ਜਥੇਬੰਦੀਆਂ, ਆਦਿ ਸਭ ਨੂੰ ਆਪਣੀ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ ਅਤੇ ਖ਼ੁਸ਼ਹਾਲ ਜੀਵਨ ਦੀ ਪ੍ਰਾਪਤੀ ਲਈ, ਇਸ ਦਿਸ਼ਾ ਵਿਚ ਕ੍ਰਾਂਤੀਕਾਰੀ ਕਦਮ ਉਠਾਉਣ ਦੀ ਲੋੜ ਹੈ। ਅਜਿਹਾ ਕਰਨ ਲਈ , ਸਭ ਤੋਂ ਪਹਿਲੀ ਲੋੜ ਤਾਂ ਆਪਣੀ ਸਿਖਿਆ ਪ੍ਰਣਾਲੀ ਅਤੇ ਪਾਠਕ੍ਰਮਾਂ ਦੀ ਗਲੋਬਲ ਤਕਨਾਲੋਜੀ, ਇਨਕੂਬੇਟਰ ਪ੍ਰੋਗਰਾਮਾਂ ਅਤੇ ਗਲੋਬਲ ਜੌਬ ਮਾਰਕਿਟ ਨਾਲ ਤਾਲਮੇਲ ਬਿਠਾਉਣ ਦੀ ਹੈ। ਇਹ ਠੀਕ ਹੈ ਕਿ ਮਾਨਵ-ਪੂੰਜੀ ਦੇ ਵਿਕਾਸ ਬਿਨਾ ਹੁਣ ਦੁਨੀਆਂ ਨੂੰ ਬਚਾਇਆ ਨਹੀਂ ਜਾ ਸਕਦਾ। ਆਰਥਕ ਖ਼ੁਸ਼ਹਾਲੀ ਨੂੰ ਬਚਾ ਲੈਣਾ ਹੀ ਬਹੁਤ ਨਹੀਂ ਹੋਵੇਗਾ। ਆਜ਼ਾਦੀ ਅਤੇ ਬਰਾਬਰੀ ਵਰਗੀਆਂ ਕਦਰਾਂ ਕੀਮਤਾਂ ਨੂੰ ਆਰਥਕ ਵਿਕਾਸ ਦੇ ਨਾਲ ਨਾਲ ਜਮਹੂਰੀਅਤ ਦੇ ਵਿਸਤਾਰ ਦੀ ਦਿਸ਼ਾ ਵੱਲ ਮੋੜਨਾ ਵੀ ਜ਼ਰੂਰੀ ਹੈ।

ਨਾਬਰਾਬਰੀ ਕੇਵਲ ਅਮੀਰੀ ਗਰੀਬੀ ਤੱਕ ਸੀਮਤ ਨਹੀਂ ਹੁੰਦੀ। ਇਹ ਮਨੁਖੀ ਸ਼ਾਨ ਦੀ ਉਲੰਘਣਾ ਹੈ। ਇਕ ਅਜਿਹੀ ਸਮਾਜ-ਸਭਿਆਚਾਰਕ ਸੰਗਠਨਕਾਰੀ ਹੈ, ਜੋ ਆਪਣੀਆਂ ਹਾਸ਼ੀਆਗਤ ਧਿਰਾਂ ਨੂੰ ਮੌਨ ਕਰਕੇ ਆਪ ਹੀ ਕਮਜ਼ੋਰ ਹੋ ਜਾਂਦੀ ਹੈ। ਇਹ ਗਰੀਬਾਂ ਨੂੰ ਹੀ ਨਹੀਂ, ਅਮੀਰਾਂ ਸਮੇਤ ਸਮੂਚੇ ਭਾਈਚਾਰੇ ਨੂੰ ਕਮਜ਼ੋਰ ਕਰਦੀ ਹੈ। ਇਸ ਲਈ, ਹਰ ਕਿਸੇ ਨੂੰ, ਉਸਦੀ ਵਿਲੱਖਣਤਾ ਅਨੁਸਾਰ, ਉਮਰ ਭਰ ਲਈ, ਬਰਾਬਰੀ ਦੇ ਆਧਾਰ ਤੇ, ਵਿਸ਼ਵ ਪੱਧਰ ਦੀ ਸਿਖਿਆ ਪ੍ਰਦਾਨ ਕਰਨੀ ਸਟੇਟ ਦਾ ਧਰਮ ਹੈ। ਵਰਤਮਾਨ ਸਮਿਆਂ ਵਿਚ ਇਹ ਖ਼ੁਸ਼ਹਾਲੀ ਦੀ ਬੁਨਿਆਦ ਹੈ। ਜਾਤੀ, ਜਮਾਤੀ, ਧਾਰਮਿਕ, ਭਾਸ਼ਾਈ, ਸਥਾਨਕ ਜਾਂ ਲਿੰਗੀ ਆਦਿ ਕੋਈ ਵੀ ਵਖਰੇਵੇਂ ਰੁਕਾਵਟ ਨਹੀਂ ਬਣਨੇ ਚਾਹੀਦੇ।

ਪੁਰਾਣੀਆਂ ਜਾਤਾਂ, ਜਮਾਤਾਂ ਖਤਮ ਕਰਦੀ ਕਰਦੀ ਸਿਖਿਆ, ਕਿਤੇ ਗਿਆਨੀਆਂ, ਵਿਗਿਆਨੀਆਂ, ਕਲਾਕਾਰਾਂ, ਤਕਨੀਕੀ ਮਾਹਿਰਾਂ ਅਤੇ ਪ੍ਰਬੰਧਕੀ ਸ਼ਾਸਕਾਂ ਆਦਿ ਦੀਆਂ ਨਵੀਆਂ ਜਾਤਾਂ ਜਮਾਤਾਂ ਹੀ ਨਾ ਖੜੀਆਂ ਕਰ ਦੇਵੇ, ਇਸ ਪ੍ਰਤੀ ਸੁਚੇਤ ਰਹਿਣਾ ਪਵੇਗਾ। ਰਾਜ ਭਾਵੇਂ ਕਿਸੇ ਵੀ ਜਾਤ, ਜਮਾਤ ਜਾਂ ਨਸਲ ਦਾ ਹੋਵੇ- ਪੂੰਜੀਪਤੀਆਂ ਦਾ, ਪ੍ਰਬੰਧਕੀ ਢਾਂਚੇ ਦਾ, ਤਕਨੀਕੀ ਮਾਹਿਰਾਂ ਦਾ ਜਾਂ ਵਿਦਵਾਨਾਂ ਦਾ; ਉਹ ਫਾਸ਼ੀਵਾਦ ਵੱਲ ਵਧ ਰਿਹਾ ਗੈਰ-ਜਮਹੂਰੀ ਸ਼ਾਸਨ ਹੀ ਹੋਵੇਗਾ। ਜਨਤਕ ਵਿਦਵਤਾ (ਮਾਸ ਇਨਟਲੈਕਚੁਐਲਟੀ), ਸਿਰਜਣਾ ਤੇ ਸਮਾਜ-ਆਰਥਕ-ਤਕਨੀਕੀ ਨਿਰਮਾਣ ਵਿਚ ਸਭ ਦੀ ਸਾਂਝੀ ਸ਼ਮੂਲੀਅਤ ਹੀ ਇਸਦਾ ਇਲਾਜ ਹੈ। ਜੇਕਰ ਜਮਹੂਰੀਅਤ ਦਾ ਇਹੋ ਮਾਰਗ ਹੈ, ਤਾਂ ਇਸ ਮਾਰਗ ਉਪਰ ਚੱਲਣ ਲਈ ਵਿਦਿਅਕ ਸੁਧਾਰ ਸਾਡਾ ਪ੍ਰਥਮ ਏਜੰਡਾ ਹੋਣੇ ਚਾਹੀਦੇ ਹਨ। ਸਿਰਜਣਾ ਦੇ ਸਾਂਝੇ ਪਿੜ, ਸਾਂਝੇ ਸਹਿਯੋਗੀ ਪਰਾਜੈਕਟ, ਵਿਸ਼ਲੇਸ਼ਣੀ ਜੁਗਤਾਂ, ਆਦਿ ਰਾਹੀਂ ਸ਼ੁਰੂਆਤ ਹੋ ਸਕਦੀ ਹੈ। ਵਿਦਿਅਕ ਸੁਧਾਰ ਕੇਵਲ ਆਰਥਕ ਵਿਕਾਸ ਲਈ ਹੀ ਨਹੀਂ, ਜਮਹੂਰੀਅਤ ਅਤੇ ਸਮਾਜਕ ਨਿਆਂ ਦੇ ਵਿਸਤਾਰ ਲਈ ਵੀ ਓਨੇ ਹੀ ਜ਼ਰੂਰੀ ਹਨ। ਮਾਨਵਤਾ ਦਾ ਬਚਾਅ ਅਤੇ ਉਸਦਾ ਭਵਿਖ ਇਨਾਂ ਸੁਧਾਰਾਂ ਉਪਰ ਹੀ ਟਿਕਿਆ ਹੋਇਆ ਹੈ। ਅੱਜ ਦੀ ਬੌਧਿਕ ਆਰਥਕਤਾ, ਜੋ ਭੂਮੀ ਜਾਂ ਸਰਮਾਏ ਉਪਰ ਨਹੀਂ, ਮਾਨਵ-ਪੂੰਜੀ ਉਪਰ ਟਿਕੀ ਹੋਈ ਹੈ, ਅੰਦਰ ਕੇਵਲ ਮਾਨਵ ਵਸੀਲਿਆ ਵਿਚ ਕੀਤੇ ਜਾਣ ਵਾਲਾ ਨਿਵੇਸ਼ ਹੀ ਪੈਦਾਵਾਰ ਵਿਚ ਵਾਧੇ, ਦੌਲਤ ਦੀ ਉਤਪਤੀ, ਨਵੀਆਂ ਸੰਭਾਵਨਾਵਾਂ ਦੇ ਨਿਰਮਾਣ ਤੇ ਖ਼ੁਸ਼ਹਾਲ ਜੀਵਨ ਦਾ ਆਧਾਰ ਬਣ ਸਕਦਾ ਹੈ। ਰਾਸ਼ਟਰਪਤੀ ਉਬਾਮਾ ਦੇ ਆਰਥਕ ਸਲਾਹਕਾਰ ਰਹੇ ਬਾਇਰਨ ਅਗਸਤੇ ਦਾ ਕਹਿਣਾ ਸਹੀ ਹੈ ਕਿ ਮਾਨਵ-ਪੂੰਜੀ ਵਿਚ ਨਿਵੇਸ਼ ਉਪਰ ਅਧਾਰਿਤ ਵਿਕਾਸ ਮਾਡਲ ਹੀ ਗਤੀਸ਼ੀਲ ਆਰਥਿਕਤਾ ਅਤੇ ਸਮਿਲਤ ਸਮਾਜ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਅਜਿਹਾ ਕਰਨ ਲਈ, ਲਿਖਣ ਪੜਨ, ਕੋਡਿੰਗ ਤੇ ਗਣਿਤ ਦੀ ਮਜ਼ਬੂਤ ਬੁਨਿਆਦ ਤੋਂ ਇਲਾਵਾ, ਵਿਦਿਆਰਥੀਆਂ ਦੀ ਸਿਰਜਣਾਤਮਿਕਤਾ, ਸਵੈ-ਪ੍ਰੇਰਣਾ, ਅਲੋਚਨਾਤਮਿਕ ਸੋਚ, ਸੰਚਾਰ, ਸਹਿਯੋਗ, ਉਮਰ ਭਰ ਦੀ ਸਿਖਿਆ ਅਤੇ ਔਂਟਰਪਰਿਨਿਉਰਸ਼ਿਪ ਵਰਗੇ ਹੁਨਰਾਂ ਵਿਚ ਟ੍ਰੇਨਿੰਗ ਮੁਢਲੀ ਲੋੜ ਬਣ ਗਈ ਹੈ।

### ਉਤਰ-ਪੂੰਜੀਵਾਦ

ਪੁਰਾਣੀ ਕਹਾਵਤ ਹੈ ਕਿ ਇਕ ਕੁੱਤਾ ਖੂਹ ਵਿਚ ਡਿਗ ਕੇ ਮਰ ਗਿਆ। ਕੁਝ ਦਿਨਾਂ ਬਾਅਦ ਖੂਹ ਵਿਚੋਂ ਬਦਬੂ ਆਉਣ ਲੱਗੀ ਅਤੇ ਪਾਣੀ ਪੀਣਾ ਮੁਸ਼ਕਲ ਹੋ ਗਿਆ। ਲੋਕ ਪਿੰਡ ਦੇ ਸਿਆਣੇ ਕੋਲ ਗਏ। ਉਸਨੇ ਬਦਬੂ ਵਾਲਾ ਪਾਣੀ ਬਾਹਰ ਕੱਢਣ ਲਈ ਕਿਹਾ। ਲੋਕ ਕਈ ਦਿਨ ਪਾਣੀ ਕੱਢਦੇ ਰਹੇ, ਪਰ ਬਦਬੂ ਨਾ ਗਈ। ਸਿਆਣੇ ਨੇ ਖੂਹ ਤੇ ਆ ਕੇ ਪੁਛਿਆ ਕਿ ਕੀ ਤੁਸੀਂ ਮਰਿਆ ਹੋਇਆ ਕੁੱਤਾ ਨਹੀਂ ਕੱਢਿਆ ? ਲੋਕਾਂ ਦਾ ਜੁਆਬ ਸੀ ਕਿ ਤੁਸੀਂ ਤਾਂ ਪਾਣੀ ਕੱਢਣ ਲਈ ਕਿਹਾ ਸੀ। ਸਿਆਣੇ ਨੇ ਕਿਹਾ ਕਿ ਮੂਰਖੋ ਤੁਸੀਂ ਬਿਮਾਰੀ ਤਾਂ ਵਿਚੇ ਰਹਿਣ ਦਿੱਤੀ। ਅਲਾਮਤਾਂ ਦੂਰ ਕਰਨ ਨਾਲ ਬਿਮਾਰੀ ਖਤਮ ਨਹੀਂ ਹੁੰਦੀ। ਇਸੇ ਤਰਾਂ ਅੱਜ ਵੀ ਅਸੀਂ ਆਰਥਕ ਖੜੋਤ, ਵਧ ਰਹੀ ਬੇਰੁਜ਼ਗਾਰੀ, ਜਲਵਾਯੂ ਦੀ ਤਬਦੀਲੀ ਅਤੇ ਨਾ-ਬਰਾਬਰੀ ਦਾ ਰੌਲਾ ਤਾਂ ਪਾਈ ਜਾ ਰਹੇ ਹਾਂ। ਇਨਾਂ ਦੇ ਹੱਲ ਲਈ ਆਪੋ ਆਪਣੀਆਂ ਕੋਸ਼ਿਸ਼ਾਂ ਵੀ ਕਰ ਰਹੇ ਹਾਂ। ਪਰ ਜਿਸ ਬਿਮਾਰੀ ਦੀਆਂ ਇਹ ਅਲਾਮਤਾਂ ਹਨ, ਉਸ ਬਿਮਾਰੀ ਦਾ ਕੋਈ ਇਲਾਜ ਨਹੀਂ ਕਰ ਰਹੇ। ਕੁਦਰਤੀ ਵਸੀਲਿਆਂ ਦੇ ਖੋਰੇ ਤੇ ਮਨੁੱਖੀ ਕਿਰਤ ਦੇ ਸ਼ੋਸ਼ਣ ਉਪਰ ਟਿਕੀ ਹੋਈ ਇਸ ਬਿਮਾਰੀ ਦਾ ਨਾਮ ਹੈ, ਉਦਾਰਵਾਦ। ਉਦਾਰਵਾਦ ਪੂੰਜੀਵਾਦ ਦੀ ਮੌਜੂਦਾ ਵਿਵਸਥਾ ਹੈ, ਜੋ ਪ੍ਰਮੁਖ ਤੌਰ ਤੇ ਮੁਨਾਫੇ ਦੀ ਹਵਸ, ਮੰਡੀ ਦੇ ਤਰਕ ਅਤੇ ਨਿੱਜੀ ਮਲਕੀਅਤ ਦੇ ਨਸ਼ੇ ਨਾਲ ਦੁਨੀਆਂ ਦੀ ਬਰਬਾਦੀ ਦਾ ਕਾਰੋਬਾਰ ਚਲਾ ਰਹੀ ਹੈ। ਉਦਾਰਵਾਦ ਤਾਂ ਹੁਣ ਪੂੰਜੀਵਾਦ ਦੇ ਅਗਾਊਂ ਵਿਕਾਸ ਲਈ ਵੀ ਸਮੱਸਿਆ ਬਣ ਚੁਕਾ ਹੈ। ਇਸ ਲਈ, ਪੂੰਜੀਵਾਦ ਖੁਦ ਵੀ ਉਤਰ-ਉਦਾਰਵਾਦੀ ਰਸਤਿਆ ਦੀ ਤਲਾਸ਼ ਕਰ ਰਿਹਾ ਹੈ। ਜਿਵੇਂ ਕਿ ਆਪਾਂ ਚਰਚਾ ਕਰ ਆਏ ਹਾਂ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅਸੀਂ ਅਜੇਹੇ ਰਸਤੇ ਦੀ ਨਿਸ਼ਾਨਦੇਹੀ ਕਰੀਏ ਜੋ ਆਰਥਕ ਵਿਕਾਸ ਦੇ ਨਾਲ ਨਾਲ ਜਮਹੂਰੀਅਤ, ਸਮਾਜਕ ਨਿਆਂ, ਨੈਤਿਕਤਾ ਅਤੇ ਸੂਹਜ ਦੇ ਵਿਸਤਾਰ ਨੂੰ ਵੀ ਆਪਣਾ ਏਜੰਡਾ ਬਣਾ ਕੇ ਚੱਲੇ। ਕਿਉਂਕਿ ਇਹ ਕਦਰਾਂ ਕੀਮਤਾਂ ਉਤਰ-ਉਦਾਰਵਾਦੀ ਆਰਥਕ ਵਿਕਾਸ ਦੇ ਪ੍ਰੋਗਰਾਮਾਂ ਦਾ ਵੀ ਭਾਗ ਹਨ, ਇਸ ਲਈ ਆਪਾਂ ਉਤਰ-ਉਦਾਰਵਾਦੀ ਪ੍ਰੋਗਰਾਮਾਂ ਦੀ ਥਾਂ ਉਤਰ-ਪੂੰਜੀਵਾਦੀ ਏਜੰਡੇ ਦੀ ਹੀ ਗੱਲ ਕਰਾਂਗੇ।

ਪੀਟਰ ਡਰੱਕਰ ਨੇ, ਆਪਣੀ 1993 ਵਿਚ ਛਪੀ ਪੁਸਤਕ 'ਉਤਰ-ਪੂੰਜੀਵਾਦੀ ਸਮਾਜ' (ਪੋਸਟ-ਕੈਪੀਟਲਿਸਟ ਸੁਸਾਇਟੀ) ਵਿਚ ਨੈਟਵਰਕ ਸੁਸਾਇਟੀ ਦੀ ਭਵਿਖਬਾਣੀ ਕਰਦਿਆ ਕਿਹਾ ਸੀ ਕਿ ਆਉਣ ਵਾਲੇ ਵੀਹ ਸਾਲਾਂ ਦੇ ਅੰਦਰ ਅੰਦਰ ਹੀ ਵਰਤਮਾਨ ਪੈਦਾਵਾਰੀ ਸਾਧਨਾਂ- ਭੂਮੀਂ, ਕਿਰਤ ਅਤੇ ਪੂੰਜੀ, ਦੇ ਮੁਕਾਬਲੇ ਗਿਆਨ ਵਧੇਰੇ ਮਹੱਤਵ ਗ੍ਰਹਿਣ ਕਰ ਲਵੇਗਾ। ਅਜਿਹਾ ਕਰਦਿਆਂ, ਪਹਿਲਾਂ ਤਾਂ ਉਸਨੇ ਨੈਟਵਰਕ ਵਿਚ ਬੱਝੇ ਗਿਆਨੀਆਂ, ਵਿਗਿਆਨੀਆਂ ਤੇ ਤਕਨੀਕੀ ਮਾਹਿਰਾਂ ਦੀ ਨਵੀਂ ਜਮਾਤ ਦਾ ਵਿਚਾਰ ਪੇਸ਼ ਕੀਤਾ। ਫੇਰ ਇਸ ਵਿਸ਼ਵਵਿਆਪੀ ਵਿਦਵਾਨ ਜਮਾਤ ਨੂੰ ਸਮਾਜਕ ਤਬਦੀਲੀ ਦੀ ਏਜੰਸੀ ਐਲਾਨ ਕਰ ਦਿੱਤਾ। ਇਹ ਨਿਸ਼ਚੇ ਹੀ ਕ੍ਰਾਂਤੀਕਾਰੀ ਕਦਮ ਸੀ। ਉਸਦੇ ਕਹਿਣ ਮੁਤਾਬਕ, ਇਸ ਵਿਦਵਾਨ ਜਮਾਤ ਨੂੰ ਨਵੀ ਵਿਵਸਥਾ ਦੀ ਸਥਾਪਨਾ ਲਈ ਉਵੇਂ ਸੰਘਰਸ਼ ਕਰਨਾ ਪਵੇਗਾ ਜਿਵੇਂ ਬੁਰਜੂਆਂ ਜਮਾਤ ਨੇ ਜਗੀਰੂ ਪ੍ਰਬੰਧ ਨੂੰ ਤਬਦੀਲ ਕਰਨ ਲਈ ਕੀਤਾ ਸੀ। ਨੋਬਲ ਇਨਾਮ (2018) ਜੇਤੂ ਪਾਲ ਰੋਮਰ ਨੇ ਆਪਣੇ 1990 ਵਿਚ ਛਪੇ ਖੋਜ ਪੱਤਰ 'ਐਂਡੋਜੀਨਸ ਟੈਕਨਾਲੋਜੀਕਲ ਚੇਂਜ' ਰਾਹੀਂ, ਆਪਣੇ ਤੋਂ ਪਹਿਲੇ ਅਰਥ ਸ਼ਾਸਤਰੀਆਂ, ਜੋ ਵਿਕਾਸ ਦਰ ਦੀ ਗਣਨਾ ਕਰਦੇ ਸਮੇਂ, ਤਕਨਾਲੋਜੀ ਨੂੰ ਬਾਹਰ ਰੱਖਦੇ ਸਨ, ਦੀਆਂ ਧਾਰਨਾਵਾਂ ਨੂੰ ਰੱਦ ਕਰਦਿਆਂ ਤਕਨਾਲੋਜੀ ਨੂੰ ਵਿਕਾਸ ਦਰ ਦੀਆਂ ਸਮੀਕਰਣਾ ਦਾ ਪ੍ਰਮੁਖ ਕਾਰਕ ਬਣਾਇਆ। ਤਕਨਾਲੋਜੀ ਵਿਚ ਤਬਦੀਲੀ, ਉਸ ਅਨੁਸਾਰ, ਕੱਚੇ ਮਾਲ ਨੂੰ ਮਿਲਾਉਣ ਦੀਆਂ ਹਦਾਇਤਾਂ ਵਿਚ ਸੁਧਾਰ ਵਜੋਂ ਦੇਖੀ ਜਾਣੀ ਚਾਹੀਦੀ ਹੈ। ਇਸ ਤਰਾਂ ਇਨਫਰਮੇਸ਼ਨ ਨੂੰ ਭੌਤਿਕ ਅਤੇ ਡਿਜੀਟਲ ਸੰਸਾਰ ਵਿਚ ਵਸਤੂਆਂ ਦੇ ਨਿਰਮਾਣ ਲਈ ਰੇਸਪੀਆਂ ਵਾਂਗ ਸਮਝਿਆ ਜਾਣ ਲੱਗਾ। ਭੌਤਿਕ ਅਤੇ ਡਿਜੀਟਲ ਵਸਤੂਆਂ ਦੀ ਆਰਥਕਿਤਾ ਦੇ ਵਖਰੇਵੇਂ ਵੀ ਸਮਝ ਪੈਣੇ ਸ਼ੁਰੂ ਹੋ ਗਏ। ਕਿਉਂਕਿ ਡਿਜੀਟਲ ਵਸਤੂਆਂ ਦੇ ਨਿਰਮਾਣ ਲਈ ਕੱਚਾ ਮਾਲ ਤਾਂ ਇਸਤੇਮਾਲ ਹੁੰਦਾ ਨਹੀਂ। ਹਦਾਇਤਾਂ ਦੀ ਤਿਆਰੀ ਵਾਸਤੇ ਜੋ ਖਰਚਾ ਆਉਂਦਾ ਹੈ, ਉਹ ਵੀ ਇਕੋ ਵਾਰ ਆਉਂਦਾ ਹੈ। ਡਿਜੀਟਲ ਵਸਤੂ ਦੀਆਂ ਕਾਪੀਆਂ ਤਿਆਰ ਕਰਨ ਉਪਰ ਵਾਧੂ ਖਰਚੇ ਦੀ ਸੰਭਾਵਨਾ ਹੀ ਨਹੀਂ। ਅਰਥਸ਼ਾਸਤਰੀਆਂ ਦੀ ਭਾਸ਼ਾ ਵਿਚ ਟਰਾਂਜ਼ੈਕਸ਼ਨਲ ਕੌਸਟ ਜ਼ੀਰੋ ਰਹਿ ਜਾਂਦੀ ਹੈ।

ਇਹ ਕੌਫੀ ਦਾ ਕੱਪ ਮੇਰਾ ਹੈ। ਮੈਂ ਇਸਨੂੰ ਪੰਜਾਹ ਰੁਪੈ ਵਿਚ ਖਰੀਦਿਆ ਹੈ। ਕਿਉਂਕਿ ਇਸਦੀ ਮੁਫਤ ਵਿਚ ਕਾਪੀ ਤਿਆਰ ਨਹੀਂ ਹੋ ਸਕਦੀ, ਇਸ ਲਈ ਤੁਹਾਨੂੰ ਆਪਣੇ ਲਈ ਅਲੱਗ ਤੋਂ ਖਰੀਦਣਾ ਪਵੇਗਾ। ਪਰ ਤੁਹਾਡੇ ਮੋਬਾਈਲ ਫੋਨ ਦੀ ਮੈਮਰੀ ਵਿਚ ਪਈ ਐਮ ਪੀ- 3 ਫਾਈਲ ਦੀ ਕਾਪੀ ਮੈਂ ਮੁਫਤ ਵਿਚ ਹਾਸਲ ਕਰ ਸਕਦਾ ਹਾਂ। ਉਹ ਬੇਸ਼ੁਮਾਰ ਸਾਫਟਵੇਅਰ, ਐਪਸ, ਫਿਲਮਾਂ, ਸੰਗੀਤ, ਪੁਸਤਕਾਂ ਆਦਿ ਜੋ ਤੁਸੀ ਆਪਣੇ ਮੋਬਾਈਲ ਫੋਨ ਵਿਚ ਲੈ ਕੇ ਘੁੰਮਦੇ ਹੋ, ਤੁਸੀ ਮੁਫਤ ਵਿਚ ਹੀ ਪ੍ਰਾਪਤ ਕੀਤੀਆਂ ਹੋਈਆਂ ਹਨ। ਇਹ ਵੱਖਰੀ ਗੱਲ ਹੈ ਕਿ ਐਪਲ, ਗੂਗਲ, ਫੇਸਬੁਕ ਤੇ ਐਮਾਜ਼ੋਨ ਕੰਪਨੀਆਂ ਇਨਾਂ ਪ੍ਰੋਗਰਾਮਾਂ ਰਾਹੀਂ ਪੈਦਾ ਹੋ ਰਹੇ ਡੇਟਾ ਉਪਰ ਮਨਾਪਲੀ ਜਮਾਈ ਬੈਠੀਆਂ ਹਨ। ਸਰਵੇਲੈਂਸ ਅਤੇ ਕੰਟਰੋਲ ਦੇ ਐਲਗੋਰਿਦਮਾਂ ਰਾਹੀਂ ਅੰਨਾ ਪੈਸਾ ਵੀ ਕਮਾ ਰਹੀਆਂ ਹਨ। ਪਰ ਤੇਜ਼ੀ ਨਾਲ ਵਿਕਸਤ ਹੋ ਰਹੀ ਇਸ ਨਵੀਂ ਗਿਆਨ ਆਰਥਿਕਤਾ ਨੇ ਮਾਰਕਿਟ, ਮੁਨਾਫੇ ਤੇ ਥੁੜਾਂ ਦੇ ਸੰਸਾਰ ਵਿਚ ਮੰਡੀ ਦੇ ਤਰਕ ਨੂੰ ਰੱਦ ਕਰਕੇ, ਜ਼ੀਰੋ ਮਾਰਜੀਨਲ ਕੌਸਟ ਅਤੇ ਬਹੁਤਾਤਾਂ ਦੀ ਨਵੀਂ ਦੁਨੀਆਂ ਦੇ ਦੁਆਰ ਖੋਲ ਕੇ ਸਭ ਨੂੰ ਚਕਾਚੌਂਧ ਕਰ ਦਿੱਤਾ ਹੈ।

( ਚਲਦਾ...)



# ਅਰਟੀਫੀਸ਼ੀਅਲ ਇੰਟੈਂਲੀਜੈਂਸ ਨਾਲ ਲੋਕਾਂ ਦੇ ਰੁਜ਼ਗਾਰ ਵਧਣਗੇ

**✪ ਰੁਜ਼ਗਾਰ ਦੇ ਮਸਲਿਆਂ ਨੂੰ ਸਮਝਣ ਵਾਸਤੇ, ਕਿਰਤ ਨਾਲ ਸਬੰਧਤ ਸਭਿਆਚਾਰਕ ਅਤੇ ਆਰਥਕ ਫੈਸਲੇ ਲੈਣ ਵਾਲੀ ਰਾਜਨੀਤੀ ਨੂੰ ਜਾਨਣ ਦੀ ਜ਼ਰੂਰਤ ✪ ਆਪਣੇ ਆਪ ਨੂੰ ਅਪਡੇਟ ਕਰਨਾ ਜ਼ਰੂਰੀ**

**- ਅਮਰਜੀਤ ਸਿੰਘ ਗਰੇਵਾਲ**

ਇਹ ਠੀਕ ਹੈ ਕਿ ਪੇਚਕਸ ਹੱਥ ਦੀ ਥਾਂ ਲੈਣ ਲਈ ਨਹੀਂ ਸੀ ਆਇਆ। ਉਸ ਦੀ ਸਮਰੱਥਾ ਨੂੰ ਵਧਾਉਣ ਲਈ ਆਇਆ ਸੀ। ਪਰ ਹੌਲੀ ਹੌਲੀ ਹੱਥ ਦੇ ਕੰਮਾਂ ਨੂੰ ਆਟੋਮੇਟ ਕਰਕੇ ਬੁਧੀ ਨੇ ਆਪਣੇ ਕੰਟਰੋਲ ਅਧੀਨ ਕਰ ਲਿਆ ਹੈ। ਉਵੇਂ ਹੀ ਅੱਜ ਏ ਆਈ (ਆਰਟੀਫੀਸ਼ਲ ਇੰਟੈਲੀਜੈਂਸ) ਵੀ ਮਾਨਵ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ ਹੀ ਆਈ ਹੈ। ਪਰ ਲੋਕ ਸੁਆਲ ਕਰਦੇ ਹਨ ਕਿ ਜਿਵੇਂ ਹੱਥ ਦੇ ਕੰਮਾਂ ਨੂੰ ਬੁੱਧੀ ਨੇ ਆਪਣੇ ਕੰਟਰੋਲ ਅਧੀਨ ਕਰ ਲਿਆ ਸੀ, ਉਸੇ ਤਰਾਂ ਹੁਣ ਜਦੋਂ ਬੁਧੀ ਦੇ ਕੰਮ ਆਟੋਮੇਟ ਹੋਏ ਤਾਂ ਇਨਾਂ ਨੂੰ ਕਿਹੜੀ ਮਾਨਵੀ ਸਮਰੱਥਾ ਕੰਟਰੋਲ ਕਰੇਗੀ।

ਕੀ ਏ ਆਈ ਆਪਣੇ ਆਪ ਨੂੰ ਆਪ ਹੀ ਕੰਟਰੋਲ ਕਰੇਗੀ, ਜਾਂ ਫੇਰ ਕਿ ਮਨੁੱਖ ਦੀ ਤੀਸਰੀ ਸਮਰੱਥਾ, ਜਿਸ ਨੂੰ ਮਾਨਵ ਚੇਤਨਾ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ, ਇਸ ਨੂੰ ਆਪਣੇ ਕੰਟਰੋਲ ਅਧੀਨ ਲੈ ਲਵੇਗੀ। ਅਸੀਂ ਜਾਣਦੇ ਹਾਂ ਕਿ ਬੁਧੀ ਤਾਂ ਪਹਿਲਾਂ ਹੀ ਮਾਨਵ-ਚੇਤਨਾ ਦੀ ਨਿਗਰਾਨੀ ਹੇਠ ਕੰਮ ਕਰਦੀ ਹੈ। ਕਿਉਂਕਿ, ਲੱਖ ਕੋਸ਼ਿਸ਼ਾਂ ਦੇ ਬਾਵਯੂਦ, ਅਸੀਂ ਚੇਤਨਾ ਦੀ ਕੋਈ ਥਹੁ ਨਹੀਂ ਪਾ ਸਕੇ, ਇਸ ਲਈ ਅਸੀਂ ਇਸ ਨੂੰ ਬੁਧੀ ਦਾ ਹੀ ਭਾਗ ਮੰਨ ਕੇ ਨਜ਼ਰ ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਏ ਆਈ ਦੀ ਸਵੈ-ਚਾਲਕਤਾ ਦਾ ਵਿਚਾਰ, ਸਾਡੀ ਮਾਨਵ-ਚੇਤਨਾ ਬਾਰੇ ਅਗਿਆਨਤਾ ਵਿਚੋਂ ਪੈਦਾ ਹੋਇਆ ਹੈ। ਜਿਵੇਂ ਉਨੀਵੀਂ ਸਦੀ ਵਿਚ ਹੱਥ ਦੀ ਅਤੇ ਵੀਹਵੀਂ ਸਦੀ ਵਿਚ ਦਿਮਾਗ ਦੀ ਚੌਧਰ ਰਹੀ ਹੈ, ਉਸੇ ਤਰਾਂ ਇਕੀਵੀਂ ਸਦੀ ਵਿਚ ਉਸ ਮਾਨਵੀ ਸਮਰੱਥਾ ਦੀ ਚੌਧਰ ਹੋਵੇਗੀ ਜੋ ਆਪਣੀ ਹੋਂਦ ਨੂੰ ਅਰਥ ਦੇਣ ਲਈ ਸਰੀਰ ਅਤੇ ਬੁਧੀ ਦਾ ਸੰਦਾਂ ਵਾਂਗ ਇਸਤੇਮਾਲ ਕਰਦੀ ਹੈ। ਉਸ ਸਮਰੱਥਾ ਨੂੰ ਚੇਤਨਾ ਕਹਿਣਾ ਚਾਹੋ, ਤਾਂ ਕਹਿ ਸਕਦੇ ਹੋ। ਪਰ ਸੁਰਤ-ਸ਼ਬਦ ਵਧੇਰੇ ਢੁਕਵਾਂ ਨਾਮ ਹੈ। ਇਹ ਨਾਮ ਮਨੁੱਖੀ ਸਮਰੱਥਾ ਨੂੰ ਉਸਦੇ ਸੰਸਾਰ ਨਾਲੋਂ ਨਿਖੇੜ ਕੇ ਨਹੀਂ, ਉਸ ਨਾਲ ਜੋੜ ਕੇ ਸਮੁੱਚਤਾ ਵਿਚ ਦੇਖਦਾ ਹੈ। ਸੁਰਤ-ਸ਼ਬਦ ਦੀ ਇਸ ਸਮਰੱਥਾ ਨੂੰ ਵਧਾਉਣ ਲਈ ਕਿਹੜੇ ਹੁਨਰਾਂ, ਕਿਹੜੀਆਂ ਗਿਆਨ ਪਰੰਪਰਾਵਾਂ ਅਤੇ ਕਿਸ ਕਿਸਮ ਦੀ ਵਿਦਿਅਕ ਤਕਨਾਲੋਜੀ ਦੀ ਜ਼ਰੂਰਤ ਹੈ, ਇਸ ਦੀ ਖੋਜ ਕਰਨੀ ਬਹੁਤ ਜ਼ਰੂਰੀ ਹੈ।

## ਰਿਜ਼ਕ ਅਤੇ ਰੁਜ਼ਗਾਰ

ਜੀਣ ਲਈ ਰਿਜ਼ਕ ਦੀ ਲੋੜ ਹੁੰਦੀ ਹੈ। ਰਿਜ਼ਕ ਕੁਦਰਤ ਪੈਦਾ ਕਰਦੀ ਹੈ। ਜੀਵ ਕੇਵਲ ਸੰਘਰਸ਼ ਕਰਦੇ ਹਨ। ਪਰ ਰੁਜ਼ਗਾਰ ਕੁਦਰਤ ਦੀ ਨਹੀਂ, ਮਨੁੱਖ ਦੀ ਘਾੜਤ ਹੈ। ਰਿਜ਼ਕ ਜੈਵਿਕ ਵਰਤਾਰਾ ਹੈ ਅਤੇ ਰੁਜ਼ਗਾਰ ਸਭਿਆਚਾਰਕ। ਦੋਨਾਂ ਦਾ ਸਬੰਧ ਕਿਰਤ ਨਾਲ ਹੈ। ਰਿਜ਼ਕ ਦਾ ਸਬੰਧ ਜੀਵ ਦੀਆਂ ਜਿੰਦਾ ਰਹਿਣ ਲਈ ਮਹਿਜ਼ ਸ਼ਰੀਰਕ ਲੋੜਾਂ ਦੀ ਪੂਰਤੀ ਨਾਲ ਜੁੜਿਆ ਹੁੰਦਾ ਹੈ। ਇਸ ਲਈ ਰਿਜ਼ਕ ਨੂੰ ਸਮਝਣ ਵਾਸਤੇ ਡਾਰਵਿਨ ਦੇ ਸਿਧਾਂਤਾਂ ਦੀ ਲੋੜ ਪੈਂਦੀ ਹੈ। ਦੂਸਰੇ ਪਾਸੇ ਰੁਜ਼ਗਾਰ ਦਾ ਸਬੰਧ ਸਭਿਆਚਾਰ ਦੁਆਰਾ ਨਿਰਮਿਤ ਮਨੁਖ ਦੀਆਂ ਅਸੀਮ ਚਾਹਤਾਂ ਨਾਲ ਜੁੜਿਆ ਹੁੰਦਾ ਹੈ। ਇਸ ਲਈ ਰੁਜ਼ਗਾਰ ਦੇ ਮਸਲਿਆਂ ਨੂੰ ਸਮਝਣ ਵਾਸਤੇ, ਕਿਰਤ ਨਾਲ ਸਬੰਧਤ ਸਭਿਆਚਾਰਕ ਅਤੇ ਆਰਥਕ ਫੈਸਲੇ ਲੈਣ ਵਾਲੀ ਰਾਜਨੀਤੀ ਨੂੰ ਜਾਨਣ ਦੀ ਜ਼ਰੂਰਤ ਹੁੰਦੀ ਹੈ।

ਇਕ ਸੁਆਲ ਕਰਨਾ ਬਣਦਾ ਹੈ। ਜਦੋਂ ਸਰੀਰਕ ਲੋੜਾਂ ਦੀ ਪੂਰਤੀ ਨਾਲ ਜੀਵ ਸੰਸਾਰ ਦਾ ਕੰਮ ਵਧੀਆਂ ਚੱਲ ਰਿਹਾ ਸੀ, ਫੇਰ ਕੁਦਰਤ ਨੇ ਮਨੁੱਖ ਨੂੰ, ਉਸ ਅੰਦਰ ਚਾਹਤਾਂ ਦੀ ਅਸੀਮ ਹਵਸ ਜਗਾ ਕੇ, ਕੁਦਰਤੀ ਵਸੀਲਿਆਂ ਦੀ ਬਰਬਾਦ ਦੇ ਰਾਹੇ ਕਿਉਂ ਪਾ ਦਿੱਤਾ। ਦੂਸਰੇ ਜੀਵਾਂ ਵਾਂਗ, ਜੰਗਲਾ ਵਿਚੋਂ ਆਪਣਾ ਭੋਜਨ ਇਕੱਤਰ ਕਰਕੇ, ਮਨੁੱਖ ਵੀ ਚੰਗਾ ਭਲਾ ਜੀਵਨ ਬਤੀਤ ਕਰ ਹੀ ਰਿਹਾ ਸੀ। ਉਸ ਨੂੰ ਖੇਤੀ ਦੇ ਧੰਦੇ ਵਿਚ ਪੈ ਕੇ, ਵਾਧੂ ਅਨਾਜ ਉਤਪਾਦਨ ਰਾਹੀਂ, ਪੁਜਾਰੀਆਂ, ਸੈਨਿਕਾਂ, ਸ਼ਿਲਪੀਆਂ, ਸਿਆਸਤਦਾਨਾਂ ਅਤੇ ਵਿਉਪਾਰੀਆਂ ਆਦਿ ਦੀਆਂ ਪਰਜੀਵੀ ਜਮਾਤਾਂ ਖੜੀਆਂ ਕਰਨ ਦੀ ਕਿਉਂ ਲੋੜ ਪੈ ਗਈ। ਇਹ ਹੀ ਉਹ ਸਭਿਆਚਾਰਕ ਮੋੜ ਹੈ, ਜਦੋਂ ਮਨੁੱਖ ਦੀਆਂ ਜੈਵਿਕ ਲੋੜਾਂ ਮਾਨਵੀ ਚਾਹਤਾਂ ਵਿਚ ਅਤੇ ਰਿਜ਼ਕ ਰੁਜ਼ਗਾਰ ਵਿਚ ਤਬਦੀਲ ਹੁੰਦੇ ਹਨ। ਮਾਨਵਤਾ ਨੇ ਇਹ ਮੋੜ ਕਿਵੇਂ ਕੱਟਿਆ, ਇਹ ਵੱਡਾ ਸੁਆਲ ਨਹੀਂ। ਵੱਡਾ ਸੁਆਲ ਤਾਂ ਇਹ ਹੈ ਕਿ ਇਸ ਸਭਿਆਚਾਰਕ ਮੋੜ ਪਿਛੇ ਕੁਦਰਤ ਦਾ ਕਿਹੜਾ ਨਿਸ਼ਾਨਾ ਅਤੇ ਡਿਜ਼ਾਈਨ ਕੰਮ ਕਰ ਰਿਹਾ ਸੀ।




ਕੁਦਰਤ ਜਿਸ ਦਿਸ਼ਾ ਵੱਲ ਜਾ ਰਹੀ ਹੈ, ਉਹ ਹੈ, ਉਸ ਦੀ ਐਨਟਰਾਪੀ ਵਿਚ ਨਿਰੰਤਰ ਵਾਧੇ ਦੀ ਦਿਸ਼ਾ। ਊਰਜਾ ਦੀ ਵੱਧ ਤੋਂ ਵੱਧ ਖਪਤ ਰਾਹੀਂ, ਉਸ ਵਿਚੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਦੇ ਨਤੀਜੇ ਵਜੋਂ ਕੁਦਰਤ ਦਾ ਆਪਣੇ ਅੰਤ ਵੱਲ ਵਧਣਾ ਤਹਿ ਹੈ। ਪਰ ਡਾਰਵਿਨ ਦਾ ਸਿਧਾਂਤ ਸਰੀਰਾਂ ਦੇ ਵਿਨਾਸ਼ ਦੀ ਨਹੀਂ, ਉਨਾਂ ਦੇ ਵਿਕਾਸ ਦੀ ਕਹਾਣੀ ਪੇਸ਼ ਕਰਦਾ ਹੈ। ਇਹ ਕੋਈ ਵਿਰੋਧਾਭਾਸ ਨਹੀਂ। ਕੁਦਰਤ ਜੈਵਿਕ ਸੰਸਾਰ ਦਾ ਇਸ ਲਈ ਨਿਰਮਾਣ ਕਰਦੀ ਹੈ, ਕਿਉਂਕਿ ਨਿਰਜੀਵ ਸੰਸਾਰ ਦੇ ਮੁਕਾਬਲੇ ਜੈਵਿਕ ਸੰਸਾਰ ਊਰਜਾ ਦੀ ਵਧੇਰੇ ਵਰਤੋਂ ਰਾਹੀਂ ਐਨਟਰਾਪੀ ਦੇ ਵਾਧੇ ਦੀ ਦਰ ਨੂੰ ਤੇਜ਼ ਕਰ ਦਿੰਦਾ ਹੈ। ਇਸੇ ਤਰਾਂ ਮਾਨਵ ਦੀਆਂ ਅਸੀਮ ਚਾਹਤਾਂ ਐਨਟਰਾਪੀ ਵਿਚ ਵਾਧੇ ਦੀ ਇਸ ਦਰ ਨੂੰ ਹੋਰ ਵੀ ਤੇਜ਼ ਕਰ ਦਿੰਦੀਆਂ ਹਨ। ਕੇਵਲ ਏਨਾ ਹੀ ਕਹਿਣ ਦੀ ਕੋਸ਼ਿਸ ਕੀਤੀ ਜਾ ਹਰੀ ਹੈ ਕਿ ਕੁਦਰਤ ਦੀ ਤਬਦੀਲੀ ਵਿਚ ਵਾਧੇ ਦੀ ਦਰ ਅਤੇ ਉਸਦੀ ਦਿਸ਼ਾ ਕੁਦਰਤ ਦੀ ਆਪਣੀ ਸੰਰਚਨਾ ਵਿਚ ਹੀ ਉਸਦੇ ਨਿਸ਼ਾਨੇ ਵਜੋਂ ਨਿਹਿਤ ਹੈ। ਵਾਪਿਸ ਨਹੀਂ ਮੁੜਿਆ ਜਾ ਸਕਦਾ ਹੈ। ਵਾਤਾਵਰਣ ਦੀ ਸਾਂਭ-ਸੰਭਾਲ ਦਾ ਮਾਰਗ ਵੀ ਹੁਣ ਤਕਨਾਲੋਜੀ ਦੇ ਵਿਕਾਸ ਵੱਲ ਹੀ ਜਾਂਦਾ ਹੈ। ਚਾਹਤਾਂ ਤੋਂ ਲੋੜਾਂ ਵੱਲ ਵਾਪਿਸ ਪਰਤਣਾ ਹੁਣ ਸੰਭਵ ਨਹੀਂ ਰਿਹਾ। ਰਿਜ਼ਕ ਵੱਲ ਵਾਪਿਸੀ ਨਹੀਂ, ਰੁਜ਼ਗਾਰ ਦੀਆਂ ਅਨੰਤ ਸੰਭਾਵਨਾਵਾਂ ਨਾਲ ਅੱਗੇ ਵਧਣ ਦੀ ਚੁਣੌਤੀ ਹੀ ਮਾਨਵਤਾ ਦੀ ਹੋਣੀ ਹੈ।

## ਕਾਢ ਰੁਜ਼ਗਾਰ ਦੀ ਮਾਂ ਹੈ

ਇਸ ਡਰ ਅਧੀਨ, ਕਿ ਮਸ਼ੀਨੀ ਖੱਡੀਆਂ ਉਨਾਂ ਦੀ ਰੋਜ਼ੀ-ਰੋਟੀ ਖਾ ਜਾਣਗੀਆਂ, ਇੰਗਲੈਂਡ ਦੇ ਜੁਲਾਹਿਆਂ ਨੇ 1811 ਵਿਚ ਮਸ਼ੀਨੀਕਰਨ ਵਿਰੁਧ ਸੰਘਰਸ਼ ਦੌਰਾਨ, ਇਨਾਂ ਮਸ਼ੀਨੀ ਖੱਡੀਆਂ ਦੀ ਬਹੁਤ ਤੋੜ ਭੰਨ ਕੀਤੀ। ਉਨਾਂ ਦਾ ਡਰ ਏਨਾ ਗਲਤ ਵੀ ਨਹੀਂ ਸੀ। ਮਸ਼ੀਨ ਉਨਾਂ ਨੂੰ ਵਿਹਲੇ ਕਰ ਰਹੀ ਸੀ। ਕਈ ਸਾਲ ਉਨਾਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਨਵੀਆਂ ਪ੍ਰਸਥਿਤੀਆਂ ਅਨੁਸਾਰ ਢਲਣ ਵਿਚ ਸਮਾਂ ਤਾਂ ਲੱਗਿਆ, ਪਰ ਹੌਲੀ ਹੌਲੀ ਜੁਲਾਹਾ ਕੰਮ ਕਰਨ ਵਾਲੇ ਲੋਕਾਂ ਦੀ ਮੰਗ ਘਟਣ ਦੀ ਥਾਂ ਵਧਣ ਲੱਗ ਪਈ। ਹੱਥੀਂ ਕੰਮ ਕਰਨ ਦੀ ਥਾਂ, ਜਦੋਂ ਉਹੋ ਕੰਮ ਮਸ਼ੀਨਾਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ, ਤਾਂ ਕੰਮ ਦੀ ਕਾਰਜ-ਕੁਸ਼ਲਤਾ ਵਧ ਜਾਂਦੀ ਹੈ। ਪੈਦਾਵਾਰ ਵਧਣ ਨਾਲ ਕੀਮਤਾਂ ਘਟ ਜਾਂਦੀਆਂ ਹਨ। ਮੰਗ ਵਧ ਜਾਂਦੀ ਹੈ। ਉਨੀਵੀਂ ਸਦੀ ਦੇ ਸ਼ੁਰੂ ਸ਼ੁਰੂ ਵਿਚ, ਜਦੋਂ ਕੱਪੜਾ ਹਾਲੇ ਹੱਥੀਂ ਬਣਾਇਆ ਜਾਂਦਾ ਸੀ, ਲੋਕਾਂ ਕੋਲ ਬਹੁਤ ਘੱਟ ਕੱਪੜੇ ਹੁੰਦੇ ਸਨ। ਪਰ ਸਦੀ ਦੇ ਅੰਤ ਤੱਕ, ਮਸ਼ੀਨਾਂ ਦੇ ਆਉਣ ਨਾਲ ਕੱਪੜੇ ਦੀ ਪੈਦਾਵਾਰ ਵਧਣ ਅਤੇ ਕੀਮਤਾਂ ਘਟਣ ਕਾਰਨ ਕੱਪੜੇ ਦੀ ਖਪਤ ਵਿਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ। ਲੋਕਾਂ ਨੇ ਵੰਨ ਸਵੰਨੇ ਕੱਪੜਿਆ ਦੇ ਕਈ ਕਈ ਸੈਟ ਖਰੀਦਣੇ ਸ਼ੁਰੂ ਕਰ ਦਿੱਤੇ। ਖਿੜਕੀਆਂ ਤੇ ਪਰਦੇ, ਫਰਸ਼ਾਂ ਤੇ ਗਲੀਚੇ ਅਤੇ ਫਰਨੀਚਰ ਉਪਰ ਗਿਲਾਫ ਚੜਨੇ ਸ਼ੁਰੂ ਹੋ ਗਏ। ਕੱਪੜੇ ਦੀ ਮੰਗ ਦੇ ਤੇਜ਼ੀ ਨਾਲ ਵਧਣ ਕਰਕੇ ਮਸ਼ੀਨਾਂ ਅਤੇ ਮਸ਼ੀਨਾਂ ਉਪਰ ਕੰਮ ਕਰਨ ਵਾਲੇ ਮਜ਼ਦੂਰਾਂ, ਫੋਰਮੈਨਾਂ, ਸੁਪਰਵਾਈਜ਼ਰਾਂ ਅਤੇ ਮਿਲ ਮਨੇਜਰਾਂ, ਆਦਿ ਦੀ ਮੰਗ ਵੀ ਵਧਣ ਲੱਗੀ। ਕੱਪੜੇ ਦੇ ਵਪਾਰ ਵਿਚ ਹੀ ਨਹੀਂ, ਰੁਜ਼ਗਾਰ ਵਿਚ ਵੀ ਵਾਧਾ ਹੋਇਆ। ਜਦੋਂ ਅਸੀਂ ਵਿਭਿੰਨ ਖੇਤਰਾਂ ਵਿਚ ਮਸ਼ੀਨੀਕਰਨ ਦੇ ਰੋਲ ਬਾਰੇ ਸੋਚਦੇ ਹਾਂ, ਤਾਂ ਸਿਰ ਚਕਰਾ ਜਾਂਦਾ ਹੈ।

ਇਹ ਜੁਲਾਹੇ ਕਲਪਨਾ ਵੀ ਨਹੀਂ ਸਨ ਕਰ ਸਕਦੇ ਕਿ ਮਸ਼ੀਨੀ ਯੁਗ ਵਿਚ ਲੋਕਾਂ ਕੋਲ ਕਿੰਨਾ ਕੱਪੜਾ ਅਤੇ ਕਿੰਨਾ ਭੋਜਨ ਹੋਵੇਗਾ। ਪਹਾੜਾਂ ਵਿਚ ਸੁਰੰਗਾਂ ਬਨਾਉਣੀਆ ਅਤੇ ਹਵਾਈ ਜਹਾਜ਼ਾਂ ਰਾਹੀਂ ਘੰਟਿਆਂ ਵਿੱਚ ਮਹਾਂਦੀਪਾਂ ਨੂੰ ਪਾਰ ਕਰ ਲੈਣਾ ਇਹਨਾ ਦੀ ਕਲਪਨਾ ਵਿਚ ਵੀ ਨਹੀਂ ਸੀ ਆ ਸਕਦਾ।

ਕੀ ਇਹ ਲੋਕ ਕਦੀ ਮਾਰੂਥਲਾਂ ਵਿਚ ਅੱਧੀ ਅੱਧੀ ਮੀਲ ਉਚੀਆਂ ਇਮਾਰਤਾਂ ਖੜੀਆਂ ਕਰਨ ਅਤੇ ਪੁਲਾੜ ਵਿਚ ਦੂਸਰੇ ਗ੍ਰਹਿਆ ਦੁਆਲੇ ਚੱਕਰ ਲਗਾਉਣ ਵਾਲੇ ਸੈਟੇਲਾਈਟ ਭੇਜਣ ਬਾਰੇ ਸੋਚ ਸਕਦੇ ਸਨ। ਉਨਾਂ ਲਈ ਇਹ ਅਨੁਮਾਨ ਲਗਾਉਣਾ ਸੰਭਵ ਹੀ ਨਹੀਂ ਸੀ ਕਿ, ਇਸ ਤਰਾਂ ਦੇ ਅਣਗਿਣਤ ਕਾਰਜਾਂ ਲਈ, ਭਵਿੱਖ ਵਿਚ ਉਨਾਂ ਦੇ ਬੱਚਿਆ ਕੋਲ ਕਿੰਨਾ ਅਰਥ-ਭਰਪੂਰ ਰੁਜ਼ਗਾਰ ਹੋਵੇਗਾ। ਵਰਤਮਾਨ ਸਮਿਆਂ ਵਿਚ ਰੁਜ਼ਗਾਰ ਉਪਰ ਕੰਪਿਊਟਰੀਕਰਣ ਦੇ ਪ੍ਰਭਾਵ ਨੂੰ ਸਮਝਣ ਲਈ ਏ ਟੀ ਐਮ ਦੀ ਉਦਾਹਰਣ ਲਈ ਜਾ ਸਕਦੀ ਹੈ। ਏ ਟੀ ਐਮ ਦੇ ਆਉਣ ਨਾਲ ਬੈਂਕਾਂ ਦੇ ਖਰਚੇ ਘਟੇ ਤਾਂ ਉਨਾਂ ਨੇ ਵਧੇਰੇ ਬ੍ਰਾਂਚਾਂ ਖੋਲ ਕੇ ਆਪਣਾ ਬਿਜ਼ਨਸ ਵਧਾ ਲਿਆ। ਇਸ ਤਰਾਂ ਬੈਂਕਾਂ ਵਿਚ ਰੁਜ਼ਗਾਰ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣ ਲੱਗ ਪਈਆਂ।

ਬਚਪਨ ਵਿਚ ਅਸੀ ਪਿਆਸੇ ਕਾਂ ਦੀ ਕਹਾਣੀ ਸੁਣਦੇ ਹੁੰਦੇ ਸੀ ਕਿ ਸਮੱਸਿਆ ਕਾਢ ਦੀ ਮਾਂ ਹੈ। ਪਰ ਉਪ੍ਰੋਕਤ ਚਰਚਾ ਉਪ੍ਰੰਤ, ਇਹ ਜਾਨਣ ਬਾਅਦ ਕਿ ਕਾਢ ਰੁਜ਼ਗਾਰ ਦੀ ਮਾਂ ਹੈ, ਪਿਆਸੇ ਕਾਂ ਦੀ ਕਹਾਣੀ ਅੱਗੇ ਤੁਰਦੀ ਹੈ: 'ਸਮੱਸਿਆ ਕਾਢ ਦੀ ਮਾਂ ਹੈ ਅਤੇ ਕਾਢ ਰੁਜ਼ਗਾਰ ਦੀ ਮਾ।' ਮਾਨਵ ਸਮਾਜ ਦੀ ਖੁਸ਼ਹਾਲੀ ਉਸਦੀਆਂ ਸਮਸਿਆਵਾਂ ਦੇ ਹੱਲ ਨਾਲ ਜੁੜੀ ਹੁੰਦੀ ਹੈ। ਜਿੰਨੀਆਂ ਵੱਡੀਆਂ ਸਮੱਸਿਆਵਾਂ ਹੋਣਗੀਆਂ, ਉਸ ਵਿਚੋਂ ਓਨੇ ਹੀ ਵੱਧ ਰੁਜ਼ਗਾਰ ਦੀਆਂ ਸੰਭਾਵਨਾਵਾਂ ਜਾਗਣਗੀਆਂ। ਜਿੰਨੀ ਦੇਰ ਤੱਕ ਮਾਨਵ ਅਤੇ ਉਸਦੇ ਸਮਾਜਾਂ ਦੀਆਂ ਸਮਸਿਆਵਾਂ ਖਤਮ ਨਹੀਂ ਹੋ ਜਾਂਦੀਆਂ, ਓਨੀ ਦੇਰ ਤੱਕ ਰੁਜ਼ਗਾਰ ਦੀਆਂ ਨਵੀਆਂ ਤੋਂ ਨਵੀਆਂ ਸੰਭਾਵਨਾਵਾਂ ਵੀ ਜਨਮਦੀਆਂ ਰਹਿਣਗੀਆਂ। ਸਮੱਸਿਆਵਾਂ ਦਿਨੋ ਦਿਨ ਵਧ ਹੀ ਨਹੀਂ ਰਹੀਆਂ ਗੰਭੀਰ ਵੀ ਹੁੰਦੀਆਂ ਜਾ ਰਹੀਆਂ ਹਨ। ਰੁਜ਼ਗਾਰ ਵੀ ਵਧਣ ਦੇ ਨਾਲ ਨਾਲ ਵੱਡਾ ਹੋ ਰਿਹਾ ਹੈ।

ਜੇਕਰ ਖਪਤ ਦੀਆਂ ਦੂਸਰੀਆਂ ਵਸਤਾਂ ਅਤੇ ਸੇਵਾਵਾਂ ਦੇ ਨਿਰਮਾਣ ਦੀ ਕਹਾਣੀ ਨੂੰ ਪਾਸੇ ਰੱਖ ਲਈਏ, ਤਾਂ ਵੀ ਜਲਵਾਯੂ ਵਿਚ ਆ ਰਹੇ ਪਰਿਵਰਤਨਾਂ ਨੂੰ ਨਜਿਠਣ ਵਾਸਤੇ ਊਰਜਾ ਦੇ ਬੁਨਿਆਦੀ ਢਾਂਚੇ ਦੀ ਪੁਨਰ-ਉਸਾਰੀ ਕਰਨ, ਕੋਰੋਨਾਵਾਇਰਸ ਵਰਗੀਆਂ ਛੂਤ ਦੀਆਂ ਬਿਮਾਰੀਆਂ ਦੇ ਟਾਕਰੇ ਲਈ ਜਨਤਕ ਸਿਹਤ-ਸੁਰੱਖਿਆ ਪ੍ਰਬੰਧ ਦੇ ਰੂਪਾਂਤਰਣ ਅਤੇ ਹਰ ਕਿਸੇ ਨੂੰ ਸਾਫ ਹਵਾ, ਸਾਫ ਪਾਣੀ, ਸਾਫ ਊਰਜਾ ਅਤੇ ਸਾਫ ਵਾਤਾਵਰਣ ਦੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਨਾਲ ਦੁਨੀਆਂ ਦੇ ਨੌ ਅਰਬ ਲੋਕਾਂ ਲਈ ਰੋਜ਼ੀ ਰੋਟੀ, ਕੱਪੜੇ, ਮਕਾਨ, ਸਿਹਤ ਸੰਭਾਲ, ਮਨਪ੍ਰਚਾਵੇ ਅਤੇ ਸਿਖਿਆ ਦਾ ਪ੍ਰਬੰਧ ਕਰਨ ਵਾਸਤੇ ਹੀ ਕਿੰਨੇ ਮਾਨਵੀ ਵਸੀਲਿਆਂ ਦੀ ਜ਼ਰੂਰਤ ਰਹੇਗੀ, ਅਨੁਮਾਨ ਲਗਾਉਣਾ ਵੀ ਮੁਸ਼ਕਲ ਹੋਵੇਗਾ। ਮਾਨਵੀ ਕਿਰਤ ਨੂੰ ਮਸ਼ੀਨੀ ਅਤੇ ਬੌਧਿਕ ਤਕਨਾਲੋਜੀ ਨਾਲ ਲੈਸ ਕੀਤੇ ਬਿਨਾ ਤਾਂ ਅਜਿਹਾ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਕਿਰਤ ਦਾ ਮਹੱਤਵ ਅਤੇ ਉਸ ਦੀ ਮੰਗ ਘਟੇ ਨਹੀਂ ਵਧੇ ਹਨ। ਕਿਰਤ ਦੀ ਪ੍ਰਕਿਰਤੀ ਜ਼ਰੂਰ ਬਦਲ ਰਹੀ ਹੈ। ਕਿਰਤ ਹੁਣ ਕਠਿਨ ਮੁਸ਼ੱਕਤ ਨਹੀਂ ਰਹੀ। ਨਾ ਹੀ ਕਿਰਤੀ ਮਸ਼ੀਨ ਦਾ ਪੁਰਜ਼ਾ ਹੈ। ਮਨੇਜਰ ਕਿਰਤੀਆਂ ਨੂੰ ਹੱਕਣ ਵਾਲਾ ਮਾਸਟਰ ਵੀ ਨਹੀਂ ਹੈ। ਕਿਰਤ ਅਜਿਹੀ ਨਵੀਨਤਾਕਾਰੀ ਸਿਰਜਣਾ ਵਿਚ ਰੁਪਾਂਤ੍ਰਿਤ ਹੋ ਰਹੀ ਹੈ, ਜਿਸਨੂੰ ਕਿਰਤੀ ਪਿਆਰ ਕਰਨਗੇ। ਜੋ ਉਨਾਂ ਦੇ ਅਨੰਦ ਦਾ ਮਾਧਿਅਮ ਹੋਵੇਗੀ।

ਜ਼ਰੂਰੀ ਨਹੀਂ ਕਿ ਕਿਰਤ ਨੌਕਰੀ ਦਾ ਰੂਪ ਧਾਰ ਕੇ ਹੀ ਆਵੇ। ਕੰਮ ਦੀ ਕੋਈ ਘਾਟ ਨਹੀਂ ਹੋਵੇਗੀ। ਨੌਕਰੀਆਂ ਦੀ ਘਾਟ ਹੋ ਸਕਦੀ ਹੈ। ਨੌਕਰੀ ਕੰਮ ਦੇ ਪ੍ਰਬੰਧਨ ਲਈ ਕੀਤੀ ਜਾਣ ਵਾਲੀ ਇਕ ਨਕਲੀ ਉਸਾਰੀ ਹੁੰਦੀ ਹੈ। ਇਸ ਲਈ, ਜ਼ਰੂਰੀ ਨਹੀਂ ਕਿ ਕੰਮ ਹਮੇਸ਼ਾ ਨੌਕਰੀ ਦੇ ਰੂਪ ਵਿਚ ਹੀ ਆਵੇ। ਕੰਮ ਦੀ ਪ੍ਰਕਿਰਤੀ ਅਤੇ ਮਹੌਲ ਬਦਲ ਰਹੇ ਹਨ। ਸੰਭਾਵਨਾ ਇਸੇ ਗੱਲ ਦੀ ਹੈ ਕਿ ਇਹ ਹੁਣ ਨਵੇਂ ਰੂਪਾਂ ਵਿਚ ਹੀ ਪ੍ਰਗਟ ਹੋਵੇ।

ਤੁਸੀਂ ਕਾਲਿਜ ਗਏ, ਪੱਤਰਕਾਰੀ ਦੀ ਐਮ ਏ ਕੀਤੀ ਅਤੇ ਸਾਰੀ ਉਮਰ ਇਕੋ ਅਖਬਾਰ ਲਈ ਖਬਰਾਂ ਲਿਖਦਿਆਂ ਕੱਢ ਦਿੱਤੀ। ਪਰ ਤੁਹਾਡੇ ਬੱਚੇ ਇਸ ਤਰਾਂ ਨਹੀਂ ਕਰ ਸਕਣਗੇ। ਉਹਨਾ ਨੂੰ ਤਾਂ ਆਪਣੇ ਆਪ ਨੂੰ ਲਗਾਤਾਰ ਖੋਜਦੇ ਰਹਿਣਾ ਹੋਵੇਗਾ। ਨਿਤ ਨਵੀਂ ਤਕਨਾਲੋਜੀ, ਨਵੀਆਂ ਸੰਭਾਵਨਾਵਾਂ, ਨਵੀਂ ਟ੍ਰੇਨਿੰਗ ਅਤੇ ਨਵਾਂ ਕੰਮ। ਕੇਵਲ ਇਕ ਦੋ ਜਾਂ ਤਿੰਨ ਵਾਰ ਹੀ ਨਹੀਂ। ਹੋ ਸਕਦਾ ਹੈ ਕਿ ਵਧੇਰੇ ਸਿਰਜਣਾਤਮਕ ਅਤੇ ਉਪਯੋਗੀ ਕੰਮਾਂ ਲਈ, ਆਪਣੇ ਆਪ ਨੂੰ ਇਸੇ ਤਰਾਂ ਉਮਰ ਭਰ ਅਪਡੇਟ ਕਰਦੇ ਰਹਿਣਾ ਪਵੇ। ਜਿਵੇਂ ਤੁਸੀਂ ਆਪਣੇ ਆਪ ਵਿਚ ਆਪ ਹੀ ਇਕ ਸਟਾਰਟ-ਅਪ ਕੰਪਨੀ ਹੋਵੋ।

ਇਹ ਤਦ ਹੀ ਸੰਭਵ ਹੈ, ਜੇਕਰ ਦੁਨੀਆਂ ਭਰ ਵਿਚ ਹਰ ਕਿਸੇ ਨੂੰ, ਹਰ ਥਾਂ ਅਤੇ ਹਰ ਵੇਲੇ ਹਰ ਨਵੇਂ ਪੁਰਾਣੇ ਹੁਨਰ ਦੀ, ਕਫਾਇਤੀ ਮੁੱਲ ਤੇ ਹਰ ਤਰਾਂ ਦੀ ਅਪਡੇਟਿਡ ਸਿਖਿਆ ਉਪਲਬਧ ਹੋਵੇ। ਹਾਰਵਰਡ, ਐਮ ਆਈ ਟੀ, ਸਟੈਨਫੋਰਡ, ਪਰਿੰਸਟਨ ਅਤੇ ਯੌਰਜੀਆ ਟੈਕਨਾਲੋਜੀ ਵਰਗੀਆਂ ਵੱਕਾਰੀ ਯੂਨੀਵਰਸਟੀਆਂ ਨੇ ਤਾਂ ਇਹ ਕੰਮ ਕਈ ਸਾਲ ਪਹਿਲਾਂ ਸ਼ੁਰੂ ਕਰ ਦਿੱਤਾ ਸੀ, ਅਤੇ ਇਕ ਇਕ ਕੋਰਸ ਵਿਚ ਲੱਖਾਂ ਵਿਦਿਆਰਥੀ ਦਾਖਲਾ ਲੈ ਰਹੇ ਹਨ।

ਇਹ ਵੱਖਰੀ ਗੱਲ ਹੈ ਕਿ ਅਸੀਂ ਆਪਣੇ ਨਿਜੀ/ਵਿਉਪਾਰਕ ਹਿਤਾਂ ਦੀ ਪੂਰਤੀ ਲਈ, ਵਿਦਿਆਰਥੀਆਂ ਨੂੰ ਇਸ ਕ੍ਰਾਂਤੀ ਦਾ ਲਾਭ ਨਹੀਂ ਉਠਾਉਣ ਦੇ ਰਹੇ।

(ਚਲਦਾ...)

## ਚੀਨ ਦਾ ਮੱਸਲਾ ਟਲਿਆ...

ਦੋਵੇਂ ਦੇਸ਼ਾਂ ਨੇ 3,488 ਕਿਲੋਮੀਟਰ ਲੰਮੀ ਕੰਟਰੋਲ ਰੇਖਾ ਨਾਲ ਜੁੜੇ ਖੇਤਰੀ ਵਿਵਾਦਾਂ ਨੂੰ ਸੁਲਝਾਉਣ ਲਈ ਗੱਲਬਾਤ ਕੀਤੀ। ਇਹ 19 ਵਾਂ ਦੌਰ ਦੀ ਵਾਰਤਾ ਸੀ। ਚੀਨ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਅਖਵਾਉਂਦਾ ਹੈ, ਜਦੋਂਕਿ ਭਾਰਤ ਦਾ ਮੰਨਣਾ ਹੈ ਕਿ ਅਕਾਸਾਈ ਚੀਨ ਨੂੰ ਲੈ ਕੇ ਵਿਵਾਦ ਹੈ, ਜਿਸ ਉੱਪਰ ਚੀਨ ਨੇ 1962 ਦੀ ਜੰਗ ਵਿੱਚ ਕਬਜ਼ਾ ਕਰ ਲਿਆ ਸੀ। ਲੂ ਨੇ ਕਿਹਾ, "ਕਿਸੇ ਵੀ ਤੀਜੀ ਧਿਰ ਨੂੰ ਜ਼ਿੰਮੇਵਾਰੀ ਦੀ ਭਾਵਨਾ ਨਾਲ ਸ਼ਾਂਤੀ, ਮੇਲ ਮਿਲਾਪ ਅਤੇ ਸ਼ਾਂਤੀ ਲਈ ਚੀਨ ਅਤੇ ਭਾਰਤ ਦੇ ਯਤਨਾਂ ਵਿਚ ਸਹਿਯੋਗ ਦੇਣਾ ਚਾਹੀਦਾ ਹੈ।" ਉਨਾਂ ਕਿਹਾ ਕਿ ਅਮਰੀਕਾ ਦਾ ਵਿਵਹਾਰ ਚੀਨ ਅਤੇ ਭਾਰਤ ਵਿਵਾਦ ਨੂੰ ਹੋਰ ਤਿੱਖਾ ਕਰਨ ਦਾ ਹੈ।

ਮੌਜੂਦਾ ਸਰਕਾਰ ਦੀ ਆਪਣੇ ਗਵਾਂਢੀ ਦੇਸ਼ਾਂ ਨਾਲ ਅਪਣਾਈ ਗਈ ਵਿਦੇਸ਼ ਨੀਤੀ ਦਾ ਇਤਿਹਾਸ ਅਸਫ਼ਲਤਾਵਾਂ ਨਾਲ ਭਰਿਆ ਹੋਇਆ ਹੈ। ਪ੍ਰਧਾਨ ਮੰਤਰੀ ਇਕ ਦਿਨ ਅਚਨਚੇਤ ਪਾਕਿਸਤਾਨ ਪਹੁੰਚ ਜਾਂਦੇ ਹਨ ਪਰ ਪਿਛਲੇ 6 ਵਰਿਆਂ ਦੇ ਦੌਰਾਨ ਪਾਕਿਸਤਾਨ ਨਾਲ ਸਬੰਧ ਸੁਧਰਨ ਦੀ ਥਾਂ ਵਿਗੜੇ ਹਨ। ਨੇਪਾਲ ਨਾਲ ਖਿੱਚੋਤਾਣ ਹੋਰ ਵਧੀ ਹੈ ਅਤੇ ਨੇਪਾਲ ਨੇ ਭਾਰਤ-ਨੇਪਾਲ ਸਰਹੱਦ ਸਬੰਧੀ ਵੱਖਰੀ ਤਰਾਂ ਦਾ ਵਿਵਾਦ ਖੜਾ ਕਰ ਦਿੱਤਾ ਹੈ।

ਬੰਗਲਾਦੇਸ਼ ਨੇ ਨਾਗਰਿਕਾਂ ਦੇ ਕੌਮੀ ਰਜਿਸਟਰ ਬਾਰੇ ਭਾਰਤ ਦੀ ਨੀਤੀ ਦੀ ਕਈ ਵਾਰ ਆਲੋਚਨਾ ਕੀਤੀ ਹੈ ਅਤੇ ਕਈ ਮੰਤਰੀਆਂ ਨੇ ਭਾਰਤ ਦੇ ਦੌਰੇ ਰੱਦ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਸ਼ੀ-ਜਿਨਪਿੰਗ ਨਾਲ ਗ਼ੈਰ-ਰਸਮੀ ਸਿਖ਼ਰ ਵਾਰਤਾਵਾਂ ਕਰ ਕੇ ਇਹ ਪ੍ਰਭਾਵ ਦੇ ਰਹੇ ਸਨ ਕਿ ਭਾਰਤ ਅਤੇ ਚੀਨ ਦੇ ਸਬੰਧਾਂ ਵਿਚ ਵੱਡੀ ਨੇੜਤਾ ਪੈਦਾ ਹੋ ਰਹੀ ਹੈ। ਪਰ ਅਜੇ ਤੱਕ ਸਫਲਤਾ ਨਹੀਂ ਮਿਲੀ।

ਖਾਲਸਾ ਰਾਜ ਦੀਆਂ ਹੱਦਾਂ ਚੀਨ ਤੇ ਤਿੱਬਤ ਤੱਕ ਵਧਾਉਣ ਵਾਲਾ ਜਰਨੈਲ ਜ਼ੋਰਾਵਰ ਸਿੰਘ

ਜਨਰਲ ਜ਼ੋਰਾਵਰ ਸਿੰਘ ਖਾਲਸਾ ਰਾਜ ਦਾ ਇਕ ਅਜਿਹਾ ਜਰਨੈਲ ਸੀ, ਜਿਸ ਨੇ ਫੌਜੀ ਇਤਿਹਾਸ ਵਿੱਚ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਸ਼ਾਇਦ ਹੀ ਕੋਈ ਉਦਾਹਰਣ ਮਿਲਦੀ ਹੋਵੇ, ਜਿਸ ਵਿੱਚ ਦੁਸ਼ਮਣ ਨੇ ਆਪਣੇ ਦੁਸ਼ਮਣ ਜਰਨੈਲ ਦੀ ਕਬਰ ਬਣਾਈ ਹੋਵੇ। ਜ਼ੋਰਾਵਰ ਸਿੰਘ ਦੇ ਬੇਮਿਸਾਲ ਹੌਂਸਲੇ ਅਤੇ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ, ਤਿੱਬਤੀ ਲੋਕਾਂ ਨੇ ਉਸ ਦੀ ਸਮਾਧ ਨੂੰ ਟੂ-ਯੋ ਨਾਮਕ ਜਗਾ ਤੇ ਉਸਾਰਿਆ। ਟਕਲੋਕੋਟ ਦੇ ਨੇੜੇ ਟੋਯੋ ਵਿਚ, ਲਾਲ ਰੰਗ ਦੀ ਮਿੱਟੀ ਦਾ ਇਕ ਪਿਤਾਨ ਜਾਂ ਮਕਬਰਾ ਬਣਾਇਆ ਗਿਆ ਸੀ, ਜੋ ਅਜੇ ਵੀ ਇਸ ਖਾਲਸਾ ਰਾਜ ਦੇ ਜਰਨੈਲ ਦੀ ਬਹਾਦਰੀ ਨੂੰ ਯਾਦ ਕਰਵਾਉਂਦਾ ਹੈ। ਤਿੱਬਤੀ ਲੋਕ ਜਨਰਲ ਜ਼ੋਰਾਵਰ ਸਿੰਘ ਨੂੰ ਸਿੰਗੀ ਗਾਲਵੋ (ਸ਼ੇਰਾਂ ਦਾ ਰਾਜਾ), ਸਿੰਗੀ ਰਾਜਾ ਅਤੇ ਸਿੰਗਵਾ ਕਹਿੰਦੇ ਹਨ। ਜਨਰਲ ਜ਼ੋਰਾਵਰ ਸਿੰਘ ਦਾ ਜਨਮ 13 ਅਪ੍ਰੈਲ 1786 ਨੂੰ ਪਿੰਡ ਅਨਸਾਰਾ, ਤਹਿਸੀਲ ਨਦੌਨ ਜ਼ਿਲਾ, ਹਮੀਰਪੁਰ ਵਿਖੇ ਹੋਇਆ ਸੀ। 16 ਸਾਲ ਦੀ ਉਮਰ ਵਿਚ, ਉਹ ਰੋਜ਼ੀ-ਰੋਟੀ ਦੀ ਭਾਲ ਵਿਚ ਅੰਸਾਰਾ ਤੋਂ ਚਲਾ ਗਿਆ। ਜ਼ੋਰਾਵਰ ਸਿੰਘ ਮਹਾਰਾਜਾ ਗੁਲਾਬ ਸਿੰਘ ਡੋਗਰਾ ਦੀ ਫੌਜ ਵਿਚ ਇਕ ਸਾਧਾਰਨ ਸਿਪਾਹੀ ਵਜੋਂ ਭਰਤੀ ਹੋਇਆ ਸੀ ਅਤੇ ਆਪਣੀ ਬਹਾਦਰੀ ਅਤੇ ਯੋਗਤਾ ਦੇ ਕਾਰਨ ਮਹਾਰਾਜਾ ਗੁਲਾਬ ਸਿੰਘ ਨੇ 1821 ਵਿਚ ਇਸ ਨੂੰ ਕਿਸ਼ਤਵਾੜ ਦਾ ਗਵਰਨਰ ਨਿਯੁਕਤ ਕੀਤਾ ਅਤੇ ਇਸਨੂੰ ਵਜ਼ੀਰ ਦੀ ਉਪਾਧੀ ਨਾਲ ਨਿਵਾਜਿਆ। ਇਸ ਅਹੁਦੇ 'ਤੇ ਉਹ 1836 ਈ. ਤੱਕ ਰਿਹਾ। ਜਨਰਲ ਜ਼ੋਰਾਵਰ ਸਿੰਘ ਨੇ 1834 ਈ. ਵਿਚ ਕਿਸ਼ਤਵਾੜ ਰਾਹੀਂ ਸੂਰੂ ਨਦੀ ਘਾਟੀ ਪਾਰ ਕੀਤੀ ਅਤੇ ਲੱਦਾਖ ਖੇਤਰ ਵਿਚ ਦਾਖਲ ਹੋ ਗਿਆ। 1840 ਈ. ਤੱਕ ਲੱਦਾਖ ਅਤੇ ਬਾਲਟਿਸਤਾਨ ਨੂੰ ਆਪਣੇ ਅਧੀਨ ਕਰ ਲਿਆ ਗਿਆ। ਤਿੱਬਤ 'ਤੇ ਬਾਲਟਿਸਤਾਨ ਨੂੰ ਜੰਮੂ ਰਾਜ ਦਾ ਹਿੱਸਾ ਬਣਾਇਆ ਗਿਆ ਸੀ। ਜ਼ੋਰਾਵਰ ਸਿੰਘ ਪਹਿਲਾਂ ਹੀ ਪੱਛਮੀ ਤਿੱਬਤ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ, ਪਰ ਮਹਾਰਾਜਾ ਰਣਜੀਤ ਸਿੰਘ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ। ਮਹਾਰਾਜਾ ਗੁਲਾਬ ਸਿੰਘ ਲਾਹੌਰ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਸੀ। ਇਸ ਲਈ ਉਸ ਨੂੰ ਕਿਸੇ ਵੀ ਖੇਤਰ ਵੱਲ ਮੁਹਿੰਮ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਇਜਾਜ਼ਤ ਲੈਣੀ ਪੈਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੀ 1839 ਈ. ਵਿਚ ਮੌਤ ਹੋ ਗਈ। ਇਸ ਤੋਂ ਬਾਅਦ ਸਿੱਖ ਜੰਮੂ ਵੱਲ ਜ਼ਿਆਦਾ ਧਿਆਨ ਨਹੀਂ ਦੇ ਸਕੇ ਸਨ। ਦੂਜੇ ਪਾਸੇ, ਅੰਗਰੇਜ਼ ਸਿੱਖਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨਾ ਚਾਹੁੰਦੇ ਸਨ, ਇਸ ਲਈ ਉਨਾਂ ਨੇ ਡੋਗਰਿਆਂ ਨੂੰ ਗੁਪਤ ਰੂਪ ਵਿੱਚ ਮਨਜ਼ੂਰੀ ਦੇ ਦਿੱਤੀ। ਡੋਗਰਾ ਦੀ ਫੌਜ ਨੇ ਲੱਦਾਖ ਅਤੇ ਬਾਲਟਿਸਤਾਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਲਈ, ਜ਼ੋਰਾਵਰ ਸਿੰਘ ਲੱਦਾਖ ਨੂੰ ਦੁਬਾਰਾ ਪਹੁੰਚਣ 'ਤੇ ਤਿੱਬਤ ਦੇ ਪ੍ਰਤੀ ਮੁਹਿੰਮ ਦੀ ਯੋਜਨਾ ਬਣਾਈ। ਜੂਨ 1841 ਵਿਚ ਜ਼ੋਰਾਵਰ ਸਿੰਘ ਨੇ ਪੱਛਮੀ ਤਿੱਬਤ ਦੀਆਂ ਸਰਹੱਦੀ ਚੈਕਿੰਗਜ਼ 'ਤੇ ਹਮਲਾ ਕਰ ਦਿੱਤਾ। ਜ਼ੋਰਾਵਰ ਸਿੰਘ ਦੀ ਫੌਜ ਵਿੱਚ ਛੇ ਹਜ਼ਾਰ ਡੋਗਰਾ ਅਤੇ 3000 ਲੱਦਾਖੀ ਅਤੇ ਬਾਲਟੀ ਸਿਪਾਹੀ ਸਨ। ਜ਼ੋਰਾਵਰ ਨੇ ਬੇਮਿਸਾਲ ਹਿੰਮਤ, ਬਹਾਦਰੀ ਅਤੇ ਤਾਕਤ ਨਾਲ ਪੱਛਮੀ ਤਿੱਬਤ ਨੂੰ ਜਿੱਤ ਲਿਆ ਅਤੇ ਜੰਮੂ ਦੀਆਂ ਸਰਹੱਦਾਂ ਨੂੰ ਨੇਪਾਲ ਨਾਲ ਮਿਲਾ ਦਿੱਤਾ। ਕੈਲਾਸ਼ ਪਰਬਤ ਅਤੇ ਮਾਨਸਰੋਵਰ ਝੀਲ ਉਸਦੇ ਅਧੀਨ ਆ ਗਈ। ਅੱਜ ਭਾਰਤ ਦੀਆਂ ਸਰਹੱਦਾਂ ਦੂਰ ਦੁਰਾਡੇ ਹਿਮਾਲੀਅਨ ਪਹਾੜਾਂ ਤੱਕ ਫੈਲੀਆਂ ਹਨ, ਇਸ ਦਾ ਸਿਹਰਾ ਜਨਰਲ ਜ਼ੋਰਾਵਰ ਸਿੰਘ ਨੂੰ ਜਾਂਦਾ ਹੈ। ਜੇ ਉਸ ਨੇ ਲੱਦਾਖ ਅਤੇ ਬਾਲਟਿਸਤਾਨ ਨੂੰ ਜਿੱਤ ਕੇ ਜੰਮੂ ਰਾਜ ਦਾ ਹਿੱਸਾ ਨਾ ਬਣਾਇਆ ਹੁੰਦਾ ਤਾਂ ਇਹ ਖ਼ਿੱਤਾ ਹੁਣ ਭਾਰਤ ਦਾ ਅਟੁੱਟ ਅੰਗ ਨਾ ਹੁੰਦਾ।

ਜਨਰਲ ਜ਼ੋਰਾਵਰ ਸਿੰਘ ਦੀ ਬੇਮਿਸਾਲ ਹਿੰਮਤ, ਬਹਾਦਰੀ ਅਤੇ ਬਹਾਦਰੀ ਸਦਕਾ ਅੱਜ ਲੱਦਾਖ ਅਤੇ ਬਾਲਟਿਸਤਾਨ ਭਾਰਤ ਦਾ ਹਿੱਸਾ ਹਨ।

ਜਨਰਲ ਜ਼ੋਰਾਵਰ ਸਿੰਘ ਇਕ ਮਹਾਨ ਫੌਜੀ ਰਣਨੀਤੀਕਾਰ ਅਤੇ ਬਹਾਦਰ ਲੜਾਕੂ ਸੀ। ਇੱਥੋਂ ਤਕ ਕਿ ਉਸਦੇ ਦੁਸ਼ਮਣ-ਤਿੱਬਤੀ ਲੋਕ ਉਸਦੀ ਬਹਾਦਰੀ ਦਾ ਸਤਿਕਾਰ ਕਰਦੇ ਸਨ। ਖਾਲਸਾ ਰਾਜ ਦੇ ਇਸ ਮਹਾਨ ਯੋਧੇ ਦੇ ਯੋਗਦਾਨ ਨੂੰ ਇਤਿਹਾਸ ਵਿਚ ਨਹੀਂ ਭੁਲਾਇਆ ਨਹੀਂ ਜਾ ਸਕਦਾ।

## ਗਾਂਧੀ ਦੇ ਕਾਤਲ ਨੱਥੂਰਾਮ...

ਸਾਰੀ ਉਧੇੜ ਬੁਣ ਕਰਨ ਪਿੱਛੋਂ ਮੈਂ ਆਖਰ ਫੈਸਲੇ ਉੱਪਰ ਪੁੱਜ ਗਿਆ ਪਰ ਮੈਂ ਕਿਸੇ ਨੂੰ ਆਪਣੇ ਇਰਾਦੇ ਦੀ ਭਿਣਕ ਨਹੀਂ ਪੈਣ ਦਿੱਤੀ। ਮੈਂ ਆਪਣੇ ਹੱਥਾਂ ਨੂੰ ਹੌਸਲਾ ਦੇਕੇ 30 ਜਨਵਰੀ 1948 ਨੂੰ ਬਿਰਲਾ ਭਵਨ ਦੀ ਪ੍ਰਾਰਥਨਾ ਸਭਾ ਵਿਚ ਗਾਂਧੀ ਉੱਪਰ ਗੋਲੀਆ ਦਾਗ ਦਿੱਤੀਆਂ। ਉਸ ਬੰਦੇ ਉੱਪਰ ਗੋਲੀਆਂ ਦਾਗੀਆਂ ਜਿਸ ਦੀ ਨੀਤੀ ਸਦਕਾ ਲੱਖਾਂ ਹਿੰਦੂ ਬਰਬਾਦ ਹੋਏ। ਇਹੋ ਜਿਹੇ ਮੁਜਰਿਮ ਨੂੰ ਸਬਕ ਸਿਖਾਉਣ ਵਾਸਤੇ ਕੋਈ ਕਾਨੂੰਨੀ ਮਸ਼ੀਨਰੀ ਨਾ ਹੋਣ ਕਾਰਨ ਮੈਂ ਘਾਤਕ ਗੋਲੀਆਂ ਚਲਾਈਆਂ। ਕਿਸੇ ਬੰਦੇ ਪ੍ਰਤੀ ਮੇਰੇ ਮਨ ਵਿਚ ਦੁਸ਼ਮਣੀ ਨਹੀਂ ਪਰ ਮੇਰੇ ਮਨ ਵਿਚ ਉਸ ਸਰਕਾਰ ਬਾਰੇ ਕੋਈ ਸਤਿਕਾਰ ਨਹੀਂ ਜਿਸ ਦੀ ਪਾਲਿਸੀ ਮੁਸਲਮਾਨਾਂ ਦੇ ਨਾਜਾਇਜ਼ ਹਿਤ ਪੂਰੇ ਕਰੇ। ਸਾਫ ਦਿਸ ਰਿਹਾ ਸੀ ਸਰਕਾਰ ਦੀ ਇਹ ਪਾਲਿਸੀ ਗਾਂਧੀ ਦੀ ਮੌਜੂਦਗੀ ਕਾਰਨ ਸੀ।

ਅਫਸੋਸ ਨਾਲ ਮੈਨੂੰ ਕਹਿਣਾ ਪੈ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਹਿਰੂ ਗਾਹੇ ਬਗਾਹੇ ਕਹਿੰਦਾ ਰਹਿੰਦਾ ਹੈ - ਭਾਰਤ ਧਰਮ ਨਿਰਪੱਖ ਸਟੇਟ ਹੈ ਪਰ ਪਾਕਿਸਤਾਨ ਦੀ ਮਜ਼ਹਬੀ ਸਟੇਟ ਬਣਾਉਣ ਵਾਸਤੇ ਨਹਿਰੂ ਨੇ ਲੀਡਿੰਗ ਰੋਲ ਅਦਾ ਕੀਤਾ ਤੇ ਗਾਂਧੀ ਦੀ ਮੁਸਲਿਮ ਹਿਤੈਸ਼ੀ ਪਾਲਿਸੀ ਨੇ ਉਸਦਾ ਕੰਮ ਸੌਖਾ ਕਰ ਦਿੱਤਾ। ਜੋ ਮੈਂ ਕੀਤਾ ਉਸਦੀ ਪੂਰੀ ਜ਼ਿੰਮੇਵਾਰੀ ਕਬੂਲਦਾ ਹੋਇਆ ਮੈਂ ਅਦਾਲਤ ਸਾਹਮਣੇ ਖਲੋਤਾ ਹਾਂ, ਜੱਜ ਮੇਰੇ ਬਾਰੇ ਫੈਸਲਾ ਸੁਣਾਉਣ, ਯੋਗ ਸਜ਼ਾ ਦੇਣ। ਮੇਰੇ ਬਾਰੇ ਰਹਿਮ ਦਿਲ ਨਾ ਹੋਣਾ, ਨਾ ਮੈਂ ਕਿਸੇ ਹੋਰ ਨੂੰ ਰਹਿਮ ਦੀ ਅਪੀਲ ਕਰਨ ਦਿਆਂਗਾ। ਜੋ ਮੈਂ ਕੀਤਾ ਉਸ ਬਾਰੇ ਸਾਰੇ ਪਾਸਿਓਂ ਮੇਰੀ ਆਲੋਚਨਾ ਹੋਈ ਹੈ, ਤਾਂ ਵੀ ਮੈਂ ਝਿਜ਼ਕਿਆ ਨਹੀਂ। ਕੋਈ ਸ਼ੱਕ ਨਹੀਂ ਇਮਾਨਦਾਰ ਇਤਿਹਾਸਕਾਰ ਮੇਰੇ ਕਾਰਜ ਦਾ ਲੇਖਾ ਜੋਖਾ ਕਰਨਗੇ ਤੇ ਭਵਿੱਖ ਵਿਚ ਕਦੀ ਸਹੀ ਕੀਮਤ ਪਾਉਣਗੇ। ਹੁਣ ਤੁਸੀਂ ਦੇਖੋ ਇਤਿਹਾਸ ਮੇਰੇ ਬਾਰੇ ਕੀ ਫੈਸਲਾ ਸੁਣਾਏਗਾ। ਜੈ ਹਿੰਦ!

## ਰਾਜਨੀਤੀ ਤੋਂ ਪ੍ਰੇਰਿਤ...

ਜੁਆਬ-ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਮਦਨ ਲੋਕੁਰ ਨੇ ਦਿ ਵਾਇਰ ਦੁਆਰਾ ਪ੍ਰਕਾਸ਼ਤ ਇਕ ਲੇਖ ਵਿਚ ਸੁਪਰੀਮ ਕੋਰਟ ਨੂੰ ਐਫ ਗਰੇਡ ਦਿੱਤਾ ਹੈ। ਮੈਂ ਭਾਰਤੀ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਦੀ ਰਾਖੀ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਨੂੰ ਉਹ ਗਰੇਡ ਵੀ ਨਹੀਂ ਦੇਵਾਂਗਾ। ਜਦੋਂ ਉੱਤਰ ਪ੍ਰਦੇਸ਼ ਵਿੱਚ ਸੀਏਏ ਵਿਰੋਧੀਆਂ ਵਿਰੁੱਧ ਪੁਲਿਸ ਹਿੰਸਾ ਬਾਰੇ ਸਵਾਲ ਕੀਤਾ ਗਿਆ ਤਾਂ ਸੁਪਰੀਮ ਕੋਰਟ ਨੇ ਕਿਹਾ ਕਿ ਉਹ ਜਾਇਦਾਦ ਨੂੰ ਹੋਏ ਨੁਕਸਾਨ ਨੂੰ ਬਰਦਾਸ਼ਤ ਨਹੀਂ ਕਰ ਸਕਦੀ ਅਤੇ ਅੰਦੋਲਨ ਨੂੰ ਰੋਕ ਦੇਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਆਪਣਾ ਫ਼ਰਜ਼ ਨਹੀਂ ਨਿਭਾਇਆ। ਸੁਪਰੀਮ ਕੋਰਟ ਦੀ ਭੂਮਿਕਾ ਨਿਰਾਸ਼ਾਜਨਕ ਹੈ। ਲੋਕ ਵਿਰੋਧੀ ਹੈ ਅਤੇ ਉਹ ਸੱਤਾਧਾਰੀਆਂ ਦਾ ਪੱਖ ਲੈ ਰਹੀ ਹੈ। ਅਜੇ ਵੀ ਹੇਠਲੀਆਂ ਅਤੇ ਉੱਚ ਅਦਾਲਤਾਂ ਤੋਂ ਕੁਝ ਉਮੀਦ ਹੈ ਅਤੇ ਇਹੀ ਕਾਰਨ ਹੈ ਕਿ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਸੁਪਰੀਮ ਕੋਰਟ ਵਿੱਚ ਉੱਚ ਅਦਾਲਤ ਦੇ ਖਿਲਾਫ ਬਿਆਨ ਦਿੱਤੇ ਹਨ। ਤਦ ਅਸੀਂ ਵੇਖਿਆ ਹੈ ਕਿ ਗੁਜਰਾਤ ਹਾਈ ਕੋਰਟ ਅਤੇ ਹੋਰ ਉੱਚ ਅਦਾਲਤ ਵਿੱਚ ਜੱਜਾਂ ਨੂੰ ਬਦਲ ਦਿੱਤਾ ਗਿਆ ਸੀ, ਜਿੱਥੇ ਬੈਂਚ ਨੇ ਸਰਕਾਰ ਵਿਰੁੱਧ ਸਟੈਂਡ ਲਿਆ। ਜਦੋਂ ਜੱਜ ਐਸ ਮੁਰਲੀਧਰ ਨੇ ਅਲ-ਹਿੰਦ ਕੇਸ ਵਿਚ ਪੁਲਿਸ ਖ਼ਿਲਾਫ਼ ਹੁਕਮ ਜਾਰੀ ਕੀਤਾ ਤਾਂ ਉਸ ਨੂੰ ਤੁਰੰਤ ਤਬਦੀਲ ਕਰ ਦਿੱਤਾ ਗਿਆ।

## ਗੁਰੂ ਗ੍ਰੰਥ ਸਾਹਿਬ ਜੀ ਦੇ...

ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵਲੋਂ ਹੁਣ ਇਕ ਮੁਲਾਜ਼ਮ ਕੰਵਲਜੀਤ ਸਿੰਘ ਦੀ ਰਿਟਾਇਰਮੈਂਟ ਤੋਂ ਬਾਅਦ ਕੀਤੀ ਜਾ ਰਹੀ ਇਨਕੁਆਰੀ ਵਿਚ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਮਿਤੀ 19 ਮਈ 2016 ਨੂੰ 80 ਤੋਂ ਵੱਧ ਪਾਵਨ ਸਰੂਪ ਅਗਨ ਭੇਟ ਤੇ ਪਾਣੀ ਦੀ ਵਾਛੜ ਨਾਲ ਗਿੱਲੇ ਹੋਣ ਕਰ ਕੇ ਸਸਕਾਰ ਕੀਤੇ ਗਏ ਸਨ। ਮੁੱਖ ਸਕੱਤਰ ਪੰਜਾਬ ਸਰਕਾਰ ਨੂੰ ਭੇਜੇ ਗਏ ਮੰਗ ਪੱਤਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨਾਂ ਮੰਨਿਆ ਕਿ ਉਹਨਾਂ ਉਪਰ ਸੁਖਬੀਰ ਸਿੰਘ ਬਾਦਲ ਤੇ ਉਸ ਸਮੇਂ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਥਿਤ ਦਬਾਅ ਪਾ ਕੇ ਇਸ ਘਟਨਾ 'ਤੇ ਪਰਦਾ ਪਾਉਣ ਲਈ ਕਿਹਾ ਸੀ ਅਤੇ ਇਸੇ ਕਰ ਕੇ ਮੌਕੇ ਦੀ ਸੀ.ਸੀ.ਟੀ.ਵੀ. ਫੁਟੇਜ ਰਿਕਾਰਡ ਵਿੱਚ ਨਹੀਂ ਲਈ ਗਈ ਅਤੇ ਕੋਈ ਫਰਾਂਸਿਕ ਟੀਮ ਜਾਂ ਪੁਲਿਸ ਨੂੰ ਸੂਚਿਤ ਨਹੀਂ ਕੀਤਾ ਗਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਕਿਸੇ ਸਬੰਧਤ ਅਧਿਕਾਰੀ ਨੂੰ ਅੰਦਰ ਜਾਣ ਦਿਤਾ ਗਿਆ ਸੀ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਘਟਨਾ ਕਰਕੇ ਬੇਅਦਬੀ / ਅਣਗਹਿਲੀ ਦਾ ਕੋਈ ਨੁਕਸਾਨ ਨਾ ਪਹੁੰਚੇ, ਇਸ ਲਈ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਨੂੰ ਮਰਿਆਦਾ ਅਨੁਸਾਰ ਸਤਿਕਾਰ ਨਹੀਂ ਦਿੱਤਾ ਗਿਆ ਤੇ ਨਾ ਹੀ ਇਸ ਅਗਨੀ ਕਾਂਡ ਦੀ ਪਿਛਲੀ ਸੱਚਾਈ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਵੀ ਪਤਾ ਲੱਗਾ ਹੈ ਕਿ ਪ੍ਰਭਾਵਸ਼ਾਲੀ ਅਕਾਲੀ ਲੀਡਰ ਅਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਬਗੈਰ ਇੰਦਰਾਜ ਕਰਵਾਇਆ ਲੈ ਜਾਂਦੇ ਹਨ ਇਸ ਕਰ ਕੇ ਬਹੁਤ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਮੌਜੂਦਾ ਸਥਿਤੀ ਬਾਰੇ ਪਤਾ ਨਹੀਂ ਕੀਤਾ ਜਾ ਸਕਦਾ। ਇਹ ਇਕ ਵੱਡੀ ਅਣਗਹਿਲੀ ਹੈ ਜਿਸ ਦਾ ਸਿੱਖ ਵਿਰੋਧੀ ਅਨਸਰ ਫਾਇਦਾ ਉਠਾ ਸਕਦੇ ਹਨ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਇਸ ਘਟਨਾ ਦੀ ਹੁਣ ਇਨਕੁਆਰੀ ਕਰਨ ਦਾ ਕਹਿ ਰਹੇ ਹਨ ਪਰ ਸਾਲ 2016 ਵਿਚ ਇਨਾਂ ਵਲੋਂ ਸਿਆਸੀ ਦਬਾਅ ਕਰਕੇ ਨਿਯਮਾਂ/ਮਰਿਆਦਾ ਅਨੁਸਾਰ ਕਾਰਵਾਈ ਨਾ ਕਰਨਾ ਇਨਾਂ ਦੀ ਅਣਗਹਿਲੀ ਸਾਬਤ ਕਰਦੀ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਧੀਨ ਗੁਰਦੁਆਰਾ ਸਾਹਿਬ ਅਤੇ ਅਦਾਰਿਆਂ ਵਿਚ ਹੁੰਦੀਆਂ ਬੇਨਿਯਮੀਆਂ/ਘਪਲਿਆਂ ਸਬੰਧੀ ਹਮੇਸ਼ਾਂ ਕਮੇਟੀ ਬਣਾਉਣ ਦਾ ਦਾਅਵਾ ਕੀਤਾ ਜਾਂਦਾ ਹੈ ਪਰ ਕਦੇ ਵੀ ਦੋਸ਼ੀਆਂ ਵਿਰੁਧ ਕੋਈ ਕਾਰਵਾਈ ਨਹੀਂ ਹੁੰਦੀ। ਉਪਰੋਕਤ ਤੱਥਾਂ ਅਤੇ ਸਬੂਤਾਂ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਅੱਗ ਲੱਗਣ ਕਰ ਕੇ ਅਗਨ ਭੇਟ ਅਤੇ ਇਸ ਅੱਗ ਨੂੰ ਬੁਝਾਉਣ ਲਈ ਪਾਣੀ ਦੀ ਵਾਛੜ ਨਾਲ ਗਿੱਲੇ ਹੋਏ ਸਰੂਪਾਂ ਦੀ ਘਟਨਾ ਨੂੰ ਸਿਆਸੀ ਮੁਫਾਦਾ ਕਰ ਕੇ ਦਬਾਅ ਦਿਤਾ ਗਿਆ ਸੀ ਅਤੇ ਸਿੱਖ ਮਰਿਆਦਾ/ਨਿਯਮਾਂ ਅਨੁਸਾਰ ਸਤਿਕਾਰ ਨਹੀਂ ਦਿਤਾ ਗਿਆ ਅਤੇ ਘੋਰ ਪਾਪ ਕੀਤਾ ਗਿਆ ਹੈ ਜੋ ਕਿ ਬੇਅਦਬੀ ਹੈ।

ਗੁਰੂ ਗ੍ਰੰਥ ਸਾਹਿਬ ਦੇ 267 ਪਾਵਨ ਸਰੂਪਾਂ ਦਾ ਰੀਕਾਰਡ ਅਨੁਸਾਰ ਘੱਟ ਹੋਣਾ ਆਪਣੇ ਆਪ ਵਿਚ ਵੱਡੀ ਅਣਗਹਿਲੀ ਹੈ। ਸ਼੍ਰੋਮਣੀ ਕਮੇਟੀ ਦੇ ਇਸ ਸਬੰਧੀ ਦੋਸ਼ੀ ਅਧਿਕਾਰੀਆਂ ਵਲੋਂ ਆਪਣੀ ਆਪੇ ਇਨਕੁਆਰੀ ਦਾ ਕੋਈ ਮਤਲਬ ਨਹੀਂ ਹੈ। ਮੰਗ ਪੱਤਰ ਵਿਚ ਉਕਤ ਹਵਾਲਿਆਂ ਨਾਲ ਕਿਹਾ ਗਿਆ ਹੈ ਕਿ ਦੋਸ਼ੀਆਂ ਵਿਰੁਧ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਸਬੰਧੀ ਅਣਗਹਿਲੀ ਕਰਨ, ਬੇਅਦਬੀ ਦੀ ਘਟਨਾ ਨੂੰ ਸਿਆਸੀ ਮੁਫਾਦਾਂ ਦੀ ਪੂਰਤੀ ਲਈ ਦਬਾਉਣ, ਦਫ਼ਤਰੀ ਰਿਕਾਰਡ ਨਾਲ ਛੇੜਛਾੜ ਕਰਨ/ਰੀਕਾਰਡ ਵਿਚ ਨਾ ਲਿਆਉਣ, ਸਬੰਧਿਤ ਅਧਿਕਾਰੀਆਂ ਨੂੰ ਧਮਕਾਉਣ ਤੇ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕਾਰਵਾਈ ਦੀ ਇਨਕੁਆਰੀ ਸੀਨੀਅਰ ਅਫ਼ਸਰਾਂ 'ਤੇ ਆਧਾਰਿਤ ਟੀਮ ਤੋਂ ਕਾਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ।

### ਅਕਾਲ ਤਖ਼ਤ ਵੱਲੋਂ ਜਾਂਚ ਦੇ ਆਦੇਸ਼

ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ 'ਚੋਂ 267 ਪਾਵਨ ਸਰੂਪ ਘੱਟ ਹੋਣ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਰਿਪੋਰਟ ਅਕਾਲ ਤਖ਼ਤ 'ਤੇ ਭੇਜੀ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪਬਲੀਕੇਸ਼ਨ ਵਿਭਾਗ 'ਚੋਂ ਸਰੂਪ ਘਟਣ ਦੇ ਮਾਮਲੇ ਬਾਰੇ ਕਮੇਟੀ ਕਾਇਮ ਕੀਤੀ ਹੈ।

### ਲੌਂਗੋਵਾਲ ਅਸਤੀਫ਼ਾ ਦੇਵੇ: ਆਪ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿੱਚੋਂ 267 ਦੇ ਕਰੀਬ ਗੁੰਮ ਹੋਏ ਪਾਵਨ ਸਰੂਪਾਂ ਅਤੇ ਤਖ਼ਤ ਕੇਸਗੜ ਸਾਹਿਬ ਵਿਚ ਲੰਗਰ 'ਚ ਹੋਏ ਘਪਲੇ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਅਸਤੀਫ਼ੇ ਦੀ ਮੰਗ ਕੀਤੀ ਹੈ।

## ਲੱਦਾਖ 'ਚ ਬਿਹਾਰ ਰੈਜੀਮੈਂਟ...

ਐਸਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਫੌਜ ਦੇ ਇਸ ਵਹਿਸ਼ੀ ਕਾਰਨਾਮੇ ਨਾਲ ਅਕਾਲ ਪੁਰਖ ਨੇ ਵੀ ਆਪਣੀ ਪਿੱਠ ਵਿਖਾ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਸਮਾਂ ਬਹੁਤ ਬਲਵਾਨ ਹੁੰਦਾ ਹੈ ਅਤੇ ਸਮਾਂ ਸਰਕਾਰਾਂ ਤੇ ਫੌਜਾਂ ਦੇ ਵੀ ਗੋਡੇ ਲਗਾ ਦਿੰਦਾ ਹੈ। ਇਸ ਲਈ ਕੁਦਰਤ ਤੋਂ ਸਰਕਾਰਾਂ ਨੂੰ ਡਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਵੀ ਗੁਰੂ ਰਾਮਦਾਸ ਜੀ ਦੀ ਸਮਰੱਥਾ ਦਾ ਅੰਦਾਜ਼ਾ ਨਹੀਂ ਸੀ ਇਸੇ ਲਈ ਉਹ ਪਾਪ ਕਰ ਗਈ। ਹਕੂਮਤ ਨੂੰ ਰੱਬ ਦਾ ਭੈਅ ਹੋਣਾ ਚਾਹੀਦਾ ਹੈ ਨਹੀਂ ਤਾਂ ਘੱਟ ਗਿਣਤੀਆਂ ਤੇ ਕੀਤੇ ਜਾ ਰਹੇ ਜ਼ੁਲਮ ਨਾਲ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਹੋ ਸਕਦਾ ਹੈ। ਜਥੇਦਾਰ ਹਵਾਰਾ ਕਮੇਟੀ ਦੇ ਮੈਂਬਰ ਪ੍ਰੋਫੈਸਰ ਬਲਜਿੰਦਰ ਸਿੰਘ, ਵਕੀਲ ਅਮਰ ਸਿੰਘ ਚਾਹਲ, ਵਕੀਲ ਦਿਲਸ਼ੇਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਕਾਂਗਰਸ ਅਤੇ ਭਾਜਪਾ ਆਪਣਾ ਸਿੱਖ ਵਿਰੋਧੀ ਏਜੰਡਾ ਤਿਆਗ ਕੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਢਾਹੁਣਾ ਬੰਦ ਕਰੇ, ਸਿੱਖ ਸਿਆਸੀ ਬੰਦੀ ਸਿੰਘਾਂ ਨੂੰ ਤੁਰੰਤ ਰਿਹਾ ਕਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਕਰਨ ਵਾਲੇ ਦੋਸ਼ੀ ਬਾਦਲਾਂ, ਸੌਦਾ ਸਾਧ ਤੇ ਹੋਰਨਾ ਵਿਰੁੱਧ ਕਾਰਵਾਈ ਕਰੇ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆ ਨੂੰ ਸਜ਼ਾ ਦੇਵੇ, ਜੁਡੀਸ਼ਿਅਲ ਅੱਤਵਾਦ ਖਤਮ ਕੀਤਾ ਜਾਵੇ ਅਤੇ ਸਿੱਖਾਂ ਨੂੰ ਗੁਲਾਮੀਅਤ ਵਿੱਚ ਜਕੜ ਕੇ ਰੱਖਣ ਦੇ ਸਾਰੇ ਹੱਥਕੰਡੇ ਤੁਰੰਤ ਖਤਮ ਕੀਤੇ ਜਾਣ।

## ਅਸੀਂ ਤਾਂ ਸਿਆਸਤ ਕਰਨੀ..

ਅੱਜ ਜਦ ਸਨਅਤਾਂ ਅਤੇ ਕਾਰੋਬਾਰ ਡੁੱਬ ਰਹੇ ਹਨ, ਕਿਰਤੀ ਤਬਾਹ ਹੋ ਰਹੇ ਹਨ। ਦੇਸ਼ ਦੀ ਆਰਥਿਕਤਾ ਨੂੰ ਥੰਮੀ ਦੇਣ ਲਈ ਕੋਈ ਯੋਜਨਾ ਕਾਰਜਸ਼ੀਲ ਨਹੀਂ ਹੋ ਰਹੀ, ਉਸ ਵੇਲੇ ਦੇਸ਼ ਦੇ ਹਾਕਮ ਜੇਕਰ ਹਰ ਗੱਲ ਨੂੰ ਵੋਟਾਂ ਦੀ ਰਾਜਨੀਤੀ ਲਈ ਹੀ ਵਰਤਣ ਤਾਂ ਇਹੋ ਜਿਹੀ ਸਰਕਾਰ ਨੂੰ ਕਿਹੋ ਜਿਹੀ ਸਰਕਾਰ ਮੰਨਿਆ ਜਾਏਗਾ?

ਦਿੱਲੀ ਵਿੱਚ ਕੋਰੋਨਾ ਨਾਲ ਤਬਾਹੀ ਅੰਤਾਂ ਦੀ ਹੈ, ਲੋਕ ਮਰ ਰਹੇ ਹਨ, ਮਰਿਆਂ ਲਈ ਸ਼ਮਸ਼ਾਨ ਘਾਟ ਨਹੀਂ ਮਿਲ ਰਹੇ। ਉੱਥੇ ਵੀ ਹੇਠਲੀ, ਉੱਪਰਲੀ ਸਰਕਾਰ ਵਿਚਕਾਰ ਸਿਆਸਤ ਹੋ ਰਹੀ ਹੈ। ਉੱਪਰਲੀ ਸਰਕਾਰ ਵਲੋਂ ਕੋਰੋਨਾ ਪੀੜਤ ਸੂਬਿਆਂ ਨੂੰ ਗ੍ਰਾਂਟਾਂ ਅਤੇ ਸਕੀਮਾਂ ਇਹ ਵੇਖ ਕੇ ਦਿੱਤੀਆਂ ਜਾ ਰਹੀਆਂ ਹਨ ਕਿ ਉੱਥੇ ਸਰਕਾਰ ਭਾਜਪਾ ਦੀ ਹੈ ਕਿ ਵਿਰੋਧੀ ਧਿਰ ਦੀ। ਸਿਆਸਤ ਕਰਨ ਵਾਲੇ ਲੋਕ ਭੁੱਲ ਹੀ ਗਏ ਹਨ ਕਿ ਜੇਕਰ ਭੁੱਖਿਆਂ ਦਾ ਢਿੱਡ ਨਾ ਭਰਿਆ, ਜੇਕਰ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਉਹਨਾਂ ਨਾ ਕੀਤਾ ਤਾਂ ਲੋਕ ਉੱਪਰਲੀ-ਹੇਠਾਂ ਲਿਆਉਣ ਵਿੱਚ ਸਮਾਂ ਨਹੀਂ ਲਾਉਂਦੇ।

## ਮੀਰੀ ਪੀਰੀ ਦੇ ਮਾਲਕ...

ਅਕਾਲ ਤਖਤ ਦੇ ਸਹਾਮਣੇ ਦੋ ਨਿਸ਼ਾਨ ਸਾਹਿਬ, ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋ ਸਥਾਪਿਤ ਕੀਤੇ ਗਏ। ਇਸ ਤਖਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤਾਂ ਵਿਚ ਬੀਰ ਰਸ ਦਾ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਬੀਰ-ਰਸੀ ਪ੍ਰਭਾਵ ਸਦਕਾ ਹੀ ਸਿੱਖ ਫੌਜੀਆਂ ਦਾ ਗਿਣਤੀ 500 ਤੱਕ ਪਹੁੰਚ ਗਈ।ਇਸ ਫ਼ੌਜ ਨੂੰ ਪੰਜ ਕਮਾਡਰਾਂ (ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ,ਭਾਈ ਪੈੜਾ ਅਤੇ ਭਾਈ ਮੋਖਾ ਜੀ) ਦੀ ਕਮਾਂਡ ਹੇਠ ਕਰ ਦਿੱਤਾ ਗਿਆ। ਜਦੋਂ ਜਹਾਂਗੀਰ ਨੂੰ ਆਗਰੇ ਨੂੰ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੱਝ ਟਿਕਾਊਪਨ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ ਵਿਚ ਭਰਤੀ ਹੋਇਆ ਸੀ। ਦੁਆਬੇ ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ ਘਰ ਪਹੁੰਚਾਇਆ। ਕਸ਼ਮੀਰ ਨੂੰ ਬੇਸ਼ੱਕ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਥੁੜਾਂ ਮਾਰੀ ਲੋਕਾਈ ਲਈ ਇਹ ਸਵਰਗੀ ਆਨੰਦ ਕਿਥੋਂ? ਗਿਲਟੀ ਤਾਪ ਦੀ ਤਪਸ਼ ਨਾਲ ਕਸ਼ਮੀਰ ਦਾ ਗਰੀਬ-ਗੁਰਬਾ ਕੁਰਲਾ ਰਿਹਾ ਸੀ। ਇਹ ਕੁਰਲਾਹਟ ਜਦੋਂ ਛੇਵੇਂ ਨਾਨਕ ਤੱਕ ਪਹੁੰਚੀ ਤਾਂ ਦੁਖੀਆਂ ਦਾ ਦਰਦ ਵੰਡਾਉਣ ਲਈ ਉਹ ਕਸ਼ਮੀਰ ਦੀ ਧਰਤੀ ਤੇ ਪਹੁੰਚ ਗਏ। ਦੇਸ਼-ਪ੍ਰਦੇਸ਼ ਤੋਂ ਆਈ ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਜੀ ਸਿਆਲਕੋਟ ਅਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਵੀ ਦੂਰ ਕਰਨ ਲਈ ਜਾਇਆ ਕਰਦੇ ਸਨ। ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲਾਂ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ ਤੇ ਬਣਵਾਇਆ ਗਿਆ ਸੀ। ਕਈਆ ਕੈਦੀਆਂ ਦਾ ਜੀਵਨ ਤਾਂ ਇਸ ਕਿਲੇ ਦੀ ਭੇਟ ਹੀ ਚੜ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲੇ ਵਿਚ ਗਏ, ਉਨਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆ ਦੇ ਰਾਜੇ ਵੀ ਕੈਦ ਕਟ ਰਹੇ ਸਨ। ਇਨਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ।ਗੁਰੂ ਜੀ ਦੀ ਆਮਦ ਨਾਲ ਇਹ ਮਨਹੂਸ ਕਿਲਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ। ਸਵੇਰੇ-ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲੇ ਵਿਚਾਲੇ ਵਾਤਾਵਰਣ ਨੂੰ ਹੀ ਬਦਲ ਕੇ ਰੱਖ ਦਿੱਤਾ।ਇਥੋਂ ਤੱਕ ਕਿ ਕਿਲੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ। ਇਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ,ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ ਕਿ ਜੇਕਰ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀ ਗੁਰੂ ਸਾਹਿਬ ਨੂੰ ਖਤਮ ਕਰਨ ਦਾ ਨਾਕਾਮ ਜਤਨ ਵੀ ਕੀਤਾ। ਜਹਾਂਗੀਰ ਜੋਬਨ ਰੁੱਤ ਤੋਂ ਹੀ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਵੱਡੀ ਹੋਣ ਨਾਲ ਉਸ ਨੂੰ ਇਹ ਸ਼ੌਕ ਕੁੱਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਸਿਆਸੀ ਕੈਦੀ ਰਾਜਿਆ ਨੂੰ ਲੱਗਾ ਤਾਂ ਉਨਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ ਉਸੱਚੇ ਪਾਤਸ਼ਾਹ! ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁੱਟਕਾਰਾ ਦਿਵਾ ਦਿਉਂ।" ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲੇ ਵਿਚੋਂ ਬਾਹਰ ਜਾਣਗੇ ਜੇ ਇਨਾਂ ਨਿਰਦੋਸ਼ ਰਾਜਿਆ ਨੂੰ ਰਿਹਾ ਕੀਤਾ ਜਾਵੇਗਾ। ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਹਨਾਂ ਚਿਰਾਂ ਤੋਂ ਬੰਦ ਕੀਤੇ ਹੋਏ ਸਿਆਸੀ ਰਾਜਿਆ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।ਜਿਨਾਂ ਦੀ ਗਿਣਤੀ 52 ਦੱਸੀ ਜਾਂਦੀ ਹੈ।ਇਸੇ ਕਰਕੇ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਹਰਗੋਬਿੰਦ ਜੀ ਧੰਨ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਕੀਤੇ ਸਾਂਝੀਵਾਲਤਾ ਦੇ ਸਿਧਾਂਤ ਦੇ ਪਹਿਰੇਦਾਰ ਵੀ ਸਨ।ਇਸ ਪਹਿਰੇਦਾਰੀ ਦੀ ਗਵਾਹੀ ਲਾਹੌਰ ਦੇ ਰਹਿਣ ਵਾਲੇ ਸ਼ਾਹੀ ਕਾਜੀ ਦੀ ਬੇਟੀ ਬੀਬੀ ਕੌਲਾ ਦੇ ਆਪ ਜੀ ਪ੍ਰਤੀ ਪ੍ਰਗਟਾਏ ਪਿਆਰ ਅਤੇ ਸਤਿਕਾਰ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਗੁਰੂ ਘਰ ਪ੍ਰਤੀ ਬੀਬੀ ਕੌਲਾ ਦਾ ਅਥਾਹ ਪਿਆਰ ਉਸ ਦੇ ਪਿਉਂ ਤੋਂ ਸਹਾਰਿਆ ਨਾ ਗਿਆ ਅਤੇ ਉਸ ਨੇ ਆਪਣੀ ਲਾਡਲੀ ਦੇ ਖਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਇਸ ਫ਼ਤਵੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਪੰਚਮ ਪਤਾਸ਼ਾਹ ਦੇ ਪਰਮ-ਮਿੱਤਰ ਅਤੇ ਗੁਰੂ ਨਾਨਕ ਦੀ ਸੋਚ ਪ੍ਰਤੀ ਆਸਥਾ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਨੇ ਆਪਣੇ ਖਾਸ ਮੁਰੀਦਾਂ ਦੀ ਮਦਦ ਨਾਲ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੀ ਸ਼ਰਨ ਵਿੱਚ ਭੇਜ ਦਿੱਤਾ।ਬਾਬੇ ਨਾਨਕ ਦਾ ਦਰ ਸ਼ਰਨ ਆਏ ਦੀ ਹਮੇਸ਼ਾ ਲਾਜ ਰੱਖਦਾ ਆਇਆ ਹੈ ਅਤੇ ਬੀਬੀ ਦੀ ਲਾਜ ਰੱਖਣ ਲਈ ਛੇਵੇਂ ਨਾਨਕ ਨੇ ਉਸ ਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਕਰ ਦਿੱਤਾ। ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨਾਂ ਨੇ ਆਪਣੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ ਤੇ ਵੱਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ। ਇਹ ਨਗਰ ਸਿੱਖ ਸਮਾਜ ਲਈ ਬਹੁਤ ਹੀ ਮੁਕੱਦਸ ਅਤੇ ਸਤਿਕਾਰ ਵਾਲਾ ਹੈ। ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇ ਆਪਣੀ ਫੌਜ ਰੱਖਣਾ, ਨਗਾਰਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ਼੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗਲ ਸਰਕਾਰ ਲਈ ਸਿੱਧੀ ਵੰਗਾਰ ਸੀ। 1627 ਈ ਵਿਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜ ਪੰਥੀ ਮੁਸਲਮਾਨਾ ਨੂੰ ਖੁਸ਼ ਕਰਨ ਲਈ ਉਸਨੇ ਗੈਰ- ਮੁਸਲਿਮ ਭਾਈਚਾਰੇ ਤੇ ਜ਼ਿਆਦਤੀਆ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ ਪਾਉਣ ਲਈ ਛੇਵੇਂ ਗੁਰੂ ਨੂੰ ਸਮੇ-ਸਮੇਂ ਕਈ ਜੰਗਜੂ ਕਾਰਵਾਈਆਂ/ਲੜਾਈਆਂ ਵੀ ਕਰਨੀਆ ਪਈਆ। ਇਸ ਲੜੀ ਵਜੋ ਉਨਾਂ ਨੂੰ ਰੁਹਲੇ (ਸ਼੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਲੜਾਈ ਲੜਨੀ ਪਈ। ਗੁਰੂ ਸਾਹਿਬ ਦੀ ਦੂਸ੍ਰੀ ਜੰਗ ਲੌਹਗੜ ਤੋਂ ਲੈ ਕੇ ਅਜੋਕੇ ਖਾਲਸਾ ਕਾਲਜ ਤੱਕ ਹੋਣੀ। ਇਸ ਲੜਾਈ ਵਿਚ ਗੁਰੂ ਕੀ ਫੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈ ਦਾ ਹੈ। ਤੀਸ੍ਰੀ ਲੜਾਈ ਮਰਾਝ ਦੇ ਨਜਦੀਕ ਇਕ ਢਾਬ ਉੱਤੇ ਮੋਰਚੇ ਕਾਇਮ ਕਰਕੇ ਲੜੀ ਗਈ। ਜਿਸ ਦਾ ਕਾਰਣ ਭਾਈ ਬਿਧੀ ਚੰਦ ਜੀ ਦੁਆਰਾ ਉਨਾਂ ਦੋ ਘੋੜਿਆ ਨੂੰ ਲਾਹੌਰ ਦੇ ਕਿਲੇ ਵਿਚੋ ਕੱਢ ਕੇ ਗੁਰੂ ਦਰਬਾਰ ਵਿਚ ਅਪੜਾਉਣਾ ਸੀ ਜਿਨਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਕੋਲੋ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਹ ਸਮਾਂ ਅੱਧ ਦੰਸਬਰ 1634 ਈ ਦਾ ਹੈ। ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨਾਂ ਦੁਸ਼ਟਾਂ ਨੇ ਮਿਲਵੇ ਰੂਪ ਵਿਚ ਗੁਰੂ ਸਾਹਿਬ ਤੇ ਹਮਲਾ ਕਰ ਦਿੱਤਾ। ਇਹ ਜੰਗ ਅਪ੍ਰੈਲ ਮਹੀਨੇ ਦੇ ਆਖਰੀ ਹਫ਼ਤੇ 1635 ਈਸਵੀ ਨੂੰ ਲਗਾਤਾਰ ਤਿੰਨ ਦਿਨ ਹੁੰਦਾ ਰਿਹਾ। ਗੁਰੂ ਸਾਹਿਬ ਦੀ ਪੰਜਵੀ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾ ਜਵਾਬ ਦਿੱਤਾ। ਇਸ ਤਰਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਣੀ ਵਿਚ ਸਮਤੋਲ ਬਣਾਈ ਰੱਖਿਆ ਉਥੇ ਆਪਣੇ ਵਿਸ਼ਵਾਸ਼ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ। ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਤਾ ਨੂੰ ਨੇੜੇ ਜਾਣ ਕੇ ਛੇਵੇ ਸਤਿਗੁਰਾਂ ਨੇ ਗੁਰਗੱਦੀ ਦੀ ਜਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ।ਗੁਰਗੱਦੀ ਦੀ ਸੌਂਪਣਾ ਕਰਨ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

## ਨਿਰੋਗ ਰਹਿਣ ਲਈ ਚੰਗਾ

ਲੰਮੀ ਸਰੀਰਕ ਥਰੈਪੀ ਨਾਲ ਉਹ ਖੜਾ ਹੋਣ ਲੱਗ ਪਿਆ। ਆਪਣੇ ਮਨ ਵਿਚ ਮਿਥੇ ਹੋਏ ਦਿਨ ਉਹ ਤੁਰ ਕੇ ਹਸਪਤਾਲ ਤੋਂ ਬਾਹਰ ਗਿਆ। ਉਸ ਦਾ ਸੰਦੇਸ਼ ਹੈ, 'ਆਦਮੀ ਜੋ ਸੋਚਦਾ ਹੈ ਉਸੇ ਤਰਾਂ ਦਾ ਬਣ ਜਾਂਦਾ ਹੈ।' ਕੋਵਿਡ-19 ਵਰਗੀਆਂ ਗੰਭੀਰ ਬਿਮਾਰੀਆਂ ਵਿਚ ਵੀ ਇਸ ਤੋਂ ਬਚਣ ਅਤੇ ਠੀਕ ਹੋਣ ਵਿਚ ਪ੍ਰਬਲ ਇੱਛਾ ਸ਼ਕਤੀ ਬਹੁਤ ਮਦਦ ਕਰ ਸਕਦੀ ਹੈ। ਅਰਬ ਦੇਸ਼ਾਂ ਦੀ ਇਕ ਕਹਾਵਤ ਹੈ, 'ਅੱਲਾ ਮੰਨੋ ਦੱਬ ਕੇ, ਊਠ ਰੱਖੋ ਬੰਨ ਕੇ', ਭਾਵ ਕਿਸੇ ਬਾਹਰੀ ਸ਼ਕਤੀ ਉਤੇ ਭਾਵੇਂ ਪੱਕਾ ਵਿਸ਼ਵਾਸ ਰੱਖੋ ਪਰ ਆਪਣੇ ਕੰਮ ਆਪ ਕਰੋ। ਆਪਣੀ ਸੁਰੱਖਿਆ ਦਾ ਪੂਰਾ ਧਿਆਨ ਰੱਖ ਕੇ ਆਪਣੀ ਆਤਮਿਕ ਸ਼ਕਤੀ ਅਤੇ ਮਨੋਬਲ ਨੂੰ ਚੜਦੀ ਕਲਾ ਵਿਚ ਰੱਖਣ ਵਿਚ ਹੀ ਸਭ ਦੀ ਭਲਾਈ ਹੈ। ਚੰਗਾ ਸੋਚੋ, ਹੌਸਲਾ ਬੁਲੰਦ ਰੱਖੋ, ਸੋਸ਼ਲ ਮੀਡੀਆ 'ਤੇ ਫਜ਼ੂਲ ਦੀਆਂ ਮੱਤਾਂ ਦੇਣ ਅਤੇ ਅੰਕੜੇ ਸੁਣਾਉਣ ਵਾਲਿਆਂ ਤੋਂ ਬਚੋ। ਇਹ ਬੁਰੇ ਦਿਨ ਵੀ ਲੰਘ ਜਾਣਗੇ।

## ਟਰੰਪ ਪ੍ਰਸ਼ਾਸਨ ਵੱਲੋਂ...

ਇਸ ਪ੍ਰੋਗਰਾਮ ਨੇ ਬੇਰੁਜ਼ਗਾਰੀ ਦੇ ਵੱਧਣ ਨੂੰ ਰੋਕਣ ਲਈ ਲੋਕਾਂ ਦੇ ਹੱਥਾਂ ਵਿਚ ਪੈਸੇ ਦੇ ਦਿਤੇ।ਸ਼ਿਕਾਗੋ ਯੂਨੀਵਰਸਿਟੀ ਅਤੇ ਨੋਟਰ ਡੇਮ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਇਕ ਰਿਪੋਰਟ ਅਨੁਸਾਰ, ਵੱਧਦੀ ਬੇਰੁਜ਼ਗਾਰੀ ਬੀਮਾ ਲਾਭ ਦੇ ਨਾਲ ਜੋੜ ਕੇ, ਕਮਾਈ ਵਿਚ ਆਈ ਗਿਰਾਵਟ ਤੋਂ ਇਲਾਵਾ ਸੰਘੀ ਆਰਥਿਕ ਪ੍ਰਤੀਕ੍ਰਿਆ ਅਤੇ ਗਰੀਬੀ ਵਿੱਚ ਵੀ ਗਿਰਾਵਟ ਆਈ ਹੈ।ਪਰ ਕੁਝ ਅਰਥਸ਼ਾਸਤਰੀ ਕਹਿੰਦੇ ਹਨ ਕਿ ਇਹ ਨਿਸ਼ਾਨਾ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ। ਜੇਕਰ ਦੁਬਾਰਾ ਅਦਾਇਗੀ ਦਾ ਭੁਗਤਾਨ ਕੀਤਾ ਜਾਂਦਾ ਹੈ।ਉਤੇਜਕ ਚੈਕਾਂ ਦੀ ਸਮੱਸਿਆ ਇਹ ਸੀ ਕਿ ਸਹਾਇਤਾ ਲੋੜ ਦੇ ਨਾਲ "ਮੇਲ ਖਾਂਦੀ ਨਹੀਂ ਸੀ, ਜਦੋਂ ਕਿ ਭੁਗਤਾਨ ਦੇ ਪਹਿਲੇ ਗੇੜ ਨੇ ਖਰਚਿਆਂ ਨੂੰ ਵਧਾ ਦਿੱਤਾ ਹੈ।ਜ਼ਿਆਦਾਤਰ ਘੱਟ ਆਮਦਨੀ ਵਾਲੇ ਘਰਾਂ ਦੀ ਸੀ। ਇਸ ਨਾਲ ਉਨਾਂ ਪਰਿਵਾਰਾਂ ਨੂੰ ਬਿੱਲਾਂ ਦਾ ਭੁਗਤਾਨ ਕਰਨ ਅਤੇ ਕਰਿਆਨੇ ਦੀ ਖਰੀਦੋ ਫ਼ਰੋਖ਼ਤ ਵਿੱਚ ਸਹਾਇਤਾ ਮਿਲੀ। ਪਰ ਇਸ ਨਾਲ ਉਨਾਂ ਨੂੰ ਨੌਕਰੀਆਂ ਰੱਖਣ ਵਿਚ ਸਹਾਇਤਾ ਨਹੀਂ ਮਿਲੀ ਕਿਉਂਕਿ ਦੂਜੇ ਪਾਸੇ, ਅਮੀਰ, ਪਿੱਛੇ ਹਟ ਗਏ।ਇਸ ਦੇ ਨਤੀਜੇ ਵਜੋਂ, ਘੱਟ ਵੇਤਨ ਵਾਲੇ ਕਾਮਿਆਂ ਨੂੰ ਠੇਸ ਪਹੁੰਚੀ ਜਿਨਾਂ ਦੀਆਂ ਨੌਕਰੀਆਂ ਅਮੀਰ ਜ਼ਿਪ ਕੋਡਾਂ ਵਿਚ ਹਨ।ਉੱਚ ਵਰਗ ਨੂੰ ਵਧੇਰੇ ਪੈਸਾ ਦੇਣਾ ਇਸ ਸਮੱਸਿਆ ਦਾ ਹੱਲ ਨਹੀਂ ਕਰ ਰਿਹਾ ਹੈ।ਜੇਕਰ ਅਜੇ ਵੀ ਜਨਤਕ ਸਿਹਤ ਦਾ ਸੰਕਟ ਹੈ ਅਤੇ ਕੁਝ ਲੋਕ ਬਾਹਰ ਖਾਣਾ ਖਾਣ ਅਤੇ ਦੁਕਾਨਦਾਰੀ ਕਰਨ ਜਾਂਦੇ ਹਨ ਪਰ ਆਰਾਮ ਨਹੀਂ ਕਰ ਰਹੇ ਹਨ।ਇਸੇ ਕਰਕੇ, ਫ੍ਰਾਈਡਮੈਨ ਨੇ ਦਲੀਲ ਦਿੱਤੀ ਹੈ ਕਿ ਨਵੀਂ ਪ੍ਰੇਰਣਾ ਦਾ ਪੈਸਾ ਘੱਟ ਆਮਦਨੀ ਵਾਲੇ ਦੋਵਾਂ ਘਰਾਂ ਅਤੇ ਉਨਾਂ ਲੋਕਾਂ ਲਈ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ ਜਿਨਾਂ ਨੇ ਆਮਦਨੀ ਦਾ ਵੱਡਾ ਘਾਟਾ ਵੇਖਿਆ ਹੈ। ਕੁਝ ਲੋਕ 1,200 ਦੇ ਚੈੱਕਾਂ ਦੇ ਪ੍ਰਸ਼ੰਸਕ ਨਹੀਂ ਹਨ।ਕੁਝ ਲੋਕਾਂ ਲਈ, ਇਹ ਬਹੁਤ ਘੱਟ ਸੀ ਜੇ ਉਹ ਸਿਰਫ ਆਪਣੀ ਨੌਕਰੀ ਗੁਆ ਚੁੱਕੇ ਹਨ।ਦੂਸਰੇ ਲੋਕਾਂ ਲਈ, ਜਿਨਾਂ ਨੇ ਆਪਣੀਆਂ ਨੌਕਰੀਆਂ ਰੱਖੀਆਂ ਸਨ, ਇਹ ਜ਼ਰੂਰੀ ਨਹੀਂ ਸੀ। ਉਸਦਾ ਤਰਕ ਹੈ, ਇਸ ਦੇ ਕਈ ਕਾਰਨ ਹਨ , ਕਿ ਕਾਂਗਰਸ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ,ਕਿ ਇਹ ਵਧੇਰੇ ਪੈਸਾ ਕਿਵੇਂ ਖਰਚ ਰਹੀ ਹੈ। ਕੀ ਇਹ ਹੈ ਕਿ ਫੈਡਰਲ ਸਰਕਾਰ ਆਪਣੇ ਆਰਥਿਕ ਪ੍ਰਤਿਕ੍ਰਿਆ 'ਤੋ ਪਹਿਲਾਂ ਹੀ 3 ਟ੍ਰਿਲੀਅਨ ਡਾਲਰ ਤੋਂ ਵੱਧ ਖਰਚ ਕਰ ਚੁੱਕੀ ਹੈ ਅਤੇ ਇਕ ਭਾਰੀ ਘਾਟੇ ਨੂੰ ਚਲਾ ਰਹੀ ਹੈ। ਦੂਜਾ, ਇਹ ਬਹੁਤ ਸੰਭਵ ਹੈ ਕਿ ਪਤਝੜ ਵਿਚ ਵਾਇਰਸ ਦੀ ਦੂਜੀ ਲਹਿਰ ਸ਼ਹਿਰ ਅਤੇ ਰਾਜਾਂ ਨੂੰ ਫਿਰ ਬੰਦ ਕਰ ਦੇਵੇਗੀ ਕੋਰੋਨਾ ਦੀ ਮਹਾਂਮਾਰੀ ਅਜੇ ਖਤਮ ਨਹੀਂ ਹੋਈ ਹੈ।ਅਸੀਂ ਪਹਿਲੇ ਕੁਝ ਮਹੀਨਿਆਂ ਵਿੱਚ ਆਪਣੀਆਂ ਸਾਰੀਆਂ ਕੋਸ਼ਿਸਾ ਨਹੀਂ ਚਲਾ ਸਕਦੇ।

» ਕਾਂਗਰਸ ਨੇ ਬੇਰੁਜ਼ਗਾਰੀ ਦੇ ਚੈੱਕਾਂ ਨੂੰ ਹਫ਼ਤੇ ਵਿੱਚ 600 ਡਾਲਰ ਦਾ ਵਾਧਾ ਕੀਤਾ ਅਤੇ 13 ਹਫਤਿਆਂ ਦੀ ਤਨਖਾਹ ਸ਼ਾਮਲ ਕੀਤੀ, ਰਾਜਾਂ ਦੀ ਪੇਸ਼ਕਸ਼ ਤੋਂ ਇਲਾਵਾ. ਵਾਧੂ ਪੈਸੇ 31 ਜੁਲਾਈ ਨੂੰ ਬਿਨਾਂ ਕਿਸੇ ਕਾਰਵਾਈ ਦੇ ਖਤਮ ਹੋ ਜਾਣਗੇ, ਪਰ ਸਾਲ ਦੇ ਅੰਤ ਤੱਕ 13 ਹਫ਼ਤੇ ਦਾ ਵਾਧਾ ਜਾਰੀ ਰਹੇਗਾ।ਛੋਟੇ ਕਾਰੋਬਾਰਾਂ ਲਈ ਵਾਧੂ ਸਮਰਥਨ ਅਤੇ ਰਾਜਾਂ ਅਤੇ ਸ਼ਹਿਰਾਂ ਲਈ ਫੰਡਿੰਗ ਦੇ ਨਾਲ ਜੁਲਾਈ ਵਿਚ ਬੇਰੁਜ਼ਗਾਰੀ ਦੇ ਲਾਭ ਵਧਾਉਣਾ ਇਕ ਹੋਰ ਗੱਲ ਹੋ ਸਕਦੀ ਹੈ।ਹੁਣ ਵਿਆਪਕ ਸਮਝੌਤਾ ਹੋਇਆ ਹੈ । ਕੁਝ ਕਰਨਾ ਪਏਗਾ, ਪਰ ਰਿਪਬਲੀਕਨ ਵਿੱਚ ਵੰਡ ਹੈ, ਜੋ ਸੈਨੇਟ ਨੂੰ ਨਿਯੰਤਰਿਤ ਕਰਦੇ ਹਨ।ਇਸ ਬਾਰੇ ਕਿ ਉਹ ਕਿਸ ਤਰਾਂ ਦਾ ਦਿਖਾਈ ਦੇਣਾ ਚਾਹੀਦੇ ਹਨ ?ਅਤੇ ਉਹ ਇਸ ਗੱਲ 'ਤੇ ਏਕਤਾ ਨਹੀਂ ਕਰ ਰਹੇ ਹਨ ,ਕਿ ਇਸ ਵਿਚ ਵਧੇਰੇ ਸਿੱਧਾ ਉਤਸ਼ਾਹਿਤ ਭੁਗਤਾਨ ਸ਼ਾਮਲ ਹੋਣਾ ਚਾਹੀਦਾ ਹੈ।

ਮੈਨੂੰ ਨਹੀਂ ਲਗਦਾ ਕਿ ਇਸ ਬਿੰਦੂ ਤੇ ਇਹ ਚੰਗਾ ਵਿਚਾਰ ਹੈ। ਸਮੁੱਚੀ ਸਥਿੱਤੀ ਦੋਚਿਤੀ ਵਾਲੀ ਬਣੀ ਹੋਈ ਹੈ। ਫਿਰ ਵੀ ਬੜੀ ਕੋਸ਼ਿਸ਼ ਜਾਰੀ ਹੈ ਕਿ ਜੇ ਮਹਾਮਾਰੀ ਦਾ ਦੂਜਾ ਦੌਰ ਵਿਆਪਕ ਰੰਗ ਵਿਖਾਉਦਾ ਹੈ ,ਤਾਂ ਦੂਜੇ ਗੇੜ ਦਾ ਭੁਗਤਾਨ ਜ਼ਰੂਰੀ ਹੋ ਜਾਵੇਗਾ। ਜਿਸ ਲਈ ਵਿਚਾਰ ਚਰਚਾ ਦਾ ਦੌਰ ਤੇਜ਼ੀ ਨਾਲ ਚਲ ਰਿਹਾ ਹੈ। ਵੇਖੋ ਅਗਲੇ ਕੁਝ ਦਿਨਾਂ ਵਿੱਚ ਸੈਨੇਟਰ ਤੇ ਕਾਂਗਰਸ ਕੀ ਰੰਗ ਵਿਖਾਉਦੀ ਹੈ। ਸਭ ਦੀਆਂ ਨਜ਼ਰਾਂ ਇਸ ਤੇ ਟਿਕੀਆਂ ਹੋਈਆ ਹਨ ਕਿ ਅਗਲਾ ਉਤਸਾਹਿਤ ਭੁਗਤਾਨ ਕਰ ਦਿੱਤਾ ਜਾਵੇ।

## ਪੰਜਾਬ ਦਾ ਪਵਿੱਤਰ ਸ਼ਹਿਰ...

ਇਸ ਕਿਲੇ ਦਾ ਨਿਰਮਾਣ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਬਿਲਾਸਪੁਰ ਰਿਆਸਤ ਵਾਲੇ ਪਾਸੇ ਤੋਂ ਹੋਣ ਵਾਲੇ ਹਮਲਿਆਂ ਨੂੰ ਰੋਕਣ ਤੇ ਦੁਸ਼ਮਣ ਦੀਆਂ ਸਰਗਰਮੀਆਂ 'ਤੇ ਬਾਜ਼ ਨਜ਼ਰ ਰੱਖਣ ਲਈ ਇਕ ਉੱਚੀ ਪਹਾੜੀ 'ਤੇ ਕੀਤਾ ਸੀ। ਸਮੁੱਚੇ ਤੌਰ 'ਤੇ ਸ੍ਰੀ ਅਨੰਦਪੁਰ ਸਾਹਿਬ ਦਾ ਫ਼ਲਸਫ਼ਾ ਸਿੱਖ ਨੂੰ ਪੰਜਾਂ ਕਿਲਿਆਂ (ਰਹਿਤਾਂ) ਦਾ ਪਹਿਰਾ ਦੇ ਕੇ ਇਨਾਂ ਦੀ ਰੱਖਿਆ ਨੂੰ ਮਜ਼ਬੂਤ ਰੱਖਦਿਆਂ ਆਪਣੇ 'ਅਨੰਦ ਦੀ ਅਵਸਥਾ' ਨੂੰ ਸਦੀਵੀ ਕਾਇਮ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਜਿਸ ਤਰਾਂ ਗੁਰੂ ਸਾਹਿਬ ਨੇ ਪੰਜ ਕਿਲੇ ਉਸਾਰੇ, ਪੰਜ ਕਕਾਰ ਦਿੱਤੇ ਅਤੇ ਉਸੇ ਤਰਾਂ ਸਿੱਖ ਨੂੰ ਪੰਜ ਰਹਿਤਾਂ ਵੀ ਦਿੱਤੀਆਂ, ਜਿਨਾਂ ਵਿਚ ਢਿੱਲ ਹੋਣ 'ਤੇ ਸਿੱਖ ਅਨੰਦਪੁਰ ਵਿਚ ਵਾਸਾ ਨਹੀਂ ਰੱਖ ਸਕਦਾ। ਇਸੇ ਕਾਰਨ ਹੀ ਤਾਂ ਹਰੇਕ ਅੰਮ੍ਰਿਤਧਾਰੀ ਸਿੱਖ ਨੂੰ 'ਅਨੰਦਪੁਰ ਸਾਹਿਬ ਦਾ ਵਾਸੀ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਦਾ ਪੁੱਤਰ ਆਖਿਆ ਜਾਂਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦਾ ਫ਼ਲਸਫ਼ਾ, "ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ।।" ਦੀ ਅਰਜੋਈ ਕਰਦਾ ਹੈ, ਬੇਕਸਾਰਾਂ, ਨਿਆਸਰਿਆਂ ਨਾਲ "ਬਾਂਹ ਜਿਨਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛੋੜੀਐ ।।" ਦਾ ਵਾਅਦਾ ਕਰਦਾ ਹੈ, "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ।।" ਦਾ ਐਲਾਨਨਾਮਾ ਕਰਦਾ ਹੈ ਅਤੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।।" ਦਾ ਸੰਦੇਸ਼ ਦਿੰਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਸਿੱਖ ਅਧਿਆਤਮਕਤਾ, ਸਿੱਖ ਬੌਧਿਕਤਾ ਅਤੇ ਅਕਾਦਮਿਕਤਾ ਨੂੰ ਅਦੁੱਤੀ ਦੇਣ ਬਾਰੇ ਪ੍ਰੋਫ਼ੈਸਰ ਪੂਰਨ ਸਿੰਘ ਲਿਖਦੇ ਹਨ, "ਸ੍ਰੀ ਅਨੰਦਪੁਰ ਸਾਹਿਬ ਵਿਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿਚ ਫ਼ੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵੇਂ ਰੰਗਾਂ ਵਿਚ ਰੰਗਿਆ ਜਾਂਦਾ ਸੀ। ਸੇਵਾ ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ-ਨਵੇਂ ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਨਾਂ ਸਾਰਿਆਂ ਤੋਂ ਪਿਛੇਰੇ ਅਤੇ ਉਚੇਰੇ ਸਨ ਅਕਾਲੀ, ਜਿਨਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ-ਮੈਲ ਤੋਂ ਬਿਲਕੁਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕਮਿਕ ਕਰ ਲਿਆ ਸੀ। ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰਾਂ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ ਕਰਾਸ (ਸੁਰਖ਼-ਸਲੀਬ) ਦੀ ਨੀਂਹ ਰੱਖੀ, ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ।" ਅਤੇ "ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ। ਉਨਾਂ ਸੰਸਕ੍ਰਿਤ ਤੇ ਵੇਦਾਂਤ ਪੜਿਆ ਅਤੇ ਦੇਸ਼ ਵਿਚ ਵਿੱਦਿਆ ਫ਼ੈਲਾਣ ਤੇ ਉਸ ਸਾਹਿਤ ਨੂੰ ਪਹੁੰਚਾਉਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿਚ ਰਚਿਆ ਗਿਆ ਸੀ।" ਲਿਹਾਜ਼ਾ ਸ੍ਰੀ ਅਨੰਦਪੁਰ ਸਾਹਿਬ ਦੇ ਬੌਧਿਕ ਦੇ ਅਕਾਦਮਿਕ ਫ਼ਲਸਫ਼ੇ ਨੂੰ ਨਾ ਤਾਂ ਪੂਰੀ ਤਰਾਂ ਸਮਝਿਆ ਗਿਆ ਹੈ ਅਤੇ ਨਾ ਹੀ ਨਵੀਆਂ ਅੰਤਰ-ਦ੍ਰਿਸ਼ਟੀਆਂ ਨਾਲ ਉਸ ਫ਼ਲਸਫ਼ੇ ਨੂੰ ਅਜੋਕੇ ਸਮੇਂ ਵਿਚ ਅਸੀਂ ਦੁਨੀਆ ਦੇ ਸਾਹਮਣੇ ਰੂਪਮਾਨ ਕਰ ਸਕੇ ਹਾਂ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com



jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
DCODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com



# 22

**GET FLAT 22 CENTS**

**DISCOUNT AT**

TA TravelCenters of America

PETRO Stopping Centers®




## We also offer Line of Credit for Fuel Card

***Additional Services with our Fuel Card***

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com